



Tanya's

BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE

137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832
We Specialize for Bridal & Henna

Ad Space Available
Call: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Sixteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 25, June 20, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


## ਭੁੱਲਰ ਮਾਮਲੇ ਨਾਲ ਸਿਆਸੀ ਸਫਬੰਦੀ ਹੋਈ ਤੇਜ਼

### ਸੱਤਧਾਰੀ ਗਠਜੋੜ ਵਿਚਕਾਰ ਖਿੱਚੋਤਾਣ ਵਧੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਦਿੱਲੀ ਦੀ ਤਿਹਾੜ ਜੇਲ੍ਹ ਵਿਚੋਂ ਪੰਜਾਬ ਤਬਾਦਲੇ ਨੇ ਸੂਬੇ ਦੀਆਂ ਸਿਆਸੀ ਧਿਰਾਂ ਵਿਚ ਖਿੱਚੋਤਾਣ ਵਧਾ ਦਿੱਤੀ ਹੈ। ਇਸ ਤਬਾਦਲੇ ਦਾ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਜਪਾ ਜਿੱਥੇ ਵਿਰੋਧ ਕਰ ਰਹੀ ਹੈ, ਉਥੇ ਭਾਜਪਾ ਦੀ ਹਮਾਇਤੀ ਰਾਸ਼ਟਰੀ ਸਿੱਖ ਸੰਗਤ ਨੇ ਭਾਰਤ ਦੀਆਂ ਜੇਲ੍ਹਾਂ ਵਿਚ ਬੰਦੀ ਬਿਰਧ ਸਿੱਖਾਂ ਦੀ ਸੂਚੀ ਗ੍ਰਹਿ ਮੰਤਰੀ ਨੂੰ ਸੌਂਪ ਕੇ ਅਜਿਹੇ ਕੈਦੀਆਂ ਨੂੰ ਰਿਹਾ ਕਰਨ ਦੀ ਮੰਗ ਕਰ ਦਿੱਤੀ ਹੈ।

ਭਾਜਪਾ ਦਾਅਵਾ ਕਰ ਰਹੀ ਹੈ ਕਿ ਪ੍ਰੋ. ਭੁੱਲਰ ਦੀ ਪੰਜਾਬ ਤਬਾਦਲੇ ਨਾਲ ਸੂਬੇ ਵਿਚ ਅਤਿਵਾਦ ਫਿਰ ਸਿਰ ਚੁੱਕ ਸਕਦਾ ਹੈ। ਇਨ੍ਹਾਂ ਆਗੂਆਂ ਦਾ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਯੂ-ਟਰਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਕਿਉਂਕਿ ਪਿਛਲੇ ਵਰ੍ਹੇ ਭਾਈ ਗੁਰਬਖਸ਼ ਸਿੰਘ ਖ਼ਾਲਸਾ ਨੇ ਜਦੋਂ ਦੂਜੀ ਵਾਰ ਹਰਿਆਣਾ ਵਿਚ ਗੁਰਦੁਆਰਾ 10ਵੀਂ ਪਾਤਸ਼ਾਹੀ ਲਖਨੌਰ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਅਰੰਭੀ ਸੀ ਤਾਂ ਸਭ ਤੋਂ ਪਹਿਲਾਂ ਭਾਜਪਾ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਸੀ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਆਪ ਨੂੰ ਇਸ ਸੰਘਰਸ਼ ਤੋਂ ਵੱਖ ਕਰਦੇ ਹੋਏ ਭਾਈ ਖਾਲਸਾ ਨੂੰ ਪੰਜਾਬ ਵਿਚ ਭੁੱਖ ਹੜਤਾਲ ਕਰਨ ਤੋਂ ਰੋਕ ਦਿੱਤਾ ਸੀ। ਹੁਣ ਭਾਜਪਾ ਆਗੂਆਂ ਦਾ ਇਹ ਪੈਂਤੜਾ ਕਈ ਤਰ੍ਹਾਂ ਦੇ ਸਵਾਲ ਪੈਦਾ ਕਰ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਦੇ ਭਾਜਪਾ ਆਗੂ ਪ੍ਰੋ. ਭੁੱਲਰ ਮਾਮਲੇ ਵਿਚ ਅਕਾਲੀ ਦਲ ਨੂੰ ਮਿਲ ਰਹੀ 'ਸ਼ਾਬਾਸ਼' ਤੋਂ ਨਾਰਾਜ਼ ਹਨ ਕਿਉਂਕਿ ਇਸ ਸਾਰੀ ਕਾਰਵਾਈ ਵਿਚ ਉਨ੍ਹਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੋਈ।



ਅਸਲ ਵਿਚ ਪੰਜਾਬ ਦੀਆਂ ਸਿਆਸੀ ਧਿਰਾਂ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਪੰਥਕ ਮੁੱਦੇ ਸੂਬੇ ਦੀ ਸਿੱਖ ਵੋਟ ਨੂੰ ਬਹੁਤ ਪ੍ਰਭਾਵਿਤ ਕਰ ਸਕਦੇ ਹਨ। ਪੰਜਾਬ ਵਿਚ 2017 ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਪ੍ਰੋ. ਭੁੱਲਰ ਦੀ ਪੰਜਾਬ ਤਬਾਦਲੇ ਵਿਚ ਸਿਰਫ ਦੋ ਸਿਆਸੀ ਧਿਰਾਂ ਬਾਰੇ ਹੀ ਚਰਚਾ ਹੋ ਰਹੀ ਹੈ, ਇਕ ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੀ ਜਿਸ ਨੇ ਇਸ ਤਬਾਦਲੇ ਬਾਰੇ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਸਹਿਮਤੀ ਦਿੱਤੀ, ਤੇ ਦੂਜਾ ਸ਼੍ਰੋਮਣੀ ਅਕਾਲੀ ਦਲ ਜਿਸ ਨੇ ਇਹ ਸਾਰੀ ਕਾਰਵਾਈ ਨੇਪਰੇ ਚਾੜ੍ਹੀ। ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਦੋਵਾਂ ਧਿਰਾਂ ਦਾ ਧੰਨਵਾਦ ਕਰ ਕੇ ਵੀ ਭਾਜਪਾ ਦੀ ਦੁਖਦੀ ਰਗ ਉਤੇ ਹੱਥ ਰੱਖ ਦਿੱਤਾ। ਭਾਜਪਾ ਦਾ ਦੋਸ਼ ਹੈ ਕਿ ਉਸ ਨੂੰ ਭਾਈਵਾਲ ਨੇ ਸਾਰੀ ਕਾਰਵਾਈ ਦੌਰਾਨ ਭਰੋਸੇ ਵਿਚ ਨਹੀਂ ਲਿਆ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਸ੍ਰੀ ਅਨੰਦਪੁਰ ਸਾਹਿਬ ਦਾ ਦੌਰਾ ਰੱਦ ਕਰਨ ਦੇ ਮਾਮਲੇ ਨੂੰ ਵੀ ਇਸ ਮੁੱਦੇ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਪੰਜਾਬ ਦੇ ਭਾਜਪਾ ਆਗੂ ਖੁੱਲ੍ਹ ਕੇ ਆਖ ਰਹੇ ਹਨ ਕਿ ਮੋਦੀ ਦੀ ਨਾਂਹ ਅਕਾਲੀਆਂ ਵਲੋਂ ਭਾਈਵਾਲਾਂ ਦੀ ਕੀਤੀ ਜਾ ਰਹੀ ਅਣਦੇਖੀ ਦਾ ਜਵਾਬ ਹੈ। ਦੌਰਾ ਰੱਦ ਹੋਣ ਤੋਂ ਇਹ ਆਗੂ ਖੁਸ਼ ਹਨ, ਦੂਜੇ ਬੰਨੇ ਅਕਾਲੀ ਦਲ ਅੰਦਰ ਨਿਰਾਸ਼ਾ ਦਾ ਆਲਮ ਹੈ। ਯਾਦ ਰਹੇ, ਸ. ਬਾਦਲ ਨੇ 29 ਮਈ ਨੂੰ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਨੂੰ ਖੁਦ ਮਿਲ ਕੇ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੁੱਜਣ ਦਾ ਸੱਦਾ ਦਿੱਤਾ ਸੀ। ਪ੍ਰਧਾਨ ਮੰਤਰੀ ਨੂੰ ਸੱਦਾ ਦੇਣ ਮੌਕੇ ਸੂਬੇ ਦੇ ਭਾਜਪਾ ਆਗੂਆਂ ਨੂੰ ਪੁੱਛਿਆ ਤੱਕ ਨਹੀਂ ਗਿਆ। ਹੁਣ ਪ੍ਰਧਾਨ ਮੰਤਰੀ

*(ਬਾਕੀ ਸਫਾ 6 'ਤੇ)*

### ਖਾੜਕੂ ਖਹਿਰਾ ਨੂੰ ਵੀ ਪੰਜਾਬ ਲਿਆਉਣ ਲਈ ਰਾਹ ਪੱਧਰਾ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਪੰਜਾਬ ਤਬਾਦਲੇ ਪਿੱਛੋਂ ਕਰਨਾਟਕ ਸਰਕਾਰ ਨੇ ਵੀ ਗੁਲਬਰਗਾ ਜੇਲ੍ਹ ਵਿਚ ਬੰਦ ਗੁਰਦੀਪ ਸਿੰਘ ਖਹਿਰਾ ਨੂੰ ਪੰਜਾਬ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਉਸ ਨੂੰ ਰੇਲ ਗੱਡੀ ਰਾਹੀ ਵਿਸ਼ੇਸ ਸੁਰੱਖਿਆ ਪ੍ਰਬੰਧਾਂ ਹੇਠ ਪੰਜਾਬ ਭੇਜਿਆ ਜਾ ਰਿਹਾ ਹੈ। ਇਸ ਲਈ ਟਿਕਟਾਂ ਆਦਿ ਦਾ ਪ੍ਰਬੰਧ ਕਰ ਲਿਆ ਗਿਆ ਹੈ। ਉਚ ਅਫਸਰਾਂ ਮੁਤਾਬਕ ਉਸ ਨੂੰ ਵੀ ਅੰਮ੍ਰਿਤਸਰ ਜੇਲ੍ਹ ਵਿਚ ਭੇਜਿਆ ਜਾਵੇਗਾ।

## ਭਗੌੜੇ ਲਲਿਤ ਦੀ ਮਦਦ ਤੋਂ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵਲੋਂ ਆਈ.ਪੀ.ਐਲ. ਦੇ ਸਾਬਕਾ ਕਮਿਸ਼ਨਰ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦਰਜ ਮਾਮਲੇ ਵਿਚ ਭਗੌੜੇ ਐਲਾਨੇ ਲਲਿਤ ਮੋਦੀ ਦੀ ਵਿਦੇਸ਼ ਜਾਣ ਵਿਚ ਮਦਦ ਕਰਨ ਬਾਰੇ ਇਕ ਤੋਂ ਬਾਅਦ ਇਕ ਖੁਲਾਸਿਆਂ ਕਾਰਨ ਨਰੇਂਦਰ ਮੋਦੀ ਸਰਕਾਰ ਪੂਰੀ ਤਰ੍ਹਾਂ ਘਿਰ ਗਈ ਹੈ। ਇਨ੍ਹਾਂ ਖੁਲਾਸਿਆਂ ਪਿੱਛੋਂ ਜਿਥੇ ਕਾਂਗਰਸ ਸਮੇਤ ਹੋਰ ਵਿਰੋਧੀ ਧਿਰਾਂ ਵਲੋਂ ਵਿਦੇਸ਼ੀ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ, ਉਥੇ ਹੁਣ ਤੱਕ ਆਪਣੇ ਆਪ ਨੂੰ ਸਾਫ ਅਕਸ ਵਾਲੀ ਸਰਕਾਰ ਐਲਾਨਦੀ ਰਹੀ ਮੋਦੀ ਸਰਕਾਰ, ਸੁਸ਼ਮਾ ਸਵਰਾਜ ਨੂੰ ਬਚਾਉਣ ਲਈ ਮੈਦਾਨ ਵਿਚ ਨਿੱਤਰ ਆਈ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਆਖਿਆ ਹੈ ਕਿ ਵਿਦੇਸ਼ ਮੰਤਰੀ ਨੇ ਜੋ ਵੀ ਕਾਰਵਾਈ ਕੀਤੀ, ਉਹ ਸੁਹਿਰਦਤਾ ਨਾਲ ਕੀਤੀ ਸੀ ਅਤੇ ਇਸ ਮੁੱਦੇ ਉਤੇ ਸਮੁੱਚੀ ਸਰਕਾਰ ਤੇ ਪਾਰਟੀ ਇਕਮੱਤ ਹਨ।

ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਹਿਮਤੀ ਨਾਲ ਹੀ ਵਿਦੇਸ਼ ਮੰਤਰੀ ਨੇ ਲਲਿਤ ਮੋਦੀ ਦੀ ਮਦਦ ਕੀਤੀ ਹੈ। ਹਾਲਾਂਕਿ ਸੁਸ਼ਮਾ ਸਵਰਾਜ ਤਰਕ ਦੇ ਰਹੇ ਹਨ ਕਿ ਉਨ੍ਹਾਂ ਨੇ ਮਾਨਵਤਾ ਦੇ ਆਧਾਰ ਉਤੇ ਲਲਿਤ ਮੋਦੀ ਨੂੰ ਬ੍ਰਿਟੇਨ ਵਲੋਂ ਟਰੈਵਲ ਦਸਤਾਵੇਜ਼ ਦਿੱਤੇ ਜਾਣ ਬਾਰੇ ਬ੍ਰਿਟੇਨ ਹਾਈ ਕਮਿਸ਼ਨਰ ਨੂੰ ਕਿਹਾ ਸੀ। ਉਧਰ ਲਲਿਤ ਮੋਦੀ ਨੇ ਇਹ ਖੁਲਾਸਾ ਕਰ ਕੇ ਵੱਡਾ ਧਮਾਕਾ ਕਰ ਦਿੱਤਾ ਹੈ ਕਿ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਬਰਤਾਨੀਆ ਵਿਚ ਉਸ ਦੀ ਇਮੀਗ੍ਰੇਸ਼ਨ ਅਰਜ਼ੀ ਦਾ ਲਿਖਤੀ ਤੌਰ ਉਤੇ ਸਮਰਥਨ ਕੀਤਾ ਸੀ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਨੇਤਾ ਤੇ ਯੂ.ਪੀ.ਏ. ਸਰਕਾਰ ਦੇ ਮੰਤਰੀ ਸ਼ਰਦ ਪਵਾਰ, ਪ੍ਰਫੁੱਲ ਪਟੇਲ ਤੇ ਕਾਂਗਰਸੀ ਨੇਤਾ ਰਾਜੀਵ ਸ਼ੁਕਲਾ ਨੇ ਵੀ ਉਸ ਦੀ ਮਦਦ ਕੀਤੀ ਸੀ। ਇਕ ਨਿਊਜ਼ ਚੈਨਲ ਨਾਲ ਇੰਟਰਵਿਊ ਦੌਰਾਨ ਉਸ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਵਸੁੰਧਰਾ ਰਾਜੇ ਨੇ ਉਸ ਦੀ ਕੈਂਸਰ ਦੀ ਸ਼ਿਕਾਰ ਪਤਨੀ ਦਾ ਪੁਰਤਗਾਲ ਵਿਚ ਇਲਾਜ ਦੌਰਾਨ ਸਾਥ ਦਿੱਤਾ ਸੀ। ਲਲਿਤ ਮੋਦੀ ਵਲੋਂ ਕੀਤੇ ਗਏ ਖੁਲਾਸੇ ਬੇਹੱਦ ਮਹੱਤਵਪੂਰਨ ਹਨ ਕਿਉਂਕਿ ਮੀਡੀਆ ਵਿਚ ਅਜਿਹੀਆਂ ਖ਼ਬਰਾਂ ਆਈਆਂ ਸਨ ਕਿ ਵਸੁੰਧਰਾ ਰਾਜੇ ਨੇ ਸਾਲ 2011 ਦੌਰਾਨ ਬਰਤਾਨੀਆ ਵਿਚ ਲਲਿਤ ਮੋਦੀ ਲਲਿਤ ਮੋਦੀ ਦੀ ਇਮੀਗ੍ਰੇਸ਼ਨ ਅਰਜ਼ੀ ਉਤੇ ਗਵਾਹ ਵਜੋਂ ਲਿਖਤੀ ਬਿਆਨ ਦਿੱਤੇ ਸਨ, ਹਾਲਾਂਕਿ ਵਸੁੰਧਰਾ ਰਾਜੇ ਨੇ ਕਿਹਾ ਕਿ ਉਪਰੋਕਤ ਮਾਮਲੇ ਨਾਲ ਸਬੰਧਤ ਦਸਤਾਵੇਜ਼ਾਂ ਬਾਰੇ ਕੋਈ ਜਾਣਕਾਰੀ ਨਹੀਂ।


ਲਲਿਤ ਮੋਦੀ ਉਤੇ ਇਲਜ਼ਾਮ ਹਨ ਕਿ ਉਸ ਨੇ ਆਈ.ਪੀ.ਐਲ. ਦੇ ਪ੍ਰਸਾਰਨ ਲਈ ਵਰਲਡ

*(ਬਾਕੀ ਸਫਾ 6 'ਤੇ)*

### ਕਾਲੀ ਸੂਚੀ ਵਾਲੇ ਸਿੱਖਾਂ ਲਈ ਹਮਦਰਦੀ ਕਿਉਂ ਨਹੀਂ?

**ਚੰਡੀਗੜ੍ਹ:** ਭਗੌੜੇ ਲਲਿਤ ਮੋਦੀ ਦੀ ਮਾਨਵਤਾ ਦੇ ਆਧਾਰ 'ਤੇ ਮਦਦ ਕਰਨ ਦੇ ਦਾਅਵੇ ਪਿਛੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਹੈ ਕਿ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ 1984 ਦੰਗਿਆਂ ਤੋਂ ਬਾਅਦ ਕਾਲੀ ਸੂਚੀ ਵਿਚ ਪਾਏ ਸਿੱਖਾਂ ਬਾਰੇ ਵੀ ਮਾਨਵਤਾ ਵਿਖਾਉਣ। ਪਾਰਟੀ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਜੇ ਇਨਸਾਨੀਅਤ ਦੇ ਆਧਾਰ 'ਤੇ ਭਗੌੜੇ ਲਲਿਤ ਮੋਦੀ ਦੀ ਮਦਦ ਕੀਤੀ ਜਾ ਸਕਦੀ ਹੈ ਤਾਂ 1984 ਤੋਂ ਕਾਲੀ ਸੂਚੀ ਵਿਚ ਪਾਏ ਤਕਰੀਬਨ 350 ਸਿੱਖਾਂ ਨੂੰ ਇਹ ਰਾਹਤ ਕਿਉਂ ਨਹੀਂ ਦਿੱਤੀ ਜਾ ਸਕਦੀ।

**ਪੰਜਾਬ ਟਾਈਮਜ਼ ਦੀ ਨਵੀਂ ਈ-ਮੇਲ**
Punjabtimes1@gmail.com



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਭੁੱਲਰ ਪਿਛੋਂ ਹੋਰ ਸਿੱਖ ਕੈਦੀਆਂ ਨੂੰ ਪੰਜਾਬ ਤਬਦੀਲ ਕਰਨ ਦੀ ਤਿਆਰੀ

**ਅੰਮ੍ਰਿਤਸਰ:** ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਦਵਿੰਦਰਪਾਲ ਸਿੰਘ ਭੁੱਲਰ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਪਿਛੋਂ ਅਜਿਹੇ ਹੋਰ ਸਿੱਖ ਕੈਦੀਆਂ ਬਾਰੇ ਵੀ ਵਿਚਾਰਾਂ ਸ਼ੁਰੂ ਹੋ ਗਈਆਂ ਹਨ। ਸੂਤਰਾਂ ਮੁਤਾਬਕ 15 ਤੋਂ ਵਧੇਰੇ ਸਿੱਖ ਕੈਦੀ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਹਨ, ਜਿਨ੍ਹਾਂ ਵਿਚ ਸਜ਼ਾਵਾਂ ਭੁਗਤ ਚੁੱਕੇ ਤੇ ਵਿਚਾਰ ਅਧੀਨ ਕੈਦੀ ਵੀ ਹਨ। ਇਨ੍ਹਾਂ ਵਿਚੋਂ ਚਾਰ ਕੈਦੀ ਦਿੱਲੀ ਦੀ ਤਿਹਾੜ ਜੇਲ੍ਹ ਵਿਚ, ਯੂ.ਪੀ. ਦੀਆਂ ਜੇਲ੍ਹਾਂ ਵਿਚ ਦੋ, ਕਰਨਾਟਕ ਵਿਚ ਇਕ ਤੇ ਰਾਜਸਥਾਨ ਵਿਚ ਵੀ ਇਕ ਸ਼ਾਮਲ ਹੈ। ਅਜਿਹੇ 80 ਤੋਂ ਵੱਧ ਸਿੱਖ ਕੈਦੀਆਂ ਦੀ ਰਿਹਾਈ ਲਈ ਮੰਗ ਕੀਤੀ ਜਾ ਰਹੀ ਹੈ। ਇਸ ਮੰਗ ਬਾਰੇ ਬਜ਼ੁਰਗ ਸਿੱਖ ਆਗੂ ਭਾਈ ਸੂਰਤ ਸਿੰਘ ਖਾਲਸਾ ਵੱਲੋਂ ਤਕਰੀਬਨ ਚਾਰ ਮਹੀਨਿਆਂ ਤੋਂ ਭੁੱਖ ਹੜਤਾਲ ਕੀਤੀ ਗਈ ਹੈ। ਉਹ ਹਸਪਤਾਲ ਵਿਚ ਜ਼ੇਰੇ ਇਲਾਜ ਹਨ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਮਗਰੋਂ ਗੁਰਦੀਪ ਸਿੰਘ ਖਹਿਰਾ ਕਰਨਾਟਕ ਜੇਲ੍ਹ, ਦਇਆ ਸਿੰਘ ਲਾਹੌਰੀਆ, ਪਰਮਜੀਤ ਸਿੰਘ ਭਿਉਰਾ, ਵਰਿਆਮ ਸਿੰਘ, ਗੁਰਜੀਤ ਸਿੰਘ, ਲਖਵਿੰਦਰ ਸਿੰਘ, ਸਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਫ਼ੌਜੀ ਵੀ ਪੰਜਾਬ ਵਾਪਸੀ ਦੀ ਲਾਈਨ ਵਿਚ ਲੱਗੇ ਹਨ। ਕਰਨਾਟਕ ਸਰਕਾਰ ਨੇ ਗੁਲਬਰਗਾ ਜੇਲ੍ਹ ਵਿਚ ਬੰਦ ਖਾੜਕੂ ਗੁਰਦੀਪ ਸਿੰਘ ਖਹਿਰਾ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਖਹਿਰਾ ਗੁਲਬਰਗਾ ਦੀ ਜੇਲ੍ਹ ਵਿਚ ਉਮਰ ਕੈਦ ਭੁਗਤ ਰਿਹਾ ਹੈ। ਕਰਨਾਟਕ ਦੇ ਗ੍ਰਹਿ ਵਿਭਾਗ ਨੇ ਪੰਜਾਬ ਗ੍ਰਹਿ ਵਿਭਾਗ ਨੂੰ ਸੂਚਿਤ ਕੀਤਾ ਹੈ ਕਿ ਖਹਿਰਾ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਲਈ ਸਾਰੀ ਕਾਰਵਾਈ ਪੂਰੀ ਕਰ ਲਈ ਗਈ ਹੈ, ਹੁਣ ਕਿਸੇ ਵੇਲੇ ਵੀ ਖਹਿਰਾ ਦੀ ਜੇਲ੍ਹ ਤਬਦੀਲ ਕੀਤੀ ਜਾ ਸਕਦੀ ਹੈ। ਗੁਰਦੀਪ ਸਿੰਘ ਖਹਿਰਾ ਖਿਲਾਫ 1996 ਵਿਚ ਦਿੱਲੀ ਤੇ ਬਿਦਰ (ਕਰਨਾਟਕ) ਵਿਚ ਦੋ ਵੱਖ-ਵੱਖ ਮਾਮਲੇ ਦਰਜ ਹੋਏ ਸਨ, ਜਿਨ੍ਹਾਂ ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਮਿਲੀ। ਸੂਤਰਾਂ ਮੁਤਾਬਕ ਹੁਣ ਤੱਕ ਦਵਿੰਦਰਪਾਲ ਸਿੰਘ ਭੁੱਲਰ ਤੇ ਗੁਰਦੀਪ ਸਿੰਘ ਖਹਿਰਾ ਵੱਲੋਂ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਲਈ ਅਰਜੀ ਦਾਇਰ ਕੀਤੀ ਗਈ ਸੀ। ਖਹਿਰਾ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜਲੌਅਪੁਰ ਖਹਿਰਾ ਦਾ ਰਹਿਣ ਵਾਲਾ ਹੈ। ਭੁੱਲਰ ਤੋਂ ਬਾਅਦ ਅਜਿਹੇ ਅੱਠ ਸਿੱਖ ਕੈਦੀ, ਜਿਨ੍ਹਾਂ ਬਾਰੇ ਸੂਰਤ ਸਿੰਘ ਖਾਲਸਾ ਸੰਘਰਸ਼ ਕਮੇਟੀ ਨੇ ਜੇਲ੍ਹ ਤਬਾਦਲੇ ਦੀ ਮੰਗ ਡੀ.ਜੀ.ਪੀ. ਸੁਮੇਧ ਸੈਣੀ ਕੋਲ ਕਰ ਚੁੱਕੀ ਹੈ, ਵਿਚ ਦਿਆ ਸਿੰਘ ਲਾਹੌਰੀਆ, ਪਰਮਜੀਤ ਭਿਓਰਾ, ਗੁਰਦੀਪ ਸਿੰਘ, ਵਰਿਆਮ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ, ਲਖਵਿੰਦਰ ਸਿੰਘ, ਸਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਦੇ ਨਾਂ ਜ਼ਿਕਰਯੋਗ ਹਨ।

ਦਵਿੰਦਰਪਾਲ ਸਿੰਘ ਭੁੱਲਰ ਨੂੰ 1993 ਵਿਚ ਦਿੱਲੀ ਵਿਖੇ ਬੰਬ ਧਮਾਕੇ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। 2001 ਵਿਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਪਿਛਲੇ ਵਰ੍ਹੇ ਉਸ ਦੀ ਮਾੜੀ ਸਿਹਤ ਤੇ ਮਾਨਸਿਕ ਹਾਲਤ ਨੂੰ ਵੇਖਦਿਆਂ ਸੁਪਰੀਮ ਕੋਰਟ ਵੱਲੋਂ ਫਾਂਸੀ ਦੀ ਸਜ਼ਾ ਨੂੰ ਰੱਦ ਕਰਦਿਆਂ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਸ ਮਗਰੋਂ ਉਸਦੀ ਪਤਨੀ ਵੱਲੋਂ ਪੰਜਾਬ ਸਰਕਾਰ ਕੋਲ ਅਪੀਲ ਦਾਇਰ ਕੀਤੀ ਗਈ ਸੀ ਕਿ ਦਵਿੰਦਰਪਾਲ ਸਿੰਘ ਭੁੱਲਰ ਦੀ ਮਾੜੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਮਨੁੱਖੀ ਹਮਦਰਦੀ ਵਜੋਂ ਉਸ ਨੂੰ ਤਿਹਾੜ ਤੋਂ ਅੰਮ੍ਰਿਤਸਰ ਤਬਦੀਲ ਕੀਤਾ ਜਾਵੇ। ਉਸਦੀ ਅਪੀਲ ਨੂੰ ਪੰਜਾਬ ਸਰਕਾਰ ਨੇ ਦਿੱਲੀ ਸਰਕਾਰ ਕੋਲ ਭੇਜ ਦਿੱਤਾ ਸੀ। ਦੋਵਾਂ ਸਰਕਾਰਾਂ ਦੀ ਸਹਿਮਤੀ ਮਗਰੋਂ ਹੁਣ ਉਸ ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕਰਨ ਦਾ ਫੈਸਲਾ ਹੋਇਆ ਸੀ।



## ਭੁੱਲਰ ਨੂੰ ਭਜਾਉਣ ਦੀ ਸਾਜ਼ਿਸ਼: ਬਿੱਟਾ

ਕੁੱਲ ਹਿੰਦ ਅਤਿਵਾਦ ਵਿਰੋਧੀ ਫਰੰਟ ਦੇ ਮੁਖੀ ਮਨਿੰਦਰਜੀਤ ਸਿੰਘ ਬਿੱਟਾ ਨੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕੀਤੇ ਜਾਣ ਦਾ ਸਖ਼ਤ ਵਿਰੋਧ ਕਰਦਿਆਂ ਆਖਿਆ ਕਿ ਇਹ ਉਸ ਨੂੰ ਭਜਾਉਣ ਦੀ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਉਸਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਗਿਆ ਹੈ ਤੇ ਹੁਣ ਉਸ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਮਗਰੋਂ ਉਸ ਨੂੰ ਮਾਨਸਿਕ ਤੌਰ ਉਤੇ ਠੀਕ ਨਾ ਹੋਣ ਦੇ ਆਧਾਰ ਉਤੇ ਮਨੋਰੋਗ ਹਸਪਤਾਲ ਵਿਚ ਭੇਜ ਦਿੱਤਾ ਜਾਵੇਗਾ, ਜਿਥੋਂ ਉਸ ਲਈ ਭੱਜਣਾ ਸੌਖਾ ਹੋਵੇਗਾ।



## ਦਿਮਾਗੀ ਬਿਮਾਰ ਬੰਦੇ ਤੋਂ ਕੀ ਖਤਰਾ: ਬਾਦਲ

**ਜਲੰਧਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ 1993 ਬੰਬ ਧਮਾਕਿਆਂ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਨੂੰ ਅੰਮ੍ਰਿਤਸਰ ਰੱਖੇ ਜਾਣ ਨਾਲ ਪੰਜਾਬ ਦੀ ਅਮਨ ਸ਼ਾਂਤੀ ਪ੍ਰਭਾਵਿਤ ਨਹੀਂ ਹੋਵੇਗੀ। ਬਾਦਲ ਦਾ ਕਹਿਣਾ ਹੈ ਕਿ ਭੁੱਲਰ ਬਿਮਾਰ ਹੈ, ਭਾਵੇਂ ਉਹ ਤਿਹਾੜ ਰਹੇ ਜਾਂ ਅੰਮ੍ਰਿਤਸਰ, ਇਸ ਨਾਲ ਅਤਿਵਾਦ ਦਾ ਕੋਈ ਖ਼ਤਰਾ ਨਹੀਂ। ਦੱਸਣਯੋਗ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਨੂੰ ਅੰਮ੍ਰਿਤਸਰ ਸ਼ਿਫਟ ਕਰਨ ਉਤੇ ਖਾਲਿਸਤਾਨ ਵਿਰੋਧੀਆਂ ਨੇ ਇਤਰਾਜ਼ ਜਤਾਇਆ ਸੀ ਤੇ ਭੁੱਲਰ ਦੇ ਪੰਜਾਬ ਆਉਣ ਨਾਲ ਹਾਲਾਤ ਵਿਗੜਨ ਦਾ ਖਦਸ਼ਾ ਜਤਾਇਆ ਸੀ।




## ਇਨ੍ਹਾਂ ਸਿੱਖ ਕੈਦੀਆਂ ਬਾਰੇ ਵਿਚਾਰਾਂ

ਗੁਰਦੀਪ ਸਿੰਘ ਖਹਿਰਾ ਕਰਨਾਟਕ ਜੇਲ੍ਹ, ਦਇਆ ਸਿੰਘ ਲਾਹੌਰੀਆ, ਪਰਮਜੀਤ ਸਿੰਘ ਭਿਉਰਾ, ਵਰਿਆਮ ਸਿੰਘ, ਗੁਰਜੀਤ ਸਿੰਘ, ਲਖਵਿੰਦਰ ਸਿੰਘ, ਸਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਫ਼ੌਜੀ, ਲਾਲ ਸਿੰਘ (ਨਾਭਾ ਜੇਲ੍ਹ), ਹਰਭਜਨ ਸਿੰਘ (85), ਮੋਹਨ ਸਿੰਘ (73), ਸਵਰੂਪ ਸਿੰਘ (66), ਅਵਤਾਰ ਸਿੰਘ (77) ਤੇ ਸੁਬੇਗ ਸਿੰਘ ਬਾਰੇ ਵੀ ਵਿਚਾਰ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚੋਂ ਬਹੁਤੇ ਸਿੱਖ ਕੈਦੀ ਜਾਂ ਤਾਂ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਜਾਂ ਫਿਰ ਬਹੁਤ ਜ਼ਿਆਦਾ ਬਜ਼ੁਰਗ ਹੋ ਗਏ ਹਨ ਜਿਨ੍ਹਾਂ ਦੀ ਰਿਹਾਈ ਲਈ ਵੀ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਗਈ ਹੈ।

## ਸੁਰੱਖਿਆ ਦਾ ਭਾਰ ਚੁੱਕਣ ਦੇ ਸਮਰੱਥ ਨੇ ਪੰਜਾਬ ਦੀਆਂ ਜੇਲ੍ਹਾਂ?

**ਚੰਡੀਗੜ੍ਹ:** ਦਵਿੰਦਰਪਾਲ ਭੁੱਲਰ ਤੋਂ ਬਾਅਦ ਅੱਠ ਹੋਰ ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਵੱਡੀ ਪੱਧਰ ਉਤੇ ਫੋਨਾਂ ਦੀ ਵਰਤੀ ਹੁੰਦੀ ਹੈ ਤੇ ਨਿੱਤ ਦਿਨ ਜੇਲ੍ਹ ਵਿਚ ਤਰ੍ਹਾਂ-ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਸ ਲਈ ਸਵਾਲ ਉੱਠ ਰਹੇ ਹਨ ਕਿ ਪੰਜਾਬ ਦੀਆਂ ਇਨ੍ਹਾਂ ਜੇਲ੍ਹਾਂ ਵਿਚੋਂ ਇਨ੍ਹਾਂ ਖਾੜਕੂਆਂ ਲਈ ਭੱਜਣਾ ਅਸਾਨ ਹੈ। ਇਹ ਵੀ ਅਹਿਮ ਤੱਥ ਹੈ ਕਿ 2004 ਵਿਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ ਤੇ ਪਰਮਜੀਤ ਸਿੰਘ ਭਿਓਰਾ ਨਾਂ ਦੇ ਖਾਲਿਸਤਾਨੀ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚੋਂ ਸੁਰੰਗ ਬਣਾ ਕੇ ਫਰਾਰ ਹੋ ਗਏ ਸਨ। ਲੰਬਾ ਸਮਾਂ ਸੁਰੰਗ ਪੁੱਟਣ ਦੇ ਬਾਵਜੂਦ ਪੁਲਿਸ ਨੂੰ ਕੰਨੋ-ਕੰਨ ਖ਼ਬਰ ਨਹੀਂ ਹੋਈ ਸੀ। ਇਸ ਲਈ ਪੰਜਾਬ ਦੀਆਂ ਜੇਲ੍ਹਾਂ ਦਾ ਹਾਲ ਤਾਂ ਚੰਡੀਗੜ੍ਹ ਨਾਲੋਂ ਕਿਤੇ ਮਾੜਾ ਹੈ।



## ਖਾੜਕੂ ਸੁਖਵਿੰਦਰ ਸਿੰਘ ਬੋਕਸਰ ਜ਼ਮਾਨਤ ਉਤੇ ਰਿਹਾਅ

**ਨਾਭਾ:** ਨਾਭਾ ਦੀ ਸਖ਼ਤ ਸੁਰੱਖਿਆ ਜੇਲ੍ਹ ਵਿਚ ਸਜ਼ਾ ਕੱਟ ਰਹੇ ਖਾੜਕੂ ਸਿੰਘ ਸੁਖਵਿੰਦਰ ਸਿੰਘ ਬੋਕਸਰ ਪੁੱਤਰ ਸੋਹਣ ਸਿੰਘ ਪਿੰਡ ਰੌਣੀ ਖੁਰਦ ਥਾਣਾ ਸਦਰ ਖੰਨਾ ਜ਼ਿਲ੍ਹਾ ਲੁਧਿਆਣਾ ਨੂੰ ਜਮਾਨਤ ਉਤੇ ਰਿਹਾਅ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਬੋਕਸਰ ਖਿਲਾਫ ਕੁੱਲ ਅੱਠ ਮੁਕੱਦਮੇ ਸਨ ਤੇ ਛੇ ਵਿਚੋਂ ਪਹਿਲਾਂ ਹੀ ਬਰੀ ਹੋ ਚੁੱਕਾ ਹੈ, ਜਦਕਿ 20 ਮਈ 2012 ਵਿਚ ਦਰਜ ਐਫ.ਆਈ.ਆਰ. ਨੰ. 42 ਵਿਚ ਨੌਂ ਜੂਨ 2015 ਨੂੰ ਜਮਾਨਤ ਮਿਲ ਗਈ ਸੀ ਤੇ ਰਹਿੰਦੇ ਇਕ ਕੇਸ ਵਿਚੋਂ ਹੁਣ ਜਮਾਨਤ ਮਿਲਣ ਪਿਛੋਂ ਉਸ ਨੂੰ ਨਾਭਾ ਦੀ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ।

# ਹੁਣ ਭੁੱਲਰ ਦੀ ਰਿਹਾਈ ਲਈ ਸ਼ੁਰੂ ਹੋਈ ਚਾਰਾਜੋਈ

**ਅੰਮ੍ਰਿਤਸਰ:** ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਤਬਦੀਲ ਕੀਤੇ ਦਵਿੰਦਰਪਾਲ ਸਿੰਘ ਭੁੱਲਰ ਦੀ ਪੈਰੋਲ ਉਤੇ ਰਿਹਾਈ ਲਈ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਪ੍ਰੋ. ਭੁੱਲਰ 20 ਸਾਲ ਤੋਂ ਤਿਹਾੜ ਜੇਲ੍ਹ ਦਿੱਲੀ ਵਿਚ ਬੰਦ ਰਿਹਾ ਤੇ ਕੇਂਦਰ ਸਰਕਾਰ ਨੇ ਕਦੇ ਵੀ ਉਨ੍ਹਾਂ ਨੂੰ ਪੈਰੋਲ 'ਤੇ ਜਾਣ ਦੀ ਮਨਜ਼ੂਰੀ ਨਹੀਂ ਦਿੱਤੀ ਪਰ ਹੁਣ ਉਹ ਪੰਜਾਬ ਸਰਕਾਰ ਦੀ ਹਿਰਾਸਤ ਵਿਚ ਹੈ। ਇਸ ਲਈ ਭੁੱਲਰ ਨੂੰ ਮੈਡੀਕਲ ਅਨਫਿੱਟ ਦੇ ਆਧਾਰ 'ਤੇ ਕਦੇ ਵੀ ਪੈਰੋਲ ਮਿਲ ਸਕਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪ੍ਰੋ. ਭੁੱਲਰ ਨੂੰ 40 ਦਿਨ ਦੀ ਪੈਰੋਲ 'ਤੇ ਭੇਜਣ ਦੀ ਤਿਆਰੀ ਵੀ ਹੋ ਚੁੱਕੀ ਹੈ।

ਕੇਂਦਰੀ ਜੇਲ੍ਹ ਦੇ ਸੁਪਰਡੈਂਟ ਆਰ.ਕੇ. ਸ਼ਰਮਾ ਨੇ ਆਖਿਆ ਹੈ ਕਿ ਭੁੱਲਰ ਪੈਰੋਲ ਪ੍ਰਾਪਤ ਕਰ ਸਕਦਾ ਹੈ। ਜੇਲ੍ਹ ਨਿਯਮਾਂ ਦੇ ਮੁਤਾਬਕ ਉਹ ਪੈਰੋਲ ਪ੍ਰਾਪਤ ਕਰਨ ਦਾ ਹੱਕ ਰੱਖਦਾ ਹੈ ਪਰ ਫਿਲਹਾਲ ਇਸ ਬਾਰੇ ਕੋਈ ਅਰਜ਼ੀ ਪ੍ਰਾਪਤ ਨਹੀਂ ਹੋਈ ਹੈ। ਅਰਜ਼ੀ ਮਿਲਣ ਮਗਰੋਂ ਹੀ ਇਸ ਉਤੇ ਵਿਚਾਰ ਕੀਤਾ ਜਾਵੇਗਾ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਤੇ ਹੋਰਨਾਂ ਨੇ ਭੁੱਲਰ ਨਾਲ ਮੁਲਾਕਾਤ ਕਰਨ ਮਗਰੋਂ ਸਰਕਾਰ ਨੂੰ ਅਪੀਲ ਕੀਤੀ ਕਿ ਭੁੱਲਰ ਦੀ ਰਿਹਾਈ ਲਈ ਲੋੜੀਂਦੀ ਕਾਨੂੰਨੀ ਚਾਰਾਜੋਈ ਕੀਤੀ ਜਾਵੇ। ਭੁੱਲਰ ਦੀ ਪਤਨੀ ਨਵਨੀਤ ਕੌਰ ਦਾ ਕਹਿਣਾ ਹੈ ਕਿ ਭੁੱਲਰ ਦੀ ਪੈਰੋਲ ਉਤੇ ਰਿਹਾਈ ਲਈ ਅਰਜ਼ੀ ਪਾਈ ਜਾਵੇਗੀ। ਇਸ ਲਈ ਲੋੜੀਂਦੀ ਦਸਤਾਵੇਜ਼ੀ ਕਾਰਵਾਈ ਕੀਤੀ ਜਾ ਰਹੀ ਹੈ। ਇਹ ਰਿਹਾਈ ਭੁੱਲਰ ਦੀ ਸਿਹਤ ਦੇ ਆਧਾਰ ਉਤੇ ਮੰਗੀ ਜਾ ਰਹੀ ਹੈ।

ਸਿੱਖ ਜਥੇਬੰਦੀ ਦਲ ਖਾਲਸਾ ਦੇ ਕਨਵੀਨਰ ਕੰਵਰਪਾਲ ਸਿੰਘ ਬਿੱਟੂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਦਵਿੰਦਰ ਪਾਲ ਭੁੱਲਰ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਸ਼ਿਫਟ ਕਰਨ ਤੋਂ ਬਾਅਦ ਪੈਰੋਲ ਉਤੇ ਰਿਹਾਅ ਕੀਤਾ ਜਾਵੇਗਾ। ਬਿੱਟੂ ਨੇ ਕਿਹਾ ਕਿ ਭੁੱਲਰ ਨੂੰ ਇਸ ਲਈ ਪੰਜਾਬ ਦੀ ਜੇਲ੍ਹ ਵਿਚ ਲਿਆਂਦਾ ਗਿਆ ਹੈ ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਸਿੱਖ ਕੈਦੀਆਂ ਦੀ ਰਿਹਾਈ ਲਈ ਭੁੱਖ ਹੜਤਾਲ ਉਤੇ ਬੈਠੇ ਸੂਰਤ ਸਿੰਘ ਖਾਲਸਾ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਪੰਜਾਬ ਸਰਕਾਰ ਇਸ ਮਾਮਲੇ ਵਿਚ ਗੰਭੀਰਤਾ ਦਿਖਾਵੇ। ਉਨ੍ਹਾਂ ਕਿਹਾ ਕਿ ਸੂਰਤ ਸਿੰਘ ਖਾਲਸਾ ਦੀ ਮੁਹਿੰਮ ਰੰਗ ਲਿਆ ਰਹੀ ਹੈ ਤੇ ਸਰਕਾਰ ਵੀ ਨੀਂਦ ਖੁੱਲ੍ਹ ਰਹੀ ਹੈ। ਬਿੱਟੂ ਮੁਤਾਬਕ ਸੂਰਤ ਸਿੰਘ ਖਾਲਸਾ ਦੇ ਹੱਕ ਵਿਚ ਬਣੀ ਸੰਘਰਸ਼ ਕਮੇਟੀ ਨੇ ਜਦੋਂ ਸਰਕਾਰ ਨਾਲ ਗੱਲਬਾਤ ਕੀਤੀ ਸੀ ਤਾਂ ਸਭ ਤੋਂ ਅਹਿਮ ਮੰਗ ਇਹ ਸੀ ਕਿ ਦਵਿੰਦਰ ਸਿੰਘ ਭੁੱਲਰ ਨੂੰ ਰਿਹਾਅ ਕੀਤਾ ਜਾਵੇ। ਪੰਜਾਬ ਸਰਕਾਰ ਵੱਲੋਂ ਇਹ ਤਰਕ ਦਿੱਤਾ ਗਿਆ ਸੀ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਕੈਦੀਆਂ ਦੀ ਰਿਹਾਈ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸੇ ਕਰਕੇ ਹੀ ਹੁਣ ਸਰਕਾਰ ਵੱਲੋਂ ਭੁੱਲਰ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਸ਼ਿਫਟ ਕਰਕੇ ਪੈਰੋਲ ਉਤੇ ਰਿਹਾਅ ਕਰਨ ਦੀ ਤਿਆਰੀ ਵਿਚ ਹੈ।



## ਜੇਲ੍ਹ ਤਬਾਦਲੇ 'ਤੇ ਸਿਆਸਤ ਨਾ ਹੋਵੇ: ਜਥੇਦਾਰ

**ਅੰਮ੍ਰਿਤਸਰ:** ਹਸਪਤਾਲ ਵਿਖੇ ਜ਼ੇਰੇ ਇਲਾਜ ਦਵਿੰਦਰਪਾਲ ਸਿੰਘ ਭੁੱਲਰ ਦੀ ਸਿਹਤ ਦਾ ਹਾਲ ਪੁੱਛਣ ਪੁੱਜੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਰਕਾਰ ਕੋਲੋਂ ਉਸਦੀ ਪੱਕੀ ਰਿਹਾਈ ਤੇ ਹੋਰ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ। ਭਾਜਪਾ ਆਗੂ ਬੀਬੀ ਲਕਸ਼ਮੀ ਕਾਂਤਾ ਚਾਵਲਾ ਸਮੇਤ ਹੋਰਨਾਂ ਵੱਲੋਂ ਭੁੱਲਰ ਨੂੰ ਪੰਜਾਬ ਤਬਦੀਲ ਕੀਤੇ ਜਾਣ ਦੇ ਵਿਰੋਧ ਬਾਰੇ ਉਨ੍ਹਾਂ ਆਖਿਆ ਕਿ ਇਸ ਮੁੱਦੇ ਉਤੇ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ ਨਾਲ ਵੀ ਹਸਪਤਾਲ ਵਿਚ ਹੀ ਮੁਲਾਕਾਤ ਕੀਤੀ। ਮੌਕੇ ਉਤੇ ਹਾਜ਼ਰ ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਆਖਿਆ ਕਿ ਜਥੇਦਾਰ ਨੇ ਪਰਿਵਾਰ ਨੂੰ ਹੌਂਸਲਾ ਦਿੱਤਾ ਹੈ। ਪਤੀ ਦੀ ਪੱਕੀ ਰਿਹਾਈ ਦੀ ਮੰਗ ਕਰਦਿਆਂ ਉਸ ਨੇ ਆਖਿਆ ਕਿ ਜੇਲ੍ਹ ਵਿਚ 21 ਸਾਲ ਤੋਂ ਵਧੇਰੇ ਸਮਾਂ ਬੀਤ ਚੁੱਕਾ ਹੈ।

## ਭੁੱਲਰ ਦਾ ਤਬਾਦਲਾ ਕਰਵਾਉਣ ਦਾ ਸਿਹਰਾ ਲੈਣ ਦੀ ਲੱਗੀ ਦੌੜ

**ਨਵੀਂ ਦਿੱਲੀ:** ਸਿੱਖ ਜਥੇਬੰਦੀਆਂ ਤੇ ਕੁਝ ਸਿਆਸੀ ਧਿਰ ਵਿਚ ਪ੍ਰੋ. ਦਵਿੰਦਰ ਪਾਲ ਭੁੱਲਰ ਦੀ ਤਿਹਾੜ ਜੇਲ੍ਹ ਵਿਚੋਂ ਪੰਜਾਬ ਤਬਦੀਲੀ ਦਾ ਸਿਹਰਾ ਆਪਣੇ ਸਿਰ ਲੈਣ ਦੀ ਹੋੜ ਲੱਗ ਗਈ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ ਬੰਦੀ ਸਿੱਖਾਂ ਦੀ ਰਿਹਾਈ ਮਾਮਲੇ ਵਿਚ ਦਿੱਲੀ ਕਮੇਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਬੂਰ ਪੈਣ ਦਾ ਦਾਅਵਾ ਕੀਤਾ ਹੈ।

ਜੀ. ਕੇ. ਦਾ ਕਹਿਣਾ ਹੈ ਕਿ ਦਿੱਲੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਜਸਵਿੰਦਰ ਸਿੰਘ ਜੌਲੀ ਦੀ ਪਟੀਸ਼ਨ ਦੇ ਆਧਾਰ ਉਤੇ ਹੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ ਦੇ ਸਕੱਤਰ ਨੂੰ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ ਸਮੂਹ ਕੈਦੀਆਂ ਲਈ ਇਕੋ ਜਿਹਾ ਨਿਯਮ-ਕਾਨੂੰਨ ਬਣਾਉਣ ਵਾਸਤੇ ਅੱਠ ਹਫਤਿਆਂ ਦੀ ਸਮੇਂ ਸੀਮਾ ਤੈਅ ਕੀਤੀ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਦਾ ਕਹਿਣਾ ਹੈ ਕਿ ਬਾਦਲ ਸਰਕਾਰ ਇਸ ਬਾਰੇ ਕੋਸ਼ਿਸ਼ ਨਾ ਕਰਦੀ ਤਾਂ ਇਹ ਸੰਭਵ ਨਹੀਂ ਸੀ। ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਕਹਿਣਾ ਹੈ ਕਿ ਇਹ ਸਭ ਦਿੱਲੀ ਦੀ ਕੇਜਰੀਵਾਲ ਸਰਕਾਰ ਕਾਰਨ ਸੰਭਵ ਹੋ ਸਕਿਆ ਹੈ।

## ਭੁੱਲਰ ਦੇ ਜੇਲ੍ਹ ਤਬਾਦਲੇ ਤੋਂ ਪਿੰਡ ਵਸਨੀਕ ਨੇ ਬਾਗੋ-ਬਾਗ



**ਭਗਤਾ ਭਾਈ:** ਤਕਰੀਬਨ 23 ਸਾਲਾਂ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਸਿੱਖ ਨੌਜਵਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕਰਨ ਤੋਂ ਬਾਅਦ ਉਸ ਦੇ ਜੱਦੀ ਪਿੰਡ ਦਿਆਲਪੁਰਾ ਭਾਈਕਾ ਵਿਚ ਖੁਸ਼ੀ ਦੀ ਕੋਈ ਹੱਦ ਨਾ ਰਹੀ। ਪ੍ਰੋ. ਭੁੱਲਰ ਦੇ ਪਰਿਵਾਰਕ ਮੈਂਬਰ ਤੇ ਸਿੱਖ ਜਥੇਬੰਦੀਆਂ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਦੀ ਮਾੜੀ ਸਰੀਰਕ ਹਾਲਤ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕਰ ਰਹੀਆਂ ਸਨ। ਪ੍ਰੋ. ਭੁੱਲਰ ਦੀ ਜੇਲ੍ਹ ਤਬਦੀਲੀ ਤੇ ਇਸ ਤੋਂ ਕੁਝ ਦਿਨਾਂ ਬਾਅਦ ਉਸ ਦੀ ਪੈਰੋਲ ਉਤੇ ਰਿਹਾਈ ਦੀ ਸੰਭਾਵਨਾ ਉਪਰੰਤ ਉਸ ਦੇ ਜੱਦੀ ਘਰ ਦਾ ਤਾਲਾ ਖੁੱਲ੍ਹਣ ਦੀ ਪੂਰੀ ਆਸ ਬਣ ਗਈ ਹੈ। ਗੌਰਤਲਬ ਹੈ ਕਿ ਪਿਛਲੇ ਢਾਈ ਦਹਾਕਿਆਂ ਤੋਂ ਦਵਿੰਦਰਪਾਲ ਦੇ ਘਰ ਨੂੰ ਹਮੇਸ਼ਾ ਤਾਲਾ ਹੀ ਲੱਗਾ ਰਿਹਾ ਹੈ ਤੇ ਕਦੇ-ਕਦਾਈਂ ਹੀ ਉਸ ਦੀ 82 ਸਾਲਾ ਬਿਰਧ ਮਾਤਾ ਉਪਕਾਰ ਕੌਰ ਪਿੰਡ ਗੇੜਾ ਮਾਰਦੇ ਸਨ। ਪ੍ਰੋ. ਭੁੱਲਰ ਦੇ ਚਚੇਰੇ ਭਾਈ ਮੁਖਤਿਆਰ ਸਿੰਘ ਭੁੱਲਰ ਤੇ ਗੁਰਮੇਜ ਸਿੰਘ ਨੇ ਜੇਲ੍ਹ ਤਬਦੀਲੀ ਉਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਘਰ ਨੇ ਪਿਛਲੇ ਤਕਰੀਬਨ 23 ਸਾਲਾਂ ਤੋਂ ਦੁੱਖ-ਤਕਲੀਫਾਂ ਦਾ ਹੀ ਸਾਹਮਣਾ ਕੀਤਾ ਹੈ ਤੇ ਕਦੇ ਕਿਸੇ ਪਾਸਿਓਂ ਸੁੱਖ ਦਾ ਬੁੱਲਾ ਨਹੀਂ ਆਇਆ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਕੈਨੇਡੀਅਨ ਸਿਟੀਜ਼ਨ ਲੜਕੀ 29 ਸਾਲ 5’4" ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਜੱਟ ਸਿੱਖ ਲੜਕੇ ਦੀ ਲੋੜ ਹੈ। ਤਲਾਕਸ਼ੁਦਾ ‘ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 619-457-9270 ਅਤੇ 209-321-7121 24-

Suitable match sought for Jatt Sikh U.S. Citizen girl, 27 yrs, 5’-6", Master’s in Science & employed. The boy should be Jatt Sikh, well-educated, professionally employed from a well-settled family in California, preferably from Bay Area. Contact 510-331-4868 or email: kaur125@yahoo.com 21-24

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6”, well-settled in career, preferably from the US or Canada. Contact: 1-414-982-5188 or wisconsinkaur@gmail. com.

### ਕੰਨਿਆ ਦੀ ਲੋੜ ਹੈ

ਰਵੀਦਾਸੀਆ ਸਿੱਖ 27 ਸਾਲ, 5’9", ਬੀ ਕਾਮ (ਅਕਾਉਂਟਿੰਗ), ਐਲ ਐਲ ਬੀ ਇੰਡੀਆ ਰਹਿੰਦੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਪਾਸ 15 ਕਿਲੇ ਜ਼ਮੀਨ ਹੈ। ਸੰਪਰਕ ਕਰੋ, ਫੋਨ: 347-445-3381

# ਪੁਲਿਸ ਫਾਇਰਿੰਗ ’ਚ ਅਕਾਲੀ ਆਗੂ ਹਲਾਕ

**ਅੰਮ੍ਰਿਤਸਰ:** ਇਥੇ ਪਿੰਡ ਮੂਧਲ ਨੇੜੇ ਮੰਗਲਵਾਰੀਂ ਦੇਰ ਸ਼ਾਮ ਇਕ ਅਕਾਲੀ ਆਗੂ ਨੂੰ ਪੁਲਿਸ ਮੁਕਾਬਲੇ ਵਿਚ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ। ਆਗੂ ਦੀ ਸ਼ਨਾਖ਼ਤ ਮੁਖਜੀਤ ਸਿੰਘ ਵੇਰਕਾ ਵਜੋਂ ਹੋਈ ਜੋ ਵਾਰਡ ਨੰਬਰ 16 ਤੋਂ ਜ਼ਿਲਾ ਅਕਾਲੀ ਜਥੇ ਦਾ ਵਾਰਡ ਪ੍ਰਧਾਨ ਸੀ। ਜਿਸ ਵੇਲੇ ਇਹ ਘਟਨਾ ਵਾਪਰੀ, ਉਸ ਵੇਲੇ ਉਹ ਆਪਣੀ ਭਤੀਜੀ ਨੂੰ ਨਰਸਿੰਗ ਕਾਲਜ ਤੋਂ ਘਰ ਲੈ ਕੇ ਆਉਣ ਲਈ ਕਾਰ ਵਿਚ ਜਾ ਰਿਹਾ ਸੀ। ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਆਖਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਕੋਈ ਬੰਦਾ ਕਾਰ ਵਿਚ ਕਿਸੇ ਜੁਰਮ ਦੀ ਘਟਨਾ ਨੂੰ ਅੰਜਾਮ ਦੇਣ ਜਾ ਰਿਹਾ ਹੈ। ਘਟਨਾ ਵਾਲੀ ਥਾਂ ਨੇੜੇ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ। ਪੁਲਿਸ ਨੇ ਜਦੋਂ ਬਿਨਾਂ ਨੰਬਰ ਵਾਲੀ ਕਾਰ ਰੋਕੀ ਤਾਂ ਕਾਰ ਵਿਚ ਸਵਾਰ ਬੰਦੇ ਨੇ ਆਪਣੇ ਪਿਸਤੌਲ ਨਾਲ ਪੁਲਿਸ ਪਾਰਟੀ ‘ਤੇ ਗੋਲੀ ਚਲਾ ਦਿੱਤੀ। ਬਚਾਅ ਲਈ ਪੁਲਿਸ ਕਰਮਚਾਰੀਆਂ ਨੇ ਵੀ ਗੋਲੀ ਚਲਾਈ ਜਿਸ ਵਿਚ ਇਹ ਬੰਦਾ ਮਾਰਿਆ ਗਿਆ। ਗੋਲੀਬਾਰੀ ਵਿਚ ਪੁਲਿਸ ਹੈਡ ਕਾਂਸਟੇਬਲ ਰਾਜੇਸ਼ ਕੁਮਾਰ ਜ਼ਖ਼ਮੀ ਹੋ ਗਿਆ ਹੈ ਜਿਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ।

ਦੂਜੇ ਪਾਸੇ, ਜ਼ਿਲ੍ਹਾ ਅਕਾਲੀ ਜਥੇ ਦੇ ਸਕੱਤਰ ਜਨਰਲ ਕੁਲਜੀਤ ਸਿੰਘ ‘ਸਿੰਘ ਬ੍ਰਦਰਜ਼’ ਨੇ ਪੁਲਿਸ ਦੀ ਕਹਾਣੀ ਨੂੰ ਰੱਦ ਕਰਦਿਆਂ ਇਸ ਨੂੰ ਪੁਲਿਸ ਵਧੀਕੀ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਮੁਖਜੀਤ ਸਿੰਘ ਵੇਰਕਾ ਉਸ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਹੈ ਅਤੇ ਉਹ ਸਾਧਾਰਨ ਪਰਿਵਾਰ ਨਾਲ ਸਬੰਧਤ ਹੈ ਜਿਸ ਦਾ ਕਿੱਤਾ ਖੇਤੀਬਾੜੀ ਅਤੇ ਪ੍ਰਾਪਰਟੀ ਡੀਲਿੰਗ ਦਾ ਹੈ। ਉਹ ਸ਼ਾਮ ਸਮੇਂ ਕੰਮ ਜਾ ਰਿਹਾ ਸੀ ਜਿਸ ਵੇਲੇ ਉਸ ਨੂੰ ਪੁਲਿਸ ਨੇ ਘੇਰ ਕੇ ਗੋਲੀਆਂ ਮਾਰ ਕੇ ਹਲਾਕ ਕੀਤਾ ਹੈ। ਉਸ ਦੇ ਅੱਠ ਗੋਲੀਆਂ ਮਾਰੀਆਂ ਗਈਆਂ। ਇਸੇ ਦੌਰਾਨ ਪੁਲਿਸ ਖਿਲਾਫ਼ ਤੁਰੰਤ ਕਾਰਵਾਈ ਦੀ ਮੰਗ ਨੂੰ ਲੈ ਕੇ ਅਕਾਲੀ ਆਗੂਆਂ ਨੇ ਵੇਰਕਾ ਵਾਸੀਆਂ ਦੀ ਮਦਦ ਨਾਲ ਬਾਈਪਾਸ ‘ਤੇ ਧਰਨਾ ਦਿੱਤਾ ਹੈ ਅਤੇ ਆਵਾਜਾਈ ਰੋਕ ਦਿੱਤੀ ਹੈ। ਉਨ੍ਹਾਂ ਪੁਲਿਸ ਦੇ ਇਸ ਦਾਅਵੇ ਨੂੰ ਵੀ ਗ਼ਲਤ ਕਰਾਰ ਦਿਤਾ ਹੈ ਕਿ ਵੇਰਕਾ ਦੀ ਕਾਰ ‘ਤੇ ਕੋਈ ਨੰਬਰ ਪਲੇਟ ਨਹੀਂ ਸੀ।

ਕੁਝ ਹੋਰ ਲੋਕਾਂ ਨੇ ਵੀ ਦਾਅਵਾ ਕੀਤਾ ਹੈ ਕਿ ਮੁਖਜੀਤ ਸਿੰਘ ਵੇਰਕਾ ਨੂੰ ਚਿੱਟ-ਕੱਪੜੀਏ ਪੁਲਿਸ ਵਾਲਿਆਂ ਨੇ ਗੋਲੀਆਂ ਮਾਰੀਆਂ। ਇਹ ਪੁਲਿਸ ਕਰਮਚਾਰੀ ਆਮ ਵਾਹਨ ਵਿਚ ਸਵਾਰ ਸਨ।

## ‘ਆਪ’ ਨੇ ਫਰਜ਼ੀ ਡਿਗਰੀ ਵਾਲੇ ਮੰਤਰੀਆਂ ਖ਼ਿਲਾਫ਼ ਕਾਰਵਾਈ ਮੰਗੀ

**ਫਤਹਿਗੜ੍ਹ ਸਾਹਿਬ:** ਆਮ ਆਦਮੀ ਪਾਰਟੀ (ਆਪ) ਦੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਇਕਾਈ ਦੇ ਆਗੂਆਂ ਨੇ ਜ਼ਿਲ੍ਹਾ ਪ੍ਰਧਾਨ ਨਰੇਸ਼ ਵਾਲੀਆ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਭਾਜਪਾ ਦੇ ਚਾਰ ਮੰਤਰੀਆਂ ਸਮ੍ਰਿਤੀ ਇਰਾਨੀ, ਰਾਮਾ ਸ਼ੰਕਰ, ਵਿਧਾਇਕ ਬੱਬਲ ਰਾਓ ਅਤੇ ਸਰਵੇਸ਼ ਸਿੰਘ ਖ਼ਿਲਾਫ਼, ਉਸੇ ਤਰਜ਼ੇ ‘ਤੇ ਕਾਰਵਾਈ ਕਰਨ ਜਿਸ ਤਰ੍ਹਾਂ ‘ਆਪ’ ਦੇ ਵਿਧਾਇਕ ਜਤਿੰਦਰ ਸਿੰਘ ਤੋਮਰ ਦੇ ਖ਼ਿਲਾਫ਼ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਮੰਤਰੀਆਂ ‘ਤੇ ਕਥਿਤ ਫ਼ਰਜ਼ੀ ਡਿਗਰੀਆਂ ਸਮੇਤ ਗੰਭੀਰ ਦੋਸ਼ ਲੱਗੇ ਹੋਏ ਹਨ।

ਉਨ੍ਹਾਂ ਆਖਿਆ ਕਿ ਆਗੂਆਂ ਦੀਆਂ ਫ਼ਰਜ਼ੀ ਡਿਗਰੀਆਂ ਸਬੰਧੀ ਆਰ.ਟੀ.ਆਈ. ਤਹਿਤ ਪ੍ਰਾਪਤ ਜਾਣਕਾਰੀ ਉਨ੍ਹਾਂ ਕੋਲ ਹੈ, ਜਿਸ ਵਿਚ ਉਨ੍ਹਾਂ ਨੇ ਸਮੇਂ ਸਮੇਂ ਉਪਰ ਚੋਣ ਲੜਨ ਦੌਰਾਨ ਆਪਣੀਆਂ ਸਿੱਖਿਆ ਸਬੰਧੀ ਡਿਗਰੀਆਂ ਵੱਖ ਵੱਖ ਦੱਸੀਆਂ ਹਨ ਜਿਨ੍ਹਾਂ ਵਿਚੋਂ ਕੁਝ ਕਥਿਤ ਫ਼ਰਜ਼ੀ ਪਾਈਆਂ ਗਈਆਂ ਹਨ।

# ਸਿੱਖ ਆਗੂਆਂ ਨੂੰ ਹੁਰੀਅਤ ਦੇ ਸੈਮੀਨਾਰ ਵਿਚ ਸ਼ਾਮਲ ਹੋਣ ਤੋਂ ਰੋਕਿਆ

**ਅੰਮ੍ਰਿਤਸਰ:** ਹੁਰੀਅਤ ਕਾਨਫਰੰਸ ਵੱਲੋਂ ਸ੍ਰੀਨਗਰ ਵਿਚ ਕਰਵਾਏ ਜਾ ਰਹੇ ਸੈਮੀਨਾਰ ‘ਤੇ ਉਥੋਂ ਦੀ ਸਰਕਾਰ ਵੱਲੋਂ ਰੋਕ ਲਾਏ ਜਾਣ ਤੋਂ ਬਾਅਦ ਇਸ ਵਿਚ ਸ਼ਾਮਲ ਹੋਣ ਲਈ ਗਏ ਸਿੱਖ ਆਗੂਆਂ ਨੂੰ ਵੀ ਨਜ਼ਰਬੰਦ ਕਰ ਦਿੱਤਾ ਗਿਆ। ਸਿੱਖ ਆਗੂਆਂ ਨੇ ਜੰਮੂ ਕਸ਼ਮੀਰ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਆਖਿਆ ਕਿ ਇਹ ਰੋਕ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ ‘ਤੇ ਲਾਈ ਗਈ ਹੈ। ਇਨ੍ਹਾਂ ਸਿੱਖ ਆਗੂਆਂ ’ਚ ਦਲ ਖਾਲਸਾ ਦੇ ਕੰਵਰਪਾਲ ਸਿੰਘ, ਮਨਜਿੰਦਰ ਸਿੰਘ ਅਤੇ ਸਿੱਖਸ ਫਾਰ ਹਿਊਮਨ ਰਾਈਟਸ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਸ਼ਾਮਲ ਸਨ।

ਇਨ੍ਹਾਂ ਆਗੂਆਂ ਨੇ ਵਾਪਸ ਪਰਤਣ ਮਗਰੋਂ ਦੱਸਿਆ ਕਿ ਹੁਰੀਅਤ ਕਾਨਫਰੰਸ ਵੱਲੋਂ ਇਹ ਸੈਮੀਨਾਰ ‘ਹਿੰਦੁਸਤਾਨ ਸਰਕਾਰ ਦੀ ਫਾਸ਼ੀਵਾਦੀ ਨੀਤੀ ਅਤੇ ਸਾਡਾ ਜਵਾਬ’ ਵਿਸ਼ੇ ‘ਤੇ ਕਰਾਇਆ ਜਾਣਾ ਸੀ ਜਿਸ ਉਪਰ ਰੋਕ ਲਾ ਦਿੱਤੀ ਗਈ। ਉਨ੍ਹਾਂ ਨੂੰ ਇਸ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਜਿਆ ਗਿਆ ਸੀ ਜਿਸ ਤਹਿਤ ਉਹ ਸ੍ਰੀਨਗਰ ਗਏ ਸਨ ਪਰ ਉਨ੍ਹਾਂ ਨੂੰ ਥਾਣੇ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ।

# ਪੰਜਾਬ ਵਿਚ ਕੁੜੀਆਂ ਦੀ ਜਨਮ ਦਰ ਵਧੀ

**ਸੰਗਰੂਰ (ਬਿਊਰੋ):** ਪੰਜਾਬ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਕੀਤੇ ਯਤਨਾਂ ਸਦਕਾ ਲੜਕੀਆਂ ਦੀ ਗਿਣਤੀ ਹੁਣ ਵਧਣ ਲੱਗੀ ਹੈ। ਇਹ ਗਿਣਤੀ 2011 ਦੀ ਜਨ ਗਣਨਾ ਮੌਕੇ 1000 ਲੜਕਿਆਂ ਪਿੱਛੇ ਸਿਰਫ਼ 874 ਹੀ ਰਹਿ ਗਈ ਸੀ। 2011 ਦਾ 895 ਦਾ ਅੰਕੜਾ ਪਾਰ ਕਰਨ ਤੋਂ ਬਾਅਦ ਹੁਣ 2014 ਦੇ ਅੰਕੜਿਆਂ ਮੁਤਾਬਿਕ ਇਹ ਗਿਣਤੀ 900 ਤੱਕ ਪੁੱਜ ਚੁੱਕੀ ਹੈ।

ਸਮਾਜ ਸੇਵੀ ਅਤੇ ਆਰ.ਟੀ.ਆਈ. ਮਾਹਿਰ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਹੈ ਕਿ 2008-09 ਵਿਚ ਲੜਕੀਆਂ ਦੀ ਜਨਮ ਦਰ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ। 2011 ਵਿਚ ਹੋਈ ਜਨ ਗਣਨਾ ਮੌਕੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਅੰਦਰ ਲੜਕੀਆਂ ਦੇ ਅਨੁਪਾਤ ਵਿਚ ਵਾਧਾ ਹੋਇਆ ਹੈ। ਰਾਜ ਦੇ 156 ਤੋਂ ਜ਼ਿਆਦਾ ਪਿੰਡਾਂ ਵਿਚ ਕੁੜੀਆਂ ਦੀ ਜਨਮ ਦਰ ਵਿਚ ਰਿਕਾਰਡ ਤੋੜ ਵਾਧਾ ਦੇਖਿਆ ਗਿਆ ਹੈ।

ਇਨ੍ਹਾਂ ਵਿਚ ਪਟਿਆਲਾ ਜ਼ਿਲ੍ਹੇ ਦੇ 74 ਪਿੰਡ ਸ਼ਾਮਲ ਹਨ। ਇਨ੍ਹਾਂ ਪਿੰਡਾਂ ਵਿਚੋਂ ਪਹਿਲਾਂ 1000 ਲੜਕੀਆਂ ਪਿਛੇ ਲੜਕੀਆਂ ਦੀ ਗਿਣਤੀ ਸਿਰਫ਼ ਅੱਠ ਸੌ ਦੀ ਰਹਿ ਗਈ ਸੀ। ਜ਼ਿਲ੍ਹੇ ਦੇ ਪਿੰਡ ਇਸਰਹੇੜੀ ਅਤੇ ਲੱਧਾਹੇੜੀ ਵਿਖੇ ਲੜਕੀਆਂ ਦਾ ਅਨੁਪਾਤ 1300 ਨੂੰ ਪਾਰ ਕਰ ਗਿਆ ਅਤੇ ਦਸ ਦੇ ਕਰੀਬ ਪਿੰਡਾਂ ਵਿਚ ਅਨੁਪਾਤ ਇਕ ਹਜ਼ਾਰ ਤੋਂ ਵੱਧ ਚੁੱਕਾ ਹੈ।

ਜ਼ਿਲ੍ਹਾ ਸੰਗਰੂਰ ਦੇ ਪਿੰਡ ਗੋਬਿੰਦਪੁਰਾ ਪਾਪੜਾ, ਭਗਵਾਨਪੁਰਾ ਵਿਚ ਅਨੁਪਾਤ ਦਾ ਅੰਕੜਾ 1800 ਤੋਂ ਉਪਰ ਜਾ ਚੁੱਕਾ ਹੈ ਜਦਕਿ ਖਾਈ, ਚੁਲੜ ਕਲਾਂ, ਕੋਟਲਾ ਲੇਹਲ, ਚੱਠੇ ਨਕਟੇ, ਰਾਮਗੜ੍ਹ (ਭਵਾਨੀਗੜ੍ਹ), ਢੀਂਡਸਾ, ਸਾਦੀਹਰੀ, ਜਲੂਰ, ਭਾਈ ਕੀ ਪਸ਼ੌਰ, ਆਦਿ ਪਿੰਡ ਧੀ ਮਾਰਨ ਦੇ ਕਲੰਕ ਨੂੰ ਧੋਣ ਵਿਚ ਸਫਲ ਹੋਏ ਹਨ।

ਇਸੇ ਤਰ੍ਹਾਂ ਬਰਨਾਲੇ ਦੇ 9, ਫਤਿਹਗੜ੍ਹ ਸਾਹਿਬ ਦੇ 23, ਗੁਰਦਾਸਪੁਰ ਦੇ 25, ਰੂਪਨਗਰ ਦੇ 34, ਬਠਿੰਡਾ ਦੇ 50, ਮਾਨਸਾ ਦੇ 7, ਲੁਧਿਆਣਾ ਦੇ 2, ਹੁਸ਼ਿਆਰਪੁਰ ਦਾ 1, ਮੁਕਤਸਰ ਦੇ 6, ਨਵਾਂ ਸ਼ਹਿਰ ਦੇ 7, ਫਿਰੋਜ਼ਪੁਰ ਦੇ 2, ਜਲੰਧਰ ਦੇ 3, ਕਪੂਰਥਲਾ ਦੇ 6 ਅਤੇ ਮੁਹਾਲੀ ਦਾ 1 ਅਤੇ ਤਰਨਤਾਰਨ ਦਾ 1 ਪਿੰਡ ਇਨ੍ਹਾਂ ਵਿਚ ਸ਼ਾਮਲ ਹੈ ਜਿਥੇ ਲੜਕੀਆਂ ਦੀ ਜਨਮ ਦਰ ਵਿਚ ਰਿਕਾਰਡ ਤੋੜ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਵਾਧੇ ਪਿਛੇ ਅਲਟਰਾਸਾਊਂਡ ਕਰਨ ਵਾਲੇ ਡਾਕਟਰਾਂ ਉਤੇ ਕੱਸਿਆ ਸ਼ਿਕੰਜਾ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਲੋਕਾਂ ਨੂੰ ਧੀ ਬਚਾਉਣ ਲਈ ਜਾਗਰੂਕ ਕੀਤੇ ਜਾਣ ਵਾਲੇ ਯਤਨਾਂ ਦਾ ਯੋਗਦਾਨ ਹੈ।

## ਪਾਕਿ ਸੈਨਾ ਨੇ ਸਾਲ ਵਿਚ 2763 ਅਤਿਵਾਦੀ ਮਾਰੇ

**ਇਸਲਾਮਾਬਾਦ:** ਪਾਕਿਸਤਾਨ ਦੇ ਉਤਰੀ ਵਜ਼ੀਰਿਸਤਾਨ ਖੇਤਰ ਵਿਚ ਇਕ ਸਾਲ ਪਹਿਲਾਂ ਸ਼ੁਰੂ ਕੀਤੇ ਗਈ ਸੈਨਿਕ ਮੁਹਿੰਮ ਵਿਚ ਹੁਣ ਤੱਕ 2763 ਅਤਿਵਾਦੀ ਮਾਰੇ ਜਾ ਚੁੱਕੇ ਹਨ। ਇਹ ਦਾਅਵਾ ਪਾਕਿ ਫੌਜ ਨੇ ਕੀਤਾ ਹੈ।

ਇੰਟਰ ਸਰਵਿਸ ਪਬਲਿਕ ਰਿਲੇਸ਼ਨ (ਆਈ.ਐਸ.ਪੀ.ਆਰ.) ਦੇ ਮਹਾਨਿਰਦੇਸ਼ਕ ਮੇਜਰ ਜਨਰਲ ਅਸੀਮ ਬਾਜਵਾ ਨੇ ਸ਼ਨਿਚਰਵਾਰ ਨੂੰ ਟਵੀਟ ਕੀਤਾ ਕਿ ‘ਜਰਬ-ਏ-ਅਜਬ’ ਮੁਹਿੰਮ ਕੁਝ ਹੀ ਸਮੇਂ ਵਿਚ ਉਤਰੀ ਵਜ਼ੀਰਿਸਤਾਨ ਵਿਚ ਪਾਕਿਸਤਾਨ-ਅਫ਼ਗਾਨਿਸਤਾਨ ਸੀਮਾ ਤੱਕ ਪੁੱਜਣ ਵਾਲੀ ਹੈ।ਤੇ ਹੁਣ ਤੱਕ 2763 ਅਤਿਵਾਦੀ ਮਾਰੇ ਜਾ ਚੁੱਕੇ ਹਨ, ਅਤਿਵਾਦੀਆਂ ਦੇ 837 ਟਿਕਾਣੇ ਖ਼ਤਮ ਕੀਤੇ ਜਾ ਚੁੱਕੇ ਹਨ ਤੇ 253 ਟਨ ਵਿਸਫ਼ੋਟਕ ਬਰਾਮਦ ਕੀਤਾ ਜਾ ਚੁਕਾ ਹਨ।

## ਦੁਬਈ ਟੈਸਟਾਂ ਵਿਚ ਹਿੰਦੀ ਭਾਸ਼ਾ ਵੀ ਸ਼ਾਮਲ

**ਦੁਬਈ:** ਸੰਯੁਕਤ ਅਰਬ ਅਮੀਰਾਤ ਵਿਚ ਹੁਣ ਉਮੀਦਵਾਰ ਹਿੰਦੀ ਸਮੇਤ ਚਾਰ ਭਾਰਤੀ ਭਾਸ਼ਾਵਾਂ ਵਿਚ ਵੀ ਦਾਖਲਾ ਟੈਸਟ ਦੇ ਸਕਣਗੇ। ਸੜਕ ਤੇ ਟਰਾਂਸਪੋਰਟ ਅਥਾਰਿਟੀ ਜੋ ਵਰਤਮਾਨ ਸਮੇਂ ਅੰਗਰੇਜ਼ੀ, ਉਰਦੂ ਤੇ ਅਰਬੀ ਭਾਸ਼ਾ ਵਿਚ ਟੈਸਟ ਲੈ ਰਹੀ ਹੈ, ਸਤੰਬਰ ਮਹੀਨੇ ਤੋਂ ਸੱਤ ਹੋਰ ਭਾਸ਼ਾਵਾਂ ਹਿੰਦੀ, ਮਲਿਆਲਮ, ਤਾਮਿਲ, ਬੰਗਾਲੀ, ਚੀਨੀ, ਰੂਸੀ ਤੇ ਪਰਸ਼ੀਅਨ ਨੂੰ ਟੈਸਟ ਲਈ ਸ਼ਾਮਲ ਕਰ ਰਹੀ ਹੈ। ਡਰਾਈਵਰ ਸਿਖਲਾਈ ਤੇ ਯੋਗਤਾ ਦੇ ਡਾਇਰੈਕਟਰ ਆਰਿਫ ਅਲ ਮਾਲੇਕ ਨੇ ਦੱਸਿਆ ਕਿ ਟੈਸਟ ਦੌਰਾਨ ਸਕਰੀਨ ਉਤੇ 11 ਭਾਸ਼ਾਵਾਂ ਵਿਚ ਪ੍ਰਸ਼ਨ ਲਿਖੇ ਆਉਣਗੇ, ਜਿਨ੍ਹਾਂ ਨੂੰ ਉਮੀਦਵਾਰ ਹੈਡਫੋਨ ਨਾਲ ਸੁਣ ਵੀ ਸਕਣਗੇ।

## ਸਿੱਖ ਜਥੇਬੰਦੀਆਂ ਵਲੋਂ ਭਾਜਪਾ ਮੰਤਰੀ ਖ਼ਿਲਾਫ਼ ਮੁਜ਼ਾਹਰਾ

**ਕਰਨਾਲ:** ਹਰਿਆਣਾ ਦੇ ਰੋਡਵੇਜ਼ ਅਤੇ ਸਿੱਖਿਆ ਮੰਤਰੀ ਪ੍ਰੋ. ਰਾਮ ਬਿਲਾਸ ਸ਼ਰਮਾ ਵੱਲੋਂ ਸਿੱਖ ਭਾਈਚਾਰੇ ਖਿਲਾਫ ਕੀਤੀ ਟਿੱਪਣੀ ਦੇ ਵਿਰੋਧ ਵਿਚ ਵੱਖ ਵੱਖ ਸਿੱਖ ਸੰਸਥਾਵਾਂ ਨੇ ਇਕਜੁੱਟ ਹੋ ਕੇ ਧਰਮਨਗਰੀ ਵਿਚ ਰੋਸ ਵਿਖਾਵਾ ਕੀਤਾ। ਪ੍ਰਦਰਸ਼ਨਕਾਰੀਆਂ ਨੇ ਰੋਡਵੇਜ਼ ਅਤੇ ਸਿੱਖਿਆ ਮੰਤਰੀ ਪ੍ਰੋ. ਰਾਮਬਿਲਾਸ ਸ਼ਰਮਾ ਵਿਰੋਧੀ ਨਾਅਰੇਬਾਜ਼ੀ ਕਰਦੇ ਹੋਏ ਕੁਰੂਕਸ਼ੇਤਰ ਦੇ ਸੈਕਟਰ-8 ਚੌਕ ‘ਤੇ ਉਨ੍ਹਾਂ ਦਾ ਪੁਤਲਾ ਸਾੜਿਆ।

ਵਿਖਾਵਾਕਾਰੀਆਂ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਤੋਂ ਮੰਗ ਕੀਤੀ ਕਿ ਉਹ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਵਾਲੇ ਮੰਤਰੀ ਨੂੰ ਬਰਖ਼ਾਸਤ ਕਰਨ। ਇਸ ਤੋਂ ਪਹਿਲਾਂ ਸਿੱਖ ਸੰਸਥਾਵਾਂ ਦੇ ਪ੍ਰਤੀਨਿਧ ਗੁਰਦੁਆਰਾ ਸ੍ਰੀ ਬੈਕੁੰਠ ਧਾਮ ਵਿਚ ਇਕੱਠੇ ਹੋਏ ਅਤੇ ਉਥੋਂ ਰੋਸ ਵਿਖਾਵਾ ਕਰਦੇ ਹੋਏ ਸੈਕਟਰ-8 ਚੌਕ ‘ਤੇ ਪੁੱਜੇ। ਵਿਖਾਵਾ ਕਰਨ ਵਾਲਿਆਂ ਦੀ ਅਗਵਾਈ ਕਰ ਰਹੇ ਸਿੱਖ ਪਰਿਵਾਰ ਹਰਿਆਣਾ ਦੇ ਸੂਬਾਈ ਪ੍ਰਧਾਨ ਕੰਵਲਜੀਤ ਸਿੰਘ ਅਜਰਾਨਾ ਨੇ ਚਿਤਾਇਆ ਕਿ ਜੇ ਸਿੱਖਿਆ ਮੰਤਰੀ ਨੇ ਛੇਤੀ ਹੀ ਸਿੱਖ ਭਾਈਚਾਰੇ ਤੋਂ ਮੁਆਫ਼ੀ ਨਾ ਮੰਗੀ ਤਾਂ ਸੂਬੇ ਦੇ ਜਿਸ ਵੀ ਹਲਕੇ ਵਿਚ ਉਹ ਜਾਣਗੇ, ਉਥੇ ਡੱਟ ਕੇ ਵਿਰੋਧ ਕੀਤਾ ਜਾਵੇਗਾ।

ਇਸੇ ਦੌਰਾਨ ਸਿੱਖਿਆ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਕਿਹਾ ਕਿ ਉਹ ਸਾਰੇ ਧਰਮਾਂ ਦਾ ਆਦਰ ਕਰਦੇ ਹਨ ਅਤੇ ਸਿੱਖਾਂ ਪ੍ਰਤੀ ਉਨ੍ਹਾਂ ਦਾ ਹਮੇਸ਼ਾ ਪਿਆਰ ਰਿਹਾ ਹੈ। ਪਿਛਲੇ ਦਿਨੀਂ ਕਰਨਾਲ ਵਿਚ ਯੋਗ ਮੀਟਿੰਗ ਦੌਰਾਨ ਜੇ ਉਨ੍ਹਾਂ ਦੀ ਟਿੱਪਣੀ ਨਾਲ ਕਿਸੇ ਦੀ ਭਾਵਨਾ ਨੂੰ ਦੁਖ ਪਹੁੰਚਿਆ ਹੈ ਤਾਂ ਉਹ ਇਸ ਲਈ ਮੁਆਫੀ ਮੰਗਦੇ ਹਨ।

## ਨੇਪਾਲ ਨੂੰ ਮੁੜ ਨਿਰਮਾਣ ਲਈ 666.3 ਕਰੋੜ ਡਾਲਰ ਦੀ ਲੋੜ

**ਕਾਠਮੰਡੂ:** ਭੂਚਾਲ ਦੀ ਮਾਰ ਝੱਲ ਰਹੇ ਨੇਪਾਲ ਵਿਚ ਮੁੜ ਨਿਰਮਾਣ ਕਾਰਜਾਂ ਉਤੇ ਤਕਰੀਬਨ 666.3 ਕਰੋੜ ਡਾਲਰ ਦੀ ਲਾਗਤ ਆਵੇਗੀ। ਨੇਪਾਲ ਯੋਜਨਾ ਕਮਿਸ਼ਨ ਨੇ ਕੁਦਰਤੀ ਆਫ਼ਤ ਦੇ ਬਾਅਦ ਕੀਤੀ ਸਮੀਖਿਆ ਵਿਚ ਇਹ ਜਾਣਕਾਰੀ ਦਿੱਤੀ। ਇਕ ਸਮਾਚਾਰ ਏਜੰਸੀ ਮੁਤਾਬਕ 25 ਅਪਰੈਲ ਤੇ 12 ਮਈ ਨੂੰ ਆਏ ਦੋ ਜ਼ਬਰਦਸਤ ਭੂਚਾਲਾਂ ਤੋਂ ਬਾਅਦ ਨੇਪਾਲ ਸਰਕਾਰ ਲਈ ਢਹਿ ਚੁੱਕੇ ਬੁਨਿਆਦੀ ਢਾਂਚੇ ਦਾ ਮੁੜ ਨਿਰਮਾਣ ਕਰਨਾ ਸਭ ਤੋਂ ਮੁਸ਼ਕਿਲ ਕਾਰਜ ਹੋਵੇਗੀ। ਨੇਪਾਲ ਸਰਕਾਰ ਨੇ ਪਿਛਲੇ ਮਹੀਨੇ ਦੋ ਅਰਬ ਡਾਲਰ ਦੇ ਰਾਸ਼ਟਰੀ ਮੁੜ ਨਿਰਮਾਣ ਫੰਡ ਦੀ ਸਥਾਪਨਾ ਅੰਤਰਰਾਸ਼ਟਰੀ ਭਾਈਚਾਰੇ ਤੋਂ ਫੰਡ ਵਿਚ ਯੋਗਦਾਨ ਦੇਣ ਦੀ ਅਪੀਲ ਕੀਤੀ ਸੀ।


Flat Rate Funding Group

Are you tired of waiting to get paid on your outstanding freight invoices? Get your $$$ now!

At Flat Rate Funding Group, we offer the lowest fixed factoring rate in the transportation industry-

***1.5%!***

Call Goldy Dhillon 734-444-9625

sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ? ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ ਵਿਚ ਵੀ ਸੰਘ ਦੀ ਘੁਸਪੈਠ

**ਪੂਣਾ:** ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (ਐਫ.ਟੀ.ਆਈ.ਆਈ.) ਵਿਚ ਭਾਜਪਾ ਤੇ ਆਰ.ਐਸ.ਐਸ ਨਾਲ ਸਬੰਧਤ ਮੈਂਬਰਾਂ ਤੇ ਚੇਅਰਮੈਨ ਦੀ ਨਿਯੁਕਤੀ ਨੂੰ ਲੈ ਕੇ ਵਿਵਾਦ ਭਖਦਾ ਜਾ ਰਿਹਾ ਹੈ। ਗਜੇਂਦਰ ਚੌਹਾਨ ਨੂੰ ਐਫ.ਟੀ.ਆਈ.ਆਈ. ਦਾ ਚੇਅਰਮੈਨ ਲਾਏ ਜਾਣ ਦੇ ਵਿਰੋਧ ਪਿਛੋਂ ਇਸ ਦੀ ਅੱਠ ਮੈਂਬਰੀ ਕਮੇਟੀ ਵਿਚੋਂ ਚਾਰ ਮੈਂਬਰਾਂ ਦੀ ਨਿਯੁਕਤੀ 'ਤੇ ਵੀ ਉਂਗਲ ਉਠਾਈ ਜਾ ਰਹੀ ਹੈ। ਇਹ ਚਾਰੇ ਸੰਘ ਦੇ ਕੱਟੜ ਸਮਰਥਕ ਹਨ ਜਿਨ੍ਹਾਂ ਵਿਚ ਅੰਗਾ ਘਈਸਾਸ ਜੋ ਕੇ ਆਰ.ਐਸ.ਐਸ. ਨਾਲ ਸਬੰਧਤ ਹੈ ਤੇ ਉਨ੍ਹਾਂ ਦੇ ਪਤੀ ਲੰਬਾ ਸਮਾਂ ਸੰਘ ਪ੍ਰਚਾਰਕ ਰਹੇ ਹਨ। ਇਸ ਸ਼ਖਸ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਅਯੁੱਧਿਆ ਬਾਰੇ ਡਾਕੂਮੈਂਟਰੀ ਫਿਲਮ ਵੀ ਬਣਾਈ ਸੀ। ਨਰੇਂਦਰ ਪਾਠਕ ਜੋ ਕਿ ਚਾਰ ਸਾਲ ਏ.ਬੀ.ਵੀ.ਪੀ. ਮਹਾਰਾਸ਼ਟਰ ਦੇ ਚੇਅਰਮੈਨ ਰਹੇ ਚੁੱਕੇ ਹਨ। ਪਰਾਂਜਲ ਸਾਕੀਆ ਆਰ.ਐਸ.ਐਸ. ਦਾ ਪ੍ਰਧਾਨ ਹੈ ਤੇ ਉਸ ਦੇ ਸ਼ੰਕਰ ਭਾਰਤੀ ਨਾਲ ਚੰਗੇ ਸਬੰਧ ਹਨ। ਜਦੋਂ ਕਿ ਚੌਥੇ ਨਿਯੁਕਤ ਕੀਤੇ ਮੈਂਬਰ ਰਾਹੁਲ ਸੂਲਾਪੁਰਕਰ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਟਿਕਟ ਲਈ ਬੀ.ਜੇ.ਪੀ. ਦੇ ਸੰਪਰਕ ਵਿਚ ਆਏ ਸਨ ਤੇ ਉਨ੍ਹਾਂ ਨੇ ਚੋਣਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਅੰਗਾ ਘਈਸਾਸ ਆਰ.ਐਸ.ਐਸ. ਦੀ ਕੱਟੜ ਸਮਰਥਕ ਹੈ ਤੇ ਉਸ ਨੇ ਲਕਸ਼ਮੀ ਰੋਡ ਉਪਰ ਸਥਿਤ ਆਪਣੇ ਦਫਤਰ ਵਿਚ ਐਰ.ਐਸ.ਐਸ. ਸੰਸਥਾਪਕ ਕੇਸ਼ਵ ਬਲਰਾਮ ਦੀ ਫੋਟੋ ਲਾਈ ਹੈ ਤੇ ਉਹ ਕਹਿੰਦੀ ਹੈ ਕਿ ਉਹ ਸੌ ਫੀਸਦੀ ਐਰ.ਐਸ.ਐਸ. ਹੈ ਤੇ ਉਸ ਨੂੰ ਇਸ ਉਪਰ ਮਾਨ ਹੈ। ਉਸ ਦੇ ਪਤੀ ਵਿਨੈ ਪਟਰੇਲ 21 ਸਾਲ ਤੋਂ ਸੰਘ ਪ੍ਰਚਾਰਕ ਹਨ ਤੇ 17 ਸਾਲ ਗੁਜਰਾਤ ਵਿਚ ਗੁਜ਼ਾਰੇ ਹਨ। ਪਾਠਕ ਜੋ ਕਿ ਮਰਾਠੀ ਮੈਗਜ਼ੀਨ ਦੇ 14 ਸਾਲ ਅਡੀਟਰ ਰਹੇ ਚੁੱਕੇ ਹਨ, ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੀ ਨਿਯੁਕਤੀ ਦੀ ਜਾਣਕਾਰੀ ਈ.ਮੇਲ ਰਾਹੀਂ ਮਿਲੀ ਸੀ। ਵਿਰੋਧ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਨਵਾਂ ਵਿਅਕਤੀ ਕਿਸੇ ਖੇਤਰ ਵਿਚ ਆਉਂਦਾ ਹੈ ਤਾਂ ਉਸ ਦਾ ਵਿਰੋਧ ਹੁੰਦਾ ਹੈ। ਉਨ੍ਹਾਂ ਕਿਹਾ ਨਿਯੁਕਤੀਆਂ ਦਾ ਹੋ ਰਿਹਾ ਵਿਰੋਧ ਸ਼ਰਾਰਤੀ ਅਨਸਰਾਂ ਦਾ ਕਾਰਾ ਹੈ ਜੋ ਸਰਕਾਰ ਨੂੰ ਢਾਅ ਲਾਉਣਾ ਚਾਹੁੰਦੇ ਹਨ ਤੇ ਅਜਿਹੇ ਲੋਕਾਂ ਨੂੰ ਸਬਕ ਸਿਖਾਉਣਾ ਜ਼ਰੂਰੀ ਹੈ।

ਰਾਹੁਲ ਸੂਲਾਪੁਰਕਰ ਨੇ ਮੰਨਿਆਂ ਕਿ ਉਹ ਬਚਪਨ ਤੋਂ ਹੀ ਆਰ.ਐਸ.ਐਸ. ਦਾ ਸਮਰਥਕ ਹੈ ਪਰ ਉਹ ਪਾਰਟੀ ਵਿਚ ਸ਼ਾਮਲ ਨਹੀਂ ਹੋਏ। ਪਿਛਲੇ ਸਾਲ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿਚ ਟਿਕਟ ਦੀ ਪੇਸ਼ਕਸ਼ ਕੀਤੀ ਗਈ ਸੀ ਜਿਸ ਦੀ ਉਨ੍ਹਾਂ ਸਹਿਮਤੀ ਵੀ ਦਿੱਤੀ ਸੀ ਪਰ ਬਾਅਦ ਵਿਚ ਕਿਸੇ ਸਿਆਸੀ ਪਿਛੋਕਤ ਵਾਲੇ ਵਿਅਕਤੀ ਨੂੰ ਟਿਕਟ ਦੇ ਦਿੱਤੀ ਗਈ ਸੀ। ਐਫ.ਟੀ.ਆਈ.ਆਈ. ਵਿਚ ਉਨ੍ਹਾਂ ਦੀ ਨਿਯੁਕਤੀ ਸਬੰਧਾਂ ਕਰਕੇ ਨਹੀਂ ਬਲਕਿ ਉਨ੍ਹਾਂ ਵੱਲੋਂ ਫਿਲਮਾਂ ਵਿਚ ਕੀਤੇ ਗਏ ਕੰਮ ਕਰਕੇ ਹੋਈ ਹੈ। ਉਨ੍ਹਾਂ ਨੇ 90 ਮਰਾਠੀ ਫਿਲਮਾਂ ਤੇ ਛੇ ਹਿੰਦੀ ਫਿਲਮਾਂ ਵਿਚ ਕੰਮ ਕੀਤਾ ਹੈ। ਉਧਰ ਪਰਾਂਜਲ ਸਾਈਕੀ ਨੇ ਵੀ ਐਰ.ਐਸ.ਐਸ. ਜਾਂ ਬੀ.ਜੇ.ਪੀ. ਨਾਲ ਆਪਣੇ ਸਬੰਧਾਂ ਤੋਂ ਇਨਕਾਰ ਕੀਤਾ ਹੈ, ਭਾਵੇਂ ਕਿ ਉਹ ਸਸਕਾਰ ਭਾਰਤੀ ਦੇ ਚੇਅਰਮੈਨ ਹਨ ਜਿਸ ਦੇ ਸੰਘ ਨਾਲ ਸਬੰਧ ਹਨ।

ਮਸ਼ਹੂਰ ਲੜੀਵਾਰ 'ਮਹਾਂਭਾਰਤ' ਵਿਚ ਯੁਧਿਸ਼ਟਰ ਦੀ ਯਾਦਗਾਰ ਭੂਮਿਕਾ ਨਿਭਾਉਣ ਵਾਲੇ ਸ੍ਰੀ ਚੌਹਾਨ ਨੇ ਦੱਸਿਆ ਕਿ ਉਹ ਵਿਦਿਆਰਥੀਆਂ ਨਾਲ ਮਾਮਲਾ ਵਿਚਾਰ ਕੇ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇੰਡਸਟਰੀ ਵਿਚ 34 ਸਾਲਾਂ ਦਾ ਤਜਰਬਾ ਹੈ ਤੇ ਯੋਗ ਹੋਣ ਕਾਰਨ ਹੀ ਉਨ੍ਹਾਂ ਨੂੰ ਇਸ ਅਹੁਦੇ ਲਈ ਚੁਣਿਆ ਗਿਆ ਹੈ। ਐਫ.ਟੀ.ਆਈ.ਆਈ. ਵਿਦਿਆਰਥੀ ਐਸੋਸੀਏਸ਼ਨ ਦੇ ਪ੍ਰਧਾਨ ਹਰੀ ਸ਼ੰਕਰ ਨਚੀਪੂਥੂ ਨੇ ਕਿਹਾ ਕਿ ਸਰਕਾਰ ਆਪਣੇ ਤਰਫਦਾਰ ਲੋਕਾਂ ਨੂੰ ਇਸ ਅਹੁਦੇ ਉਤੇ ਤਾਇਨਾਤ ਕਰਕੇ ਇੰਸਟੀਚਿਊਟ ਦੀ ਸਾਖ ਨੂੰ ਢਾਹ ਲਾ ਰਹੀ ਹੈ। ਉਨ੍ਹਾਂ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਬੇਨਤੀ ਕੀਤੀ ਹੈ ਕਿ ਉਹ ਸ੍ਰੀ ਚੌਹਾਨ ਦੀ ਨਿਯੁਕਤੀ ਉਤੇ ਮੁੜ ਵਿਚਾਰ ਕਰੇ।

### ਚਾਰ ਮੈਂਬਰ ਵੀ ਆਰ.ਐਸ.ਐਸ. ਨਾਲ ਸਬੰਧਤ



### ਵਿਦਿਆਰਥੀਆਂ ਵਲੋਂ ਨਿਯੁਕਤੀਆਂ ਦਾ ਵਿਰੋਧ ਜਾਰੀ

ਵਿਦਿਆਰਥੀਆਂ ਵੱਲੋਂ ਐਫ.ਟੀ.ਆਈ.ਆਈ. ਵਿਚ ਸਿਆਸੀ ਨਿਯੁਕਤੀ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਮਰਾਠੀ ਫਿਲਮਸਾਜ਼ ਆਨੰਦ ਪਟਵਰਧਨ ਤੇ ਉਮੇਸ਼ ਕੁਲਕਰਨੀ ਨੇ ਵਿਦਿਆਰਥੀਆਂ ਦੀ ਹਮਾਇਤ ਕੀਤੀ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਵੱਕਾਰੀ ਸੰਸਥਾ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਕਠਪੁਤਲੀ ਨਹੀਂ ਚਾਹੀਦੀ। ਵਿਦਿਆਰਥੀਆਂ ਨੇ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਇੰਸਟੀਚਿਊਟ ਦੀ ਖੁਦਮੁਖਤਿਆਰੀ ਨੂੰ ਢਾਹ ਲਾਉਣ ਲਈ ਮੋਦੀ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਐਫ.ਟੀ.ਆਈ.ਆਈ. ਦੇ ਗੇਟ ਮੂਹਰੇ ਲੱਗੇ ਇਕ ਪੋਸਟਰ ਉਤੇ ਲਿਖਿਆ ਹੋਇਆ ਹੈ,'ਸ੍ਰੀਮਾਨ ਮੋਦੀ ਸਾਨੂੰ ਤੁਹਾਡੀ ਕਠਪੁਤਲੀ ਦੀ ਲੋੜ ਨਹੀਂ ਹੈ। ਸ਼ੁੱਕਰਵਾਰ ਨੂੰ ਅਚਾਨਕ ਜਮਾਤਾਂ ਦਾ ਬਾਈਕਾਟ ਕਰਨ ਤੋਂ ਬਾਅਦ ਤਕਰੀਬਨ 150 ਵਿਦਿਆਰਥੀ ਕੈਂਪਸ ਵਿਚ ਜਮ੍ਹਾਂ ਹੋਏ ਤੇ ਸ੍ਰੀ ਚੌਹਾਨ ਦੀ ਨਿਯੁਕਤੀ ਖਿਲਾਫ਼ ਹਮਾਇਤ ਜੁਟਾਉਣ ਦੀ ਮੁਹਿੰਮ ਵਿੱਢੀ।

## ਰੋਜ਼ਾਨਾ 36 ਕਰੋੜ ਰੁਪਏ ਦੀ ਬਿਜਲੀ ਖਰੀਦਦਾ ਹੈ ਨਿਗਮ

**ਪਟਿਆਲਾ:** ਪੰਜਾਬ ਬਿਜਲੀ ਨਿਗਮ ਆਪਣੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਵਾਲੇ ਵਾਅਦੇ ਪੂਰੇ ਕਰਨ ਲਈ ਰੋਜ਼ਾਨਾ 1058 ਲੱਖ ਯੂਨਿਟ ਬਿਜਲੀ ਖ਼ਰੀਦ ਰਿਹਾ ਹੈ ਜਿਸ ਦੀ ਕੀਮਤ ਸਾਢੇ 36 ਕਰੋੜ ਬਣਦੀ ਹੈ। ਇਸ ਵੇਲੇ ਪੰਜਾਬ ਬਿਜਲੀ ਨਿਗਮ ਕੇਂਦਰੀ ਸੈਕਟਰ ਵਿਚੋਂ 631 ਲੱਖ ਯੂਨਿਟ ਬਿਜਲੀ ਪ੍ਰਾਪਤ ਹੋਈ ਹੈ। ਬਿਜਲੀ ਨਿਗਮ ਬੈਂਕਿੰਗ ਪ੍ਰਣਾਲੀ ਦੀ 23.65 ਲੱਖ ਯੂਨਿਟ ਬਿਜਲੀ ਲੈ ਰਿਹਾ ਹੈ, ਜਦੋਂ ਕਿ ਵਪਾਰੀਆਂ ਰਾਹੀਂ ਵੀ 240 ਲੱਖ ਯੂਨਿਟ ਬਿਜਲੀ ਖ਼ਰੀਦੀ ਜਾ ਰਹੀ ਹੈ। ਬਿਜਲੀ ਨਿਗਮ ਦਾ ਆਪਣਾ ਬਿਜਲੀ ਉਤਪਾਦਨ 579 ਲੱਖ ਯੂਨਿਟ ਹੈ।

ਨਿਗਮ ਦੇ ਅੰਕੜਿਆਂ ਮੁਤਾਬਕ ਤਿੰਨ ਫੇਸ ਬਿਜਲੀ ਸਪਲਾਈ ਦੇ ਮਾਮਲੇ ਵਿਚ ਜਨਰਲ ਵਰਗ ਨੂੰ ਹਾਲੇ ਵੀ 13.50 ਘੰਟੇ, ਸਰਹੱਦੀ ਖੇਤਰ ਨੂੰ ਅੱਠ ਘੰਟੇ ਤੇ ਸਬਜ਼ੀਆਂ ਤੇ ਨਿਯਮਤ ਲੋਡ ਤੋਂ ਵੱਧ ਵਾਲੇ ਫੀਡਰਾਂ ਨੂੰ ਛੇ ਘੰਟੇ ਬਿਜਲੀ ਸਪਲਾਈ ਮੁਹੱਈਆ ਕੀਤੀ ਗਈ।

# ਮੋਦੀ ਦੇ ਪੰਜਾਬ ਨਾ ਆਉਣ ਉਤੇ ਬਾਦਲਾਂ ਨੂੰ ਵੱਡਾ ਝਟਕਾ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ੍ਰੀ ਆਨੰਦਪੁਰ ਸਾਹਿਬ ਸਾਜਨਾ ਦਿਵਸ ਦੇ ਸਮਾਗਮ ਵਿਚ ਨਾ ਆਉਣ ਕਾਰਨ ਬਾਦਲ ਸਰਕਾਰ ਨੂੰ ਵੱਡਾ ਝਟਕਾ ਲੱਗਾ ਹੈ। ਕਿਉਂਕਿ ਬਾਦਲ ਸਰਕਾਰ ਨੂੰ ਮੋਦੀ ਤੋਂ ਕਿਸੇ ਵੱਡੇ ਐਲਾਨ ਦੀ ਉਮੀਦ ਸੀ।

ਪ੍ਰਧਾਨ ਮੰਤਰੀ ਦਾ ਦੌਰਾ ਰੱਦ ਹੋਣ ਕਾਰਨ ਜਿਥੇ ਬਾਦਲ ਸਰਕਾਰ ਲਈ ਨਮੋਸ਼ੀ ਬਣੀ ਹੈ, ਉਥੇ ਹੀ ਭਾਈਵਾਲ ਬੀ.ਜੇ.ਪੀ. ਦੇ ਹੋਰ ਦਲਾਂ ਦੇ ਲੀਡਰ ਮੋਦੀ ਦੇ ਨਾ ਆਉਣ ਉਤੇ ਖੁਸ਼ ਹਨ। ਬੀ.ਜੇ.ਪੀ. ਦੇ ਸੀਨੀਅਰ ਲੀਡਰ ਕਹਿ ਰਹੇ ਹਨ ਕਿ ਮੋਦੀ ਨੇ ਜਾਣਬੁੱਝ ਕੇ ਦੌਰਾ ਰੱਦ ਕੀਤਾ ਹੈ ਤਾਂ ਕਿ ਅਕਾਲੀ ਦਲ ਨੂੰ ਗਠਜੋੜ ਧਰਮ ਨਿਭਾਉਣ ਦਾ ਸਹੀ ਸੁਨੇਹਾ ਮਿਲ ਸਕੇ। ਕਿਉਂਕਿ ਅਕਾਲੀ ਦਲ ਸਾਨੂੰ ਹਰ ਮਸਲੇ ਵਿਚ ਪਿਛਾਂਹ ਧੱਕ ਰਿਹਾ ਹੈ। ਕਾਂਗਰਸ ਦੇ ਏ.ਆਈ.ਸੀ.ਸੀ. ਮੈਂਬਰ ਕੁਲਜੀਤ ਨਾਗਰਾ ਨੇ ਕਿਹਾ ਕਿ ਅਕਾਲੀ ਦਲ ਤੇ ਬੀ.ਜੇ.ਪੀ. ਇਕ ਦੂਜੇ ਖਿਲਾਫ ਅਜਿਹੀ ਸਿਆਸਤ ਕਰਕੇ ਚਲਾਕ ਬਣਨ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਮੋਦੀ ਨਾਰਾਜ਼ ਹਨ ਤਾਂ ਅਕਾਲੀ ਦਲ ਤੇ ਬੀ.ਜੇ.ਪੀ. ਆਪਣਾ ਗਠਜੋੜ ਕਿਉਂ ਚਾਲ ਰਹੇ ਹਨ? ਇਸ ਲਈ ਇਨ੍ਹਾਂ ਦੀਆਂ ਚਲਾਕੀਆਂ ਨੂੰ ਸਮਝਦੇ ਹਨ ਤੇ 2017 ਵਿਚ ਇਨ੍ਹਾਂ ਨੂੰ ਜਵਾਬ ਦੇਣਗੇ।

ਆਮ ਆਦਮੀ ਪਾਰਟੀ ਦੇ ਸੁੱਚਾ ਸਿੰਘ ਸਿੰਘ ਛੋਟੇਪੁਰ ਨੇ ਕਿਹਾ ਕਿ ਮੋਦੀ ਤੇ ਬਾਦਲ ਇਕ ਹਨ ਤੇ ਸਿਰਫ ਪੰਜਾਬ ਦੀ ਜਨਤਾ ਨੂੰ ਬੇਵਕੂਫ ਬਨਾਉਣ ਲਈ ਅਜਿਹਾ ਕੁਝ ਕੀਤਾ ਜਾ ਰਿਹਾ ਹੈ। ਮੋਦੀ ਆਉਂਦੇ ਤਾਂ ਵੀ ਪੰਜਾਬ ਨੂੰ ਕੁਝ ਨਹੀਂ ਮਿਲਣਾ ਸੀ ਕਿਉਂਕਿ ਮੋਦੀ ਨੇ ਪਹਿਲੀ ਫੇਰੀ ਦੌਰਾਨ ਵੀ ਕੋਈ ਵੱਡਾ ਐਲਾਨ ਨਹੀਂ ਕੀਤਾ ਸੀ। ਉਸ ਕੋਲ ਸਿਰਫ ਲੱਛੇਦਾਰ ਭਾਸ਼ਨ ਹੈ।

ਪ੍ਰਧਾਨ ਮੰਤਰੀ ਦੀ ਯੋਜਨਾ ਵਿਚ ਬਦਲਾਅ ਨਾਲ ਅਕਾਲੀਆਂ ਦੇ ਚਿਹਰੇ ਮੁਰਝਾ ਗਏ ਹਨ। ਕੇਂਦਰ ਤੇ ਰਾਜ ਵਿਚ ਭਾਈਵਾਲ ਦੋਹਾਂ ਪਾਰਟੀਆਂ ਵਿਚਕਾਰ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਟਕਰਾਅ



ਹੁੰਦਾ ਰਿਹਾ ਹੈ ਤੇ ਹੁਣ ਅਕਾਲੀਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਪ੍ਰਧਾਨ ਮੰਤਰੀ ਦੇ ਦੌਰੇ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਹੈ। ਫਗਵਾੜਾ ਵਿਚ ਜਦੋਂ ਉਨ੍ਹਾਂ ਨੂੰ ਪੱਤਰਕਾਰਾਂ ਨੇ ਸਵਾਲ ਕੀਤਾ ਤਾਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਮਾਗਮ ਵਿਚ ਆਉਣ ਦਾ ਭਰੋਸਾ ਦਿੱਤਾ ਸੀ ਪਰ ਇੰਜ ਜਾਪਦਾ ਹੈ ਕਿ ਉਸ ਦਿਨ ਉਨ੍ਹਾਂ ਕਿਸੇ ਮੁਲਕ ਦੇ ਰਾਸ਼ਟਰਪਤੀ ਦੀ ਦਿੱਲੀ ਵਿਚ ਮੇਜ਼ਬਾਨੀ ਕਰਨੀ ਹੈ। ਫਿਰ ਵੀ ਸ੍ਰੀ ਬਾਦਲ ਨੇ ਕਿਹਾ ਕਿ ਰਾਜ ਸਰਕਾਰ ਤੈਅ ਪ੍ਰੋਗਰਾਮ ਮੁਤਾਬਕ ਹੀ ਤਿਆਰੀਆਂ ਕਰ ਰਹੀ ਹੈ।

ਮੁੱਖ ਮੰਤਰੀ ਦੇ ਕੌਮੀ ਸਲਾਹਕਾਰ ਹਰਚਰਨ ਬੈਂਸ ਨੇ ਕਿਹਾ ਕਿ ਸ੍ਰੀ ਮੋਦੀ ਨੇ ਮੁੱਖ ਮੰਤਰੀ ਦੀ ਅਗਵਾਈ ਹੇਠ ਗਏ ਰਾਜ ਦੇ ਆਗੂਆਂ ਨੂੰ ਸਮਾਗਮ ਵਿਚ ਹਾਜ਼ਰੀ ਭਰਨ ਦਾ ਭਰੋਸਾ ਦਿੱਤਾ ਸੀ ਪਰ ਉਨ੍ਹਾਂ ਨੂੰ ਤਾਜ਼ਾ ਘਟਨਾਕ੍ਰਮ ਬਾਰੇ ਕੋਈ ਜਾਣਕਾਰੀ ਨਹੀਂ ਹੈ।

# ਪੰਜਾਬੀਆਂ ਨੇ ਮੋਦੀ ਦੀ ਸਬਸਿਡੀ ਛੱਡਣ ਵਾਲੀ ਅਪੀਲ ਨੂੰ ਅਣਗੌਲਿਆ

**ਬਠਿੰਡਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਬਸਿਡੀ ਛੱਡਣ ਦੀ ਅਪੀਲ ਪੰਜਾਬ ਵਿਚ ਕੋਈ ਰੰਗ ਨਹੀਂ ਦਿਖਾ ਸਕੀ ਹੈ। ਸਰਦੇ ਪੁੱਜਦੇ ਘਰ ਵੀ ਰਸੋਈ ਗੈਸ ਦੀ ਸਬਸਿਡੀ ਛੱਡਣ ਨੂੰ ਤਿਆਰ ਨਹੀਂ ਹਨ। ਇਥੋਂ ਤੱਕ ਕਿ ਸੂਬੇ ਦੇ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੇ ਵੀ ਸਬਸਿਡੀ ਨਹੀਂ ਛੱਡੀ ਹੈ। ਪੰਜਾਬ ਵਿਚ ਹੁਣ ਤੱਕ ਸਿਰਫ 12,471 ਸਰਦੇ ਪੁੱਜਦੇ ਲੋਕਾਂ ਨੇ ਰਸੋਈ ਗੈਸ ਦੀ ਸਬਸਿਡੀ ਤਿਆਗੀ ਹੈ।

ਪੰਜਾਬ ਵਿਚ ਇਸ ਵੇਲੇ 72.65 ਲੱਖ ਘਰੇਲੂ ਗੈਸ ਕੁਨੈਕਸ਼ਨ ਹਨ ਤੇ ਇਨ੍ਹਾਂ ਵਿਚੋਂ ਸਬਸਿਡੀ ਛੱਡਣ ਵਾਲੇ ਸਿਰਫ 0.17 ਫੀਸਦੀ ਬਣਦੇ ਹਨ। ਪ੍ਰਧਾਨ ਮੰਤਰੀ ਨੇ ਅਗਸਤ 2014 ਵਿਚ ਦੇਸ਼ ਦੇ ਚੰਗੀ ਮਾਲੀ ਹਾਲਤ ਵਾਲੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਸਬਸਿਡੀ ਵਾਲਾ ਗੈਸ ਸਿਲੰਡਰ ਲੈਣ ਦੀ ਥਾਂ ਮਾਰਕਿਟ ਭਾਅ ਉਤੇ ਗੈਸ ਖਰੀਦਣ ਤਾਂ ਜੋ ਸਬਸਿਡੀ ਦੀ ਬੱਚਤ ਵਾਲਾ ਪੈਸਾ ਦੇਸ਼ ਦੀ ਭਲਾਈ ਉਤੇ ਖਰਚਿਆ ਜਾ ਸਕੇ। ਮਿਲੇ ਵੇਰਵਿਆਂ ਮੁਤਾਬਕ ਪੰਜਾਬ ਵਿਚ ਤਿੰਨ ਕੰਪਨੀਆਂ ਦੇ ਗੈਸ ਕੁਨੈਕਸ਼ਨ ਹਨ। ਇੰਡੇਨ ਗੈਸ ਦੇ ਪੰਜਾਬ ਵਿਚਲੇ ਖਪਤਕਾਰਾਂ ਵਿਚੋਂ 8862 ਖਪਤਕਾਰਾਂ ਨੇ ਰਸੋਈ ਗੈਸ ਉਤੇ ਸਬਸਿਡੀ ਛੱਡੀ ਹੈ ਜਦੋਂ ਕਿ ਹਿੰਦੋਸਤਾਨ ਪੈਟਰੋਲੀਅਮ ਦੇ ਸਿਰਫ 2277 ਅਜਿਹੇ ਖਪਤਕਾਰ ਹਨ, ਜਿਨ੍ਹਾਂ ਨੇ ਸਬਸਿਡੀ ਤਿਆਗੀ ਹੈ। ਭਾਰਤ ਗੈਸ ਦੇ ਸਿਰਫ 1332 ਖਪਤਕਾਰਾਂ ਨੇ ਸਬਸਿਡੀ ਦਾ ਤਿਆਗ ਕੀਤਾ ਹੈ।

ਸਬਸਿਡੀ ਛੱਡਣ ਵਾਲਿਆਂ ਦੀ ਸੂਚੀ ਵਿਚ ਪੰਜਾਬ ਦੇ ਕਿਸੇ ਵਜ਼ੀਰ ਤੇ ਮੁੱਖ ਸੰਸਦੀ ਸਕੱਤਰ ਦਾ ਨਾਂ ਨਹੀਂ ਹੈ। ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਤੀਕਸ਼ਣ ਸੂਦ ਕੋਲ ਭਾਰਤ ਗੈਸ ਦਾ ਕੁਨੈਕਸ਼ਨ ਹੈ ਤੇ ਉਨ੍ਹਾਂ ਨੇ ਰਸੋਈ ਗੈਸ ਉਤੇ ਸਬਸਿਡੀ ਛੱਡ ਦਿੱਤੀ ਹੈ। ਭਾਵੇਂ ਪੰਜਾਬ ਦੇ ਵਜ਼ੀਰ ਤੇ ਮੁੱਖ ਸੰਸਦੀ ਸਕੱਤਰ ਕਰੋੜਪਤੀ ਹਨ ਤੇ ਮਾਰਕਿਟ ਰੇਟ ਉਤੇ ਸਿਲੰਡਰ ਖਰੀਦਣ ਦੀ ਪਹੁੰਚ ਰੱਖਦੇ ਹਨ ਪਰ ਉਨ੍ਹਾਂ ਨੇ ਖੁਦ ਸਬਸਿਡੀ ਛੱਡਣ ਵਾਲਾ ਕਦਮ ਨਹੀਂ ਚੁੱਕਿਆ ਹੈ। ਵਿਰੋਧੀ ਧਿਰ ਕਾਂਗਰਸ ਦੇ ਵੀ ਕਿਸੇ ਨੇਤਾ ਨੇ ਸਬਸਿਡੀ ਨਹੀਂ ਤਿਆਗੀ ਹੈ। ਵਪਾਰਕ ਖੇਤਰ ਵਿਚੋਂ ਲੁਧਿਆਣਾ ਦੇ ਓਸਵਾਲ ਪਰਿਵਾਰ ਨੇ ਇਸ ਮਾਮਲੇ ਵਿਚ ਪਹਿਲ ਕੀਤੀ ਹੈ। ਸ੍ਰੀ ਜੇ.ਐਲ. ਓਸਵਾਲ ਨੇ ਰਸੋਈ ਗੈਸ ਦੀ ਸਬਸਿਡੀ ਛੱਡ ਦਿੱਤੀ ਹੈ। ਉਨ੍ਹਾਂ ਦੇ ਪਰਿਵਾਰ ਕੋਲ ਘਰੇਲੂ ਰਸੋਈ ਗੈਸ ਦੇ ਚਾਰ ਕੁਨੈਕਸ਼ਨ ਹਨ ਤੇ ਉਨ੍ਹਾਂ ਨੇ ਸਾਰੇ ਸਿਲੰਡਰ ਹੁਣ ਮਾਰਕਿਟ ਕੀਮਤ ਉਤੇ ਖਰੀਦਣ ਦਾ ਫੈਸਲਾ ਕੀਤਾ ਹੈ।

ਦਿਲਚਸਪ ਤੱਥ ਹੈ ਕਿ ਅੰਮ੍ਰਿਤਸਰ ਪੁਲਿਸ ਦੇ ਇਕ ਹੌਲਦਾਰ ਅਸ਼ਵਨੀ ਕੁਮਾਰ ਨੇ ਵੀ ਸਬਸਿਡੀ ਛੱਡ ਦਿੱਤੀ ਹੈ। ਮਲੋਟ ਤੇ ਗਿੱਦੜਬਾਹਾ ਦੇ ਅੱਧੀ ਦਰਜਨ ਖਪਤਕਾਰਾਂ ਨੇ ਵੀ ਸਬਸਿਡੀ ਤਿਆਗੀ ਹੈ। ਭਾਰਤ ਗੈਸ ਦੇ ਖਪਤਕਾਰਾਂ ਵਿਚੋਂ ਇਸ ਮਾਮਲੇ ਵਿਚ ਪਹਿਲਾ ਨੰਬਰ ਜ਼ਿਲ੍ਹਾ ਪਟਿਆਲਾ ਦਾ ਹੈ ਜਿਥੋਂ ਦੇ 520 ਸਰਦੇ ਪੁੱਜਦੇ ਖਪਤਕਾਰਾਂ ਨੇ ਸਬਸਿਡੀ ਛੱਡੀ ਹੈ ਤੇ ਇਸ ਕੰਪਨੀ ਦੇ ਫਿਰੋਜ਼ਪੁਰ ਦੇ ਸਿਰਫ ਇਕ ਖਪਤਕਾਰ ਨੇ ਸਬਸਿਡੀ ਛੱਡੀ ਹੈ। ਐਚ.ਪੀ. ਦੇ ਖਪਤਕਾਰਾਂ ਵਿਚੋਂ ਜ਼ਿਲ੍ਹਾ ਮੋਗਾ ਦੇ 671 ਤੇ ਫਤਹਿਗੜ੍ਹ ਸਾਹਿਬ ਦੇ 670 ਸਰਦੇ ਪੁੱਜਦੇ ਖਪਤਕਾਰਾਂ ਨੇ ਰਸੋਈ ਗੈਸ ਦੀ ਸਬਸਿਡੀ ਤਿਆਗ ਦਿੱਤੀ ਹੈ। ਬਠਿੰਡਾ ਜ਼ਿਲ੍ਹੇ ਵਿਚ ਭਾਰਤ ਗੈਸ ਤੇ ਐਚ.ਪੀ. ਦੇ 158 ਖਪਤਕਾਰਾਂ ਨੇ ਸਬਸਿਡੀ ਛੱਡੀ ਹੈ ਜਦੋਂ ਕਿ ਇਨ੍ਹਾਂ ਕੰਪਨੀਆਂ ਦੇ ਜਲੰਧਰ ਦੇ 410 ਖਪਤਕਾਰਾਂ ਨੇ ਅਜਿਹਾ ਕਦਮ ਚੁੱਕਿਆ ਹੈ।

ਪ੍ਰਧਾਨ ਮੰਤਰੀ ਦਾ ਟੀਚਾ ਸੀ ਕਿ ਘੱਟੋ ਘੱਟ 10 ਫੀਸਦੀ ਖਪਤਕਾਰ ਰਸੋਈ ਗੈਸ ਦੀ ਸਬਸਿਡੀ ਛੱਡ ਦੇਣ ਪਰ ਇਹ ਟੀਚਾ ਕਾਫੀ ਵੱਡਾ ਹੈ। ਦੇਸ਼ ਦੇ ਹੁਣ ਤੱਕ 5.16 ਲੱਖ ਖਪਤਕਾਰਾਂ ਨੇ ਰਸੋਈ ਗੈਸ ਦੀ ਸਬਸਿਡੀ ਛੱਡ ਦਿੱਤੀ ਹੈ। ਮੁਲਕ ਵਿਚ ਘਰੇਲੂ ਗੈਸ ਦੇ 17.78 ਕਰੋੜ ਕੁਨੈਕਸ਼ਨ ਹਨ ਤੇ ਇਸ ਹਿਸਾਬ ਨਾਲ ਦੇਸ਼ ਦੇ ਸਿਰਫ 0.29 ਫੀਸਦੀ ਖਪਤਕਾਰਾਂ ਨੇ ਹੀ ਸਬਸਿਡੀ ਨਾ ਲੈਣ ਦਾ ਫੈਸਲਾ ਕੀਤਾ ਹੈ। ਮੁੱਖ ਸੰਸਦੀ ਸਕੱਤਰ (ਖੁਰਾਕ ਤੇ ਸਪਲਾਈ) ਪ੍ਰਕਾਸ਼ ਚੰਦ ਗਰਗ ਨੇ ਮੰਨਿਆ ਕਿ ਪੰਜਾਬ ਵਿਚ ਸਬਸਿਡੀ ਛੱਡਣ ਦੀ ਅਪੀਲ ਨੂੰ ਮੱਠਾ ਹੁੰਗਾਰਾ ਮਿਲਿਆ ਹੈ। ਪੰਜਾਬ ਵਜ਼ਾਰਤ ਤੇ ਪ੍ਰਮੁੱਖ ਲੋਕਾਂ ਨੂੰ ਇਸ ਮਾਮਲੇ ਵਿਚ ਮਾਡਲ ਬਣਨਾ ਚਾਹੀਦਾ ਹੈ ਤਾਂ ਜੋ ਹੋਰਨਾਂ ਲੋਕਾਂ ਨੂੰ ਵੀ ਪ੍ਰੇਰਨਾ ਬਣੇ।



### ...ਤੇ ਸਬਸਿਡੀ ਦੇ ਭਾਰ ਨੇ ਨੱਪ ਲਈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਸਿਰ ਕਿਸਾਨਾਂ ਤੇ ਪੇਂਡੂ ਗਰੀਬ ਲੋਕਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਸਬਸਿਡੀ ਦੀ ਰਾਸ਼ੀ ਦੀ ਪੰਡ ਦਿਨੋਂ-ਦਿਨ ਭਾਰੀ ਹੁੰਦੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪੀ.ਐਸ.ਪੀ.ਸੀ.ਐਲ.) ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਦਿੱਤੀ ਜਾਂਦੀ ਮੁਆਵਜ਼ਾ ਪੂਰਤੀ ਦੀ ਰਾਸ਼ੀ ਪਿਛਲੇ ਨੌਂ ਸਾਲਾਂ ਦੌਰਾਨ 48 ਫੀਸਦੀ ਵਧ ਗਈ ਹੈ। ਸੂਬਾ ਸਰਕਾਰ ਨੂੰ ਸਾਲ 2007-08 ਦੌਰਾਨ ਮੁਫ਼ਤ ਬਿਜਲੀ ਮੁਹੱਈਆ ਕਰਨ ਲਈ ਪੀ.ਐਸ.ਪੀ.ਸੀ.ਐਲ. ਨੂੰ 2848 ਕਰੋੜ ਰੁਪਏ ਮੁਆਵਜ਼ਾ ਪੂਰਤੀ ਵਜੋਂ ਦੇਣੇ ਪਏ ਸੀ ਜਦਕਿ ਹੁਣ ਚਾਲੂ ਸਾਲ 2015-16 ਦੌਰਾਨ 5484 ਕਰੋੜ ਰੁਪਏ ਰਾਖਵੇਂ ਰੱਖਣੇ ਪਏ ਹਨ। ਇਸ ਕਾਰਨ ਪੰਜਾਬ ਸਰਕਾਰ ਨੂੰ ਪੀ.ਐਸ.ਪੀ.ਸੀ.ਐਲ. ਦੇ ਵਿਕਾਸ ਲਈ ਇਸ ਵਰ੍ਹੇ ਨਿਰਧਾਰਤ ਕੀਤੀ 3800 ਕਰੋੜ ਰੁਪਏ ਦੀ ਰਾਸ਼ੀ ਤੋਂ ਵੀ 1684 ਕਰੋੜ ਰੁਪਏ ਵੱਧ ਸਬਸਿਡੀ ਲਈ ਰਾਖਵੇਂ ਰੱਖਣੇ ਪਏ ਹਨ। ਇਸ ਵਰ੍ਹੇ ਬਜਟ ਵਿਚ ਪੀ.ਐਸ.ਪੀ.ਸੀ.ਐਲ. ਦੇ ਵਿਕਾਸ ਲਈ ਤਾਂ ਕੁੱਲ 3800 ਕਰੋੜ ਰੁਪਏ ਰੱਖੇ ਹਨ ਜਦਕਿ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਪਾਵਰ ਕਾਰਪੋਰੇਸ਼ਨ ਦੀ ਮੁਆਵਜ਼ਾ ਪੂਰਤੀ ਲਈ 5484 ਕਰੋੜ ਰੁਪਏ ਰੱਖਣੇ ਪਏ ਹਨ।

# ਨਸ਼ਿਆਂ ਬਾਰੇ ਕੇਂਦਰੀ ਰਿਪੋਰਟ ਨੇ ਕੱਖੋਂ ਹੌਲਾ ਕੀਤਾ ਪੰਜਾਬ

**ਨਵੀਂ ਦਿੱਲੀ:** ਦੇਸ਼ ਵਿਚ ਨਸ਼ਿਆਂ ਦੇ ਖ਼ਤਰੇ ਤੋਂ ਸਭ ਤੋਂ ਵੱਧ ਜਿਹੜੇ ਸੂਬੇ ਜੂਝ ਰਹੇ ਹਨ, ਉਨ੍ਹਾਂ ਵਿਚ ਪੰਜਾਬ ਤੇ ਮਨੀਪੁਰ ਦਾ ਨਾਂ ਸਭ ਤੋਂ ਉੱਪਰ ਆਉਂਦਾ ਹੈ। ਅੰਕੜਿਆਂ ਮੁਤਾਬਕ ਪੰਜਾਬ ਵਿਚ ਤਕਰੀਬਨ 70 ਫ਼ੀਸਦੀ ਨੌਜਵਾਨ ਨਸ਼ਿਆਂ ਦੇ ਸ਼ਿਕਾਰ ਹਨ। ਮਨੀਪੁਰ ਵਿਚ ਨਸ਼ਿਆਂ ਦੇ ਸ਼ਿਕਾਰ 72 ਫ਼ੀਸਦੀ ਨੌਜਵਾਨ ਏਡਜ਼ ਨਾਲ ਪੀੜਤ ਹਨ। ਸਮਾਜਿਕ ਨਿਆਂ ਬਾਰੇ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਹੈ। ਸਮਾਜਿਕ ਨਿਆਂ ਬਾਰੇ ਕੇਂਦਰੀ ਮੰਤਰੀ ਥਾਵਰ ਚੰਦ ਗਹਿਲੋਤ ਨੇ ਦੱਸਿਆ ਕਿ ਨਸ਼ਿਆਂ ਦੀ ਮੰਗ ਘਟਾਉਣ ਬਾਰੇ ਨੀਤੀ ਤਿਆਰ ਕਰਨ ਲਈ ਸਰਕਾਰ ਕਾਫ਼ੀ ਸਰਗਰਮ ਹੈ ਤੇ ਛੇਤੀ ਹੀ ਖਰੜੇ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਗਹਿਲੋਤ ਨੇ ਇਨ੍ਹਾਂ ਦੋਵਾਂ ਰਾਜਾਂ ਦਾ ਉਚੇਚੇ ਤੌਰ ਉਤੇ ਜ਼ਿਕਰ ਕਰਦਿਆਂ ਕਿਹਾ ਕਿ ਮੰਤਰਾਲੇ ਵੱਲੋਂ ਪੰਜਾਬ ਤੇ ਮਨੀਪੁਰ ਦੇ ਸਥਾਨਕ ਸਰੋਤ ਸਿਖਲਾਈ ਕੇਂਦਰਾਂ ਰਾਹੀਂ ਨਸ਼ਿਆਂ ਬਾਰੇ ਤਫਸੀਲੀ ਜਾਣਕਾਰੀ ਤੇ ਤੱਥ ਇਕੱਠੇ ਕਰਨ ਲਈ ਇਕ ਸਰਵੇਖਣ ਕੀਤਾ ਜਾ ਰਿਹਾ ਹੈ। ਨਵੀਂ ਦਿੱਲੀ ਦੇ ਏਮਜ਼ ਹਸਪਤਾਲ ਦੀ ਮਦਦ ਨਾਲ ਪੰਜਾਬ ਵਿਚ ਕੀਤੇ ਜਾ ਰਹੇ ਸਰਵੇਖਣ ਰਾਹੀਂ ਇਸ ਖ਼ਤਰੇ ਨਾਲ ਨਜਿੱਠਣ ਲਈ ਢੁਕਵੇਂ ਕਦਮ ਚੁੱਕੇ ਜਾਣਗੇ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਮੁਹਿੰਮ ਵਿੱਢੀ ਹੋਈ ਹੈ ਤੇ ਪੰਜਾਬ ਪੁਲਿਸ ਨੇ ਹਾਲ ਹੀ ਵਿਚ ਇਸ ਮੁਹਿੰਮ ਦੇ ਦੂਜੇ ਪੜਾਅ ਦਾ ਐਲਾਨ ਕੀਤਾ ਹੈ। ਪੁਲਿਸ ਵੱਲੋਂ ਪਹਿਲੇ ਪੜਾਅ ਦੌਰਾਨ ਵੀ ਤਕਰੀਬਨ 17 ਹਜ਼ਾਰ ਕੇਸ ਦਰਜ ਕੀਤੇ ਗਏ ਸਨ ਤੇ ਤਸਕਰ ਕਹਿ ਕੇ ਹਜ਼ਾਰਾਂ ਵਿਅਕਤੀਆਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ ਸੀ। ਦੂਜੇ ਪੜਾ ਦੀ ਮੁਹਿੰਮ ਤਹਿਤ 23 ਤੋਂ 31 ਮਈ ਤੱਕ ਕੁੱਲ 1181 ਮਾਮਲੇ ਦਰਜ ਕਰਕੇ 1243 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ 83634 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ, 2305 ਕਿੱਲੋ ਭੁੱਕੀ, 36 ਕਿੱਲੋ ਅਫੀਮ, 10.47 ਕਿੱਲੋ ਹੈਰੋਇਨ, ਅੱਠ ਕਿੱਲੋ ਕੋਕੀਨ ਤੇ 32.5 ਕਿੱਲੋ ਸਮੈਕ ਬਰਾਮਦ ਕੀਤੀ ਹੈ ਪਰ ਪੁਲਿਸ ਦੀ ਇਹ ਮੁਹਿੰਮ 'ਮਾੜਿਆਂ' ਵਾਸਤੇ ਦੀ ਮੰਨੀ ਜਾਂਦੀ ਰਹੀ ਹੈ।

ਪੰਜਾਬ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਵੀ ਸੂਬੇ ਵਿਚ ਨਸ਼ਾ ਤਸਕਰੀ ਦਾ ਵੱਡਾ ਜ਼ਰੀਆ ਹੈ। ਪੰਜਾਬ ਵਿਚ ਪਾਕਿਸਤਾਨ ਨਾਲ ਲੱਗਦੀ ਤਕਰੀਬਨ 553 ਕਿਲੋਮੀਟਰ ਭਾਰਤੀ ਸਰਹੱਦ ਉਤੇ ਇਸ ਵੇਲੇ ਵੱਡੇ ਖੇਤਰ ਵਿਚ ਕੰਡਿਆਲੀ ਤਾਰ ਲੱਗੀ ਹੋਈ ਹੈ ਪਰ ਇਹ ਤਾਰ ਕਈ ਥਾਵਾਂ ਤੋਂ ਦਰਿਆਈ ਖੇਤਰ ਵਾਲੇ ਇਲਾਕੇ ਵਿਚ ਨਹੀਂ ਹੈ। ਤਕਰੀਬਨ 21 ਕਿਲੋਮੀਟਰ ਦਾ ਅਜਿਹਾ ਹਿੱਸਾ ਹੈ, ਜਿਥੇ ਇਹ ਕੰਡਿਆਲੀ ਤਾਰ ਜਾਂ ਤਾਂ ਨਸ਼ਟ ਹੋ ਚੁੱਕੀ ਹੈ ਜਾਂ ਲੱਗੀ ਨਹੀਂ ਹੈ। ਇਸ ਵਿਚੋਂ ਤਕਰੀਬਨ ਨੌਂ ਕਿਲੋਮੀਟਰ ਦਰਿਆਈ ਖੇਤਰ ਦਾ ਅਜਿਹਾ ਇਲਾਕਾ ਹੈ, ਜਿਥੇ ਦਰਿਆ ਦੇ ਬਦਲਦੇ ਵਹਾਅ ਕਾਰਨ ਇਹ ਤਾਰ ਅਕਸਰ ਨਸ਼ਟ ਹੁੰਦੀ ਰਹਿੰਦੀ ਹੈ। ਰਾਵੀ, ਬਿਆਸ ਤੇ ਸਤਲੁਜ ਦਰਿਆਵਾਂ ਨਾਲ ਸਬੰਧਤ ਸਰਹੱਦੀ ਖੇਤਰ ਵਿਚ ਕਈ ਅਜਿਹੀਆਂ ਥਾਵਾਂ ਹਨ, ਜਿਥੇ ਲੁਕਣਮੋਰੀਆਂ ਹੋਣ ਕਾਰਨ ਤਸਕਰਾਂ ਵੱਲੋਂ ਨਸ਼ੀਲੇ ਪਦਾਰਥਾਂ ਤੇ ਹੋਰਨਾਂ ਦੀ ਤਸਕਰੀ ਸੌਖਾਲੇ ਢੰਗ ਨਾਲ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਕਾਊਂਟਰ ਇੰਟੈਲੀਜੈਂਸ ਪੁਲਿਸ ਵੱਲੋਂ ਚਾਰ ਤਸਕਰਾਂ ਨੂੰ ਕਾਬੂ ਕੀਤਾ ਗਿਆ ਸੀ, ਜਿਨ੍ਹਾਂ ਵਿਚ ਦੋ ਪਾਕਿਸਤਾਨੀ ਤਸਕਰ ਵੀ ਸ਼ਾਮਲ ਸਨ। ਇਨ੍ਹਾਂ ਕੋਲੋਂ ਹੈਰੋਇਨ, ਭਾਰਤੀ ਕਰੰਸੀ ਤੇ ਪਿਸਤੌਲ ਬਰਾਮਦ ਕੀਤੀ ਗਈ ਸੀ। ਪੁੱਛ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਸੀ ਕਿ ਇਹ ਪਾਕਿਸਤਾਨੀ ਤਸਕਰ ਅਜਨਾਲਾ ਖੇਤਰ ਵਿਚ ਪੈਂਦੇ ਦਰਿਆਈ ਇਲਾਕੇ ਵਿਚੋਂ ਹੈਰੋਇਨ ਦੀ ਖੇਪ ਲੈ ਕੇ ਭਾਰਤ ਵਿਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਏ ਸਨ। ਇਨ੍ਹਾਂ ਤਸਕਰਾਂ ਦੇ ਪੁਲਿਸ ਰਿਮਾਂਡ ਵਿਚ ਹੋਰ ਵੀ ਵਾਧਾ ਕੀਤਾ ਗਿਆ ਹੈ।

### ਪੰਜਾਬ ਤੇ ਮਨੀਪੁਰ ਵਿਚ 70 ਫ਼ੀਸਦੀ ਨੌਜਵਾਨ ਨਸ਼ਈ



### ਜਾਂਚ ਅਧਿਕਾਰੀ ਨਸ਼ਿਆਂ ਬਾਰੇ ਕਾਨੂੰਨ ਤੋਂ ਕੋਰੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਹਾ ਹੈ ਕਿ ਪੰਜਾਬ ਦੇ ਸਰਕਾਰੀ ਵਕੀਲ ਤੇ ਜਾਂਚ ਅਧਿਕਾਰੀ ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨ ਤੋਂ ਸੱਖਣੇ ਹਨ ਤੇ ਇਨ੍ਹਾਂ ਨੂੰ ਇਸ ਬਾਰੇ ਜਾਣੂ ਕਰਵਾਉਣ ਲਈ ਮੁੜ ਕਲਾਸਾਂ ਲਾਉਣੀਆਂ ਚਾਹੀਦੀਆਂ ਹਨ । ਹਾਈਕੋਰਟ ਨੇ ਸੂਬਾ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਇਨ੍ਹਾਂ ਨੂੰ ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨਾਂ ਤੋਂ ਵਾਕਫ ਕਰਵਾਉਣ ਲਈ ਰਿਫਰੈਸ਼ਰ ਕੋਰਸ ਕਰਵਾਏ । ਜਸਟਿਸ ਪਰਮਜੀਤ ਸਿੰਘ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਨਸ਼ੀਲੇ ਪਦਾਰਥਾਂ ਦੇ ਮਾਮਲਿਆਂ ਦੀ ਜਾਂਚ ਵਿਚ ਲੱਗੀਆਂ ਰਾਜ ਦੀਆਂ ਏਜੰਸੀਆਂ ਨੂੰ ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨਾਂ ਦੀ ਜਾਣਕਾਰੀ ਹੀ ਨਹੀਂ ਹੈ। ਜਿਸ ਕਾਰਨ ਉਹ ਅਦਾਲਤ ਵਿਚ ਕੱਚਾ-ਪੱਕਾ ਕੇਸ ਤਿਆਰ ਕਰਕੇ ਲੈਆਂਦੀਆਂ ਹਨ।

## ਬੜੀ ਮਹਿੰਗੀ ਪੈਂਦੀ ਹੈ ਜਗਦੀਸ਼ ਭੋਲੇ ਦੀ ਪੇਸ਼ੀ

**ਪਟਿਆਲਾ:** ਕੌਮਾਂਤਰੀ ਪੱਧਰ ਉਤੇ ਡਰੱਗ ਤਸਕਰੀ ਕਰਨ ਦੇ ਮਾਮਲੇ ਵਿਚ ਘਿਰਿਆ ਸਾਬਕਾ ਪਹਿਲਵਾਨ ਜਗਦੀਸ਼ ਭੋਲਾ ਪੰਜਾਬ ਪੁਲਿਸ ਨੂੰ ਮਹਿੰਗਾ ਪੈ ਰਿਹਾ ਹੈ। ਪੁਲਿਸ ਵਿਭਾਗ ਨੇ ਹੁਣ ਭੋਲਾ ਨੂੰ ਮੁੰਬਈ ਦੀ ਅਦਾਲਤ ਵਿਚ ਅਗਲੇ ਦੋ ਹਫ਼ਤਿਆਂ ਤੱਕ ਸਿਰਫ ਇਕ ਪੇਸ਼ੀ ਉਤੇ ਲਿਜਾਣ ਲਈ ਇਕ ਲੱਖ ਰੁਪਏ ਦਾ ਖਰਚਾ ਮੰਗਿਆ ਹੈ। ਨਾਭਾ ਦੀ ਸਖ਼ਤ ਸੁਰੱਖਿਆ ਪ੍ਰਬੰਧਾਂ ਵਾਲੀ ਜੇਲ੍ਹ ਵਿਚ ਬੰਦ ਭੋਲੇ ਨੂੰ ਸੜਕ ਰਸਤੇ ਰਾਹੀਂ ਮੁੰਬਈ ਲਿਜਾਇਆ ਜਾਵੇਗਾ। ਉਸ ਦੇ ਨਾਲ ਤਿੰਨ ਵਾਹਨਾਂ ਵਿਚ ਦੋ ਦਰਜਨ ਤੋਂ ਵੱਧ ਹਥਿਆਰਬੰਦ ਪੁਲਿਸ ਮੁਲਾਜ਼ਮ ਜਾਣਗੇ। ਪੁਲਿਸ ਨੇ ਸੁਰੱਖਿਆ ਕਾਰਨਾਂ ਕਰਕੇ ਮੁਲਜ਼ਮ ਨੂੰ ਰੇਲ ਜਾਂ ਹਵਾਈ ਜਹਾਜ਼ ਰਾਹੀਂ ਲਿਜਾਏ ਜਾਣ ਤੋਂ ਇਨਕਾਰ ਕੀਤਾ ਹੈ।



ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਭੋਲੇ ਨੂੰ ਸੜਕ ਰਸਤੇ ਲਿਜਾਏ ਜਾਣ ਲਈ ਤਕਰੀਬਨ 1.15 ਲੱਖ ਰੁਪਏ ਖਰਚਾ ਸਿਰਫ ਤੇਲ ਦਾ ਹੋਵੇਗਾ। ਇਸ ਤੋਂ ਇਲਾਵਾ ਦੋ ਦਰਜਨ ਪੁਲਿਸ ਮੁਲਾਜ਼ਮਾਂ ਦੇ ਖਰਚੇ ਸਮੇਤ ਤਕਰੀਬਨ ਦੋ ਲੱਖ ਰੁਪਏ ਖਰਚਾ ਹੋਵੇਗਾ। ਖਰਚੇ ਸਬੰਧੀ ਫਾਈਲ ਉਪਰ ਭੇਜੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਭੋਲੇ ਦੀ ਪੰਜਾਬ ਵਿਚ ਇਕ ਪੇਸ਼ੀ ਉਤੇ ਵੀ ਦਸ ਹਜ਼ਾਰ ਰੁਪਏ ਖਰਚਾ ਆਉਂਦਾ ਹੈ। ਦਿਲਚਸਪ ਗੱਲ ਹੈ ਕਿ ਬਹੁਤ ਸਾਰੇ ਪੁਲਿਸ ਅਫਸਰ ਭੋਲੇ ਨੂੰ ਮੁੰਬਈ ਪੇਸ਼ੀ ਉਤੇ ਲਿਜਾਏ ਜਾਣ ਦੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆਉਂਦੇ ਹਨ ਕਿਉਂਕਿ ਉਸਦੀ ਜਾਨ ਨੂੰ ਖ਼ਤਰਾ ਦੱਸਿਆ ਜਾ ਰਿਹਾ ਹੈ। ਪੁਲਿਸ ਟੀਮ ਵੱਲੋਂ ਮੁੰਬਈ ਤੱਕ ਦਾ 1650 ਕਿਲੋਮੀਟਰ ਦਾ ਰਸਤਾ ਦੋ ਦਿਨਾਂ ਵਿਚ ਬਿਨਾਂ ਰੁਕੇ ਤੈਅ ਕੀਤਾ ਜਾਵੇਗਾ ਤੇ ਪੁਲਿਸ ਵੱਲੋਂ ਪਹਿਲਾਂ ਨਿਸ਼ਾਨਦੇਹੀ ਕੀਤੀਆਂ ਥਾਵਾਂ ਉਤੇ ਹੀ ਰੁਕਿਆ ਜਾਵੇਗਾ।

## ਸੁਖਬੀਰ ਦੇ ਹੁਕਮਾਂ ਕਾਰਨ ਕਸੂਤੇ ਫਸੇ ਵਜ਼ੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਆਪਣੇ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ ਤੇ ਹਲਕਾ ਇੰਚਾਰਜਾਂ ਦੇ ਕੰਮਾਂ ਦਾ ਮੁਲਾਂਕਣ ਕਰੇਗਾ। ਪਾਰਟੀ ਵੱਲੋਂ ਸ਼ੁਰੂ ਕੀਤੀ ਇਸ ਕਾਰਵਾਈ ਨੇ ਕਈ ਮੰਤਰੀਆਂ ਤੇ ਵਿਧਾਇਕਾਂ ਨੂੰ ਕਸੂਤੇ ਫਸਾ ਦਿੱਤਾ ਹੈ। ਜਾਣਕਾਰੀ ਮੁਤਾਬਕ ਪਾਰਟੀ ਨੇ ਸੱਤਾ ਦਾ ਨਿੱਘ ਮਾਣਦੇ ਆ ਰਹੇ ਉਕਤ ਅਹੁਦੇਦਾਰਾਂ ਤੋਂ ਪਿਛਲੇ ਸਾਢੇ ਤਿੰਨਾਂ ਵਰ੍ਹਿਆਂ ਦੀਆਂ ਪ੍ਰਾਪਤੀਆਂ ਦੱਸਣ ਦੀਆਂ ਹਦਾਇਤਾਂ ਕੀਤੀਆਂ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਫੈਸਲੇ ਮੁਤਾਬਕ ਹਰ ਵਿਅਕਤੀ ਨੂੰ ਇਕ ਫਾਰਮ ਦਿੱਤਾ ਗਿਆ ਹੈ। ਇਸ ਫਾਰਮ ਰਾਹੀਂ ਸਵੈ ਮੁਲਾਂਕਣ ਕਰਨ ਲਈ ਕਿਹਾ ਗਿਆ ਹੈ। ਪਾਰਟੀ ਹਲਕਿਆਂ ਮੁਤਾਬਕ ਸਵੈ ਮੁਲਾਂਕਣ ਦੇ ਅਧਾਰ ਉਤੇ ਹੀ ਪਾਰਟੀ ਵੱਲੋਂ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਇਸ ਗਤੀਵਿਧੀ ਨੂੰ ਅਕਾਲੀ ਦਲ ਦੀ ਚੋਣਾਂ ਤੋਂ ਪਹਿਲਾਂ ਹੋਣ ਵਾਲੀ ਪਹਿਲੀ ਮਸ਼ਕ ਕਿਹਾ ਜਾ ਰਿਹਾ ਹੈ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਦੇਸ਼ ਜਾਣ ਤੋਂ ਪਹਿਲਾਂ ਸੱਤਾਧਾਰੀ ਆਗੂਆਂ ਨੂੰ ਸਵੈ ਮੁਲਾਂਕਣ ਦਾ ਕੰਮ ਸੌਂਪ ਗਏ ਸਨ। ਪਾਰਟੀ ਪ੍ਰਧਾਨ ਵੱਲੋਂ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ। ਪਾਰਟੀ ਵੱਲੋਂ ਆਪਣੇ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ ਤੇ ਹਲਕਾ ਇੰਚਾਰਜਾਂ ਦੇ ਕੰਮਕਾਰਾਂ ਦਾ ਪਹਿਲੀ ਵਾਰੀ ਮੁਲਾਂਕਣ ਕੀਤਾ ਜਾ ਰਿਹਾ ਹੈ। ਪਾਰਟੀ ਵੱਲੋਂ ਸ਼ੁਰੂ ਕੀਤੀ ਇਸ ਕਾਰਵਾਈ ਨੇ ਕਈ ਮੰਤਰੀਆਂ ਵਿਧਾਇਕਾਂ ਨੂੰ ਕਸੂਤੇ ਫਸਾ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇਕ ਵਿਧਾਇਕ ਨੇ ਇਸ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਇਸ ਪ੍ਰੋਫਾਰਮੇ ਵਿਚ ਕਿਹਾ ਗਿਆ ਹੈ ਕਿ ਹਰ ਮੰਤਰੀ, ਮੁੱਖ ਸੰਸਦੀ ਸਕੱਤਰ, ਵਿਧਾਇਕ ਤੇ ਹਲਕਾ ਇੰਚਾਰਜ ਵੱਲੋਂ ਮੁਲਾਂਕਣ ਕਰਦਿਆਂ ਦੱਸਿਆ ਜਾਵੇ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਲਕੇ ਦੇ ਵੋਟਰਾਂ ਨਾਲ ਕਿਹੜੇ-ਕਿਹੜੇ ਵਾਅਦੇ ਕੀਤੇ ਸਨ। ਚੋਣਾਂ ਦੌਰਾਨ ਕੀਤੇ ਵਾਅਦਿਆਂ ਵਿਚੋਂ ਕਿੰਨੇ ਵਾਅਦੇ ਪੂਰੇ ਹੋ ਗਏ ਤੇ ਕਿੰਨੇ ਵਾਅਦੇ ਵਫ਼ਾ ਨਹੀਂ ਹੋਏ। ਵਿਰੋਧੀ ਉਮੀਦਵਾਰ ਨਾਲੋਂ ਜਿੱਤ ਹਾਰ ਦਾ ਕਿੰਨੀਆਂ ਵੋਟਾਂ ਦਾ ਅੰਤਰ ਸੀ। ਵਾਅਦੇ ਜੋ ਰਹਿ ਗਏ ਪੂਰੇ ਨਾ ਹੋਣ ਦਾ ਕਾਰਨ ਤੇ ਰਹਿੰਦੇ ਸਮੇਂ ਦੌਰਾਨ ਹਲਕੇ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਕੀ ਕੀਤਾ ਜਾ ਸਕਦਾ ਹੈ। ਇਨ੍ਹਾਂ ਮੁਲਾਂਕਣ ਰਿਪੋਰਟਾਂ ਦੇ ਅਧਾਰ ਉਤੇ ਵਿਧਾਇਕਾਂ ਨੂੰ ਅਗਲੀ ਟਿਕਟ ਲਈ ਵਿਚਾਰਿਆ ਜਾਵੇਗਾ। ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਇਸ ਅਭਿਆਸ ਨਾਲ ਵਿਧਾਇਕਾਂ ਦੀ ਕਾਰਗੁਜ਼ਾਰੀ ਹੀ ਸਾਹਮਣੇ ਨਹੀਂ ਆਵੇਗੀ ਸਗੋਂ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਦਾ ਲੇਖਾ ਜੋਖਾ ਵੀ ਹੋ ਜਾਵੇਗਾ ਕਿਉਂਕਿ ਪਾਰਟੀ ਅੰਦਰ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਬਹੁ ਗਿਣਤੀ ਵਿਧਾਇਕਾਂ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਹੈ।

### ਬਾਦਲ ਦਾ ਸੰਤ ਨਾਮਦੇਵ ਕੌਮੀ ਐਵਾਰਡ ਨਾਲ ਸਨਮਾਨ

**ਪੂਣੇ (ਮਹਾਰਾਸ਼ਟਰ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਥੇ 'ਸਰਹੱਦ' ਫਾਊਂਡੇਸ਼ਨ ਨੇ ਅਮਨ-ਸ਼ਾਂਤੀ, ਫਿਰਕੂ ਸਦਭਾਵਨਾ ਤੇ ਭਾਈਚਾਰਕ ਸਾਂਝ ਦੀ ਕਾਇਮੀ ਲਈ ਪਾਏ ਯੋਗਦਾਨ ਬਦਲੇ 14ਵੇਂ ਸੰਤ ਨਾਮਦੇਵ ਕੌਮੀ ਐਵਾਰਡ-2015 ਨਾਲ ਸਨਮਾਨਤ ਕੀਤਾ। ਇਹ ਐਵਾਰਡ ਸਰਹੱਦ ਫਾਊਂਡੇਸ਼ਨ ਦੇ ਅਹੁਦੇਦਾਰਾਂ ਦੀ ਹਾਜ਼ਰੀ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਨੇ ਦਿੱਤਾ। ਸੰਸਥਾ ਨੇ ਸ. ਬਾਦਲ ਨੂੰ 1,01,000 ਰੁਪਏ, ਪ੍ਰਸੰਸਾ ਪੱਤਰ ਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਤ ਕੀਤਾ। ਉਨ੍ਹਾਂ ਨੇ ਐਵਾਰਡ ਦੀ ਰਕਮ ਸੰਸਥਾ ਨੂੰ ਵਾਪਸ ਕਰਦਿਆਂ ਇਹ ਰਕਮ ਚੱਲ ਰਹੇ ਸਮਾਜਿਕ-ਸੱਭਿਆਚਾਰਕ ਪ੍ਰੋਗਰਾਮਾਂ ਤੇ ਹੋਰ ਵਿਕਾਸ ਕਾਰਜਾਂ ਲਈ ਵਰਤਣ ਦੀ ਅਪੀਲ ਕੀਤੀ।

# ਕਿਸਾਨਾਂ ਦੇ ਗੁੱਸੇ ਨੂੰ ਸੱਤਾ ਵਿਰੁਧ ਵਰਤੇਗਾ 'ਆਪ' ਦਾ ਬਾਗੀ ਧੜਾ

**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਦਾ ਬਾਗੀ ਧੜਾ ਕਿਸਾਨਾਂ ਦੇ ਗੁੱਸੇ ਨੂੰ ਸੱਤਾ ਵਿਰੁੱਧ ਵਰਤਣ ਦੀ ਰਣਨੀਤੀ ਘੜ ਰਿਹਾ ਹੈ। ਇਸ ਧੜੇ ਦੇ ਲੀਡਰ ਯੋਗੇਂਦਰ ਯਾਦਵ ਕਿਸਾਨਾਂ ਦੀ ਬੇਚੈਨੀ ਬਾਰੇ ਭਲੀਭਾਂਤ ਜਾਣਦੇ ਹਨ। ਉਹ ਕਿਸਾਨਾਂ ਦੀ ਇਸ ਬੇਚੈਨੀ ਤੇ ਗੁੱਸੇ ਨੂੰ ਸੱਤਾ ਵਿਰੁੱਧ ਹਥਿਆਰ ਵਜੋਂ ਵਰਤਣਾ ਚਾਹੁੰਦੇ ਹਨ। ਇਸ ਧੜੇ ਨੇ ਕਿਸਾਨਾਂ ਦੀ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਚੱਪੜਚਿੜੀ ਵਿਚ 'ਜੈ ਕਿਸਾਨ ਅੰਦੋਲਨ' ਦੇ ਬੈਨਰ ਹੇਠ ਮਹਾਂ ਕਿਸਾਨ ਸੰਮੇਲਨ ਕਰਵਾਇਆ ਗਿਆ। ਇਸ ਸੰਮੇਲਨ ਵਿਚ ਸਵਰਾਜ ਅਭਿਆਨ ਦੀ ਨੈਸ਼ਨਲ ਵਰਕਿੰਗ ਕਮੇਟੀ ਦੇ ਮੈਂਬਰਾਂ ਸਮੇਤ ਪੰਜਾਬ, ਹਰਿਆਣਾ ਤੇ ਹੋਰ ਗੁਆਂਢੀ ਸੂਬਿਆਂ ਦੇ ਕਿਸਾਨਾਂ ਨੇ ਸ਼ਿਰਕਤ ਕੀਤੀ।

ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਆਉਣ ਤੋਂ ਬਾਅਦ ਕਿਸਾਨਾਂ ਦੀ ਹਾਲਤ ਹੋਰ ਨਿੱਘਰਦੀ ਜਾ ਰਹੀ ਹੈ। ਕਿਸਾਨ ਲਗਾਤਾਰ ਖੁਦਕੁਸ਼ੀਆਂ ਕਰ ਰਹੇ ਹਨ। ਭੂਮੀ ਗ੍ਰਹਿਣ ਬਿੱਲ ਬਾਰੇ ਮੋਦੀ ਸਰਕਾਰ ਦੀ ਨੀਤੀ ਤੋਂ ਵੀ ਕਿਸਾਨ ਖਫ਼ਾ ਹਨ। ਇਸ ਲਈ ਸਾਰੀਆਂ ਸਿਆਸੀ ਧਿਰਾਂ ਕਿਸਾਨਾਂ ਦੇ ਰੋਹ ਨੂੰ ਆਪਣੇ ਹੱਕ ਵਿਚ ਵਰਤਣਾ ਚਾਹੁੰਦੀਆਂ ਹਨ। ਇਸ ਸਮਾਗਮ ਵਿਚ ਵੱਖ-ਵੱਖ ਕਿਸਾਨ ਜਥੇਬੰਦੀਆਂ, ਸੇਵਾਮੁਕਤ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸ਼ਿਰਕਤ ਕਰਨ ਦੀ ਹਾਮੀ ਭਰੀ ਹੈ। ਸਵਰਾਜ ਅਭਿਆਨ ਵੱਲੋਂ ਇਥੋਂ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਚੱਪੜਚਿੜੀ ਵਿਖੇ 'ਜੈ ਕਿਸਾਨ ਅੰਦੋਲਨ' ਦੇ ਬੈਨਰ ਹੇਠ ਕਿਸਾਨ ਸੰਮੇਲਨ ਕਰਵਾਇਆ ਗਿਆ ਸੀ, ਜਿਸ ਵਿਚ ਕਈ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਬਾਅਦ ਵਿਚ ਸਾਰਿਆਂ ਨੇ ਜੰਗੀ ਯਾਦਗਾਰ ਉਤੇ ਨਤਮਸਤਕ ਹੋ ਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਰੱਖਿਆ ਲਈ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਸਾਂਝੀ ਲੜਾਈ ਲੜਨ ਦਾ ਪ੍ਰਣ ਕੀਤਾ। ਇਸ ਮੌਕੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਤੇ ਕਿਸਾਨ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਦੇ ਪਹਿਲੇ ਪੜਾਅ ਅਧੀਨ ਪਹਿਲੀ ਅਗਸਤ ਨੂੰ ਸੇਵਾ ਸਿੰਘ ਠੀਕਰੀਵਾਲਾ ਤੋਂ ਮੁਹਾਲੀ ਤੱਕ ਰੋਸ ਮਾਰਚ ਕਰਨ ਦਾ ਫੈਸਲਾ ਲਿਆ ਗਿਆ। ਇਹ ਮਾਰਚ ਠੀਕਰੀਵਾਲਾ ਤੋਂ ਸ਼ੁਰੂ ਹੋ ਕੇ ਬਰਨਾਲਾ, ਸੰਗਰੂਰ, ਭਵਾਨੀਗੜ੍ਹ, ਪਟਿਆਲਾ, ਬਹਾਦਰਗੜ੍ਹ, ਰਾਜਪੁਰਾ, ਬਨੂੜ ਤੋਂ ਹੁੰਦਿਆਂ ਮੁਹਾਲੀ ਪਹੁੰਚ ਕੇ ਖ਼ਤਮ ਹੋਵੇਗਾ। ਇਸ ਮਗਰੋਂ 10 ਅਗਸਤ ਨੂੰ ਨਵੀਂ ਦਿੱਲੀ ਵਿਚ ਕਿਸਾਨਾਂ ਦੀਆਂ ਹੱਕੀ ਮੰਗਾਂ ਦੇ ਸਮਰਥਨ ਵਿਚ ਰੋਸ ਪ੍ਰਗਟਾਉਣ ਲਈ ਦੇਸ਼ ਵਿਆਪੀ ਜਨ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਸਵਰਾਜ ਅਭਿਆਨ ਦੇ ਆਗੂ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਭੂਮੀ ਗ੍ਰਹਿਣ ਐਕਟ ਵਿਚ ਜਲਦਬਾਜ਼ੀ ਵਿਚ ਕੀਤੀਆਂ ਗਈਆਂ ਬੇਲੋੜੀਆਂ ਸੋਧਾਂ ਤੋਂ ਸਪਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਪੂਰੀ ਤਰ੍ਹਾਂ ਵੱਡੇ ਸਨਅਤੀ ਘਰਾਣਿਆਂ ਤੇ ਕਲੋਨਾਈਜ਼ਰਾਂ ਦੇ ਦਬਾਅ ਅੱਗੇ ਝੁਕ ਗਈ ਹੈ। ਕੇਂਦਰ ਨੇ ਭੂਮੀ ਗ੍ਰਹਿਣ ਐਕਟ ਬਦਲਣ ਲਈ ਪਾਰਲੀਮੈਂਟ ਵਿਚ ਬਹਿਸ ਕਰਾਉਣ ਤੋਂ ਬਚਣ ਲਈ ਕਾਹਲੀ ਵਿਚ ਆਰਡੀਨੈਂਸ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਰਸਾਨੀ ਨੂੰ ਬਚਾਉਣ ਲਈ ਮੋਦੀ ਸਰਕਾਰ ਵਿਰੁੱਧ ਸਾਂਝੀ ਲੜਾਈ ਲੜਨ ਦੀ ਲੋੜ ਹੈ। ਸਾਬਕਾ ਵਿਧਾਇਕ ਤਰਸੇਮ ਸਿੰਘ ਜੋਧਾਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਡੇ ਸਨਅਤੀ ਘਰਾਣਿਆਂ ਨੂੰ ਖੁਸ਼ ਕਰਨ ਲਈ ਕਿਸਾਨਾਂ ਤੋਂ ਜਬਰ ਜ਼ਮੀਨਾਂ ਖੋਹਣ ਦੀ ਤਿਆਰੀ ਵਿਚ ਹੈ। ਉਨ੍ਹਾਂ ਨਰੇਂਦਰ ਮੋਦੀ ਨੂੰ ਦੇਸ਼ ਲਈ ਵੱਡਾ ਖਤਰਾ ਦੱਸਦਿਆਂ ਕਿਹਾ ਕਿ ਕਾਂਗਰਸੀ ਵੀ ਦੁੱਧ ਧੋਤੇ ਨਹੀਂ ਹਨ ਕਿਉਂਕਿ ਕਾਂਗਰਸ ਨੇ ਹੀ ਕਿਸਾਨਾਂ ਨੂੰ ਤਬਾਹ ਕਰਨ ਦੀ ਸ਼ੁਰੂਆਤ ਕੀਤੀ ਸੀ।

### ਚੱਪੜਚਿੜੀ ਵਿਚ ਮਹਾਂ ਕਿਸਾਨ ਸੰਮੇਲਨ



### ਦਸ ਅਗਸਤ ਤੋਂ ਦੇਸ਼ ਵਿਆਪੀ ਜਨ ਅੰਦੋਲਨ ਦਾ ਐਲਾਨ

ਯੋਗੇਂਦਰ ਧੜੇ ਵੱਲੋਂ 10 ਅਗਸਤ ਨੂੰ ਨਵੀਂ ਦਿੱਲੀ ਵਿਚ ਕਿਸਾਨਾਂ ਦੀਆਂ ਹੱਕੀ ਮੰਗਾਂ ਦੇ ਸਮਰਥਨ ਵਿਚ ਰੋਸ ਪ੍ਰਗਟਾਉਣ ਲਈ ਦੇਸ਼ ਵਿਆਪੀ ਜਨ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਤੇ ਕਿਸਾਨ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਦੇ ਪਹਿਲੇ ਪੜਾਅ ਅਧੀਨ ਪਹਿਲੀ ਅਗਸਤ ਨੂੰ ਸੇਵਾ ਸਿੰਘ ਠੀਕਰੀਵਾਲਾ ਤੋਂ ਮੁਹਾਲੀ ਤੱਕ ਰੋਸ ਮਾਰਚ ਕਰਨ ਦਾ ਫੈਸਲਾ ਲਿਆ ਗਿਆ। ਇਹ ਮਾਰਚ ਠੀਕਰੀਵਾਲਾ ਤੋਂ ਸ਼ੁਰੂ ਹੋ ਕੇ ਬਰਨਾਲਾ, ਸੰਗਰੂਰ, ਭਵਾਨੀਗੜ੍ਹ, ਪਟਿਆਲਾ, ਬਹਾਦਰਗੜ੍ਹ, ਰਾਜਪੁਰਾ, ਬਨੂੜ ਤੋਂ ਹੁੰਦਿਆਂ ਮੁਹਾਲੀ ਪਹੁੰਚ ਕੇ ਖ਼ਤਮ ਹੋਵੇਗਾ।

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਅਮਰਿੰਦਰ ਸਿੰਘ ਨੇ ਸ਼ਕਤੀ ਪ੍ਰਦਰਸ਼ਨ ਲਈ ਮਿਆਨ ਸੂਤੀ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਦੇ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਹਮਾਇਤੀਆਂ ਨਾਲ ਪੰਜਾਬ ਦੇ ਅਹਿਮ ਮੁੱਦਿਆਂ ਨੂੰ ਲੈ ਕੇ ਆਉਂਦੇ ਦਿਨਾਂ ਵਿਚ ਸੂਬੇ ਦੀਆਂ ਸੜਕਾਂ 'ਤੇ ਉਤਰਨ ਦਾ ਫੇਸਲਾ ਕੀਤਾ ਹੈ। ਉਹ ਦਿੱਲੀ ਦੀ ਸਿਆਸਤ ਦੀ ਥਾਂ ਆਪਣਾ ਸਾਰਾ ਧਿਆਨ ਅਤੇ ਸ਼ਕਤੀ ਸੂਬੇ ਦੀ ਸਿਆਸਤ 'ਤੇ ਹੀ ਲਾਉਣਗੇ ਅਤੇ ਕਾਂਗਰਸ ਵਰਕਰਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਸੁਣਨਗੇ।




ਜਾਣਕਾਰੀ ਅੁਨਸਾਰ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਵਿਧਾਇਕ ਮਿਲੇ ਅਤੇ ਜ਼ੋਰ ਦੇ ਕੇ ਕਿਹਾ ਕਿ ਵਕਤੀ ਰਾਜਨੀਤੀ ਦੀ ਥਾਂ ਸੂਬੇ ਦੀ ਸਿਆਸਤ ਲਈ ਪੂਰਾ ਸਮਾਂ ਦਿੱਤਾ ਜਾਵੇ। ਇਸ ਦੌਰਾਨ ਕਿਹਾ ਗਿਆ ਕਿ ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਿਚ ਹਰ ਵਰਗ ਦੀ ਹਾਲਤ ਖ਼ਰਾਬ ਹੈ। ਲੋਕ ਮੁੱਦੇ ਵੱਡੇ ਪੱਧਰ 'ਤੇ ਉਭਾਰੇ ਜਾਣ ਅਤੇ ਜਿਹੜੇ ਕਿਸਾਨ ਖ਼ੁਦਕੁਸ਼ੀਆਂ ਕਰ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲਿਆ ਜਾਵੇ ਤੇ ਲੋੜ ਮੁਤਾਬਕ ਥਾਣਿਆਂ ਤੇ ਅਧਿਕਾਰੀਆਂ ਦੇ ਘਿਰਾਓ ਵੀ ਕੀਤੇ ਜਾਣ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਨੂੰ ਮਿਲਣਾ ਅਤੇ ਉਨ੍ਹਾਂ ਦੇ ਮੁੱਦਿਆਂ ਤੇ ਸਮੱਸਿਆਵਾਂ ਨੂੰ ਉਭਾਰਨਾ ਰੱਖਿਆ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਰੱਖੀ ਮੀਟਿੰਗ ਵਿਚ 37 ਵਿਧਾਇਕਾਂ ਨੂੰ ਬੁਲਾਇਆ ਗਿਆ ਸੀ ਅਤੇ 35 ਵਿਧਾਇਕ ਮੀਟਿੰਗ ਵਿਚ ਪੁੱਜੇ। ਵਿਦੇਸ਼ ਗਏ ਵਿਧਾਇਕਾਂ ਨੇ ਉਲੀਕੇ ਜਾਣ ਵਾਲੇ ਪ੍ਰੋਗਰਾਮ ਲਈ ਫੋਨ 'ਤੇ ਆਪਣੀ ਸਹਿਮਤੀ ਦਿੱਤੀ ਸੀ। ਵਿਧਾਇਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿਤੀ ਕਿ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਕੋਈ ਟਿੱਪਣੀ ਨਾ ਕਰਨ। ਲੋੜ ਪੈਣ 'ਤੇ ਉਨ੍ਹਾਂ ਦੇ ਰਣਨੀਤੀਕਾਰ ਹੀ ਜੁਆਬ ਦੇਣਗੇ। ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਕਾਂਗਰਸ ਵਿਚ ਰਹਿ ਕੇ ਹੀ ਲੜਾਈ ਲੜੀ ਜਾਵੇ ਅਤੇ ਲੋਕਾਂ ਨੂੰ ਲੀਡਰਸ਼ਿਪ ਦਿੱਤੀ ਜਾਵੇ।

## ਬਾਦਲ ਵੱਲੋਂ ਰਾਮਦੇਵ ਨੂੰ ਯੋਗ ਕੇਂਦਰ ਸਥਾਪਤ ਕਰਨ ਦੀ ਪੇਸ਼ਕਸ਼

**ਚੰਡੀਗੜ੍ਹ:** ਯੋਗ ਗੁਰੂ ਬਾਬਾ ਰਾਮਦੇਵ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਸ੍ਰੀ ਆਨੰਦਪੁਰ ਸਾਹਿਬ ਦੇ 350ਵੇਂ



ਸਥਾਪਨਾ ਦਿਵਸ ਬਾਰੇ ਵਿਚਾਰਾਂ ਕੀਤੀਆਂ। ਗੱਲਬਾਤ ਦੌਰਾਨ ਸ. ਬਾਦਲ ਨੇ ਬਾਬਾ ਰਾਮਦੇਵ ਨੂੰ ਚੰਡੀਗੜ੍ਹ ਦੇ ਨੇੜੇ ਪੰਜਾਬ ਵਿਚ ਯੋਗ-ਕਮ-ਆਯੁਰਵੈਦਿਕ ਸੈਂਟਰ ਸਥਾਪਤ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਨੂੰ ਮਦਦ ਦਿੱਤੇ ਜਾਣ ਦੀ ਪੇਸ਼ਕਸ਼ ਕੀਤੀ। ਬਾਬਾ ਰਾਮਦੇਵ ਨੇ ਮੁੱਖ ਮੰਤਰੀ ਨੂੰ ਇਹ ਸੈਂਟਰ ਸਥਾਪਤ ਕਰਨ ਲਈ ਜ਼ਮੀਨ ਮੁਹੱਈਆ ਕਰਵਾਉਣ ਲਈ ਆਖਿਆ ਅਤੇ ਉਮੀਦ ਪ੍ਰਗਟ ਕੀਤੀ ਕਿ ਇਹ ਪਹਿਲਕਦਮੀ ਯੋਗ ਰਾਹੀਂ ਲੋਕਾਂ ਵਿਚ ਸਿਹਤਮੰਦ ਜੀਵਨ ਜਿਉਣ ਲਈ ਜਾਗਰੂਕਤਾ ਪੈਦਾ ਕਰਨ ਵਾਸਤੇ ਮਹੱਤਵਪੂਰਨ ਭੂਮਿਕਾ ਨਿਭਾਏਗੀ।

## ਐਨ.ਐਸ.ਸੀ.ਐਨ.-ਕੇ. ਉਤੇ ਮੁੜ ਪਾਬੰਦੀ ਦੀ ਤਿਆਰੀ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਮਨੀਪੁਰ ਵਿਚ 18 ਫ਼ੌਜੀਆਂ ਦੇ ਕਤਲ ਲਈ ਜ਼ਿੰਮੇਵਾਰ ਜਥੇਬੰਦੀ ਐਨ.ਐਸ.ਸੀ.ਐਨ.-ਕੇ ਉਤੇ ਪਾਬੰਦੀ ਲਾਉਣ ਦੀ ਕਵਾਇਦ ਆਰੰਭ ਦਿੱਤੀ ਹੈ। ਗ੍ਰਹਿ ਮੰਤਰਾਲੇ ਨੇ ਕੈਬਨਿਟ ਮੀਟਿੰਗ ਲਈ ਨੋਟ ਤਿਆਰ ਕਰ ਲਿਆ ਹੈ ਜਿਸ ਵਿਚ ਐਸ.ਐਸ. ਖਾਪਲਾਂਗ ਦੀ ਅਗਵਾਈ ਹੇਠਲੇ ਨਾਗਾ ਬਾਗ਼ੀ ਧੜੇ 'ਤੇ ਪਾਬੰਦੀ ਲਾਉਣ ਲਈ ਕਿਹਾ ਗਿਆ ਹੈ। ਸੈਨਾ ਦੇ ਕਾਫ਼ਲੇ ਉਤੇ ਚਾਰ ਜੂਨ ਨੂੰ ਮਨੀਪੁਰ ਵਿਚ ਕੀਤੇ ਗਏ ਹਮਲੇ ਤੋਂ ਬਾਅਦ ਜਥੇਬੰਦੀ ਖ਼ਿਲਾਫ਼ ਕਾਰਵਾਈ ਮੁੜ ਤੋਂ ਆਰੰਭੀ ਗਈ ਹੈ। ਐਨ.ਐਸ.ਸੀ.ਐਨ.-ਕੇ 2001 ਤੱਕ ਪਾਬੰਦੀ ਵਾਲੀਆਂ ਜਥੇਬੰਦੀਆਂ ਵਿਚ ਸ਼ਾਮਲ ਸੀ ਪਰ ਸਰਕਾਰ ਨਾਲ ਗੋਲੀਬੰਦੀ ਦਾ ਸਮਝੌਤਾ ਹੋਣ ਤੋਂ ਬਾਅਦ ਉਸ ਤੋਂ ਇਹ ਪਾਬੰਦੀ ਹਟਾ ਲਈ ਗਈ ਸੀ।

## ਭੁੱਲਰ ਮਾਮਲੇ ਨਾਲ ਸਿਆਸੀ ਸਫਬੰਦੀ ਹੋਈ ਤੇਜ਼

*(ਸਫਾ ਇਕ ਦੀ ਬਾਕੀ)*

ਦੇ ਸ੍ਰੀ ਅਨੰਦਪੁਰ ਸਾਹਿਬ ਨਾ ਆਉਣ ਦਾ ਕਾਰਨ ਤਨਜ਼ਾਨੀਆ ਦੇ ਪ੍ਰਧਾਨ ਮੰਤਰੀ ਵਲੋਂ 19 ਜੂਨ ਨੂੰ ਦਿੱਲੀ ਆਉਣਾ ਦੱਸਿਆ ਗਿਆ ਹੈ ਪਰ ਸਿਆਸੀ ਗਲਿਆਰਿਆਂ ਵਿਚ ਇਸ ਦਲੀਲ ਨੂੰ ਜ਼ਿਆਦਾ ਵਜ਼ਨ ਨਹੀਂ ਦਿੱਤਾ ਜਾ ਰਿਹਾ। ਇਸ ਫ਼ੈਸਲੇ ਨੂੰ ਅਕਾਲੀ-ਭਾਜਪਾ ਰਿਸ਼ਤਿਆਂ ਦੇ ਰੂਪ ਵਿਚ ਜ਼ਿਆਦਾ ਦੇਖਿਆ ਜਾ ਰਿਹਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਨੇ ਭਾਜਪਾ ਨੂੰ ਉਸ ਵਕਤ ਬਿਨਾਂ ਸ਼ਰਤ ਹਮਾਇਤ ਦਿੱਤੀ ਸੀ ਜਦੋਂ ਘੱਟ-ਗਿਣਤੀਆਂ ਜਾਂ ਧਰਮ ਨਿਰਪੱਖ ਕਹਾਉਣ ਵਾਲੀ ਕੋਈ ਵੀ ਪਾਰਟੀ ਭਾਜਪਾ ਨਾਲ ਹੱਥ ਮਿਲਾਉਣ ਲਈ ਤਿਆਰ ਨਹੀਂ ਸੀ। ਇਸ ਨਾਲ ਇਕ ਤਰ੍ਹਾਂ ਆਮ ਸਹਿਮਤੀ ਵਾਲੀ ਧਾਰਨਾ ਹੀ ਬਣ ਗਈ ਸੀ ਕਿ ਸ. ਬਾਦਲ ਦੇ ਭਾਜਪਾ ਦੇ ਵੱਡੇ ਆਗੂਆਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਨਾਲ ਨੇੜਤਾ ਹੋਣ ਕਰ ਕੇ ਪੰਜਾਬ ਵਿਚ ਅਕਾਲੀ ਦਲ ਆਪਣੇ ਤਰੀਕੇ ਨਾਲ ਫ਼ੈਸਲੇ ਲੈਂਦਾ ਰਿਹਾ ਹੈ ਤੇ ਪੰਜਾਬ ਭਾਜਪਾ ਦੇ ਆਗੂਆਂ ਨੂੰ ਜ਼ਿਆਦਾ ਨਹੀਂ ਗੌਲਿਆ ਜਾਂਦਾ ਰਿਹਾ।

ਸੋਲ੍ਹਵੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਬਦਲੇ ਹੋਏ ਹਾਲਾਤ ਵਿਚ ਪੰਜਾਬ ਭਾਜਪਾ ਨੇ ਵੀ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਕਿਉਂਕਿ ਕੇਂਦਰ ਵਿਚ ਭਾਜਪਾ ਨੂੰ ਆਪਣੇ ਬਲਬੁੱਤੇ ਬਹੁਮਤ ਮਿਲ ਗਿਆ ਸੀ। ਦਿੱਲੀ ਵਿਚ ਬੇਸ਼ੱਕ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਹੈ ਪਰ ਕਿਸੇ ਵੀ ਛੋਟੇ ਭਾਈਵਾਲ ਦੀ ਵੱਡੇ ਫ਼ੈਸਲੇ ਲੈਣ ਵਿਚ ਕੋਈ ਸੁਣਵਾਈ ਨਹੀਂ ਜਾਪਦੀ। ਪਿਛਲੇ ਸਮੇਂ ਤੋਂ ਪੰਥਕ ਮੁੱਦਿਆਂ ਬਾਰੇ ਕੇਂਦਰੀ ਸਰਕਾਰ ਵੱਲੋਂ ਸੁਣਵਾਈ ਨਾ ਹੋਣ ਕਾਰਨ ਅੰਦਰੇ-ਅੰਦਰ ਅਕਾਲੀ ਦਲ ਵੀ ਘੁਟਣ ਮਹਿਸੂਸ ਕਰ ਰਿਹਾ ਹੈ।

## ਦਿੱਲੀ ਸਰਕਾਰ ਵੱਲੋਂ 35 ਭ੍ਰਿਸ਼ਟ ਅਧਿਕਾਰੀਆਂ ਦੀ ਸੂਚੀ ਜਾਰੀ

**ਨਵੀਂ ਦਿੱਲੀ:** ਦਿੱਲੀ ਸਰਕਾਰ ਵੱਲੋਂ ਬਣਾਈ ਗਈ ਭ੍ਰਿਸ਼ਟਾਚਾਰ ਰੋਕੂ ਬ੍ਰਾਂਚ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤੇ ਗਏ 35 ਅਧਿਕਾਰੀਆਂ ਬਾਰੇ ਜਾਣਕਾਰੀ ਨਸ਼ਰ ਕੀਤੀ ਹੈ, ਜਿਨ੍ਹਾਂ ਦੀ ਗ੍ਰਿਫ਼ਤਾਰੀ ਦੇ ਅੰਕੜਿਆਂ ਬਾਰੇ ਵਿਰੋਧੀ ਧਿਰ ਭਾਜਪਾ ਵੱਲੋਂ ਰੌਲਾ ਪਾਇਆ ਜਾ ਰਿਹਾ ਸੀ। ਸਰਕਾਰੀ ਬੁਲਾਰੇ ਨੇ ਮੀਡੀਆ ਦੇ ਇਕ ਹਿੱਸੇ ਵੱਲੋਂ ਇਸ ਗਿਣਤੀ ਬਾਰੇ ਕੀਤੇ ਖ਼ੁਲਾਸਿਆਂ ਦੇ ਮੱਦੇਨਜ਼ਰ ਇਕ ਆਰ.ਟੀ.ਆਈ. ਦੇ ਹਵਾਲੇ ਨਾਲ ਦੱਸਿਆ ਕਿ ਬ੍ਰਾਂਚ ਨੇ ਹੁਣ ਤੱਕ ਸਭ ਤੋਂ ਵੱਧ ਗ੍ਰਿਫ਼ਤਾਰੀਆਂ ਐਕਸਾਈਜ਼ ਵਿਭਾਗ ਵਿੱਚੋਂ ਕੀਤੀਆਂ ਹਨ।। ਏ.ਸੀ.ਬੀ. ਨੇ ਇਸ ਮਹਿਕਮੇ ਦੇ 12 ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਹੈ।

# ਹਰ ਮਹੀਨੇ 125 ਮੁੰਡੇ-ਕੁੜੀਆਂ ਹੁੰਦੇ ਨੇ ਲਾਪਤਾ

**ਚੰਡੀਗੜ੍ਹ:** ਪੰਜਾਬ ਵਿਚ ਹਰ ਮਹੀਨੇ ਔਸਤਨ 125 ਨਾਬਾਲਗ ਕੁੜੀਆਂ ਅਤੇ ਮੁੰਡੇ ਗੁੰਮ ਹੁੰਦੇ ਹਨ। ਗੁੰਮ ਹੋਣ ਵਾਲਿਆਂ ਵਿਚ ਲੜਕੀਆਂ ਦੀ ਗਿਣਤੀ ਵੱਧ ਹੈ ਅਤੇ ਪੁਲਿਸ ਗੁੰਮ ਹੋਏ ਬੱਚਿਆਂ ਵਿਚੋਂ ਹਾਲੇ ਤੱਕ 80 ਫੀਸਦ ਨੂੰ ਹੀ ਲੱਭ ਸਕੀ ਹੈ।

ਰਾਜ ਵਿਚੋਂ ਗੁੰਮ ਹੋਏ ਕਰੀਬ 20 ਫੀਸਦ ਬੱਚਿਆਂ ਦਾ ਪਤਾ ਨਾ ਲੱਗਣਾ ਵੱਡੀ ਸਮੱਸਿਆ ਬਣ ਗਈ ਹੈ। ਪੰਜਾਬ ਪੁਲਿਸ ਨੇ ਬੱਚਿਆਂ ਦੀ ਤਸਕਰੀ ਕਰਨ ਵਾਲੇ ਗਰੋਹਾਂ ਨੂੰ ਬੇਨਕਾਬ ਕਰਨ ਲਈ ਵਿਸ਼ੇਸ਼ ਐਕਸ਼ਨ ਪਲਾਨ ਬਣਾਇਆ ਹੈ। ਲੁਧਿਆਣਾ ਅਤੇ ਜਲੰਧਰ ਜਿਹੇ ਉਦਯੋਗਿਕ ਖੇਤਰਾਂ ਵਾਲੀਆਂ ਥਾਵਾਂ ਤੋਂ ਬੱਚੇ ਵੱਡੀ ਗਿਣਤੀ ਵਿਚ ਗੁੰਮ ਹੋ ਰਹੇ ਹਨ।

ਇਸ ਮਾਮਲੇ ਵਿਚ ਗੁੰਮ ਹੋਣ ਵਾਲੀਆਂ ਲੜਕੀਆਂ ਵਿਚੋਂ ਬਹੁਤੀਆਂ ਖੁਦ ਹੀ ਪਿਆਰ-ਮੁਹੱਬਤ ਦੇ ਵਹਿਣ ਵਿਚ ਵਹਿ ਕੇ ਕਿਸੇ ਨਾਲ ਚਲੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪ੍ਰੀਖਿਆਵਾਂ ਵਿਚੋਂ ਫੇਲ੍ਹ ਹੁੰਦੇ ਮੁੰਡੇ-ਕੁੜੀਆਂ ਵੀ ਵੱਡੀ ਗਿਣਤੀ ਵਿਚ ਗੁੰਮ ਹੋ ਰਹੇ ਹਨ। ਕਈ ਮਾਮਲਿਆਂ ਵਿਚ ਬੱਚੇ ਆਪਣੇ ਮਾਪਿਆਂ ਨਾਲ ਨਾਰਾਜ਼ ਹੋ ਕੇ ਲੋਪ ਹੋ ਰਹੇ ਹਨ। ਬੱਚਿਆਂ ਦੇ ਹੀਰੋ ਬਣਨ ਲਈ ਮੁੰਬਈ ਜਾਣ ਦੇ ਕੁਝ ਮਾਮਲੇ ਵੀ ਸਾਹਮਣੇ ਆਏ ਹਨ। ਰਾਜ ਵਿਚ ਬੱਚਿਆਂ ਨੂੰ ਵੱਖ ਵੱਖ ਮਕਸਦਾਂ ਲਈ ਅਗਵਾ ਕਰਨ ਵਾਲੇ ਕੁਝ ਗਰੋਹਾਂ ਦੀ ਵੀ ਭਿਣਕ ਲੱਗੀ ਹੈ।

ਪੰਜਾਬ ਪੁਲਿਸ ਹੈਡਕੁਆਰਟਰ ਤੋਂ ਹਾਸਲ ਕੀਤੇ ਅੰਕੜਿਆਂ ਅਨੁਸਾਰ ਇਸ ਵਰ੍ਹੇ 31 ਮਈ ਤੱਕ 514 ਨਾਬਾਲਗ ਮੁੰਡੇ ਤੇ ਕੁੜੀਆਂ ਗੁੰਮ ਹੋਏ ਹਨ ਜਿਨ੍ਹਾਂ ਵਿਚੋਂ 339 ਬੱਚੇ ਬਰਾਮਦ ਕਰ ਲਏ ਹਨ ਜਦਕਿ 175 (34 ਫੀਸਦ) ਬੱਚਿਆਂ ਦੀ ਕੋਈ ਸੂਹ ਨਹੀਂ ਲੱਗੀ। ਇਸੇ ਤਰ੍ਹਾਂ ਪਿਛਲੇ ਵਰ੍ਹੇ 1408 ਨਾਬਾਲਗ ਮੁੰਡੇ ਅਤੇ ਕੁੜੀਆਂ ਗੁੰਮ ਹੋਏ ਹਨ। ਪੰਜਾਬ ਪੁਲਿਸ ਨੇ 3 ਜੂਨ ਤੱਕ ਇਨ੍ਹਾਂ ਵਿਚੋਂ 1172 ਬੱਚੇ ਬਰਾਮਦ ਕਰ ਲਏ ਹਨ ਜਦਕਿ 236 (17 ਫੀਸਦ) ਬੱਚਿਆਂ ਦਾ ਕੋਈ ਥਹੁ-ਪਤਾ ਨਹੀਂ ਲੱਗਿਆ। ਸਾਲ 2013 ਵਿਚ 1220 ਬੱਚੇ ਗੁੰਮ ਹੋਏ ਸਨ ਅਤੇ ਇਨ੍ਹਾਂ ਵਿਚੋਂ 1121 ਬੱਚੇ ਹੀ ਬਰਾਮਦ ਹੋ ਸਕੇ ਸਨ ਅਤੇ 99 (8 ਫੀਸਦ) ਗੁੰਮ ਹੋਏ ਬੱਚਿਆਂ ਦਾ ਕੋਈ ਪਤਾ ਨਹੀਂ ਲੱਗਿਆ। ਪੁਲਿਸ ਨੇ ਇਸ ਵਰ੍ਹੇ ਜਨਵਰੀ ਦੌਰਾਨ 114 ਬੱਚੇ ਬਰਾਮਦ ਕੀਤੇ ਸਨ।

ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਅਪਰਾਧ) ਆਈ.ਪੀ.ਐਸ. ਸਹੋਤਾ ਨੇ ਦੱਸਿਆ ਕਿ ਜੁਲਾਈ ਵਿਚ ਗੁੰਮ ਹੋਏ ਬੱਚਿਆਂ ਨੂੰ ਬਰਾਮਦ ਕਰਨ ਲਈ ਜ਼ਿਲ੍ਹਾ ਪੱਧਰਾਂ 'ਤੇ ਨਿਯੁਕਤ ਕੀਤੇ ਨੋਡਲ ਅਫਸਰਾਂ ਰਾਹੀਂ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਵਿਸ਼ੇਸ਼ ਪੁਲਿਸ ਟੀਮਾਂ ਬਾਲ ਸੁਧਾਰ ਘਰਾਂ, ਇੱਟਾਂ ਦੇ ਭੱਠਿਆਂ, ਰੇਲਵੇ ਸਟੇਸ਼ਨਾਂ, ਧਾਰਮਿਕ ਡੇਰਿਆਂ, ਗੁਰਦੁਆਰਿਆਂ ਤੇ ਹੋਰ ਧਾਰਮਿਕ ਅਸਥਾਨਾਂ, ਬੱਸ ਅੱਡਿਆਂ ਆਦਿ ਵਿਖੇ ਪਹੁੰਚ ਕਰਕੇ ਗੁੰਮ ਹੋਏ ਬੱਚਿਆਂ ਦੀ ਬਰਾਮਦਗੀ ਦਾ ਯਤਨ ਕਰਨਗੀਆਂ।

## ਭਗੌੜੇ ਲਲਿਤ ਦੀ ਮਦਦ ਤੋਂ ਘਿਰੀ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

ਸਪੋਰਟਸ ਨੂੰ 425 ਕਰੋੜ ਦਾ ਠੇਕਾ ਦਿੱਤਾ ਸੀ। ਇਨ੍ਹਾਂ ਵਿਚੋਂ 125 ਕਰੋੜ ਲਲਿਤ ਮੋਦੀ ਨੂੰ ਮਿਲੇ ਸਨ।। ਸਾਲ 2014 ਵਿਚ ਜਦੋਂ ਸੁਸ਼ਮਾ ਸਵਰਾਜ ਨੇ ਲਲਿਤ ਮੋਦੀ ਨਾਲ ਮੁਲਾਕਾਤ ਕੀਤੀ, ਉਸ ਵੇਲੇ ਈ.ਡੀ. ਲਲਿਤ ਮੋਦੀ ਨੂੰ ਟੀ-20 ਕ੍ਰਿਕਟ ਮਾਮਲੇ ਵਿਚ ਪੈਸਿਆਂ ਦੇ ਲੈਣ-ਦੇਣ ਵਿਚ ਬੇਨੇਮੀਆਂ ਨੂੰ ਲੈ ਕੇ ਭਾਲ ਰਹੀ ਸੀ। ਉਸ ਵੇਲੇ ਲਲਿਤ ਮੋਦੀ ਬ੍ਰਿਟੇਨ ਵਿਚ ਸੀ ਤੇ ਬ੍ਰਿਟਿਸ਼ ਸਰਕਾਰ ਭਾਰਤ ਨਾਲ ਸਬੰਧ ਖਰਾਬ ਹੋਣ ਦੇ ਡਰੋਂ ਉਨ੍ਹਾਂ ਨੂੰ ਪੁਰਤਗਾਲ ਦਾ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਵੇਲੇ ਸੁਸ਼ਮਾ ਸਵਰਾਜ ਨੇ ਬ੍ਰਿਟਿਸ਼ ਹਾਈਕਮਾਨ ਨਾਲ ਲਲਿਤ ਮੋਦੀ ਨੂੰ ਵੀਜ਼ਾ ਦੇਣ ਬਾਰੇ ਗੱਲਬਾਤ ਕੀਤੀ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮਾਸਿਕ ਮੀਟਿੰਗ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਜੂਨ ਮਹੀਨੇ ਦੀ ਲੰਘੇ ਸਨਿਚਰਵਾਰ ਨੂੰ ਇਥੇ ਹੋਈ ਮੀਟਿੰਗ ਵਿਚ ਜਿਥੇ ਸਾਹਿਤਕ ਰਚਨਾਵਾਂ ਦਾ ਦੌਰ ਚਲਿਆ, ਉਥੇ ਗਾਇਕਾਂ ਨੇ ਗੀਤ ਅਤੇ ਗਜ਼ਲਾਂ ਗਾ ਕੇ ਇਸ ਨੂੰ ਮਹਿਫਿਲ ਦਾ ਰੰਗ ਦੇ ਦਿਤਾ।



ਮੀਟਿੰਗ ਦਾ ਅਰੰਭ ਪ੍ਰੇਮ ਮਾਨ ਨੇ ਆਏ ਸਾਹਿਤਕਾਰਾਂ ਨੂੰ ਜੀ ਆਇਆਂ ਆਖ ਕੇ ਕੀਤਾ। ਇਸ ਤੋਂ ਬਾਦ ਮੀਟਿੰਗ ਦੀ ਸੰਚਾਲਕ ਸੰਗੀਤ ਸ਼ਰਮਾ ਨੇ ਡਾ. ਜੀਤ ਸਿੰਘ ਚੰਦਨ ਨੂੰ ਆਪਣੀਆਂ ਕਵਿਤਾਵਾਂ ਪੜ੍ਹਨ ਦਾ ਸੱਦਾ ਦਿੱਤਾ। ਡਾ. ਚੰਦਨ ਨੇ ਆਪਣੀਆਂ ਤਿੰਨ ਗ਼ਜ਼ਲਾਂ ਪੜ੍ਹੀਆਂ ਜਿਨ੍ਹਾਂ ਦੇ ਬੋਲ ਸਨ: 'ਇਸ਼ਕ ਵਿਚ ਆਬਾਦ ਥੋੜ੍ਹੇ ਨੇ, ਬਰਬਾਦ ਜ਼ਿਆਦਾ ਨੇ,' 'ਜ਼ਿੰਦਗੀ ਦਾ ਮੈਂ ਤਮਾਸ਼ਾ ਦੇਖਿਆ,' 'ਦਿਲ ਦਾ ਹਾਲ ਸੁਣਾਵਾਂ ਕਿਸ ਨੂੰ, ਆਪਣੇ ਜਿਹਾ ਬਣਾਵਾਂ ਕਿਸ ਨੂੰ।' ਫਿਰ ਉਨ੍ਹਾਂ ਸਿਮਰਨਜੋਤ ਮਾਨ ਦੀ ਇਕ ਗ਼ਜ਼ਲ ਸੁਣਾਈ। ਡਾ. ਚੰਦਨ ਨੇ ਇਹ ਸੁਝਾ ਵੀ ਦਿੱਤਾ ਕਿ ਹਰ ਮੀਟਿੰਗ ਵਿਚ ਇਕ ਵਿਸ਼ਾ ਲੈ ਕੇ ਉਸ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇ। ਇਸ ਤੋਂ ਬਾਦ ਰਾਜਿੰਦਰ ਜਿੰਦ ਨੇ ਆਪਣੀਆਂ ਦੋ ਗ਼ਜ਼ਲਾਂ ਸੁਣਾਈਆਂ ਜਿਨ੍ਹਾਂ ਦੇ ਬੋਲ ਸਨ, 'ਦੁੱਖ ਵੀ ਮੇਰੇ ਸੁੱਖ ਵੀ ਮੇਰੇ ਫਿਰ ਵੀ ਸ਼ਹਿਰ ਸਰੀਕਾਂ ਦਾ,' ਅਤੇ 'ਇਹ ਨਿੱਤ ਹੀ ਫੁੱਲ ਨਹੀਂ ਹੁੰਦਾ, ਇਹ ਨਿੱਤ ਹੀ ਖ਼ਾਰ ਨਹੀਂ ਹੁੰਦਾ' ਜਿਨ੍ਹਾਂ ਦੀ ਮੈਂਬਰਾਂ ਨੇ ਖ਼ੂਬ ਸ਼ਲਾਘਾ ਕੀਤੀ। ਤਰਲੋਚਨ ਸੱਚਰ ਨੇ ਆਪਣੀ ਕਹਾਣੀ 'ਇਕ ਸੱਚ ਇਕ ਸੁਪਨਾ' ਪੜ੍ਹੀ ਜੋ ਇਕ ਬਜ਼ੁਰਗ ਮਾਤਾ-ਪਿਤਾ ਦੇ ਅਮਰੀਕਾ ਆਉਣ ਤੇ ਆਪਣੇ ਹੀ ਬੱਚਿਆਂ ਹੱਥੋਂ ਜ਼ਲੀਲ ਹੋਣ ਦੀ ਵਾਰਤਾ ਹੈ। ਮੈਂਬਰਾਂ ਨੇ ਬਜ਼ੁਰਗ ਮਾਪਿਆਂ ਦੇ ਦਰਦ ਨੂੰ ਕਹਾਣੀ ਵਿਚ ਖ਼ੂਬਸੂਰਤੀ ਨਾਲ ਪੇਸ਼ ਕੀਤੇ ਜਾਣ ਦੀ ਪ੍ਰਸ਼ੰਸਾ ਕੀਤੀ। ਅਵਤਾਰ ਸ਼ੇਰਪੁਰੀ ਨੇ ਸੁਖਵਿੰਦਰ ਅੰਮ੍ਰਿਤ ਦੀ ਇਕ ਗ਼ਜ਼ਲ ਪੜ੍ਹੀ ਜਦੋਂਕਿ ਵਿਨੋਦ ਸਿੱਬਲ ਨੇ ਅਹਿਮਦ ਫਿਰਾਜ਼ ਦੀ ਕਵਿਤਾ 'ਸੁਨਾ ਹੈ' ਪੜ੍ਹੀ ਜਿਸ ਦੇ ਬੋਲ ਸਨ 'ਸੁਨਾ ਹੈ ਲੋਗ ਉਸੇ ਆਂਖ ਭਰ ਕੇ ਦੇਖਤੇ ਹੈਂ...।' ਗਾਇਕ ਅਜਾਇਬ ਸਿੰਘ ਨੇ ਦੋ ਗੀਤ ਗਾ ਕੇ ਮੈਂਬਰਾਂ ਦਾ ਮਨੋਰੰਜਨ ਕੀਤਾ। ਬੋਲ ਸਨ: 'ਸਹੁੰ ਰੱਬ ਦੀ ਬਿਸ਼ਨ ਕੁਰੇ ਸਾਨੂੰ ਮਹਿੰਗਾ ਪਿਆ ਕਨੇਡਾ,' ਅਤੇ 'ਰੋਟੀ ਖਾਧੀ ਹੈ ਕਿ ਨਹੀਂ ਇਕ ਮਾਂ ਪੁੱਛਦੀ, ਕਿੰਨੇ ਡਾਲਰ ਕਮਾਏ ਬਾਕੀ ਸਾਰੇ ਪੁੱਛਦੇ।' ਰਾਜਿੰਦਰ ਕੌਰ ਨੇ ਪੰਜਾਬੀ ਗੀਤ 'ਘਰ ਆ ਜਾ ਸੋਹਣਿਆਂ, ਕੱਲਿਆਂ ਗੁਜ਼ਾਰਾਂ ਕਿਵੇਂ ਰਾਤਾਂ ਕਾਲੀਆਂ' ਗਾ ਕੇ ਵਾਹ ਵਾਹ ਖੱਟੀ।

ਅਖੀਰ ਵਿਚ ਦਲਜੀਤ ਕੈਸ ਨੇ ਸੱਤ ਗੀਤ ਅਤੇ ਗ਼ਜ਼ਲਾਂ ਆਪਣੀ ਸੁਰੀਲੀ ਆਵਾਜ਼ ਵਿਚ ਗਾ ਕੇ ਮਾਹੌਲ ਨੂੰ ਮਹਿਫ਼ਿਲ ਵਿਚ ਬਦਲ ਦਿੱਤਾ। ਉਸ ਨੇ ਆਪਣੀਆਂ ਲਿਖੀਆਂ ਗ਼ਜ਼ਲਾਂ ਤੋਂ ਇਲਾਵਾ ਕੁਝ ਪੰਜਾਬੀ ਗੀਤ ਗਾਏ ਅਤੇ ਦੋ ਗੀਤ ਸ਼ਿਵ ਬਟਾਲਵੀ ਦੇ ਗਾਏ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸਰਬਜੀਤ ਜਿੰਦ, ਰੀਤਾ ਕੋਹਲੀ, ਰਾਜਵੰਤ ਮੋਖਾ, ਦਲਜੀਤ ਮੋਖਾ, ਸਰਬਜੀਤ ਮਾਨ, ਰਾਜ ਅਟਵਾਲ, ਰਜਨੀ ਛਾਬੜਾ, ਜਗਮੋਹਣ ਸਿੰਘ, ਕਿਰਨ ਤ੍ਰੇਹਨ, ਨੀਲਮ ਸਿੱਬਲ, ਰੋਹਨ ਸਿੰਘ, ਅਤੇ ਐਂਜਲਾ ਸਿੰਘ ਨੇ ਵੀ ਹਾਜ਼ਰੀ ਭਰੀ। ਸਭਾ ਦੀਆਂ ਵੀਡੀਓ ਯੂ-ਟਿਊਬ ਉਤੇ ਪੰਜਾਬੀ ਸਾਹਿਤ ਸਭਾ ਨਿਊ ਯਾਰਕ ਪਾ ਕੇ ਦੇਖੀਆਂ ਜਾ ਸਕਦੀਆਂ ਹਨ।

# ਬਾਬਾ ਦਲੀਪ ਸਿੰਘ ਨੰਗਲ ਲੁਬਾਣਾ ਦੀ ਬਰਸੀ ਮਨਾਈ

**ਨਿਊ ਯਾਰਕ (ਬਿਊਰੋ):** ਬਾਬਾ ਦਲੀਪ ਸਿੰਘ ਸੁਸਾਇਟੀ ਆਫ ਯੂ ਐਸ ਏ ਵਲੋਂ ਬਾਬਾ ਦਲੀਪ ਸਿੰਘ, ਜੋ ਨਗਰ ਦੇ ਮੋਢੀ ਵੀ ਸਨ, ਦੀ ਬਰਸੀ ਇਥੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਰਿੱਚਮੰਡ ਹਿੱਲ ਵਿਖੇ ਬੜੀ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਪਹੁੰਚਣ ਕਾਰਨ ਸਟਰੀਟ ਬੰਦ ਕਰਨੀ ਪਈ। ਸੰਗਤਾਂ ਲਈ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਦੇ ਸਟਾਲ ਲਾਏ ਹੋਏ ਸਨ।

ਅਖੰਡ ਪਾਠ ਦੇ ਭੋਗ ਉਪਰੰਤ ਜਨਰਲ ਸਕੱਤਰ ਕੁਲਦੀਪ ਸਿੰਘ ਖਾਲਸਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਅਤੇ ਬਾਬਾ ਦਲੀਪ ਸਿੰਘ ਦੀ ਜੀਵਨੀ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਜੋ ਮਹਾਂਪੁਰਸ਼ ਲੋਕਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ ਪਰ ਅੱਜ ਕੱਲ੍ਹ ਕਈ ਐਸੇ ਬਾਬੇ ਹਨ ਜੋ ਸਿੱਖੀ ਦੇ ਨਾਂ ਉਤੇ ਲੋਕਾਂ ਨੂੰ ਗੁੰਮਰਾਹ ਕਰਕੇ ਆਪਣਾ ਕਾਰੋਬਾਰ ਚਲਾ ਰਹੇ ਹਨ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਿੰਮਤ ਸਿੰਘ ਸਰਪੰਚ ਨੇ ਬਾਬਾ ਦਲੀਪ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨੰਗਲ ਵੈਲਫੇਅਰ ਸੁਸਾਇਟੀ ਦਾ ਧੰਨਵਾਦ ਕੀਤਾ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਐਡੀਸ਼ਨਲ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਬਾਬਾ ਦਲੀਪ ਸਿੰਘ ਬਾਰੇ ਕਥਾ ਵਿਆਖਿਆ ਕੀਤੀ। ਢਾਡੀ ਸਰੂਪ ਸਿੰਘ ਕੰਡਿਆਲਾ ਵਾਲਿਆਂ ਦੇ ਜਥੇ ਨੇ ਢਾਡੀ ਵਾਰਾਂ ਗਾ ਕੇ ਅਤੇ ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰੋਗਰਾਮ ਦੀ ਕਵਰੇਜ ਪੀ ਟੀ ਸੀ ਚੈਨਲ ਵਲੋਂ ਕੀਤੀ ਗਈ।





ਬਾਬਾ ਦਲੀਪ ਸਿੰਘ ਨੰਗਲ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ-ਤਜਿੰਦਰ ਸਿੰਘ ਨੰਗਲ, ਜਸਵਿੰਦਰ ਸਿੰਘ ਮਾਣਾ, ਸੂਬੇਦਾਰ ਮਹਿੰਦਰ ਸਿੰਘ, ਨਿਰਮਲ ਸਿੰਘ, ਮਾਸਟਰ ਗੁਰਮੇਲ ਸਿੰਘ, ਹੈਪੀ ਜੱਦੀ ਅਤੇ ਜਸਬੀਰ ਸਿੰਘ ਕਾਲਾ ਤੋਂ ਇਲਾਵਾ ਨੌਜਵਾਨ ਸਭਾ ਦੇ ਮੈਂਬਰ ਸੁਖਜਿੰਦਰ ਸਿੰਘ ਡੀ ਜੇ, ਗੁਰਿੰਦਰ ਸਿੰਘ ਸੋਖੀ, ਰਛਪਾਲ ਸਿੰਘ ਰਿਸ਼ੀ ਨੇ ਸਮਾਗਮ ਲਈ ਭਰਪੂਰ ਸਹਿਯੋਗ ਦਿੱਤਾ।

# ਪੀ.ਟੀ.ਸੀ. ਦੇ ਵਾਈਸ ਪ੍ਰੈਜ਼ੀਡੈਂਟ ਪਰਵੇਜ਼ ਜ਼ੈਦੀ ਦਾ ਨਿਊ ਯਾਰਕ 'ਚ ਸਨਮਾਨ

**ਨਿਊ ਯਾਰਕ (ਬਿਊਰੋ):** ਵਰ੍ਹਿਆਂ ਤੋਂ ਸਿੱਖ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨਾਲ ਟੀ.ਵੀ. ਜ਼ਰੀਏ ਜੋੜ ਰਹੇ ਪੀ.ਟੀ.ਸੀ. ਨੈਟਵਰਕ ਦੇ ਵਾਈਸ ਪ੍ਰੈਜ਼ੀਡੈਂਟ ਪਰਵੇਜ਼ ਜ਼ੈਦੀ ਰਾਹੀਂ ਪੰਜਾਬੀ ਸਭਿਆਚਾਰ ਨੂੰ ਇਧਰ ਵੱਸਦੇ ਲੋਕਾਂ ਤੱਕ ਪਹੁੰਚਾਉਣ ਲਈ ਉਹ ਅਮਰੀਕਾ ਤੇ ਕੈਨੇਡਾ ਦੀਆਂ ਧਾਰਮਿਕ ਸ਼ਖਸੀਅਤਾਂ ਅਤੇ ਕਲਾਕਾਰਾਂ ਨਾਲ ਰਾਬਤਾ ਬਣਾ ਰਹੇ ਹਨ। ਪਰਵੇਜ਼




ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਉਹ ਆਪਣੀ ਪਤਨੀ ਸ਼ਬਨੂਰ ਜ਼ੈਦੀ ਅਤੇ ਬੇਟੇ ਜ਼ੈਨ ਇਮਾਮ ਜ਼ੈਦੀ ਨਾਲ ਸਥਾਨਕ ਤਿੰਨ ਗੁਰੂ ਘਰਾਂ-ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਅਤੇ ਗੁਰੂ ਰਵਿਦਾਸ ਟੈਂਪਲ ਬਰਾਡਵੇਅ ਵਿਖੇ ਨਤਮਸਤਕ ਹੋਏ।

ਪਰਵੇਜ਼ ਜ਼ੈਦੀ ਨੇ ਸੰਗਤ ਨੂੰ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ 'ਚ ਲਾਂਚ ਹੋ ਚੁੱਕੇ ਨੈਟਵਰਕ ਦੇ ਤਿੰਨੇ ਚੈਨਲਾਂ-ਪੀ.ਟੀ.ਸੀ. ਨਿਊਜ਼, ਪੀ.ਟੀ.ਸੀ. ਪੰਜਾਬੀ ਅਤੇ ਪੀ.ਟੀ.ਸੀ. ਚੱਕ ਦੇ ਜ਼ੈਦੀ ਅਨੁਸਾਰ ਉਹ ਸਥਾਨਕ ਮਸਲਿਆਂ ਅਤੇ ਲੋਕਾਂ ਨਾਲ ਸਬੰਧਤ ਪ੍ਰੋਗਰਾਮ ਤਿੰਨੇ ਚੈਨਲਾਂ 'ਤੇ ਆਉਂਦੇ ਦਿਨਾਂ 'ਚ ਪਹਿਲਾਂ ਨਾਲੋਂ ਵਧਾਉਣ ਦੀ ਯੋਜਨਾ ਉਲੀਕ ਚੁੱਕੇ ਹਨ ਜੋ ਛੇਤੀ ਹੀ ਚੈਨਲਾਂ ਉਤੇ ਨਜ਼ਰ ਆਵੇਗਾ। ਇਸ ਫੇਰੀ ਦੌਰਾਨ ਤਿੰਨੇ ਗੁਰੂ ਘਰਾਂ 'ਚ ਪ੍ਰਬੰਧਕ ਕਮੇਟੀਆਂ ਵਲੋਂ ਪਰਵੇਜ਼ ਜ਼ੈਦੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਨਾਰਥ ਕਿਪਲਿੰਗ ਕਮਿਊਨਿਟੀ ਸੈਂਟਰ ਵਿਖੇ ਮੇਲਾ 21 ਜੂਨ ਨੂੰ

**ਟੋਰਾਂਟੋ:** ਡੈਮੋਕਰੈਟਿਕ ਸਾਊਥ ਏਸ਼ੀਅਨ ਸੀਨੀਅਰਜ਼ ਐਸੋਸੀਏਸ਼ਨ ਦੀ ਪਹਿਲਕਦਮੀ ਨਾਲ ਇਕ ਰੰਗਾਰੰਗ ਪ੍ਰੋਗਰਾਮ ਆਉਂਦੀ 21 ਜੂਨ ਨੂੰ ਨਾਰਥ ਕਿਪਲਿੰਗ ਕਮਿਊਨਿਟੀ ਸੈਂਟਰ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ।

ਇਹ ਸੂਚਨਾ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਦੇਵ ਸੂਦ ਨੇ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਦੌਰਾਨ ਭਾਈਚਾਰੇ ਨਾਲ ਸਬੰਧਤ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਏਗਾ। ਖਾਣ ਪੀਣ ਦਾ ਖੁਲ੍ਹਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਸ੍ਰੀ ਸੂਦ ਨਾਲ ਫੋਨ 416-553-0722 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲੰਡਨ 'ਚ ਡਾ. ਅੰਬੇਡਕਰ ਦਾ ਘਰ ਖਰੀਦੇਗੀ ਭਾਰਤ ਸਰਕਾਰ

**ਲੰਡਨ:** ਭਾਰਤ ਸਰਕਾਰ, ਲੰਡਨ ਵਿਚ ਤਕਰੀਬਨ 40 ਲੱਖ ਪੌਂਡ (39 ਕਰੋੜ ਰੁਪਏ ਤੋਂ ਵੀ ਵੱਧ) ਵਿਚ ਇਕ ਅਜਿਹੀ ਮਹੱਤਵਪੂਰਨ ਜਾਇਦਾਦ ਖਰੀਦਣ ਵਾਲੀ ਹੈ, ਜਿਥੇ ਡਾ. ਭੀਮ ਰਾਓ ਅੰਬੇਡਕਰ ਆਪਣੇ ਵਿਦਿਆਰਥੀ ਜੀਵਨ ਦੌਰਾਨ 1920 ਦੇ ਦਹਾਕੇ ਵਿਚ ਰਹਿੰਦੇ ਸਨ।

ਉੱਤਰ ਲੰਡਨ ਦੇ ਚਾਕ ਫਾਰਮ ਇਲਾਕੇ ਵਿਚ 10 ਕਿੰਗ ਹੈਨਰੀ ਰੋਡ ਉਤੇ ਸਥਿਤ ਟਾਊਨਹਾਊਸ ਦੇ ਬਾਹਰ ਲਿਖੇ ਹੋਏ 'ਅੰਡਰ ਆਫਰ' ਤੋਂ ਪਤਾ ਲਗਦਾ ਹੈ ਕਿ ਘਰ ਦੀ ਵਿਕਰੀ ਪ੍ਰਕਿਰਿਆ ਪੂਰੀ ਹੋਣ ਦੇ ਕਰੀਬ ਹੈ। ਭਾਰਤੀ ਹਾਈ ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਘਰ ਦੀ ਵਿਕਰੀ ਦਾ ਕੰਮ ਚੱਲ ਰਿਹਾ ਹੈ।

## ਬਜ਼ੁਰਗ ਕਾਂਗਰਸ ਆਗੂ ਸ਼ੀਲਾ ਕੌਲ ਦਾ ਦੇਹਾਂਤ

**ਗਾਜ਼ੀਆਬਾਦ:** ਕਾਂਗਰਸ ਦੀ ਸਭ ਤੋਂ ਬਿਰਧ ਸੰਸਦ ਮੈਂਬਰ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਰਿਸ਼ਤੇਦਾਰ ਸਾਬਕਾ ਕੇਂਦਰੀ ਮੰਤਰੀ ਸ਼ੀਲਾ ਕੌਲ ਦਾ ਦੇਹਾਂਤ ਹੋ ਗਿਆ। ਉਹ 101 ਸਾਲਾਂ ਦੇ ਸਨ। ਹਿਮਾਚਲ ਪ੍ਰਦੇਸ਼ ਦੀ ਸਾਬਕਾ ਗਵਰਨਰ ਸ਼ੀਲਾ ਕੌਲ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ। ਸ਼ੀਲਾ ਕੌਲ ਦਾ ਜਨਮ 7 ਫਰਵਰੀ 1915 ਨੂੰ ਹੋਇਆ।ਤੇ ਉਨ੍ਹਾਂ ਲਾਹੌਰ ਦੇ ਵਿਮੈਨ ਕਾਲਜ ਤੋਂ ਗਰੈਜੂਏਸ਼ਨ ਤੇ ਸਰ ਗੰਗਾ ਰਾਮ ਟਰੇਨਿੰਗ ਕਾਲਜ ਲਾਹੌਰ ਤੋਂ ਅਧਿਆਪਨ ਦੀ ਡਿਗਰੀ ਕੀਤੀ।

## ਯੋਗ ਦਿਵਸ ਮਨਾਉਣ ਦਾ ਸੱਦਾ

**ਸ਼ਿਕਾਗੋ (ਬਿਊਰੋ):** ਗਲੋਬਲ ਆਰਗੇਨਾਈਜ਼ੇਸ਼ਨ ਆਫ ਪੀਪਲ ਆਫ ਇੰਡੀਅਨ ਓਰੀਜਨ (ਗੋਪੀਓ) ਦੇ ਚੇਅਰਮੈਨ ਇੰਦਰ ਸਿੰਘ ਨੇ ਕਿਹਾ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਯੋਗ ਨੇ ਸੰਸਾਰ ਭਰ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਹੁਣ 21 ਜੂਨ ਨੂੰ ਸੰਸਾਰ ਯੋਗ ਦਿਵਸ ਮਨਾਉਣ ਕਾਰਨ ਇਸ ਬਾਰੇ ਵੱਡੇ ਪੱਧਰ ਉਤੇ ਚੇਤਨਾ ਫੈਲ ਰਹੀ ਹੈ। ਭਾਰਤ ਤੋਂ ਬਾਹਰ ਵੀ ਇਸ ਦੀ ਪੁੱਛ-ਪ੍ਰਤੀਤ ਵਧੀ ਹੈ। ਸਰੀਰਕ ਅਤੇ ਅਧਿਆਤਮਿਕ ਅਭਿਆਸ ਵਾਲੇ ਇਸ ਸਿਸਟਮ ਨੂੰ ਅਮਰੀਕਾ ਵਿਚ ਵੀ ਖ਼ੂਬ ਮਾਨਤਾ ਮਿਲੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ 2 ਕਰੋੜ ਤੋਂ ਵੱਧ ਅਮਰੀਕਨ ਫਿੱਟ ਰਹਿਣ ਲਈ ਕਿਸੇ ਨਾ ਕਿਸੇ ਰੂਪ ਵਿਚ ਯੋਗ ਨਾਲ ਜੁੜੇ ਹੋਏ ਹਨ। ਉਨ੍ਹਾਂ ਅਮਰੀਕਾ ਵਿਚ ਯੋਗ ਨੂੰ ਪ੍ਰਫੁੱਲਤ ਕਰਨ ਲਈ ਸਵਾਮੀ ਵਿਵੇਕਾਨੰਦ, ਪਰਮਹੰਸ ਯੋਗਨੰਦ, ਮਹੇਸ਼ ਯੋਗੀ, ਯੋਗੀ ਭਜਨ ਵੱਲੋਂ ਪਾਏ ਯੋਗਦਾਨ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਯੋਗ ਨਾਲ ਜੁੜਨ ਅਤੇ 21 ਜੂਨ ਨੂੰ ਸੰਸਾਰ ਭਰ ਵਿਚ ਮਨਾਏ ਜਾ ਰਹੇ ਸੰਸਾਰ ਯੋਗ ਦਿਵਸ ਵਿਚ ਆਪਣਾ ਬਣਦਾ ਯੋਗਦਾਨ ਪਾਉਣ।






# ਅਫਗਾਨਿਸਤਾਨ ਵਿਚ ਸਿੱਖ ਹੋਏ ਦਰ ਬਦਰ



**ਕਾਬੁਲ:** ਅਫ਼ਗਾਨਿਸਤਾਨ ਵਿਚ ਬੇਗਾਨਗੀ ਤੇ ਵਿਤਕਰੇ ਦੇ ਸ਼ਿਕਾਰ ਹੋਏ ਸਿੱਖਾਂ ਨੇ ਮੁਸਲਿਮ ਬਹੁਗਿਣਤੀ ਵਾਲੇ ਇਸ ਮੁਲਕ ਨੂੰ ਛੱਡਣਾ ਹੀ ਬਿਹਤਰ ਸਮਝਿਆ ਹੈ। 1990 ਦੇ ਦਹਾਕੇ ਵਿਚ ਅਫ਼ਗਾਨਿਸਤਾਨ ਵਿਚ ਸਿੱਖਾਂ ਦੀ ਆਬਾਦੀ ਇਕ ਲੱਖ ਦੇ ਕਰੀਬ ਸੀ ਪਰ ਹੁਣ ਅੰਦਾਜ਼ਨ 2500 ਸਿੱਖ ਹੀ ਰਹਿ ਗਏ ਹਨ। ਮੁਸਲਿਮ ਮੁਲਕ ਵਿਚ ਸਮਾਜ ਦੇ ਵਿਤਕਰੇ ਤੇ ਉਥੋਂ ਦੇ ਕੱਟੜਪੰਥੀਆਂ ਵੱਲੋਂ ਸਿੱਖ ਘਰਾਂ, ਕਾਰੋਬਾਰ ਤੇ ਗੁਰਦੁਆਰਿਆਂ ਉਤੇ ਕਬਜ਼ੇ ਕਰ ਲਏ ਗਏ। 23 ਵਰ੍ਹਿਆਂ ਦੇ ਫਾਰਮਾਸਿਸਟ ਚਰਨ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਫਿਕਰ ਹੈ ਕਿ ਜੇਕਰ ਹਾਲਾਤ ਨਾ ਬਦਲੇ ਤਾਂ ਇਥੇ ਟਿਕਣਾ ਮੁਸ਼ਕਲ ਹੈ। ਬੱਸ ਉਹੋ ਲੋਕ ਇਥੇ ਰਹਿ ਜਾਣਗੇ ਜਿਨ੍ਹਾਂ ਦਾ ਮੁਲਕ ਛੱਡਣਾ ਮੁਸ਼ਕਲ ਹੈ।

ਉਸ ਦੇ ਪੁਰਖੇ ਇਸ ਮੁਲਕ ਦੇ ਗਾਰਡੇਜ਼ ਵਿਚ 400 ਸਾਲ ਪਹਿਲਾਂ ਪੁੱਜੇ ਸਨ। ਇਹ ਇਲਾਕਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪਾਕਿਤਿਆ ਸੂਬੇ ਦੀ ਰਾਜਧਾਨੀ ਹੈ।ਉਸ ਦੇ ਪੁਰਖੇ ਅਮੀਰ ਕਾਰੋਬਾਰੀ ਤੇ ਜ਼ਮੀਨਾਂ ਦੇ ਮਾਲਕ ਸਨ।ਉਸ ਦਾ ਦਾਦਾ ਸਿੱਖ ਇਤਿਹਾਸ ਦਾ ਜਾਣਕਾਰ ਸੀ। ਹੁਣ ਪਰਿਵਾਰ ਕੋਲ ਜੱਦੀ ਜਾਇਦਾਦ ਨਾ ਦੇ ਬਰਾਬਰ ਹੈ। ਅਫ਼ਗਾਨ ਹਿੰਦੂ ਕਾਨੂੰਨਸਾਜ਼ ਅਨਾਰਕਲੀ ਕੌਰ ਹੁਨਰਯਾਰ ਮੁਤਾਬਕ ਉਨ੍ਹਾਂ ਦੀ ਜ਼ਮੀਨ ਗ਼ੈਰ ਕਾਨੂੰਨੀ ਕਬਜ਼ਿਆਂ ਤਹਿਤ ਦੱਬ ਲਈ ਗਈ। ਮਨੁੱਖੀ ਹੱਕਾਂ ਬਾਰੇ ਕਾਰਕੁਨ ਹੁਨਰਯਾਰ ਦਾ ਕਹਿਣਾ ਹੈ ਕਿ ਸਾਰੇ ਸੂਬਿਆਂ ਵਿਚ ਸਿੱਖਾਂ ਤੇ ਹਿੰਦੂਆਂ ਦੀਆਂ ਜ਼ਮੀਨਾਂ ਹਨ ਪਰ ਬਦਕਿਸਮਤੀ ਨਾਲ ਉਨ੍ਹਾਂ ਦੀਆਂ ਜ਼ਮੀਨਾਂ ਧੜੱਲੇਦਾਰਾਂ ਨੇ ਲੜਾਈ ਕਰਕੇ ਕਬਜ਼ਾ ਲਈਆਂ। ਅਫ਼ਗਾਨਿਸਤਾਨ ਵਿਚ ਹਿੰਦੂਆਂ ਦੀ ਹੋਣੀ ਵੀ ਅਜਿਹੀ ਹੈ।

ਸਿੱਖ ਤੇ ਹਿੰਦੂ ਧਰਮ ਭਾਵੇਂ ਵੱਖਰੇ-ਵੱਖਰੇ ਹਨ ਪਰ ਕਈ ਅਫ਼ਗਾਨੀ ਦੋਹਾਂ ਭਾਈਚਾਰਿਆਂ ਨੂੰ ਵਿਦੇਸ਼ੀ ਗ਼ੈਰ ਮੁਸਲਿਮ ਵਜੋਂ ਦੇਖਦੇ ਹਨ। ਅਫ਼ਗਾਨੀ ਸਿੱਖਾਂ ਨੂੰ ਜੰਗਾਂ ਕਰਕੇ ਵੀ ਨੁਕਸਾਨ ਝੱਲਣਾ ਪਿਆ। ਰੂਸ ਦੇ ਫਰਵਰੀ 1989 ਵਿਚ ਅਫ਼ਗਾਨਿਸਤਾਨ ਤੋਂ ਕਬਜ਼ਾ ਹਟਾਏ ਜਾਣ ਤੋਂ ਬਾਅਦ ਉਥੇ ਗ੍ਰਹਿ ਯੁੱਧ ਵਰਗੇ ਹਾਲਾਤ ਬਣ ਗਏ ਤੇ ਵੱਖ-ਵੱਖ ਮੁਜਾਹਿਦੀਨ ਧੜਿਆਂ ਨੇ ਲੜ ਕੇ ਇਲਾਕਿਆਂ ਉਤੇ ਕਬਜ਼ਾ ਕਰ ਲਿਆ। ਸੰਯੁਕਤ ਰਾਸ਼ਟਰ ਦੀ 2005 ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਾਬੁਲ ਵਿਚ ਅੱਠ ਗੁਰਦੁਆਰੇ ਤੇ ਚਾਰ ਮੰਦਰ ਲੜਾਈਆਂ ਦੌਰਾਨ ਨਸ਼ਟ ਹੋ ਗਏ ਹਨ। ਖਾਨਾਜੰਗੀ ਦੌਰਾਨ ਧਾਰਮਿਕ ਘੱਟ ਗਿਣਤੀਆਂ ਤੇ ਹੋਰ ਕਬਾਇਲੀ ਗੁੱਟਾਂ ਖ਼ਿਲਾਫ਼ ਰਵਈਆ ਸਖ਼ਤ ਹੋ ਗਿਆ।

ਤਾਲਿਬਾਨ ਦੇ ਦਬਾਅ ਕਾਰਨ ਸਿੱਖਾਂ ਤੇ ਹਿੰਦੂਆਂ ਨੂੰ ਇਸਲਾਮ ਕਬੂਲਣ ਤੇ ਆਪਣੀ ਪਛਾਣ ਉਜਾਗਰ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਅਜਿਹੇ ਹਾਲਾਤ ਵਿਚ ਮੁਸਲਿਮ ਲੋਕ ਵੀ ਉਨ੍ਹਾਂ ਨਾਲ ਵਪਾਰ ਕਰਨ ਤੋਂ ਕੰਨੀ ਕਤਰਾਉਂਦੇ ਰਹੇ ਹਨ। ਇਸ ਸਮੇਂ ਬਹੁਤੇ ਸਿੱਖਾਂ ਤੇ ਹਿੰਦੂਆਂ ਨੂੰ ਆਪਣੀਆਂ ਜ਼ਮੀਨਾਂ ਤੇ ਹੋਰ ਜਾਇਦਾਦਾਂ ਵੇਚਣ ਲਈ ਮਜਬੂਰ ਕੀਤਾ ਗਿਆ। ਕਈ ਥਾਂਈਂ ਤਾਂ ਅਫ਼ਗਾਨੀਆਂ ਨੇ ਸ਼ਰੇਆਮ ਘੱਟ ਗਿਣਤੀ ਭਾਈਚਾਰੇ ਦੀਆਂ ਜ਼ਮੀਨਾਂ ਹਥਿਆ ਲਈਆਂ ਤੇ ਗਲਤ ਕਾਗਜ਼ਾਤ ਤਿਆਰ ਕਰ ਲਏ। ਸਾਲ 2001 ਵਿਚ ਅਮਰੀਕਾ ਦੀ ਅਗਵਾਈ ਵਾਲੀਆਂ ਫੌਜਾਂ ਵੱਲੋਂ ਤਾਲਿਬਾਨ ਲੜਾਕਿਆਂ ਨੂੰ ਨੱਪਣ ਦੇ ਬਾਵਜੂਦ ਹਾਲਾਤ ਸੁਧਰੇ ਨਹੀਂ, ਭਾਵੇਂ ਸਿੱਖ ਭਾਈਚਾਰਾ ਇਸ ਦੀ ਤਵੱਕੋਂ ਰੱਖਦਾ ਸੀ।

ਆਸਾਂ ਉਤੇ ਬੂਰ ਨਾ ਪੈਣ ਕਾਰਨ ਕਈ ਸਿੱਖਾਂ ਨੇ ਮੁਲਕ ਛੱਡ ਦਿੱਤਾ ਕਿਉਂਕਿ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦਮ ਤੋੜ ਗਈ ਤੇ ਉਨ੍ਹਾਂ ਇਹ ਵੀ ਮਹਿਸੂਸ ਕੀਤਾ ਕਿ ਉਹ ਤਾਂ ਦੂਜੇ ਦਰਜੇ ਦੇ ਸ਼ਹਿਰੀ ਹਨ। ਤਾਲਿਬਾਨ ਹਕੂਮਤ ਦਾ ਦੌਰ ਲੰਘਣ ਪਿੱਛੋਂ ਸਾਲ 2002 ਵਿਚ ਰਾਸ਼ਟਰਪਤੀ ਹਾਮਿਦ ਕਰਜ਼ਈ ਦੇ ਸੱਤਾ ਵਿਚ ਆਉਣ ਉਤੇ ਗੈਰ-ਕਾਨੂੰਨੀ ਜ਼ਮੀਨਾਂ ਵਾਪਸ ਆਉਣ ਦੀ ਉਮੀਦ ਬੱਝੀ ਪਰ ਜ਼ਮੀਨ ਵਾਪਸ ਲੈਣੀ ਔਖੀ ਸਾਬਤ ਹੋਈ। ਕਾਬੁਲ ਮਿਊਂਸਪੈਲਟੀ ਨਾਲ ਸਬੰਧਤ ਇਕ ਬੁਲਾਰੇ ਅਬਦੁੱਲ ਕਾਦਿਰ ਅਰਜ਼ੂ ਨੇ ਕਿਹਾ ਕਿ ਮੁਲਕ ਵਿਚ ਜ਼ਮੀਨਾਂ ਉਤੇ ਕਬਜ਼ੇ ਆਮ ਸਮੱਸਿਆ ਹੈ ਤੇ ਸਰਕਾਰ ਸਿੱਖਾਂ ਦੀਆਂ ਜਾਇਦਾਦਾਂ ਵਾਪਸ ਦਿਵਾਉਣ ਲਈ ਯਤਨ ਕਰ ਰਹੀ ਹੈ। ਉਸ ਨੇ ਕਿਹਾ ਕਿ ਸਿੱਖ ਹੋਰਨਾਂ ਅਫ਼ਗਾਨੀਆਂ ਵਾਂਗ ਹੀ ਸੰਘਰਸ਼ ਦੀ ਲਪੇਟ ਵਿਚ ਆਏ ਹਨ। ਅਫ਼ਗਾਨੀ ਸਿੱਖਾਂ ਨੂੰ ਸ਼ਾਇਦ ਇਸ ਲਈ ਵਿਤਕਰਾ ਸਹਿਣ ਕਰਨਾ ਪਿਆ ਕਿਉਂਕਿ ਉਹ ਅਫ਼ਗਾਨਿਸਤਾਨ ਵਿਚ ਰਹਿਣਾ ਮਾਣ ਵਾਲੀ ਗੱਲ ਸਮਝਦੇ ਸਨ।

## ਜੰਮੂ ਵਿਚ ਮਾਰੇ ਗਏ ਸਿੱਖ ਨੌਜਵਾਨ ਕੇਸ ਦੀ ਜਾਂਚ ਦੇ ਹੁਕਮ

**ਜੰਮੂ:** ਜੰਮੂ ਕਸ਼ਮੀਰ ਦੀ ਸੂਬਾ ਸਰਕਾਰ ਨੇ ਜੰਮੂ ਦੇ ਡਿਵੀਜ਼ਨਲ ਕਮਿਸ਼ਨਰ ਪਵਨ ਕੋਟਵਾਲ ਨੂੰ ਚਾਰ ਜੂਨ ਨੂੰ ਗਾਡੀਗੜ੍ਹ ਖੇਤਰ ਤੇ ਰਾਣੀਬਾਗ ਵਿਚ ਹਿੰਸਕ ਪ੍ਰਦਰਸ਼ਨ ਦੌਰਾਨ ਮਾਰੇ ਗਏ ਸਿੱਖ ਨੌਜਵਾਨ ਦੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸੂਬਾ ਸਰਕਾਰ ਨੇ ਹਦਾਇਤ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਰਿਪੋਰਟ ਇਕ ਮਹੀਨੇ ਅੰਦਰ ਸੌਂਪੀ ਜਾਵੇ। ਇਸ ਤੋਂ ਪਹਿਲਾਂ ਜੰਮੂ ਵਿਚ ਹਿੰਸਕ ਮੁਜ਼ਾਹਰੇ ਦੌਰਾਨ ਮਾਰੇ ਗਏ ਸਿੱਖ ਨੌਜਵਾਨ ਜਸਜੀਤ ਸਿੰਘ ਦੇ ਮਾਮਲੇ ਵਿਚ ਸਿੱਖ ਜਥੇਬੰਦੀਆਂ ਨੇ ਨਿਆਇਕ ਜਾਂਚ ਦੀ ਮੰਗ ਕੀਤੀ ਹੈ। ਜੰਮੂ ਕਸ਼ਮੀਰ ਸਿੱਖ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਚੇਅਰਮੈਨ ਟੀ.ਐਸ. ਵਜ਼ੀਰ ਨੇ ਮਾਮਲੇ ਦੀ ਜਾਂਚ ਨਾ ਸ਼ੁਰੂ ਹੋਣ ਉਤੇ ਹੈਰਾਨੀ ਜ਼ਾਹਰ ਕਰਦਿਆਂ ਸਿੱਖ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕਰਨ ਨੂੰ ਸਮਝੌਤੇ ਦੀ ਉਲੰਘਣਾ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕਰਕੇ ਜੰਮੂ ਪੁਲਿਸ ਤੇ ਸਿੱਖ ਜਥੇਬੰਦੀਆਂ ਦਰਮਿਆਨ ਧਰਨਾ ਖ਼ਤਮ ਕਰਨ ਲਈ ਕੀਤੇ ਗਏ ਸਮਝੌਤੇ ਦੀ ਉਲੰਘਣਾ ਕੀਤੀ ਜਾ ਰਹੀ ਹੈ।

## ਦਿੱਲੀ ਕਮੇਟੀ ਵਲੋਂ ਪਾਕਿ ਦੇ ਗੁਰਧਾਮਾਂ ਦਾ ਪ੍ਰਬੰਧ ਸਥਾਨਕ ਕਮੇਟੀ ਨੂੰ ਸੌਂਪਣ ਦੀ ਮੰਗ

**ਨਵੀਂ ਦਿੱਲੀ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਸਿੱਧਾ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ ਤੇ ਗੁਰੂ ਗ੍ਰੰਥ ਸਾਹਿਬ ਨੂੰ ਇਨ੍ਹਾਂ ਸਾਰੀਆਂ ਜਾਇਦਾਦਾਂ ਦਾ ਅਸਲ ਮਾਲਕ ਐਲਾਨਣ ਦੀ ਅਪੀਲ ਕਰਦਿਆਂ ਪੱਤਰ ਲਿਖਿਆ ਗਿਆ ਹੈ।



ਮਨਜੀਤ ਸਿੰਘ ਜੀ.ਕੇ. ਨੇ ਵਕਫ਼ ਬੋਰਡ ਨੂੰ ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਿਆਂ ਦਾ ਮਾਲਕ ਦੱਸਣ ਉਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਬੋਰਡ ਸਿਰਫ਼ ਬਿਨਾਂ ਮਾਲਕ ਜਾਇਦਾਦਾਂ ਦੀ ਸੰਭਾਲ ਕਰਨ ਦਾ ਅਖ਼ਤਿਆਰ ਰੱਖਦਾ ਹੈ ਪਰ ਪਾਕਿਸਤਾਨ ਦੇ ਗੁਰਦੁਆਰੇ ਬੇਦਾਅਵੀ ਜਾਇਦਾਦ ਨਹੀਂ ਹਨ। ਜੀ.ਕੇ. ਨੇ ਕਿਹਾ ਕਿ ਪਾਕਿਸਤਾਨ ਵਿਚ ਵੱਸਦੇ ਸਿੱਖਾਂ ਦੇ ਨਾਲ ਹੀ ਸੰਸਾਰ ਭਰ ਵਿਚ ਰਹਿੰਦੇ ਦੋ ਕਰੋੜ ਤੋਂ ਵੱਧ ਸਿੱਖ ਜੋ ਕਿ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਤੱਖ ਗੁਰੂ ਮੰਨਦੇ ਹਨ, ਇਹ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੈ। ਗੁਰਦੁਆਰਾ ਪ੍ਰਬੰਧ ਦੇ ਪਿਛੋਕੜ ਬਾਰੇ ਸ਼ਰੀਫ਼ ਨੂੰ ਪੱਤਰ ਵਿਚ ਜੀ.ਕੇ. ਨੇ ਕਿਹਾ ਕਿ 20ਵੀਂ ਸਦੀ ਦੀ ਸ਼ੁਰੂਆਤ ਵਿਚ ਸਿੱਖਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਦੁਆਰਿਆਂ ਦੀ ਮਲਕੀਅਤ ਦਿਵਾਉਣ ਲਈ ਹੀ ਗੁਰਦੁਆਰਾ ਲਹਿਰ ਦੀ ਸ਼ੁਰੂਆਤ ਕੀਤੀ ਗਈ ਸੀ। ਸ੍ਰੀ ਜੀ.ਕੇ. ਨੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿਸਤਾਨ ਕਮੇਟੀ ਨੂੰ ਆਜ਼ਾਦ ਕਮੇਟੀ ਵਜੋਂ ਸੌਂਪਣ ਦੀ ਵੀ ਮੰਗ ਕੀਤੀ ਹੈ। ਅਮਰੀਕਾ, ਕੈਨੇਡਾ, ਯੂਰਪ, ਫਰਾਂਸ, ਜਰਮਨੀ ਤੇ ਪਾਕਿਸਤਾਨ ਦੇ ਸਿੱਖਾਂ ਨਾਲ ਮੁਲਾਕਾਤਾਂ ਵਿਚ ਇਸ ਸਬੰਧੀ ਉਭਰੀ ਰਾਏ ਦਾ ਜ਼ਿਕਰ ਕਰਦਿਆਂ ਜੀ.ਕੇ. ਨੇ ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਾ ਪੰਜਾ ਸਾਹਿਬ, ਨਨਕਾਣਾ ਸਾਹਿਬ, ਡੇਰਾ ਸਾਹਿਬ, ਕਰਤਾਰਪੁਰ ਸਾਹਿਬ ਤੇ ਹੋਰ ਗੁਰਧਾਮਾਂ ਨੂੰ ਬੋਰਡ ਦੇ ਚੁੰਗਲ ਤੋਂ ਆਜ਼ਾਦ ਕਰ ਕੇ ਸਿੱਖਾਂ ਨੂੰ ਸੌਂਪਣ ਦੀ ਮੰਗ ਕੀਤੀ ਹੈ। ਜੀ.ਕੇ. ਨੇ ਨਵਾਜ਼ ਸ਼ਰੀਫ਼ ਨੂੰ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੱਲੋਂ 21 ਮਈ 2015 ਨੂੰ ਦਿੱਲੀ ਕਮੇਟੀ ਨੂੰ ਭੇਜੇ ਗਏ ਪੱਤਰ ਦਾ ਹਵਾਲਾ ਦਿੰਦਿਆਂ ਸ਼ਰੀਫ਼ ਵੱਲੋਂ ਕਮੇਟੀ ਨੂੰ ਕਾਰਸੇਵਾ ਤੇ ਸਿੱਖ ਯਾਤਰੀਆਂ ਦੇ ਵੀਜ਼ੇ ਦੇ ਰਾਹ ਨੂੰ ਆਸਾਨ ਕਰਨ ਦੇ ਦਿੱਤੇ ਭਰੋਸੇ ਦਾ ਵੀ ਚੇਤਾ ਕਰਵਾਇਆ।

## ਹੇਮਕੁੰਟ ਸਾਹਿਬ ਯਾਤਰਾ ਲਈ ਸ਼ਰਧਾਲੂਆਂ 'ਚ ਉਤਸ਼ਾਹ



**ਅੰਮ੍ਰਿਤਸਰ:** ਪਹਿਲੀ ਜੂਨ ਤੋਂ ਰਸਮੀ ਤੌਰ ਉਤੇ ਸ਼ੁਰੂ ਹੋਈ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਪਹਿਲੇ ਦਸ ਦਿਨਾਂ ਵਿਚ ਤਕਰੀਬਨ 35 ਹਜ਼ਾਰ ਸ਼ਰਧਾਲੂਆਂ ਨੇ ਦਰਸ਼ਨ ਕੀਤੇ ਹਨ ਤੇ ਪਹਿਲੀ ਵਾਰ ਗੋਬਿੰਦਘਾਟ ਤੋਂ ਪਿੰਡ ਪੁਲਨਾ ਤੱਕ ਚਾਰ ਕਿਲੋਮੀਟਰ ਦੇ ਫਾਸਲੇ ਲਈ ਸ਼ਰਧਾਲੂਆਂ ਵਾਸਤੇ ਟੈਕਸੀ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਤੋਂ ਇਲਾਵਾ ਗੋਬਿੰਦਘਾਟ ਤੋਂ ਗੋਬਿੰਦ ਧਾਮ ਤੱਕ ਹੈਲੀਕਾਪਟਰ ਸੇਵਾ ਵੀ ਮੁਹੱਈਆ ਕੀਤੀ ਜਾ ਰਹੀ ਹੈ।

ਪਹਿਲੀ ਜੂਨ ਨੂੰ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੀ ਸ਼ੁਰੂਆਤ ਉਤਰਾਂਚਲ ਦੇ ਮੁੱਖ ਮੰਤਰੀ ਵੱਲੋਂ ਕੀਤੀ ਗਈ ਸੀ। ਦੋ ਸਾਲ ਪਹਿਲਾਂ ਉਤਰਾਂਚਲ ਵਿਚ ਆਏ ਹੜ੍ਹ ਕਾਰਨ ਪਿਛਲੇ ਵਰ੍ਹੇ ਸ਼ਰਧਾਲੂਆਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਸੀ ਪਰ ਇਸ ਵਾਰ ਮੁੜ ਸ਼ਰਧਾਲੂਆਂ ਵਿਚ ਉਤਸ਼ਾਹ ਹੈ। ਸ੍ਰੀ ਹੇਮਕੁੰਟ ਸਾਹਿਬ ਟਰੱਸਟ ਹੇਠ ਆਉਂਦੇ ਰਿਸ਼ੀਕੇਸ਼ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਮੈਨੇਜਰ ਦਰਸ਼ਨ ਸਿੰਘ ਦਾ ਕਹਿਣਾ ਹੈ ਕਿ ਰੋਜ਼ਾਨਾ ਤਿੰਨ ਤੋਂ ਚਾਰ ਹਜ਼ਾਰ ਸ਼ਰਧਾਲੂ ਯਾਤਰਾ ਲਈ ਪੁੱਜ ਰਹੇ ਹਨ, ਜਿਨ੍ਹਾਂ ਦੀ ਉਤਰਾਂਚਲ ਸਰਕਾਰ ਵੱਲੋਂ ਵੱਖ-ਵੱਖ 14 ਥਾਵਾਂ ਉਤੇ ਰਜਿਸਟਰੇਸ਼ਨ ਵੀ ਕੀਤੀ ਜਾ ਰਹੀ ਹੈ। ਦੋ ਸਾਲ ਪਹਿਲਾਂ ਆਏ ਹੜ੍ਹਾਂ ਤੋਂ ਬਾਅਦ ਪਿਛਲੇ ਵਰ੍ਹੇ ਉਤਰਾਂਚਲ ਸਰਕਾਰ ਵੱਲੋਂ ਚਾਰ ਧਾਮ ਯਾਤਰਾ ਸਮੇਤ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਲਈ ਰਜਿਸਟਰੇਸ਼ਨ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਇਸ ਸਾਲ ਵੀ ਚਾਰ ਧਾਮ ਯਾਤਰਾ ਤੇ ਹੇਮਕੁੰਟ ਸਾਹਿਬ ਯਾਤਰਾ ਲਈ ਰਜਿਸਟਰੇਸ਼ਨ ਚੱਲ ਰਹੀ ਹੈ। ਇਸ ਬਾਰੇ ਇਕ ਸਟਾਲ ਰਿਸ਼ੀਕੇਸ਼ ਸਥਿਤ ਗੁਰਦੁਆਰੇ ਵਿਖੇ ਵੀ ਸਥਾਪਤ ਹੈ। ਉਨ੍ਹਾਂ ਦੱਸਿਆ ਕਿ ਰਿਸ਼ੀਕੇਸ਼ ਤੇ ਗੋਬਿੰਦਘਾਟ ਤੱਕ ਸੜਕ ਮਾਰਗ ਪੂਰੀ ਤਰ੍ਹਾਂ ਠੀਕ ਹੈ ਤੇ ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਯਾਤਰੂਆਂ ਲਈ ਪੈਦਲ ਮਾਰਗ ਨੂੰ ਠੀਕ ਕੀਤਾ ਗਿਆ ਸੀ।

## ਪੰਜ ਨਗਾਰੇ ਵਜਾਉਣ ਨਾਲ ਸਥਾਪਨਾ ਦਿਵਸ ਸਮਾਗਮਾਂ ਦਾ ਆਗਾਜ਼

**ਸ੍ਰੀ ਅਨੰਦਪੁਰ ਸਾਹਿਬ:** ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਬੰਧੀ ਧਾਰਮਿਕ ਸਮਾਗਮਾਂ ਦਾ ਆਗਾਜ਼ ਪੰਜ ਪੁਰਾਤਨ ਨਗਾਰਿਆਂ ਨੂੰ ਵਜਾਉਣ ਉਪਰੰਤ ਕੀਤਾ ਗਿਆ। ਗੁਰਦੁਆਰਾ ਭੋਰਾ ਸਾਹਿਬ ਵਿਖੇ ਅਖੰਡ ਪਾਠ ਆਰੰਭ ਕੀਤੇ ਗਏ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਸਮਾਗਮਾਂ ਦੀ ਨਿਰਵਿਘਨ ਸੰਪੂਰਨਤਾ ਦੀ ਅਰਦਾਸ ਕੀਤੀ।

ਗੁਰਦੁਆਰਾ ਭੋਰਾ ਸਾਹਿਬ ਜਿਥੇ ਗੁਰੂ ਤੇਗ ਬਹਾਦਰ ਜੀ ਨੇ ਚੱਕ ਮਾਤਾ ਨਾਨਕੀ ਨਗਰ ਦੀ ਨੀਂਹ ਰਖਵਾਈ ਸੀ, ਵਿਖੇ ਖਾਲਸਈ ਜਾਹੋ ਜਲਾਲ ਨਾਲ ਧਾਰਮਿਕ ਸਮਾਗਮਾਂ ਦਾ ਆਗਾਜ਼ ਕੀਤਾ ਗਿਆ। ਸਭ ਤੋਂ ਪਹਿਲਾਂ ਗੁਰਦੁਆਰਾ ਭੋਰਾ ਸਾਹਿਬ ਵਿਖੇ ਪੁਰਾਤਨ ਦਿੱਖ ਅਨੁਸਾਰ ਨਵੀਨੀਕਰਨ ਕਰਨ ਦੀ ਕਾਰ ਸੇਵਾ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਸ ਤੋਂ ਬਾਅਦ ਅਖੰਡ ਪਾਠ ਆਰੰਭ ਕੀਤਾ ਗਿਆ ਅਤੇ ਸਮਾਗਮਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ।

ਇਸ ਮੌਕੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਹਾਜ਼ਰੀ ਭਰੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਪਰਮਜੀਤ ਸਿੰਘ ਲੱਖੇਵਾਲ, ਅਜਮੇਰ ਸਿੰਘ ਖੇੜਾ, ਸਕੱਤਰ ਸੁਖਦੇਵ ਸਿੰਘ ਭੂਰਾ, ਮੀਤ ਸਕੱਤਰ ਜਗੀਰ ਸਿੰਘ, ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ, ਨਗਰ ਕੌਂਸਲ ਪ੍ਰਧਾਨ ਮਹਿੰਦਰ ਸਿੰਘ ਵਾਲੀਆ, ਗੁਰਿੰਦਰ ਸਿੰਘ ਗੋਗੀ ਵੀ ਹਾਜ਼ਰ ਸਨ।

### ਜਲੰਧਰ ਦਾ ਨੌਜਵਾਨ ਥਾਈਲੈਂਡ ਵਿਚ ਅਗਵਾ

**ਜਲੰਧਰ:** ਥਾਈਲੈਂਡ ਵਿਚ ਜਲੰਧਰ ਦੇ ਇਕ ਨੌਜਵਾਨ ਨੂੰ ਅਗਵਾ ਕਰ ਲਿਆ ਗਿਆ ਹੈ ਤੇ ਇਸ ਬਦਲੇ ਪਰਿਵਾਰ ਤੋਂ ਦਸ ਲੱਖ ਦੀ ਫਿਰੌਤੀ ਮੰਗੀ ਗਈ ਹੈ। ਅਗਵਾ ਹੋਏ ਨੌਜਵਾਨ ਦੀ ਪਛਾਣ ਅਜੇ ਕੁਮਾਰ (22) ਵਾਸੀ ਨਿਊ ਸ਼ਾਸਤਰੀ ਨਗਰ ਵਜੋਂ ਹੋਈ ਹੈ। ਅਜੇ 10 ਜੂਨ ਨੂੰ ਆਪਣੇ ਦੋਸਤ ਹਰਕੰਵਲ ਸਿੰਘ ਨਾਲ ਘਰੋਂ ਗਿਆ ਸੀ ਤੇ 13 ਜੂਨ ਨੂੰ ਉਨ੍ਹਾਂ ਨੇ ਕੋਲਕਾਤਾ ਤੋਂ ਥਾਈਲੈਂਡ ਦੀ ਫਲਾਈਟ ਫੜੀ ਸੀ। ਇਸੇ ਦਿਨ ਹੀ ਉਹ ਦੋਵੇਂ ਥਾਈਲੈਂਡ ਪਹੁੰਚ ਗਏ। 15 ਜੂਨ ਨੂੰ ਅਜੇ ਦੇ ਘਰ ਵਾਲਿਆਂ ਨੂੰ ਅਗਵਾਕਾਰਾਂ ਦਾ ਫੋਨ ਆ ਗਿਆ।

## ਅਮਰੀਕੀ ਫੌਜ ਖਿਲਾਫ 'ਜੰਗ' ਜਿੱਤਿਆ ਏਕਨੂਰ

**ਵਾਸ਼ਿੰਗਟਨ:** ਫੈਡਰਲ ਅਦਾਲਤ ਨੇ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਅਮਰੀਕੀ ਫ਼ੌਜ ਨੂੰ ਹੁਕਮ ਦਿੱਤਾ ਹੈ ਕਿ ਉਹ ਏਕਨੂਰ ਸਿੰਘ ਨਾਮੀ ਸਿੱਖ ਵਿਦਿਆਰਥੀ ਨੂੰ ਕੇਸ ਕਤਲ ਕਰਨ ਤੇ ਦਸਤਾਰ ਲਾਹੁਣ ਦੀ ਸ਼ਰਤ ਤੋਂ ਬਿਨਾਂ ਰਿਜ਼ਰਵ ਆਫੀਸਰ ਟ੍ਰੇਨਿੰਗ ਕੋਰ (ਆਰ.ਓ.ਟੀ.ਸੀ.) ਵਿਚ ਦਾਖਲਾ ਦੇਵੇ। ਆਰ.ਓ.ਟੀ.ਸੀ. ਇਕ ਕਾਲਜ ਆਧਾਰਤ ਪ੍ਰੋਗਰਾਮ ਹੈ ਜਿਥੇ ਅਮਰੀਕੀ ਫ਼ੌਜ ਵਿਚ ਅਫ਼ਸਰ ਪੱਧਰ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਫ਼ੌਜ ਨੇ ਏਕਨੂਰ ਸਿੰਘ ਨੂੰ ਦਾਖਲਾ ਲੈਣ ਤੋਂ ਪਹਿਲਾਂ ਕੇਸ ਤੇ ਦਾੜ੍ਹੀ ਕੱਟਣ ਲਈ ਕਿਹਾ ਸੀ ਜਿਸ ਤੋਂ ਬਾਅਦ ਏਕਨੂਰ ਨੇ 2013 ਵਿਚ ਯੂਨਾਈਟਿਡ ਸਿੱਖਜ਼ ਤੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਕੋਲ ਪਹੁੰਚ ਕੀਤੀ ਤੇ ਨਵੰਬਰ 2014 ਵਿਚ ਇਨ੍ਹਾਂ ਸੰਸਥਾਵਾਂ ਨੇ ਇਸ ਮਾਮਲੇ ਨੂੰ ਚੁੱਕਿਆ ਸੀ।

ਅਮਰੀਕੀ ਫ਼ੌਜ ਨੇ ਇਤਰਾਜ਼ ਕੀਤਾ ਸੀ ਕਿ ਏਕਨੂਰ ਸਿੰਘ ਦੇ ਧਾਰਮਕ ਚਿੰਨ੍ਹ ਅਨੁਸ਼ਾਸਨ, ਸਿਹਤ, ਫੁਰਤੀ ਤੇ ਸੁਰੱਖਿਆ ਵਿਚ ਵਿਘਨ ਪਾਉਣਗੇ। ਇਸ ਉਤੇ ਅਦਾਲਤ ਨੇ ਤਰਕ ਦਿੱਤਾ ਕਿ ਅਮਰੀਕੀ ਫ਼ੌਜ ਵਿਚ ਇਸ ਤੋਂ ਪਹਿਲਾਂ ਵੀ ਕਈ ਸਿੱਖ ਕੇਸ ਕਤਲ ਕਰਾਏ ਬਿਨਾਂ ਸੇਵਾ



ਨਿਭਾਅ ਚੁੱਕੇ ਹਨ ਤੇ ਕਈ ਅਜਿਹੇ ਵਿਅਕਤੀ ਵੀ ਅਮਰੀਕੀ ਫ਼ੌਜ ਵਿਚ ਰਹਿ ਚੁੱਕੇ ਹਨ ਜਿਨ੍ਹਾਂ ਨੂੰ ਮੈਡੀਕਲ ਕਾਰਨਾਂ ਕਰਕੇ ਦਾੜ੍ਹੀ ਕੱਟਣ ਦੀ ਮਨਾਹੀ ਸੀ। ਇਸ ਲਈ ਇਨ੍ਹਾਂ ਕਾਰਨ ਫ਼ੌਜ ਦੇ ਕੰਮ ਵਿਚ ਕੋਈ ਵਿਘਨ ਪੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਦਾਲਤ ਨੇ ਏਕਨੂਰ ਸਿੰਘ ਦੇ ਹੱਕ ਵਿਚ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਫ਼ੌਜ ਵੱਲੋਂ ਦਾਖਲਾ ਦੇਣ ਤੋਂ ਨਾਂਹ ਕਰਨਾ, ਧਾਰਮਕ ਰਹੁ-ਰੀਤਾਂ ਮੰਨਣ ਦੀ ਆਜ਼ਾਦੀ ਦਿੰਦੇ ਕਾਨੂੰਨ-ਰਲੀਜੀਅਸ ਫ਼ਰੀਡਮ ਰੈਸਟੋਰੇਸ਼ਨ ਐਕਟ ਦੀ ਉਲੰਘਣਾ ਹੈ। ਇਸ ਇਤਿਹਾਸਕ ਫ਼ੈਸਲੇ ਤੋਂ ਬਾਅਦ ਹੁਣ ਏਕਨੂਰ ਸਿੰਘ ਆਪਣੇ ਧਰਮ ਨਾਲ ਬਿਨਾਂ ਕੋਈ ਸਮਝੌਤਾ ਕੀਤਿਆਂ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਸਕੇਗਾ ਤੇ ਇਕ ਹੋਰ ਸਿੱਖ ਦਾ ਨਾਂ ਅਮਰੀਕੀ ਫ਼ੌਜ ਦੇ ਇਤਿਹਾਸ ਵਿਚ ਦਰਜ ਹੋ ਜਾਵੇਗਾ। ਅਦਾਲਤ ਦੇ ਇਸ ਫ਼ੈਸਲੇ ਉਤੇ ਖ਼ੁਸ਼ੀ ਪ੍ਰਗਟ ਕਰਦਿਆਂ ਏਕਨੂਰ ਨੇ ਕਿਹਾ ਕਿ ਉਸ ਨੂੰ ਖ਼ੁਸ਼ੀ ਹੈ ਕਿ ਸਾਡੇ ਦੇਸ਼ ਦੇ ਕਾਨੂੰਨ ਸਦਕਾ ਹੁਣ ਮੈਂ ਆਪਣਾ ਸੁਫ਼ਨਾ ਪੂਰਾ ਕਰ ਸਕਾਂਗਾ। ਯੂਨਾਈਟਿਡ ਸਿੱਖਜ਼ ਦੇ ਵਕੀਲ ਮਨਮੀਤ ਸਿੰਘ ਨੇ ਇਸ ਫ਼ੈਸਲੇ ਬਾਰੇ ਕਿਹਾ ਕਿ ਕਿਸੇ ਸਿੱਖ ਨੂੰ ਫ਼ੌਜ ਦੇ ਪ੍ਰੋਗਰਾਮ ਵਿਚ ਦਾਖਲਾ ਦੇਣ ਲਈ ਦਿੱਤੀ ਰਾਹਤ ਦਾ ਇਹ ਪਹਿਲਾ ਮਾਮਲਾ ਹੈ। ਇਸ ਇਤਿਹਾਸਕ ਜਿੱਤ ਤੋਂ ਸਿੱਖਾਂ ਦੀਆਂ ਆਉਣ ਵਾਲੀਆਂ ਨਸਲਾਂ ਸਬਕ ਲੈ ਸਕਣਗੀਆਂ।ਉਨ੍ਹਾਂ ਲਈ ਇਹ ਸਭ ਤੋਂ ਜ਼ਿਆਦਾ ਖ਼ੁਸ਼ੀ ਦੀ ਗੱਲ ਹੈ ਕਿ ਏਕਨੂਰ ਸਿੰਘ ਧਾਰਮਕ ਰਹੁ-ਰੀਤਾਂ ਦਾ ਤਿਆਗ ਕੀਤੇ ਬਿਨਾਂ ਦੁਨੀਆਂ ਭਰ ਦੀਆਂ ਫ਼ੌਜਾਂ ਵਿਚ ਸੇਵਾ ਨਿਭਾਅ ਰਹੇ ਸਿੱਖਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ।

# ਲਗਜ਼ਰੀ ਕਾਰਾਂ ਨੇ ਪੰਜਾਬ ਦੇ ਖਜ਼ਾਨੇ ਦਾ ਧੂੰਆਂ ਕੱਢਿਆ

**ਬਠਿੰਡਾ:** ਪ੍ਰਾਈਵੇਟ ਕਾਰਾਂ ਵਰਤਣ ਵਾਲੇ ਪੰਜਾਬ ਦੇ ਵਜ਼ੀਰਾਂ ਅਤੇ ਮੁੱਖ ਸੰਸਦੀ ਸਕੱਤਰਾਂ ਨੇ ਸਰਕਾਰੀ ਖਜ਼ਾਨੇ ਦਾ ਮੀਟਰ ਘੁੰਮਾ ਦਿੱਤਾ ਹੈ। ਪੰਜ ਵਜ਼ੀਰਾਂ ਅਤੇ 11 ਮੁੱਖ ਸੰਸਦੀ ਸਕੱਤਰਾਂ ਨੇ ਸਰਕਾਰੀ ਕੈਮਰੀ ਤੇ ਕਰੋਲਾ ਨੂੰ ਅਲਵਿਦਾ ਆਖ ਕੇ ਨਿੱਜੀ ਫਾਰਚੂਨਰ ਤੇ ਇਨੋਵਾ ਗੱਡੀਆਂ 'ਤੇ ਸਫਰ ਸ਼ੁਰੂ ਕਰ ਦਿੱਤਾ ਹੈ। ਸਰਕਾਰ ਵਲੋਂ ਇਨ੍ਹਾਂ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਪ੍ਰਤੀ ਕਿਲੋਮੀਟਰ 15 ਰੁਪਏ ਤੇਲ ਖਰਚ ਦਿੱਤਾ ਜਾਂਦਾ ਸੀ। ਸਰਕਾਰ ਨੇ ਹੁਣ ਇੱਕ ਜੂਨ ਤੋਂ ਇਸ ਵਿਚ ਵਾਧਾ ਕਰ ਕੇ 18 ਰੁਪਏ ਪ੍ਰਤੀ ਕਿਲੋਮੀਟਰ ਤੇਲ ਖਰਚ ਕਰ ਦਿੱਤਾ ਹੈ।

ਪੰਜਾਬ ਦੀ ਮੰਤਰੀ ਮੰਡਲ ਸ਼ਾਖਾ ਤੋਂ ਆਰ.ਟੀ.ਆਈ ਵਿਚ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਸਾਲ 2012 13 ਵਿਚ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਆਪਣੇ ਪ੍ਰਾਈਵੇਟ ਵਾਹਨ ਵਰਤਣ ਦੀ ਖੁੱਲ੍ਹ ਦੇ ਦਿੱਤੀ ਸੀ। ਰਾਜ ਸਰਕਾਰ ਤੇਲ ਖਰਚ ਤੋਂ ਬਿਨਾਂ ਡਰਾਈਵਰ ਦੀ ਤਨਖਾਹ ਅਤੇ ਮੁਰੰਮਤ ਵਾਸਤੇ ਪ੍ਰਤੀ ਮਹੀਨਾ 10 ਹਜ਼ਾਰ ਰੁਪਏ ਵੀ ਦਿੰਦੀ ਹੈ। ਪ੍ਰਾਈਵੇਟ ਕਾਰਾਂ ਵਰਤਣ ਵਾਲੇ ਵਜ਼ੀਰ ਤੇ ਮੁੱਖ ਸੰਸਦੀ ਸਕੱਤਰ ਰੋਜ਼ਾਨਾ 200 ਤੋਂ 250 ਕਿਲੋਮੀਟਰ ਸਫਰ ਕਰਨ ਲੱਗੇ ਹਨ ਕਿਉਂਕਿ ਤੇਲ ਖਰਚ ਦੀ ਕੋਈ ਸੀਮਾ ਹੀ ਨਹੀਂ ਹੈ। ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਆਪਣੀ ਫਾਰਚੂਨਰ ਗੱਡੀ 3 ਸਤੰਬਰ 2013 ਤੋਂ ਵਰਤ ਰਹੇ ਹਨ। ਸ਼ੁਰੂ ਤੋਂ ਫਰਵਰੀ 2015 ਤੱਕ ਉਹ ਰੋਜ਼ਾਨਾ ਔਸਤਨ 236 ਕਿਲੋਮੀਟਰ ਪ੍ਰਾਈਵੇਟ ਗੱਡੀ ਵਿਚ ਸਫਰ ਕਰ ਰਹੇ ਹਨ। ਖਜ਼ਾਨੇ ਚੋਂ ਉਨ੍ਹਾਂ ਨੂੰ 480 ਦਿਨਾਂ ਦੇ 17.04 ਲੱਖ ਰੁਪਏ ਤੇਲ ਖਰਚ ਦੇ ਜਾਰੀ ਹੋਏ ਹਨ। ਜਨ ਸਿਹਤ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਵੀ 12 ਜਨਵਰੀ 2015 ਤੋਂ ਫਾਰਚੂਨਰ ਗੱਡੀ ਵਰਤਣੀ ਸ਼ੁਰੂ ਕੀਤੀ ਹੈ। 31 ਮਾਰਚ 2015 ਤੱਕ ਉਨ੍ਹਾਂ ਦੀ ਪ੍ਰਾਈਵੇਟ ਗੱਡੀ ਰੋਜ਼ਾਨਾ ਔਸਤ 218 ਕਿਲੋਮੀਟਰ ਚੱਲੀ ਹੈ। ਕੈਬਨਿਟ ਵਜ਼ੀਰ ਸਿਕੰਦਰ ਸਿੰਘ ਮਲੂਕਾ ਅਤੇ ਜਨਮੇਜਾ ਸਿੰਘ ਸੇਖੋਂ ਪ੍ਰਾਈਵੇਟ ਫਾਰਚੂਨਰ ਗੱਡੀਆਂ ਵਰਤ ਰਹੇ ਹਨ। ਇਵੇਂ ਹੀ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਨਵੰਬਰ 2014 ਤੋਂ ਆਪਣੀ ਪ੍ਰਾਈਵੇਟ ਟੌਇਟਾ ਇਨੋਵਾ ਵਰਤਣੀ ਸ਼ੁਰੂ ਕੀਤੀ ਹੈ ਜਿਸ ਦੇ ਤੇਲ ਖਰਚ ਦੇ ਵੇਰਵੇ ਪ੍ਰਾਪਤ ਨਹੀਂ ਹੋਏ ਹਨ। ਵਜ਼ੀਰ ਰੱਖੜਾ ਦਾ ਤਰਕ ਹੈ ਕਿ ਸਰਕਾਰੀ ਗੱਡੀਆਂ ਕਾਫੀ ਪੁਰਾਣੀਆਂ ਹੋ ਗਈਆਂ ਹਨ ਜਿਸ ਕਰ ਕੇ ਵਜ਼ੀਰ ਨਿਯਮਾਂ ਦੇ ਦਾਇਰੇ ਵਿਚ ਰਹਿ ਕੇ ਹੀ ਨਿੱਜੀ ਵਾਹਨ ਵਰਤ ਰਹੇ ਹਨ। ਮੁੱਖ ਸੰਸਦੀ ਸਕੱਤਰ ਹਰਮੀਤ ਸਿੰਘ ਸੰਧੂ ਆਪਣੀ ਫਾਰਚੂਨਰ ਗੱਡੀ ਵਿਚ ਸਫਰ ਕਰਦੇ ਹਨ ਜੋ ਰੋਜ਼ਾਨਾ ਔਸਤਨ 311 ਕਿਲੋਮੀਟਰ ਚੱਲਦੀ ਹੈ। ਉਨ੍ਹਾਂ ਦੀ ਫਾਰਚੂਨਰ ਗੱਡੀ 257 ਦਿਨਾਂ ਵਿਚ 80,151 ਕਿਲੋਮੀਟਰ ਚੱਲੀ ਹੈ ਜਿਸ ਦਾ 12.02 ਲੱਖ ਰੁਪਏ ਤੇਲ ਖਰਚ ਖਜ਼ਾਨੇ ਚੋਂ ਤਾਰਿਆ ਗਿਆ ਹੈ। ਹਰਮੀਤ ਸੰਧੂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਹਲਕਾ ਰਾਜਧਾਨੀ ਤੋਂ ਦੂਰ ਪੈਂਦਾ ਹੈ ਅਤੇ ਹਲਕਾ ਭੂਗੋਲਿਕ ਤੌਰ ਤੇ ਲੰਮਾ ਚੌੜਾ ਹੋਣ ਕਰ ਕੇ ਗੱਡੀ ਜ਼ਿਆਦਾ ਚੱਲਦੀ ਹੈ। ਮੁੱਖ ਸੰਸਦੀ ਸਕੱਤਰ ਅਮਰਪਾਲ ਸਿੰਘ ਅਜਨਾਲਾ ਆਪਣੀ ਪ੍ਰਾਈਵੇਟ ਟੋਇਟਾ ਕਿਰਲੋਸਕਰ ਗੱਡੀ ਵਰਤਦੇ ਹਨ। ਉਨ੍ਹਾਂ ਦੀ ਗੱਡੀ ਸਤੰਬਰ 2014 ਤੋਂ ਫਰਵਰੀ 2015 ਤੱਕ ਔਸਤ 282 ਕਿਲੋਮੀਟਰ ਰੋਜ਼ਾਨਾ ਚੱਲਦੀ ਰਹੀ ਹੈ। ਉਨ੍ਹਾਂ ਨੂੰ 7.63 ਲੱਖ ਰੁਪਏ ਦਾ ਤੇਲ ਖਰਚ ਦਿੱਤਾ ਗਿਆ ਹੈ। ਮੁੱਖ ਸੰਸਦੀ ਸਕੱਤਰ (ਖੇਡਾਂ ਤੇ ਯੁਵਕ ਮਾਮਲੇ) ਪਵਨ ਕੁਮਾਰ ਟੀਨੂੰ ਦੀ ਨਿੱਜੀ ਗੱਡੀ ਰੋਜ਼ਾਨਾ ਔਸਤਨ 224 ਕਿਲੋਮੀਟਰ ਚੱਲਦੀ ਹੈ। ਉਨ੍ਹਾਂ ਨੂੰ ਸਵਾ ਦੋ ਸਾਲਾਂ ਦਾ ਤੇਲ ਖਰਚਾ 27.63 ਲੱਖ ਰੁਪਏ ਜਾਰੀ ਕੀਤਾ ਗਿਆ ਹੈ।

ਮੁੱਖ ਸੰਸਦੀ ਸਕੱਤਰ ਨੰਦ ਲਾਲ 16 ਅਪਰੈਲ 2013 ਤੋਂ ਆਪਣੀ ਇਨੋਵਾ ਗੱਡੀ ਵਰਤ ਰਹੇ ਹਨ ਜੋ ਰੋਜ਼ਾਨਾ ਔਸਤਨ 190 ਕਿਲੋਮੀਟਰ ਸਫਰ ਕਰਦੇ ਹਨ। ਉਨ੍ਹਾਂ ਨੂੰ ਕਰੀਬ ਡੇਢ ਸਾਲ ਦੇ 15.66 ਲੱਖ ਰੁਪਏ ਤੇਲ ਖਰਚ ਦੇ ਦਿੱਤੇ ਗਏ ਹਨ। ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਆਪਣੀ ਫਾਰਚੂਨਰ ਗੱਡੀ ਵਰਤ ਰਹੇ ਹਨ। ਮੁੱਖ ਸੰਸਦੀ ਸਕੱਤਰ ਸਰੂਪ ਚੰਦ ਸਿੰਗਲਾ ਵੀ ਅਗਸਤ 2012 ਤੋਂ ਆਪਣੀ ਪ੍ਰਾਈਵੇਟ ਫਾਰਚੂਨਰ ਗੱਡੀ ਵਰਤ ਰਹੇ ਹਨ। ਕਰੀਬ ਸਵਾ ਦੋ ਸਾਲਾਂ ਦੌਰਾਨ ਉਨ੍ਹਾਂ ਨੇ ਰੋਜ਼ਾਨਾ 168 ਕਿਲੋਮੀਟਰ ਸਫਰ ਕੀਤਾ ਹੈ, ਹਾਲਾਂਕਿ ਉਨ੍ਹਾਂ ਦੇ ਹਲਕੇ ਦਾ ਭੂਗੋਲਿਕ ਘੇਰਾ 5 ਕਿਲੋਮੀਟਰ ਤੋਂ ਜ਼ਿਆਦਾ ਨਹੀਂ ਹੈ। ਸਰਕਾਰ ਨੇ ਉਨ੍ਹਾਂ ਨੂੰ 21.81 ਲੱਖ ਰੁਪਏ ਤੇਲ ਖਰਚ ਦੇ ਦਿੱਤੇ ਹਨ।

ਮੁੱਖ ਸੰਸਦੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ ਨੂੰ 26 ਨਵੰਬਰ 2012 ਤੋਂ ਦਸੰਬਰ 2014 ਤੱਕ ਤੇਲ ਖਰਚ ਸਮੇਤ ਡਰਾਈਵਰ ਦੀ ਤਨਖਾਹ ਆਦਿ 19.68 ਲੱਖ ਦੀ ਅਦਾਇਗੀ ਕੀਤੀ ਹੈ। ਪ੍ਰਾਈਵੇਟ ਕਾਰਾਂ ਵਰਤਣ ਵਾਲਿਆਂ ਵਿਚ ਮੁੱਖ ਸੰਸਦੀ ਸਕੱਤਰ ਪ੍ਰਕਾਸ਼ ਚੰਦ ਗਰਗ, ਐਨ.ਕੇ. ਸ਼ਰਮਾ, ਅਵਿਨਾਸ਼ ਚੰਦਰ ਅਤੇ ਇੰਦਰਬੀਰ ਸਿੰਘ ਬੁਲਾਰੀਆ ਵੀ ਸ਼ਾਮਲ ਹਨ।

## ਸਾਬਕਾ ਫ਼ੌਜੀਆਂ ਵੱਲੋਂ ਭੁੱਖ ਹੜਤਾਲ

**ਨਵੀਂ ਦਿੱਲੀ:** ਇੱਥੋਂ ਦੇ ਜੰਤਰ-ਮੰਤਰ ਉਤੇ ਸਾਬਕਾ ਫ਼ੌਜੀਆਂ ਨੇ 'ਇਕ ਰੈਂਕ ਇਕ ਪੈਨਸ਼ਨ' ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਅਰੰਭ ਕਰ ਦਿੱਤੀ। ਸੰਯੁਕਤ ਫਰੰਟ ਦੇ ਕਨਵੀਨਰ ਮੇਜਰ ਜਨਰਲ ਸਤਵੀਰ ਸਿੰਘ ਨੇ ਦੱਸਿਆ ਕਿ ਸਾਬਕਾ ਫ਼ੌਜੀਆਂ ਦੀ 'ਇਕ ਰੈਂਕ ਇੱਕ ਪੈਨਸ਼ਨ' ਦੀ ਮੰਗ ਨੂੰ ਲੈ ਅਗਲੀ ਵੱਡੀ ਰੈਲੀ ਪਟਨਾ ਸਾਹਿਬ ਵਿਖੇ ਕੀਤੀ ਜਾਵੇਗੀ ਤੇ ਤੀਜੀ ਵੱਡੀ ਰੈਲੀ ਪੰਜਾਬ ਵਿਚ ਹੋਵੇਗੀ।

ਮੁਲਕ ਭਰ ਦੇ 55 ਸ਼ਹਿਰਾਂ ਵਿਚ ਇਹ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਬੀਤੇ ਦਿਨੀਂ ਸਾਬਕਾ ਫ਼ੌਜੀ ਭਾਰਤੀ ਫ਼ੌਜਾਂ ਦੇ ਸਰਬ ਉਚ ਕਮਾਂਡਰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਆਪਣੇ 7 ਹਜ਼ਾਰ ਦੇ ਕਰੀਬ ਮੈਡਲ ਵਾਪਸ ਕਰਨ ਗਏ ਸਨ, ਪਰ ਉਨ੍ਹਾਂ ਦੀ ਮੁਲਾਕਾਤ ਨਹੀਂ ਹੋ ਸਕੀ ਸੀ। ਸਾਬਕਾ ਫ਼ੌਜੀ ਸ਼ਹੀਦਾਂ ਦੀ ਯਾਦਗਾਰ ਤੇ ਸਾਬਕਾ ਸੈਨਿਕਾਂ ਲਈ ਕਮਿਸ਼ਨ ਦੀ ਮੰਗ ਵੀ ਕਰ ਰਹੇ ਹਨ।

# ਪੰਜਾਬ ਦੇ ਸੌ ਡਾਕਟਰਾਂ ਨੇ ਸਰਕਾਰੀ ਨੌਕਰੀ ਛੱਡੀ

**ਚੰਡੀਗੜ੍ਹ:** ਸਿਹਤ ਵਿਭਾਗ 'ਚ ਕੰਮ ਕਰਦੇ ਸਵਾ ਸੌ ਸਰਕਾਰੀ ਮਾਹਿਰ ਡਾਕਟਰ ਇਕੋ ਹੀ ਸਮੇਂ ਨੌਕਰੀ ਛੱਡ ਗਏ ਹਨ। ਇਨ੍ਹਾਂ ਡਾਕਟਰਾਂ ਦੀ ਮੈਡੀਕਲ ਖੋਜ ਅਤੇ ਸਿੱਖਿਆ ਵਿਭਾਗ 'ਚ ਸੀਨੀਅਰ ਰੈਜੀਡੈਂਟ ਵਜੋਂ ਨਿਯੁਕਤੀ ਹੋ ਗਈ ਹੈ। ਯਾਦ ਰਹੇ ਕਿ ਇੱਕ ਸੌ ਤੋਂ ਜ਼ਿਆਦਾ ਮਾਹਿਰ ਡਾਕਟਰ ਫਰਵਰੀ ਦੇ ਅੰਤ ਵਿਚ ਸਿਹਤ ਵਿਭਾਗ ਨੂੰ ਅਲਵਿਦਾ ਕਹਿ ਗਏ ਸਨ।

ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲਾਂ ਲਈ ਚੁਣੇ ਡਾਕਟਰਾਂ ਨੇ ਨਿਯੁਕਤੀ ਪੱਤਰ ਮਿਲਣ ਤੋਂ ਬਾਅਦ ਸਿਹਤ ਵਿਭਾਗ ਤੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਮੰਗ ਲਿਆ ਹੈ। ਸੂਤਰ ਦੱਸਦੇ ਹਨ ਕਿ ਸਿਹਤ ਵਿਭਾਗ ਦੀ ਪ੍ਰਿੰਸੀਪਲ ਸਕੱਤਰ ਵਿੰਨੀ ਮਹਾਜਨ ਦੇ ਛੁੱਟੀ ਤੋਂ ਵਾਪਸ ਪਰਤਣ ਤੋਂ ਬਾਅਦ ਮਾਹਿਰ ਡਾਕਟਰਾਂ ਨੂੰ ਫ਼ਾਰਗ ਕਰਨ ਦਾ ਅਮਲ ਵੀ ਚਾਲੂ ਹੋ ਗਿਆ ਹੈ। ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲਾਂ ਵਿਚ ਡੇਢ ਸਾਲ ਪਹਿਲਾਂ ਸੀਨੀਅਰ ਰੈਜੀਡੈਂਟਾਂ ਦੀਆਂ 466 ਆਸਾਮੀਆਂ ਦੀ ਰਚਨਾ ਕੀਤੀ ਗਈ ਸੀ। ਇਨ੍ਹਾਂ ਵਿਚੋਂ 301 ਆਸਾਮੀਆਂ ਭਰਨ ਦਾ ਅਮਲ ਦਸੰਬਰ ਵਿਚ ਸ਼ੁਰੂ ਹੋ ਗਿਆ ਸੀ।

ਸਿਹਤ ਵਿਭਾਗ 'ਚ ਕੰਮ ਕਰਦੇ ਮਾਹਿਰ ਡਾਕਟਰਾਂ ਵਿਚੋਂ ਸਵਾ ਦੋ ਸੌ ਦੇ ਕਰੀਬ ਦੀ ਮੈਡੀਕਲ ਕਾਲਜਾਂ ਵਿਚ ਸੀਨੀਅਰ ਰੈਜੀਡੈਂਟ ਵਜੋਂ ਨਿਯੁਕਤੀ ਹੋ ਗਈ ਸੀ। ਇਨ੍ਹਾਂ ਡਾਕਟਰਾਂ ਦੀ ਨਵੀਂਆਂ ਆਸਾਮੀਆਂ ਉਤੇ ਨਿਯੁਕਤੀ ਹੋ ਜਾਣ ਤੋਂ ਬਾਅਦ ਸਿਹਤ ਵਿਭਾਗ ਨੇ ਫ਼ਾਰਗ ਕਰਨਾ ਸ਼ੁਰੂ ਕਰ ਦਿੱਤਾ ਪਰ ਸਵਾ ਸੌ ਦੇ ਕਰੀਬ ਡਾਕਟਰਾਂ ਨੂੰ ਰੋਕ ਲਿਆ ਗਿਆ ਸੀ।

ਸੀਨੀਅਰ ਰੈਜੀਡੈਂਟ ਵਜੋਂ ਚੁਣੇ ਡਾਕਟਰਾਂ ਨੇ ਸਿਹਤ ਵਿਭਾਗ ਦੇ ਇਸ ਫੈਸਲੇ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ। ਹਾਈਕੋਰਟ ਵੱਲੋਂ ਫੈਸਲਾ ਡਾਕਟਰਾਂ ਦੇ ਹੱਕ 'ਚ ਸੁਣਾ ਦਿੱਤੇ ਜਾਣ ਤੋਂ ਬਾਅਦ ਸਿਹਤ ਵਿਭਾਗ ਨੇ ਚੁਣੇ ਗਏ ਉਮੀਦਵਾਰਾਂ ਨੂੰ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਲੈਣ ਲਈ ਦੁਬਾਰਾ ਅਰਜ਼ੀਆਂ ਦੇਣ ਲਈ ਕਿਹਾ ਸੀ ਅਤੇ ਇਹ ਅਮਲ 12 ਜੂਨ ਨੂੰ ਪੂਰਾ ਹੋ ਗਿਆ ਸੀ।

ਪਤਾ ਲੱਗਾ ਹੈ ਕਿ ਸਿਹਤ ਵਿਭਾਗ ਵੱਲੋਂ ਸਰਕਾਰੀ ਖਰਚੇ ਉਤੇ ਐਮ.ਡੀ. ਜਾਂ ਐਮ.ਐਸ. ਕਰਨ ਵਾਲੇ ਅਜਿਹੇ ਡਾਕਟਰਾਂ ਨੂੰ ਫ਼ਾਰਗ ਕਰਨ ਤੋਂ ਨਾਂਹ ਕਰ ਦਿੱਤੀ ਗਈ ਸੀ ਜਿਨ੍ਹਾਂ ਦੀ ਨੌਕਰੀ ਤੇਰਾਂ ਸਾਲ ਤੋਂ ਘੱਟ ਰਹਿ ਗਈ ਸੀ ਪਰ ਚੁਣੇ ਗਏ ਡਾਕਟਰ ਅਦਾਲਤ ਦੇ ਡੰਡੇ ਨਾਲ ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲਾਂ ਵਿਚ ਸੀਨੀਅਰ ਰੈਜੀਡੈਂਟ ਵਜੋਂ ਨੌਕਰੀ ਜੁਆਇਨ ਕਰਨ 'ਚ ਸਫਲ ਹੋ ਗਏ ਹਨ।

ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ ਪਟਿਆਲਾ 'ਚ ਸੀਨੀਅਰ ਰੈਜੀਡੈਂਟਾਂ ਦੀਆਂ 233 ਪੋਸਟਾਂ ਹਨ ਅਤੇ 151 ਲਈ ਭਰਤੀ ਕੀਤੀ ਗਈ ਹੈ ਜਦੋਂ ਕਿ 82 ਆਸਾਮੀਆਂ ਹਾਲੇ ਵੀ ਖ਼ਾਲੀ ਰਹਿ ਰਹੀਆਂ ਹਨ। ਇਸੇ ਤਰ੍ਹਾਂ ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ ਅੰਮ੍ਰਿਤਸਰ ਵਿਚੋਂ 145 ਲਈ ਅਰਜ਼ੀਆਂ ਮੰਗੀਆਂ ਗਈਆਂ ਸਨ ਅਤੇ 80 ਖ਼ਾਲੀ ਬਚ ਗਈਆਂ ਹਨ।



Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਵਾ

*Professional HD Video & Digital Photo Production*

Multiple Camera shooting/Digital Still Photography (with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*

Call:734-261-0936
734-890-1767

e-mail: raj@syanvideo.com
visit at: www.syanvideo.com



Dhillon Truck Stop
Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਹੁਣ ਪਾਣੀ ਨੂੰ ਤਰਸੇਗੀ ਆਪਣੀ ਪੰਜ ਆਬਾਂ ਦੀ ਧਰਤੀ

**ਚੰਡੀਗੜ੍ਹ:** ਪੰਜਾਬ ਵਿਚ ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਸੂਬੇ ਵਿਚ 30 ਤੋਂ 40 ਫ਼ੀਸਦੀ ਤੱਕ ਲੋਕ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ। ਹੋਰ ਤਾਂ ਹੋਰ, ਕੇਂਦਰੀ ਜਲ ਬੋਰਡ ਵੱਲੋਂ ਨੈਸ਼ਨਲ ਗਰੀਨ ਟ੍ਰਿਬਿਊਨਲ ਸਾਹਮਣੇ ਪੇਸ਼ ਕੀਤੀ ਗਈ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 110 ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਬੇਹੱਦ ਤਰਸਯੋਗ ਹੈ। ਇਸ ਰਿਪੋਰਟ ਵਿਚ ਧਰਤੀ ਹੇਠਲੇ ਪਾਣੀ ਦੀ ਮਾੜੀ ਹਾਲਤ ਤੇ ਦੁਰਵਰਤੋਂ ਲਈ ਪੰਜਾਬ ਸਰਕਾਰ ਤੇ ਇਸ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਦੀ ਇਕ ਰਿਪੋਰਟ ਮੁਤਾਬਕ ਇਸ ਸਮੇਂ ਪੰਜਾਬ ਵਿਚ ਕੁੱਲ ਵਾਹੀਯੋਗ ਰਕਬੇ ਦਾ 96 ਫੀਸਦੀ ਰਕਬਾ ਸਿੰਜਾਈ ਅਧੀਨ ਹੈ ਤੇ 80 ਫ਼ੀਸਦੀ ਤੋਂ ਜ਼ਿਆਦਾ ਰਕਬੇ ਵਿਚ ਹਾਲਤ ਨਾਜ਼ੁਕ ਬਣੀ ਹੋਈ ਹੈ। ਇਹੋ ਜਿਹੀਆਂ ਵੰਗਾਰਾਂ ਦੇ ਕਾਰਨ ਹੀ ਕਿਸਾਨਾਂ ਨੇ ਖੁਦਕੁਸ਼ੀਆਂ ਦਾ ਰਾਹ ਫੜਿਆ ਹੋਇਆ ਹੈ। ਪੰਜਾਬ ਸਰਕਾਰ ਦੇ 'ਜਲ ਸਰੋਤ ਸੈੱਲ' ਦੀ ਤਾਜ਼ਾ ਰਿਪੋਰਟ ਅਨੁਸਾਰ ਸੂਬੇ ਦੇ ਨੌਂ ਜ਼ਿਲ੍ਹਿਆਂ ਵਿਚ ਪਿਛਲੇ ਇਕ ਸਾਲ ਵਿਚ ਜ਼ਮੀਨ ਹੇਠਲਾ ਪਾਣੀ ਔਸਤਨ 0.77 ਮੀਟਰ ਤੋਂ 1.59 ਮੀਟਰ (ਡੇਢ ਮੀਟਰ) ਤੋਂ ਵੀ ਜ਼ਿਆਦਾ ਹੇਠਾਂ ਚਲਾ ਗਿਆ। ਰਿਪੋਰਟ ਵਿਚ ਸਭ ਤੋਂ ਗੰਭੀਰ ਸਥਿਤੀ ਬਰਨਾਲਾ, ਬਠਿੰਡਾ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਸੰਗਰੂਰ, ਪਟਿਆਲਾ, ਮੋਗਾ, ਜਲੰਧਰ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੀ ਵਿਖਾਈ ਗਈ ਹੈ, ਜਦਕਿ ਫਾਜ਼ਿਲਕਾ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿਚ ਸੇਮ ਕਾਰਨ ਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵਧੇਰੇ ਬਾਰਿਸ਼ ਦੇ ਹਵਾਲੇ ਨਾਲ ਪਾਣੀ ਦਾ ਪੱਧਰ 0.16 ਮੀਟਰ ਤੋਂ 0.50 ਮੀਟਰ (ਔਸਤਨ) ਉੱਪਰ ਆਇਆ ਦਰਜ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਜਿਥੇ ਮਾਰਚ 2014 ਵਿਚ ਬਰਨਾਲਾ ਜ਼ਿਲ੍ਹੇ ਵਿਚ ਧਰਤੀ ਹੇਠਲਾ ਪਾਣੀ ਔਸਤਨ 19.33 ਮੀਟਰ ਡੂੰਘਾ ਸੀ, ਉਥੇ ਲੰਘੇ ਮਾਰਚ ਮਹੀਨੇ ਕੀਤੀ ਜਾਂਚ ਦੌਰਾਨ ਪਾਣੀ ਦਾ ਪੱਧਰ ਔਸਤਨ 1.59 ਮੀਟਰ ਹੋਰ ਹੇਠਾਂ ਚਲਾ ਗਿਆ। ਇਸ ਜ਼ਿਲ੍ਹੇ ਵਿਚ ਹੁਣ ਜ਼ਮੀਨਦੋਜ਼ ਜਲ ਔਸਤਨ 20.92 ਮੀਟਰ ਡੂੰਘਾ ਚਲਾ ਗਿਆ ਹੈ।

ਮਾਰਚ 2014 ਵਿਚ ਬਠਿੰਡਾ ਜ਼ਿਲ੍ਹੇ ਵਿਚ ਧਰਤੀ ਹੇਠਲਾ ਪਾਣੀ 15.45 ਮੀਟਰ ਡੂੰਘਾ ਸੀ, ਉਥੇ ਲੰਘੇ ਮਾਰਚ ਮਹੀਨੇ ਕੀਤੀ ਜਾਂਚ ਦੌਰਾਨ ਪਾਣੀ ਦਾ ਪੱਧਰ 1.18 ਮੀਟਰ ਹੇਠਾਂ ਡਿੱਗਾ ਦਰਜ ਕੀਤਾ ਗਿਆ, ਜਿਸ ਨਾਲ ਇਸ ਜ਼ਿਲ੍ਹੇ ਵਿਚ ਹੁਣ ਜ਼ਮੀਨਦੋਜ਼ ਪਾਣੀ 1.18 ਮੀਟਰ ਡੂੰਘਾ ਚਲਾ ਗਿਆ ਹੈ। ਇਸੇ ਤਰ੍ਹਾਂ ਮਾਰਚ 2014 ਵਿਚ ਲੁਧਿਆਣਾ ਜ਼ਿਲ੍ਹੇ ਵਿਚ ਪਾਣੀ ਦਾ ਪੱਧਰ 19.86 ਮੀਟਰ ਡੂੰਘਾ ਸੀ, ਜੋ ਕਿ 1.36 ਮੀਟਰ ਹੇਠਾਂ ਡਿੱਗਣ ਕਾਰਨ ਹੁਣ 21.22 ਮੀਟਰ ਡੂੰਘਾ ਚਲਾ ਗਿਆ ਹੈ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਮਾਰਚ 2014 ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ 15.08 ਮੀਟਰ ਸੀ, ਜੋ ਕਿ 0.04 ਮੀਟਰ ਹੇਠਾਂ ਡਿੱਗਣ ਕਾਰਨ ਹੁਣ 15.12 ਮੀਟਰ ਡੂੰਘਾ ਚਲਾ ਗਿਆ ਹੈ। ਪਟਿਆਲਾ ਜ਼ਿਲ੍ਹੇ ਵਿਚ ਪਿਛਲੇ ਸਾਲ ਜ਼ਮੀਨਦੋਜ਼ ਪਾਣੀ 26.22 ਮੀਟਰ ਡੂੰਘਾ ਸੀ, ਜੋ 1.31 ਮੀਟਰ ਹੇਠਾਂ ਡਿੱਗਣ ਕਾਰਨ ਹੁਣ 27.53 ਮੀਟਰ ਡੂੰਘਾ ਚਲਾ ਗਿਆ ਹੈ। ਸੰਗਰੂਰ ਜ਼ਿਲ੍ਹੇ ਵਿਚ ਪਿਛਲੇ ਸਾਲ ਜ਼ਮੀਨਦੋਜ਼ ਪਾਣੀ ਦਾ ਪੱਧਰ 27.22 ਮੀਟਰ ਸੀ, ਜੋ 1.25 ਮੀਟਰ ਹੇਠਾਂ ਡਿੱਗਣ ਕਾਰਨ ਹੁਣ 28.47 ਮੀਟਰ ਡੂੰਘਾ ਚਲਾ ਗਿਆ ਹੈ। ਮੋਗਾ ਜ਼ਿਲ੍ਹੇ ਵਿਚ ਪਿਛਲੇ ਸਾਲ ਜ਼ਮੀਨਦੋਜ਼ ਪਾਣੀ 26.45 ਮੀਟਰ ਡੂੰਘਾ ਸੀ, ਜੋ 0.84 ਮੀਟਰ ਹੇਠਾਂ ਡਿੱਗਣ ਕਾਰਨ ਹੁਣ 27.29 ਮੀਟਰ ਡੂੰਘਾ ਚਲਾ ਗਿਆ ਹੈ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਪਿਛਲੇ ਸਾਲ ਜ਼ਮੀਨਦੋਜ਼ ਪਾਣੀ 20.22 ਮੀਟਰ ਡੂੰਘਾ ਸੀ, ਜੋ 0.99 ਮੀਟਰ ਹੇਠਾਂ ਡਿੱਗਣ ਕਾਰਨ ਹੁਣ 21.21 ਮੀਟਰ ਡੂੰਘਾ ਚਲਾ ਗਿਆ ਹੈ। ਜਲੰਧਰ ਜ਼ਿਲ੍ਹੇ ਵਿਚ ਪਿਛਲੇ ਸਾਲ ਜ਼ਮੀਨਦੋਜ਼ ਪਾਣੀ 26.70 ਮੀਟਰ ਡੂੰਘਾ ਸੀ, ਜੋ 0.77 ਮੀਟਰ ਹੇਠਾਂ ਡਿੱਗਣ ਕਾਰਨ ਹੁਣ 27.47 ਮੀਟਰ ਡੂੰਘਾ ਚਲਾ ਗਿਆ ਹੈ।



## ਬਹੁਤੇ ਸਰਕਾਰੀ ਸਕੂਲਾਂ ਦਾ ਪਾਣੀ ਪੀਣਯੋਗ ਨਹੀਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮੰਨਿਆ ਹੈ ਕਿ ਸੂਬੇ ਭਰ ਵਿਚ 13,182 ਪ੍ਰਾਇਮਰੀ ਸਕੂਲਾਂ ਵਿਚੋਂ ਲਏ ਗਏ ਪਾਣੀ ਦੇ ਨਮੂਨਿਆਂ ਵਿਚੋਂ 2035 ਤੇ ਅੱਪਰ ਪ੍ਰਾਇਮਰੀ ਸਕੂਲਾਂ ਦੇ 6487 ਨਮੂਨਿਆਂ ਵਿਚੋਂ 887 ਨਾਕਸ ਸਾਬਤ ਹੋਏ ਹਨ। ਹਾਲਾਂਕਿ ਸਰਕਾਰ ਵੱਲੋਂ ਇਨ੍ਹਾਂ ਸਕੂਲਾਂ ਵਿਚ ਭਲਾਈ ਫੰਡਾਂ ਜਾਂ ਜਨ ਸਿਹਤ ਵਿਭਾਗ ਦੀ ਸਹਾਇਤਾ ਨਾਲ ਸਾਫ ਤੇ ਸੁਰੱਖਿਅਤ ਪਾਣੀ ਦੇ ਬਦਲਵੇਂ ਪ੍ਰਬੰਧਾਂ ਦਾ ਭਰੋਸਾ ਵੀ ਹਾਈਕੋਰਟ ਨੂੰ ਦਿੱਤਾ ਗਿਆ ਹੈ, ਪਰ ਹਾਈਕੋਰਟ ਦੇ ਬੈਂਚ ਨੇ ਇਹ ਗੰਭੀਰ ਤੱਥ ਵਾਚਦਿਆਂ ਸਪੱਸ਼ਟ ਕਹਿ ਦਿੱਤਾ ਕਿ ਪੀਣ ਵਾਲਾ ਸ਼ੁੱਧ ਤੇ ਸੁਰੱਖਿਅਤ ਪਾਣੀ ਹਰੇਕ ਵਿਦਿਆਰਥੀ ਤੇ ਅਧਿਆਪਕ ਦਾ ਹੱਕ ਹੈ। ਸਰਕਾਰ ਆਰ.ਓ. ਸਿਸਟਮ ਜਾਂ ਹੋਰਨਾਂ ਯੋਗ ਪ੍ਰਬੰਧਾਂ ਤਹਿਤ ਪੀਣ ਵਾਲੇ ਸ਼ੁੱਧ ਤੇ ਸੁਰੱਖਿਅਤ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਹਿੱਤ ਫੌਰੀ ਕਾਰਗਰ ਕਦਮ ਚੁੱਕੇ।

## ਸੰਸਾਰ ਦੇ ਹਵਾ ਦੂਸ਼ਿਤ ਸ਼ਹਿਰਾਂ 'ਚ ਪੰਜਾਬ ਦੇ ਤਿੰਨ ਸ਼ਹਿਰ

**ਪਟਿਆਲਾ:** ਹਾਲ ਹੀ ਵਿਚ ਹਵਾ ਪ੍ਰਦੂਸ਼ਣ ਉਤੇ ਇਕ ਨਵਾਂ ਅਧਿਐਨ ਕੀਤਾ ਗਿਆ ਹੈ, ਜਿਸ ਵਿਚ ਵਿਸ਼ਵ ਸਿਹਤ ਸੰਸਥਾ ਦੇ ਤਾਜ਼ਾ ਅੰਕੜੇ ਬਹੁਤ ਹੀ ਹੈਰਾਨੀ ਵਾਲੇ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਦੇ ਤਿੰਨ ਸ਼ਹਿਰ ਹਵਾ ਅਧਾਰਿਤ ਦੂਸ਼ਿਤ ਸ਼ਹਿਰਾਂ ਵਿਚ ਆਉਂਦੇ ਹਨ। ਜਿਨ੍ਹਾਂ ਵਿਚ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਜਿਥੇ ਪ੍ਰਦੂਸ਼ਣ ਦਾ ਅੰਕੜਾ 210 ਮਾਈਕਰੋ ਗਰਾਮ ਪ੍ਰਤੀ ਕਿਊਬਕ ਮੀਟਰ ਮਾਪਿਆ ਗਿਆ ਹੈ ਜੋ ਨਿਰਧਾਰਤ ਪੈਮਾਨੇ ਤੋਂ ਵੱਧ ਹੈ। ਮੰਡੀ ਗੋਬਿੰਦਗੜ੍ਹ ਤੇ ਸਨਅਤੀ ਸ਼ਹਿਰ ਲੁਧਿਆਣਾ ਵੀ ਹਵਾ ਪ੍ਰਦੂਸ਼ਣ ਦਾ ਉਚਾ ਅੰਕੜਾ ਹੀ ਰੱਖਦਾ ਹੈ ਜਿਥੇ ਪ੍ਰਦੂਸ਼ਣ ਦਾ ਅੰਕੜਾ 200 ਮਾਈਕਰੋ ਦੇ ਕਰੀਬ ਹੈ। ਪੰਜਾਬ ਦਾ ਪ੍ਰਦੂਸ਼ਣ ਰੋਕਥਾਮ ਬੋਰਡ ਜਿਸ ਦੇ ਚੇਅਰਮੈਨ ਮਨਪ੍ਰੀਤ ਸਿੰਘ ਛਤਵਾਲ ਹਨ, ਦੀ ਅਗਵਾਈ ਵਿਚ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਅੱਧੋ ਅੱਧ ਭਾਈਵਾਲੀ ਨਾਲ ਇਨ੍ਹਾਂ ਤਿੰਨਾਂ ਸ਼ਹਿਰਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਫੈਸਲਾ ਲਿਆ ਹੈ। ਇਸ ਸਬੰਧੀ ਤਿੰਨਾਂ ਸ਼ਹਿਰਾਂ ਅੰਦਰ ਪ੍ਰਦੂਸ਼ਣ ਰੋਕਥਾਮ ਬੋਰਡ ਵਿਸ਼ੇਸ਼ ਯੰਤਰ (ਕੰਟੀਨਿਊਸ ਐਂਬੀਨੈਂਟ ਏਅਰ ਮੌਨੀਟਰਿੰਗ ਸਿਸਟਮ) ਸਥਾਪਤ ਕੀਤੇ ਜਾ ਰਹੇ ਹਨ ਜਿਨ੍ਹਾਂ ਤੇ ਪ੍ਰਤੀ ਯੰਤਰ ਤਕਰੀਬਨ ਇਕ ਤੋਂ ਡੇਢ ਕਰੋੜ ਦਾ ਖਰਚ ਆਵੇਗਾ।

## ਜ਼ਮੀਨਦੋਜ਼ ਪਾਣੀ 'ਚ ਯੂਰੇਨੀਅਮ ਤੈਅ ਮਾਤਰਾ ਤੋਂ ਵੱਧ

ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚੋਂ ਹਾਸਲ ਕੀਤੇ ਜ਼ਮੀਨਦੋਜ਼ ਪਾਣੀ ਦੇ ਨਮੂਨਿਆਂ ਦੀ ਜਾਂਚ ਵਿਚ ਦੱਸਿਆ ਗਿਆ ਹੈ ਕਿ ਇਥੇ ਭੂਮੀ ਹੇਠਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ (ਏ.ਈ.ਆਰ.ਬੀ.) ਵੱਲੋਂ ਤੈਅ (ਇਕ ਲੀਟਰ ਪਾਣੀ ਵਿਚ ਵੱਧ ਤੋਂ ਵੱਧ 60 ਮਾਈਕ੍ਰੋਗ੍ਰਾਮ ਯੂਰੇਨੀਅਮ) ਤੇ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਵੱਲੋਂ ਤੈਅ ਮਾਤਰਾ (ਇਕ ਲੀਟਰ ਪਾਣੀ ਵਿਚ 15 ਮਾਈਕ੍ਰੋਗ੍ਰਾਮ ਯੂਰੇਨੀਅਮ) ਤੋਂ ਵੱਧ ਪਾਈ ਗਈ, ਜਿਸਦੇ ਚੱਲਦਿਆਂ ਇਹ ਨਮੂਨੇ ਫੇਲ੍ਹ ਕਰ ਦਿੱਤੇ ਗਏ। ਚੇਤੇ ਰਹੇ ਕਿ ਸਿਹਤ ਮਾਹਿਰ ਯੂਰੇਨੀਅਮ ਤੱਤ ਨੂੰ ਕੈਂਸਰ ਤੇ ਹੋਰ ਬਿਮਾਰੀਆਂ ਨਾਲ ਜੋੜ ਕੇ ਵੇਖਦੇ ਹਨ। ਰਿਪੋਰਟ ਅਨੁਸਾਰ ਬੋਰਡ ਵੱਲੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਜ਼ਮੀਨਦੋਜ਼ ਪਾਣੀ ਦੇ 51 ਨਮੂਨੇ ਲਏ ਗਏ ਸਨ, ਜਿਨ੍ਹਾਂ ਵਿਚੋਂ ਛੇ ਨਮੂਨਿਆਂ ਵਿਚ ਯੂਰੇਨੀਅਮ ਦੀ ਇੰਨੀ ਮਾਤਰਾ ਪਾਈ ਗਈ ਕਿ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਤਹਿਤ ਉਹ ਇਹ ਸਾਰੇ ਨਮੂਨੇ ਫੇਲ੍ਹ ਕਰਾਰ ਦੇ ਦਿੱਤੇ ਗਏ।

# ਕੈਂਸਰ ਰਾਹਤ ਫੰਡ ਯੋਜਨਾ ਤਹਿਤ ਮੁਫਤ ਇਲਾਜ ਤੋਂ ਮਿਲਣ ਲੱਗਾ ਜਵਾਬ

**ਚੰਡੀਗੜ੍ਹ:** ਪੰਜਾਬ ਵਿਚ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਯੋਜਨਾ ਵੀ ਦਮ ਤੋੜਨ ਲੱਗੀ ਹੈ। ਸੂਬੇ ਵਿਚਲੇ ਕਈ ਪ੍ਰਾਈਵੇਟ ਹਸਪਤਾਲਾਂ ਨੇ ਪਿਛਲਾ ਭੁਗਤਾਨ ਨਾ ਕਰਨ ਕਰਕੇ ਮਰੀਜ਼ਾਂ ਦਾ ਮੁਫਤ ਇਲਾਜ ਕਰਨਾ ਬੰਦ ਕਰ ਦਿੱਤਾ ਹੈ। ਸਾਲ 2015-16 ਲਈ ਜਾਰੀ ਕੀਤੇ ਆਮ ਬਜਟ ਵਿਚ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਯੋਜਨਾ ਤਹਿਤ 19713 ਮਰੀਜ਼ਾਂ ਦੇ ਇਲਾਜ ਲਈ 235 ਕਰੋੜ ਖਰਚ ਕੀਤੇ ਜਾ ਚੁੱਕੇ ਹਨ। ਨਾਲ ਹੀ ਸਰਕਾਰ ਨੇ ਚਾਲੂ ਵਿੱਤੀ ਵਰ੍ਹੇ ਲਈ 25 ਕਰੋੜ ਰੁਪਏ ਇਲਾਜ ਲਈ ਰਿਜ਼ਰਵ ਰੱਖੇ ਹਨ ਪਰ ਲੁਧਿਆਣਾ ਸਥਿਤ ਓਸਵਾਲ ਹਸਪਤਾਲ ਦੇ ਨਵੇਂ ਫੈਸਲੇ ਨਾਲ ਸਰਕਾਰ ਦੇ ਦਾਅਵੇ ਦੀ ਪੋਲ ਖੁੱਲ ਗਈ ਹੈ।


ਹਸਪਤਾਲ ਨੇ ਇਸ ਯੋਜਨਾ ਤਹਿਤ ਆਉਣ ਵਾਲੇ ਮਰੀਜ਼ਾਂ ਦਾ ਇਲਾਜ ਬੰਦ ਕਰ ਦਿੱਤਾ ਹੈ। ਸਰਕਾਰ ਨੇ ਇਲਾਜ ਬਦਲੇ ਕੀਤਾ ਜਾਣ ਵਾਲਾ ਭੁਗਤਾਨ ਨਹੀਂ ਕੀਤਾ ਹੈ। ਤਕਰੀਬਨ ਚਾਰ ਕਰੋੜ ਦੀ ਅਦਾਇਗੀ ਫਸੀ ਹੋਈ ਹੈ। ਹਸਪਤਾਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਰਕਾਰ ਇਹ ਅਦਾਇਗੀ ਨਹੀਂ ਕਰਦੀ, ਨਵੇਂ ਮਰੀਜ਼ਾਂ ਦਾ ਰਜਿਸਟਰੇਸ਼ਨ ਨਹੀਂ ਕੀਤਾ ਜਾਵੇਗਾ। ਕਿਉਂਕਿ ਵਰਤਮਾਨ ਵਿਚ ਹਸਪਤਾਲ ਨਾਲ 1500 ਮਰੀਜ਼ ਜੁੜੇ ਹੋਏ ਹਨ। ਮਰੀਜ਼ਾਂ ਦੀ ਜ਼ਿਆਦਾ ਗਿਣਤੀ ਕਾਰਨ ਰੇਡੀਏਸ਼ਨ ਮਸ਼ੀਨ 'ਤੇ ਵੀ ਲੋਡ ਵਧ ਰਿਹਾ ਹੈ। ਹਸਪਤਾਲ ਦੇ ਇਸ ਫੈਸਲੇ ਨਾਲ ਨਵੇਂ ਮਰੀਜ਼ ਪਰੇਸ਼ਾਨ ਹਨ।

ਸ਼ਹਿਰ ਵਿਚ ਹੀ ਮੌਜੂਦ ਸੀ.ਐਮ.ਸੀ.ਐਚ ਤੇ ਡੀ.ਐਮ.ਸੀ.ਐਚ. ਨੇ ਸਰਕਾਰ ਕੋਲ ਉਨ੍ਹਾਂ ਦੀ ਕੋਈ ਅਦਾਇਗੀ ਪੈਂਡਿੰਗ ਹੋਣ ਤੋਂ ਇਨਕਾਰ ਕੀਤਾ ਹੈ। ਹਾਲਾਂਕਿ ਸੂਬੇ ਦੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਤਹਿਤ ਹੋ ਰਹੇ ਇਲਾਜ ਲਈ ਪੈਸੇ ਦੀ ਕਮੀ ਨਹੀਂ ਹੈ। ਇਸ ਸਕੀਮ ਨਾਲ ਜੁੜੇ ਹਸਪਤਾਲਾਂ ਦੇ ਬਿੱਲ ਸਮਾਂ ਰਹਿੰਦੇ ਕਲੀਅਰ ਕਰ ਦਿੱਤੇ ਜਾਂਦੇ ਹਨ। ਜੇਕਰ ਲੁਧਿਆਣਾ ਵਿਚ ਓਸਵਾਲ ਹਸਪਤਾਲ ਨੇ ਕੈਂਸਰ ਦੇ ਮਰੀਜ਼ਾਂ ਦਾ ਇਲਾਜ ਬੰਦ ਕੀਤਾ ਹੈ ਤਾਂ ਇਸ ਦੀ ਜਾਂਚ ਕੀਤਾ ਜਾਵੇਗੀ। ਮੁੱਖ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਜਾਰੀ ਕੀਤੀ ਰਕਮ ਦੇ ਵੇਰਵਿਆਂ ਅਨੁਸਾਰ ਦਸੰਬਰ 2011 ਤੋਂ ਦਸੰਬਰ 2012 ਤੱਕ 6027 ਮਰੀਜ਼ਾਂ ਨੂੰ 64,93,85,163 ਰੁਪਏ, ਜਨਵਰੀ 2012 ਤੋਂ ਦਸੰਬਰ 2013 ਤੱਕ 5561 ਮਰੀਜ਼ਾਂ ਨੂੰ 61,32,51,364 ਰੁਪਏ ਤੇ ਜਨਵਰੀ ਤੋਂ ਪੰਜ ਨਵੰਬਰ 2014 ਤੱਕ 6809 ਮਰੀਜ਼ਾਂ ਨੂੰ 92,2042,740 ਰੁਪਏ ਜਾਰੀ ਕੀਤੇ ਗਏ ਹਨ।

ਇਹ ਅੰਕੜੇ ਫੰਡ ਵਿਚੋਂ ਰਿਲੀਜ਼ ਕੀਤੀ ਰਕਮ ਦਾ ਵੇਰਵਾ ਹੀ ਨਹੀਂ ਦੱਸਦੇ ਸਗੋਂ ਇਹ ਵੀ ਪਤਾ ਲੱਗਦਾ ਹੈ ਕਿ ਰਾਜ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸਰਕਾਰ ਵੱਲੋਂ ਮੁੱਖ ਮੰਤਰੀ ਕੈਂਸਰ ਰਾਹਤ ਫ਼ੰਡ ਸ਼ੁਰੂ ਕੀਤਾ ਗਿਆ ਸੀ। ਇਸ ਵਿਚੋਂ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ ਡੇਢ ਲੱਖ ਰੁਪਏ ਦਿੱਤੇ ਜਾਂਦੇ ਹਨ। ਇਹ ਰਕਮ ਕੈਂਸਰ ਦੇ ਮਰੀਜ਼ ਨੂੰ ਸਿੱਧੀ ਦਿੱਤੀ ਜਾਂਦੀ ਰਹੀ ਹੈ ਪਰ ਬਹੁਤੀ ਦਫਤਰੀ ਕਾਰਵਾਈ ਕਾਰਨ ਸਹਾਇਤਾ ਰਾਸ਼ੀ ਦੇਰ ਨਾਲ ਰਿਲੀਜ਼ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ। ਸਰਕਾਰ ਨੇ ਪਹਿਲੀ ਨਵੰਬਰ 2013 ਤੋਂ ਮੁਫ਼ਤ ਇਲਾਜ ਦੀ ਸਹੂਲਤ ਦੇ ਦਿੱਤੀ ਸੀ।

ਇਸ ਲਈ 16 ਹਸਪਤਾਲਾਂ ਨੂੰ ਪ੍ਰਵਾਨਿਤ ਪੈਨਲ ਵਿਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿਚ ਸੱਤ ਸਰਕਾਰੀ ਤੇ ਨੌਂ ਪ੍ਰਾਈਵੇਟ ਹਸਪਤਾਲ ਹਨ। ਹਸਪਤਾਲਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਕੈਂਸਰ ਬਾਰੇ ਪਤਾ ਲੱਗਦਿਆਂ ਹੀ ਮਰੀਜ਼ ਦਾ ਮੁਫ਼ਤ ਇਲਾਜ ਸ਼ੁਰੂ ਕਰਕੇ ਵਿੱਤੀ ਮਦਦ ਲਈ ਸਿਹਤ ਵਿਭਾਗ ਨੂੰ ਕੇਸ ਭੇਜ ਦਿੱਤਾ ਜਾਵੇ। ਸਰਕਾਰੀ ਹਸਪਤਾਲਾਂ ਨੂੰ ਫ਼ੰਡ ਵਿਚੋਂ ਅਗਾਊਂ ਪੰਦਰਾਂ-ਪੰਦਰਾਂ ਲੱਖ ਦੀ ਰਕਮ ਦੇ ਦਿੱਤੀ ਗਈ ਹੈ। ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜ਼ ਦਾ ਇਲਾਜ ਸਰਕਾਰ ਵੱਲੋਂ ਮੁਕਰਰ ਰੇਟ 'ਤੇ ਕੀਤਾ ਜਾਂਦਾ ਹੈ। ਪ੍ਰਾਈਵੇਟ ਹਸਪਤਾਲ ਮਰੀਜ਼ ਦੇ ਇਲਾਜ 'ਤੇ ਖਰਚ ਕੀਤੀ ਗਈ ਰਕਮ ਦਾ ਸਰਟੀਫਿਕੇਟ ਤਾਂ ਦਿੱਤਾ ਜਾ ਰਿਹਾ ਹੈ ਪਰ ਇਸ ਇਲਾਜ ਤੇ ਇਸ 'ਤੇ ਖਰਚ ਕੀਤੀ ਰਕਮ ਦਾ ਵੇਰਵਾ ਨਹੀਂ ਹੁੰਦਾ ਹੈ।

## ਅਦਾਇਗੀ ਨਾ ਹੋਣ ਕਾਰਨ ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜ਼ ਦਾਖਲ ਕਰਨ ਤੋਂ ਇਨਕਾਰ



## ਪੰਜਾਬ ਵਿਚ ਕੈਂਸਰ ਦੇ 24 ਹਜ਼ਾਰ ਮਰੀਜ਼

ਪੰਜਾਬ ਸਰਕਾਰ ਵੱਲੋਂ 2013 ਵਿਚ ਡੋਰ ਟੂ ਡੋਰ ਕਰਵਾਏ ਗਏ ਸਰਵੇ ਦੀ ਰਿਪੋਰਟ ਵਿਚ ਸੂਬੇ ਵਿਚ ਕੈਂਸਰ ਦੇ 20 ਹਜ਼ਾਰ ਮਰੀਜ਼ ਮਿਲੇ ਸੀ। ਇਸ ਦੇ ਨਾਲ ਹੀ 84453 ਮਰੀਜ਼ਾਂ ਨੂੰ ਸ਼ੱਕੀ ਦੀ ਲਿਸਟ ਵਿਚ ਸ਼ਾਮਲ ਕੀਤਾ ਗਿਆ ਸੀ। ਕੈਂਸਰ ਨਾਲ ਮਾਲਵਾ ਬੈਲਟ ਜ਼ਿਆਦਾ ਪ੍ਰਭਾਵਿਤ ਹੈ। ਕੈਂਸਰ ਦਾ ਇਲਾਜ ਸਰਕਾਰ ਲਈ ਬੜੀ ਚੁਣੌਤੀ ਬਣਿਆ ਹੋਇਆ ਹੈ। ਸਰਕਾਰ ਨੇ ਕੈਂਸਰ ਮਰੀਜ਼ਾਂ ਦੇ ਇਲਾਜ ਲਈ ਪੂਰੇ ਸੂਬੇ ਵਿਚ ਨਿੱਜੀ ਤੇ ਸਰਕਾਰੀ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਨਾਲ ਟਾਈਅੱਪ ਕੀਤਾ ਹੋਇਆ ਹੈ। ਜਿਥੇ ਗਰੀਬ ਮਰੀਜ਼ਾਂ ਨੂੰ ਡੇਢ ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ।

## ਪਹਿਲਾਂ ਵੀ ਵਿਵਾਦਾਂ ਵਿਚ ਘਿਰੀ ਰਹੀ ਹੈ ਯੋਜਨਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਂਸਰ ਰਾਹਤ ਫੰਡ ਯੋਜਨਾ ਪਹਿਲਾਂ ਵੀ ਵਿਵਾਦਾਂ ਵਿਚ ਘਿਰੀ ਰਹੀ ਹੈ। ਇਸ ਯੋਜਨਾ ਤਹਿਤ ਪ੍ਰਾਈਵੇਟ ਹਸਪਤਾਲਾਂ ਨੂੰ ਪ੍ਰਾਪਤ ਹੋ ਰਹੀ ਸਰਕਾਰੀ ਰਕਮ ਦੇ ਖਰਚ ਦਾ ਲੇਕੋਅ ਰੱਖਣ ਦੇ ਦੋਸ਼ ਲੱਗਦੇ ਰਹੇ ਹਨ। ਪ੍ਰਾਈਵੇਟ ਹਸਪਤਾਲਾਂ ਵੱਲੋਂ ਸਿਹਤ ਵਿਭਾਗ ਨੂੰ ਕੈਂਸਰ ਦੇ ਮਰੀਜ਼ ਦੇ ਇਲਾਜ ਦੇ ਖ਼ਰਚ ਦਾ ਇਕ ਸਰਟੀਫਿਕੇਟ ਦਿੱਤਾ ਜਾਂਦਾ ਹੈ ਪਰ ਇਸ ਵਿਚ ਇਲਾਜ, ਟੈਸਟਾਂ ਜਾਂ ਅਪਰੇਸ਼ਨ ਆਦਿ ਦਾ ਵੇਰਵਾ ਨਹੀਂ ਦਿੱਤਾ ਜਾ ਰਿਹਾ ਹੈ। ਮਰੀਜ਼ ਤੋਂ ਵੀ ਇਸ ਦਾ ਓਹਲਾ ਰੱਖਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਮਰੀਜ਼ ਤੋਂ ਇਕ ਨਿਰਧਾਰਤ ਫ਼ਾਰਮ 'ਤੇ ਦਸਤਖ਼ਤ ਕਰਾ ਲਏ ਜਾਂਦੇ ਹਨ ਜੋ ਪੈਸੇ ਵਸੂਲਣ ਲਈ ਵਿਭਾਗ ਨੂੰ ਭੇਜਣ ਲਈ ਕਾਫ਼ੀ ਹੁੰਦਾ ਹੈ। ਸਿਹਤ ਵਿਭਾਗ ਵੱਲੋਂ ਫੰਡ ਦੇ ਲਾਭਪਾਤਰਾਂ ਲਈ ਛਪਵਾਏ ਫ਼ਾਰਮਾਂ ਵਿਚ ਵੀ ਕਈ ਤਰ੍ਹਾਂ ਦਾ ਓਹਲਾ ਰੱਖਿਆ ਗਿਆ ਹੈ ਜਿਸ ਦੀ ਆੜ ਹੇਠ ਪ੍ਰਾਈਵੇਟ ਹਸਪਤਾਲਾਂ ਦੀਆਂ ਮੌਜਾਂ ਬਣ ਗਈਆਂ ਹਨ। ਇਸ ਫ਼ਾਰਮ ਵਿਚ ਵੀ ਇਲਾਜ ਦੇ ਵੇਰਵੇ ਦੇਣ ਦਾ ਕੋਈ ਖਾਨਾ ਨਹੀਂ ਹੈ।

## ਮਾਲਵੇ ਵਿਚ ਕੈਂਸਰ ਦਾ ਸਭ ਤੋਂ ਵੱਧ ਕਹਿਰ

ਕੈਂਸਰ ਦਾ ਕਹਿਰ ਸਭ ਤੋਂ ਵੱਧ ਪੰਜਾਬ ਦੇ ਮਾਲਵੇ ਇਲਾਕੇ ਵਿਚ ਹੈ। ਇਸ ਦਾ ਮੁੱਖ ਕਾਰਨ ਜ਼ਹਿਰੀਲਾ ਪਾਣੀ ਮੰਨਿਆ ਜਾ ਰਿਹਾ ਹੈ। ਜਰਮਨ ਦੀ ਇਕ ਲਬਾਰਟਰੀ ਮਾਈਕਰੋਟਰੇਸ ਮਿਨਰਲ ਵੱਲੋਂ ਖੇਤੀ ਵਿਰਾਸਤ ਨਾਲ ਮਿਲ ਕੇ ਕੈਂਸਰ ਤੋਂ ਪੀੜਤ ਤੇ ਸਿਹਤਮੰਦ ਲੋਕਾਂ ਦੇ ਨਹੁੰ ਤੇ ਵਾਲਾਂ 'ਤੇ ਕੀਤੀ ਗਈ ਟੈਸਟ ਵਿਧੀ ਖੋਜ ਤੋਂ ਸਾਹਮਣੇ ਆਇਆ ਹੈ ਕਿ ਯੂਰੇਨੀਅਮ ਸਮੇਤ ਭਾਰੀ ਧਾਤਾਂ ਦੀ ਬਹੁਤਾਤ ਨੇ ਮਾਲਵਾ ਖੇਤਰ ਦੇ ਲੋਕਾਂ ਨੂੰ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ। ਇਸ ਖੋਜ ਲਈ ਨਮੂਨੇ ਬਠਿੰਡੇ ਤੇ ਸ੍ਰੀ ਮੁਕਤਸਰ ਸਾਹਿਬ ਦੇ 12 ਪਿੰਡਾਂ ਤੇ ਫਰੀਦਕੋਟ ਸ਼ਹਿਰ ਵਿਚੋਂ ਲਏ ਗਏ ਸਨ ਜਿਨ੍ਹਾਂ ਦੇ ਅਧਾਰ 'ਤੇ ਅੱਗੇ ਖੋਜ ਕੀਤੀ ਗਈ। ਮਾਹਿਰਾਂ ਦਾ ਕਹਿਣਾ ਹੈ ਕਿ ਯੂਰਪੀਅਨਾਂ ਦੇ ਮੁਕਾਬਲੇ ਮਲਵੱਈਆਂ ਵਿਚ ਭਾਰੀ ਧਾਤਾਂ ਕਾਰਨ 23 ਫ਼ੀਸਦੀ ਵੱਧ ਛਾਤੀ ਦੇ ਕੈਂਸਰ ਫਿਰ ਯੂਟਰਾਈਨ ਤੇ ਖਾਣੇ ਵਾਲੀ ਨਲੀ ਵਿਚ ਵੱਧ ਪਾਇਆ ਗਿਆ ਹੈ।

# ਮਨੀਪੁਰ ਨੇੜੇ ਫੌਜ ਦੀ ਕਾਰਵਾਈ ਤੇ ਭਾਰਤੀ ਕੂਟਨੀਤੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਜਿੰਨਾ ਕੁਝ ਦੱਸਣ ਦੀ ਲੋੜ ਸੀ, ਫੌਜ ਦੀ ਤਰਜਮਾਨ ਇੱਕ ਮਹਿਲਾ ਅਫਸਰ ਨੇ ਪ੍ਰੈਸ ਨੋਟ ਪੜ੍ਹ ਕੇ ਪੂਰੀ ਕਰ ਦਿੱਤੀ ਸੀ ਤੇ ਹੋਰ ਕੁਝ ਕਰਨ ਦੀ ਲੋੜ ਨਹੀਂ ਸੀ ਰਹੀ। ਇਸ ਪਿੱਛੋਂ ਇੱਕ ਰਾਜ ਮੰਤਰੀ ਨੇ ਮੀਡੀਏ ਨਾਲ ਗੱਲਬਾਤ ਵਿਚ ਕਈ ਕੁਝ ਹੋਰ ਕਹਿ ਦਿੱਤਾ, ਜਿਸ ਵਿਚ ਇਹ ਗੱਲ ਸ਼ਾਮਲ ਸੀ ਕਿ ਇਹ ਕਾਰਵਾਈ ਭਾਰਤੀ ਫੌਜ ਨੇ ਗਵਾਂਢੀ ਦੇਸ਼ ਮਾਇਨਾਮਾਰ ਦੇ ਅੰਦਰ ਜਾ ਕੇ ਕੀਤੀ ਹੈ ਤੇ ਉਥੋਂ ਦੀ ਫੌਜ ਤੇ ਸਰਕਾਰ ਦੀ ਸਹਿਮਤੀ ਇਸ ਵਿਚ ਸ਼ਾਮਲ ਸੀ। ਅਗਲੀ ਗੱਲ ਰਾਜ ਮੰਤਰੀ ਨੇ ਇਹ ਕਹਿ ਦਿੱਤੀ ਕਿ ਨਾਲ ਲੱਗਦੇ ਦੇਸ਼ ਵਿਚ ਜਾ ਕੇ ਜਿਵੇਂ ਅਸੀਂ ਇਹ ਕਾਰਵਾਈ ਕੀਤੀ ਹੈ, ਉਸ ਤੋਂ ਹੁਣ ਦੂਸਰੇ ਦੇਸ਼ਾਂ ਨੂੰ ਵੀ ਭਾਰਤ ਦੇ ਇਰਾਦਿਆਂ ਬਾਰੇ ਸਮਝ ਜਾਣਾ ਚਾਹੀਦਾ ਹੈ। ਭਾਰਤ ਦੇ ਰਾਜ ਮੰਤਰੀ ਦੀ ਏਨੀ ਗੱਲ ਨੇ ਵੱਡੇ ਵਿਵਾਦ ਨੂੰ ਜਨਮ ਦੇ ਦਿੱਤਾ।***

ਕਈ ਵਾਰੀ ਸਾਧਾਰਨ ਚੁਟਕਲੇ ਵੀ ਕਈ ਕੁਝ ਕਹਿ ਜਾਂਦੇ ਹਨ। ਇੱਕ ਚੁਟਕਲਾ ਅਸੀਂ ਅਖਬਾਰਾਂ ਵਿਚ ਬੜੀ ਵਾਰ ਪੜ੍ਹ ਚੁੱਕੇ ਸਾਂ ਕਿ ਲਾਲੂ ਪ੍ਰਸਾਦ ਯਾਦਵ ਨੇ ਰਾਬੜੀ ਦੇਵੀ ਨੂੰ ਕਿਹਾ ਕਿ 'ਜੇ ਤੂੰ ਮੇਰੀ ਬੰਦ ਮੁੱਠੀ ਵਿਚ ਲੁਕਾ ਕੇ ਰੱਖੇ ਪੈਸਿਆਂ ਬਾਰੇ ਇਹ ਦੱਸ ਦੇਵੇਂ ਕਿ ਪੰਜ ਰੁਪਏ ਹਨ ਤਾਂ ਮੈਂ ਪੰਜ ਦੇ ਪੰਜ ਤੈਨੂੰ ਦੇ ਦੇਵਾਂਗਾ।' ਰਾਬੜੀ ਦੇਵੀ ਇਹ ਵੀ ਨਹੀਂ ਸੀ ਦੱਸ ਸਕੀ। ਬਿਹਾਰ ਦੀ ਰਾਜਨੀਤੀ ਵਿਚ ਲਾਲੂ ਦੀ ਭੰਡੀ ਕਰਨ ਵਾਲੇ ਇਸ ਚੁਟਕਲੇ ਤੋਂ ਹੱਸਿਆ ਕਰਦੇ ਸਨ, ਪਰ ਹੁਣ ਇਸ ਵਿਚ ਕੁਝ ਵਾਧਾ ਹੋ ਗਿਆ ਹੈ। ਨਵਾਂ ਚੁਟਕਲਾ ਇਹ ਕਹਿੰਦਾ ਹੈ ਕਿ ਲਾਲੂ ਨੇ ਰਾਬੜੀ ਨੂੰ ਇਹੋ ਕਿਹਾ ਸੀ ਕਿ 'ਜੇ ਤੂੰ ਮੇਰੀ ਬੰਦ ਮੁੱਠੀ ਵਿਚ ਲੁਕਾ ਕੇ ਰੱਖੇ ਪੈਸਿਆਂ ਬਾਰੇ ਇਹ ਦੱਸ ਦੇਵੇਂ ਕਿ ਪੰਜ ਰੁਪਏ ਹਨ ਤਾਂ ਮੈਂ ਪੰਜ ਦੇ ਪੰਜ ਤੈਨੂੰ ਦੇ ਦੇਵਾਂਗਾ', ਪਰ ਹੁਣ ਦੀ ਰਾਬੜੀ ਨੇ ਅੱਗੋਂ ਹੱਸ ਕੇ ਪੁੱਛਿਆ: 'ਇੱਕੋ ਮੁੱਠੀ ਬਾਰੇ ਕਿਹਾ ਹੈ ਕਿ ਦੋਂਹ ਬਾਰੇ, ਤੇਰਾ ਕੋਈ ਪਤਾ ਨਹੀਂ, ਪੰਜ ਏਧਰ ਰੱਖ ਕੇ ਪੰਝੀ ਰੁਪਏ ਓਧਰ ਰੱਖੀ ਬੈਠਾ ਹੋਵੇਂਗਾ।'

ਚੁਟਕਲਿਆਂ ਦੀ ਭਾਸ਼ਾ ਵਿਚ ਬੇਅਕਲ ਸਮਝੀ ਜਾਂਦੀ ਰਾਬੜੀ ਦੇਵੀ ਹੁਣ ਅਕਲ ਦੀਆਂ ਪੌੜੀਆਂ ਚੜ੍ਹ ਗਈ ਹੈ, ਭਾਰਤ ਦੀ ਕੂਟਨੀਤੀ ਇਸ ਆਜ਼ਾਦ ਦੇਸ਼ ਨੂੰ ਸੱਤਰ ਤੋਂ ਦੋ ਸਾਲ ਘੱਟ ਚਲਾਉਣ ਦੇ ਬਾਅਦ ਵੀ ਓਨੀ ਚੜ੍ਹੀ ਨਹੀਂ ਦਿੱਸ ਰਹੀ। ਲਾਲੂ ਹਰ ਕਿਸੇ ਨਾਲ ਹਾਸਾ-ਠੱਠਾ ਕਰਦਾ ਤੇ ਸਿੱਧੇ ਤੀਰ ਚਲਾਉਂਦਾ ਹੋਣ ਦੇ ਬਾਵਜੂਦ ਅੰਦਰ ਦੀ ਗੱਲ ਲੁਕਾਉਣ ਵਾਲਾ ਮੰਨਿਆ ਜਾਂਦਾ ਹੈ, ਪਰ ਜਿਨ੍ਹਾਂ ਦੇ ਮੱਥੇ ਉਤੇ ਤਿਊੜੀਆਂ ਦਾ ਤ੍ਰਿਸ਼ੂਲ ਬਣਦਾ ਹਰ ਕਿਸੇ ਨੂੰ ਨਜ਼ਰ ਆਉਂਦਾ ਹੈ, ਉਹ ਇਸ ਤਰ੍ਹਾਂ ਹਿੱਕਾਂ ਠੋਕ ਕੇ ਗੱਲ ਕਰਦੇ ਹਨ ਕਿ ਕੂਟਨੀਤੀ ਦਾ ਕੋਈ ਸਬਕ ਪੜ੍ਹਨ ਦੀ ਗੱਲ ਹੀ ਨਹੀਂ ਲੱਗਦੀ। ਭਾਰਤੀ ਲੀਡਰਸ਼ਿਪ ਨੂੰ ਕਈ ਮਾਮਲਿਆਂ ਵਿਚ ਪਰਪੱਕ ਹੋਣ ਦੀ ਲੋੜ ਹੈ। ਇਸ ਹਫਤੇ ਜਦੋਂ ਇੱਕ ਦਿਨ ਇਸ ਦੇਸ਼ ਦੀ ਫੌਜ ਨੇ ਮਨੀਪੁਰ ਨੇੜੇ ਇੱਕ ਸਫਲ ਕਾਰਵਾਈ ਕਰ ਕੇ ਭਾਰਤ ਦੇ ਵਿਰੁੱਧ ਹਮਲਾਵਰੀ ਦਾ ਇੱਕ ਕੈਂਪ ਤਬਾਹ ਕੀਤਾ ਤਾਂ ਉਸ ਦੇ ਬਾਅਦ ਕੂਟਨੀਤਕ ਪਰਪੱਕਤਾ ਦੀ ਘਾਟ ਮੁੜ ਕੇ ਨਜ਼ਰ ਆਈ ਹੈ।

ਹਾਲੇ ਕੁਝ ਦਿਨ ਹੋਏ ਹਨ, ਜਦੋਂ ਮਨੀਪੁਰ ਵਿਚ ਜਾਂਦਾ ਭਾਰਤੀ ਫੌਜ ਦਾ ਇੱਕ ਕਾਫਲਾ ਘੇਰ ਕੇ ਅਤਿਵਾਦੀਆਂ ਨੇ ਹਮਲਾ ਕੀਤਾ ਤੇ ਡੇਢ ਦਰਜਨ ਤੋਂ ਵੱਧ ਫੌਜੀ ਮਾਰ ਦਿੱਤੇ ਸਨ। ਇਹ ਬਹੁਤ ਵੱਡਾ ਨੁਕਸਾਨ ਸੀ ਤੇ ਇਸ ਤੋਂ ਦੇਸ਼ ਦੇ ਲੋਕਾਂ ਨੂੰ ਗੁੱਸਾ ਆਉਣਾ ਸੁਭਾਵਕ ਸੀ। ਫੌਜੀ ਕਮਾਂਡਰ ਵੀ ਇਸ ਤੋਂ ਗੁੱਸੇ ਵਿਚ ਆਏ ਹੋਣਗੇ। ਉਨ੍ਹਾਂ ਇੱਕ ਹਫਤੇ ਅੰਦਰ ਇਸ ਗੁੱਸੇ ਨੂੰ ਕਾਰਵਾਈ ਵਿਚ ਬਦਲਿਆ ਤੇ ਅਚਾਨਕ ਹਮਲਾ ਕਰ ਕੇ ਅਤਿਵਾਦੀਆਂ ਦਾ ਇੱਕ ਵੱਡਾ ਟਿਕਾਣਾ ਤਬਾਹ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਇਸ ਵਿਚ ਸੌ ਤੋਂ ਵੱਧ ਅਤਿਵਾਦੀ ਮਾਰੇ ਗਏ। ਇਸ ਫੌਜੀ ਐਕਸ਼ਨ ਤੋਂ ਲੋਕ ਵੀ ਆਮ ਕਰ ਕੇ ਖੁਸ਼ ਸਨ।

ਜਿੰਨਾ ਕੁਝ ਦੱਸਣ ਦੀ ਲੋੜ ਸੀ, ਫੌਜ ਦੀ ਤਰਜਮਾਨ ਇੱਕ ਮਹਿਲਾ ਅਫਸਰ ਨੇ ਪ੍ਰੈਸ ਨੋਟ ਪੜ੍ਹ ਕੇ ਪੂਰੀ ਕਰ ਦਿੱਤੀ ਸੀ ਤੇ ਹੋਰ ਕੁਝ ਕਰਨ ਦੀ ਲੋੜ ਨਹੀਂ ਸੀ ਰਹੀ। ਇਸ ਪਿੱਛੋਂ ਇੱਕ ਰਾਜ ਮੰਤਰੀ ਨੇ ਮੀਡੀਏ ਨਾਲ ਗੱਲਬਾਤ ਵਿਚ ਕਈ ਕੁਝ ਹੋਰ ਕਹਿ ਦਿੱਤਾ, ਜਿਸ ਵਿਚ ਇਹ ਗੱਲ ਸ਼ਾਮਲ ਸੀ ਕਿ ਇਹ ਕਾਰਵਾਈ ਭਾਰਤੀ ਫੌਜ ਨੇ ਗਵਾਂਢੀ ਦੇਸ਼ ਮਾਇਨਾਮਾਰ ਦੇ ਅੰਦਰ ਜਾ ਕੇ ਕੀਤੀ ਹੈ ਤੇ ਉਥੋਂ ਦੀ ਫੌਜ ਤੇ ਸਰਕਾਰ ਦੀ ਸਹਿਮਤੀ ਇਸ ਵਿਚ ਸ਼ਾਮਲ ਸੀ। ਅਗਲੀ ਗੱਲ ਰਾਜ ਮੰਤਰੀ ਨੇ ਇਹ ਕਹਿ ਦਿੱਤੀ ਕਿ ਨਾਲ ਲੱਗਦੇ ਦੇਸ਼ ਵਿਚ ਜਾ ਕੇ ਜਿਵੇਂ ਅਸੀਂ ਇਹ ਕਾਰਵਾਈ ਕੀਤੀ ਹੈ, ਉਸ ਤੋਂ ਹੁਣ ਦੂਸਰੇ ਦੇਸ਼ਾਂ ਨੂੰ ਵੀ ਭਾਰਤ ਦੇ ਇਰਾਦਿਆਂ ਬਾਰੇ ਸਮਝ ਜਾਣਾ ਚਾਹੀਦਾ ਹੈ। ਭਾਰਤ ਦੇ ਰਾਜ ਮੰਤਰੀ ਦੀ ਏਨੀ ਗੱਲ ਨੇ ਵੱਡੇ ਵਿਵਾਦ ਨੂੰ ਜਨਮ ਦੇ ਦਿੱਤਾ।

ਸਾਨੂੰ ਇਸ ਦੀ ਪ੍ਰਵਾਹ ਨਹੀਂ ਕਿ ਪਾਕਿਸਤਾਨ ਇਸ ਉਤੇ ਭੁੜਕਿਆ ਤੇ 'ਦੂਸਰੇ ਦੇਸ਼' ਕਹੇ ਜਾ ਸਕਦੇ ਬਾਕੀ ਦੇਸ਼ ਕਿਉਂ ਨਹੀਂ ਭੜਕੇ? ਭੜਕਣਾ ਸਿਰਫ ਓਸੇ ਨੇ ਸੀ, ਜਿਸ ਦੀ ਦਾੜ੍ਹੀ ਵਿਚ ਚੋਰ ਵਾਲਾ ਤਿਨਕਾ ਸੀ। ਪਾਕਿਸਤਾਨ ਵਿਚ ਦਹਿਸ਼ਤਗਰਦਾਂ ਦੇ ਕੈਂਪ ਹਨ, ਇਸ ਕਰ ਕੇ ਭੜਕਣਾ ਵੀ ਹੋਰਨਾਂ ਨੇ ਨਹੀਂ, ਪਾਕਿਸਤਾਨ ਨੇ ਹੀ ਸੀ। ਉਸ ਦੇਸ਼ ਦੀ ਸਰਕਾਰ ਅਤੇ ਫੌਜ ਦੀ ਨੀਤੀ ਤੇ ਸਥਿਤੀ ਬਾਰੇ ਅਸੀਂ ਪਿਛਲੇ ਹਫਤੇ ਲਿਖ ਚੁੱਕੇ ਹਾਂ ਅਤੇ ਮੁੜ-ਮੁੜ ਉਹੋ ਗਿੱਲਾ ਪੀਹਣ ਨਹੀਂ ਪਾਉਣਾ ਚਾਹੁੰਦੇ। ਵੱਡੀ ਗੱਲ ਸਿਰਫ ਇਹ ਹੈ ਕਿ ਪਾਕਿਸਤਾਨ ਦੀ ਪਾਰਲੀਮੈਂਟ ਦੇ ਉਤਲੇ ਸਦਨ ਵਿਚ ਉਨ੍ਹਾਂ ਨੇ ਭਾਰਤ ਦੇ ਖਿਲਾਫ ਮਤਾ ਪਾਸ ਕਰ ਦਿੱਤਾ, ਜਿਸ ਨਾਲ ਭਾਰਤ ਦਾ ਕੁਝ ਵਿਗੜਨਾ ਨਹੀਂ, ਤੌੜੀ ਉਬਲੇਗੀ ਤਾਂ ਆਪਣੇ ਕੰਢੇ ਸਾੜ ਲਵੇਗੀ। ਆਪਣੇ ਦੇਸ਼ ਦੀ ਅੰਦਰੂਨੀ ਰਾਜਨੀਤੀ ਵਿਚ ਉਨ੍ਹਾਂ ਲਈ ਇਹ ਕੁਝ ਕਰਨਾ ਜ਼ਰੂਰੀ ਵੀ ਸੀ, ਜਿਹੜਾ ਕਰਨ ਵਿਚ ਕੋਈ ਵੀ ਰਾਜਸੀ ਲੀਡਰ ਪਿੱਛੇ ਨਹੀਂ ਸੀ ਰਹਿ ਸਕਦਾ।

ਓਧਰ ਵਾਲਿਆਂ ਬਾਰੇ ਮੱਥਾ ਮਾਰਨ ਦੀ ਥਾਂ ਸਾਨੂੰ ਆਪਣਾ ਘਰ ਵੇਖਣਾ ਚਾਹੀਦਾ ਹੈ। ਭਾਰਤ ਦੇ ਰਾਜ ਮੰਤਰੀ ਦੇ ਇਸ ਬਿਆਨ ਨੇ ਭਾਰਤ ਦੀ ਸਥਿਤੀ ਇਸ ਗੱਲੋਂ ਖਰਾਬ ਕਰ ਦਿੱਤੀ ਕਿ ਮਾਇਨਾਮਾਰ ਨੇ ਭਾਰਤ ਦੇ ਇਸ ਦਾਅਵੇ ਦਾ ਖੰਡਨ ਕਰ ਦਿੱਤਾ। ਅਸਲ ਵਿਚ ਖੰਡਨ ਕੀਤਾ ਨਹੀਂ, ਉਸ ਦੇਸ਼ ਦੀ ਸਰਕਾਰ ਨੂੰ ਕਰਨਾ ਪਿਆ ਹੈ। ਕਾਰਵਾਈ ਦੀ ਪਹਿਲੀ ਜਾਣਕਾਰੀ ਜਦੋਂ ਜਾਰੀ ਕੀਤੀ ਗਈ, ਉਦੋਂ ਮਾਇਨਾਮਾਰ ਦੀ ਫੌਜ ਨੇ ਇਸ ਸਬੰਧ ਵਿਚ ਚੁੱਪ ਸਹਿਮਤੀ ਦੇ ਪ੍ਰਭਾਵ ਦਿੱਤੇ ਸਨ, ਪਰ ਜਦੋਂ ਵਾਰ-ਵਾਰ ਇਹ ਕਿਹਾ ਗਿਆ ਕਿ ਮਾਇਨਾਮਾਰ ਦੀ ਫੌਜ ਨੇ ਮਦਦ ਕੀਤੀ ਹੈ ਤਾਂ ਇਸ ਨਾਲ ਉਨ੍ਹਾਂ ਲਈ ਕਈ ਉਲਝਣਾਂ ਖੜੀਆਂ ਹੋ ਗਈਆਂ ਸਨ।

ਭਾਰਤ ਦੇ ਰਾਜਸੀ ਆਗੂ ਸ਼ਾਇਦ ਇਹ ਸੋਚਦੇ ਹੋਣ ਕਿ ਕਾਰਵਾਈ ਅਸੀਂ ਕੀਤੀ ਹੈ ਤੇ ਦਹਿਸ਼ਤਗਰਦੀ ਵਿਰੁਧ ਲੜਾਈ ਵਿਚ ਮੁਫਤ ਦਾ ਮਾਣ ਮਾਇਨਾਮਾਰ ਨੂੰ ਮਿਲਦਾ ਹੋਣ ਕਰ ਕੇ ਉਹ ਖੁਸ਼ ਹੋਣਗੇ। ਇੱਕ ਹੋਰ ਪੱਖ ਇਨ੍ਹਾਂ ਨੇ ਸੋਚਿਆ ਹੀ ਨਹੀਂ। ਕਿਸੇ ਵੀ ਦੇਸ਼ ਦੀ ਸਰਕਾਰ ਤੇ ਫੌਜ ਆਪਣੇ ਦੇਸ਼ ਵਿਚ ਕਿਸੇ ਹੋਰ ਦੇਸ਼ ਨੂੰ ਕਾਰਵਾਈ ਕਰਨ ਦੀ ਖੁੱਲ੍ਹ ਦੇਵੇ ਤਾਂ ਲੋਕਾਂ ਮੂਹਰੇ ਉਸ ਦੀ ਕਮਜ਼ੋਰੀ ਜ਼ਾਹਰ ਹੁੰਦੀ ਹੈ।

ਅਮਰੀਕਾ ਨੂੰ ਆਪਣੇ ਦੇਸ਼ ਵਿਚ ਏਦਾਂ ਦੀਆਂ ਕਾਰਵਾਈਆਂ ਕਰਨ ਦੀ ਖੁੱਲ੍ਹ ਦੇ ਕੇ ਪਾਕਿਸਤਾਨ ਦੀ ਸਰਕਾਰ ਆਪਣਾ ਜਲੂਸ ਕਈ ਵਾਰ ਕੱਢਵਾ ਚੁੱਕੀ ਹੈ। ਮਾਇਨਾਮਾਰ ਇਸ ਲਈ ਸਹਿਮਤ ਨਹੀਂ ਹੋ ਸਕਦਾ। ਇਸ ਕਾਰਨ ਉਸ ਨੂੰ ਇਹ ਜਵਾਬ ਵੀ ਦੇਣਾ ਪੈ ਜਾਣਾ ਸੀ ਕਿ ਜਿਹੜੇ ਕੈਂਪ ਭਾਰਤ ਦੀ ਫੌਜ ਨੇ ਆਣ ਕੇ ਸਹਿਮਤੀ ਨਾਲ ਤੋੜੇ ਹਨ, ਉਹ ਹੁਣ ਤੱਕ ਉਥੇ ਚੱਲਦੇ ਕਿਸ ਦੀ ਸਹਿਮਤੀ ਅਤੇ ਸਰਪ੍ਰਸਤੀ ਨਾਲ ਸਨ? ਮਾਇਨਾਮਾਰ ਦੀ ਫੌਜ ਇਹ ਦੋਸ਼ ਲੈਣ ਨੂੰ ਤਿਆਰ ਨਹੀਂ ਹੋ ਸਕਦੀ ਕਿ ਉਸ ਦਾ ਦੇਸ਼ ਦਹਿਸ਼ਤਗਰਦੀ ਦਾ ਅੱਡਾ ਬਣਿਆ ਪਿਆ ਹੈ। ਭਾਰਤ ਦੇ ਰਾਜ ਮੰਤਰੀ ਦੀ ਮੀਡੀਏ ਨਾਲ ਗੱਲਬਾਤ ਨੇ ਭਾਰਤ ਦੀ ਮਦਦ ਕਰਨ ਲਈ ਸਹਿਮਤ ਹੋਏ ਤੇ ਕਾਰਵਾਈ ਦੇ ਮੌਕੇ ਇੱਕ ਤਰ੍ਹਾਂ ਸਾਥ ਦੇਂਦੇ ਰਹੇ ਗਵਾਂਢੀ ਦੇਸ਼ ਮਾਇਨਾਮਾਰ ਨੂੰ ਚੌਵੀ ਘੰਟਿਆਂ ਵਿਚ ਖੰਡਨ ਕਰਨ ਲਈ ਮਜਬੂਰ ਕਰ ਦਿੱਤਾ।

ਰਹੀ ਗੱਲ ਕੁੜਤੇ ਤੋਂ ਬਾਹਰ ਆਉਣ ਦੀ, ਇਸ ਦੀਆਂ ਢੁਕਵੀਆਂ ਤੇ ਭੱਦੀਆਂ ਦੋਵੇਂ ਕਿਸਮ ਦੀਆਂ ਮਿਸਾਲਾਂ ਭਾਰਤ ਦੀ ਰਾਜਨੀਤੀ ਵਿਚ ਮੌਜੂਦ ਹਨ। ਭੱਦੀਆਂ ਮਿਸਾਲਾਂ ਵਿਚੋਂ ਇੱਕ ਹੁਣ ਵਾਲੀ ਹੈ, ਜਦੋਂ ਮਨੀਪੁਰ ਸਰਹੱਦ ਟੱਪ ਕੇ ਫੌਜ ਨੇ ਮਾਇਨਾਮਾਰ ਦੇ ਖੇਤਰ ਵਿਚ ਉਹ ਕਾਰਵਾਈ ਕੀਤੀ, ਜਿਸ ਬਾਰੇ ਚੌਵੀ ਘੰਟੇ ਪਿੱਛੋਂ ਮਾਇਨਾਮਾਰ ਨੂੰ ਇਹ ਕਹਿਣਾ ਪੈ ਗਿਆ ਕਿ ਸਾਡੀ ਹੱਦ ਅੰਦਰ ਭਾਰਤੀ ਫੌਜ ਨੇ ਕਾਰਵਾਈ ਕੀਤੀ ਹੀ ਨਹੀਂ। ਇਸ ਨਾਲ ਭਾਰਤ ਦੀ ਸਾਖ ਨੂੰ ਸੱਟ ਵੱਜੀ। ਪਹਿਲੀ ਭੱਦੀ ਮਿਸਾਲ ਵਾਜਪਾਈ ਸਰਕਾਰ ਵੇਲੇ ਦੀ ਸੀ। ਉਦੋਂ ਪੰਜ ਐਟਮੀ ਧਮਾਕੇ ਕਰਨ ਮਗਰੋਂ ਦਿੱਲੀ ਤੋਂ ਬਾਕਾਇਦਾ ਐਲਾਨ ਕੀਤਾ ਗਿਆ ਤਾਂ ਉਸ ਵਿਚ ਮੁਕੰਮਲ ਠਰ੍ਹੰਮਾ ਸੀ, ਪਰ ਇੱਕ ਦਿਨ ਪਿੱਛੋਂ ਜੰਮੂ ਜਾ ਕੇ ਕੇਂਦਰੀ ਮੰਤਰੀ ਮਦਨ ਨਾਲ ਖੁਰਾਣਾ ਨੇ ਜਾਮੇ ਤੋਂ ਬਾਹਰ ਆਉਣ ਵਾਲਾ ਕੰਮ ਕਰ ਦਿੱਤਾ। ਉਸ ਨੇ ਸਿੱਧੇ ਇਹ ਲਫਜ਼ ਬੋਲ ਦਿੱਤੇ ਕਿ ਭਾਰਤ ਹੁਣ ਐਟਮੀ ਤਾਕਤ ਹੈ ਤੇ ਅਸੀਂ ਪਾਕਿਸਤਾਨ ਨੂੰ ਕਹਿੰਦੇ ਹਾਂ ਕਿ ਉਹ ਤਾਰੀਖ ਤੈਅ ਕਰ ਕੇ ਜਦੋਂ ਚਾਹੇ ਸਾਡੇ ਨਾਲ ਲੜ ਕੇ ਵੇਖ ਸਕਦਾ ਹੈ। ਦੇਸ਼ ਦੇ ਅਕਲਮੰਦਾਂ ਨੇ ਉਦੋਂ ਖੁਰਾਣਾ ਦੇ ਇਸ ਬਿਆਨ ਦੀ ਨੁਕਤਾਚੀਨੀ ਕੀਤੀ ਸੀ, ਪਰ ਛੋਟੇ ਭਾਂਡੇ ਵਾਂਗ ਛੇਤੀ ਉਬਾਲਾ ਖਾ ਜਾਣ ਵਾਲੇ ਨੱਚਦੇ ਫਿਰਦੇ ਸਨ।

ਨਤੀਜਾ ਕੀ ਨਿਕਲਿਆ ਸੀ? ਅਗਲੇ ਦਿਨੀਂ ਪਾਕਿਸਤਾਨ ਨੇ ਭਾਰਤ ਦੇ ਉਦੋਂ ਕੀਤੇ ਗਏ ਪੰਜ ਧਮਾਕਿਆਂ ਦੇ ਨਾਲ ਇੰਦਰਾ ਗਾਂਧੀ ਦੇ ਵਕਤ ਦਾ ਇੱਕ ਧਮਾਕਾ ਜੋੜ ਕੇ ਛੇ ਧਮਾਕੇ ਕਰ ਕੇ ਦੱਸ ਦਿੱਤਾ ਕਿ ਐਟਮੀ ਤਾਕਤ ਉਹ ਵੀ ਬਣ ਚੁੱਕਾ ਹੈ। ਇਸ ਦੇ ਬਾਅਦ ਮਦਨ ਲਾਲ ਖੁਰਾਣਾ ਨੂੰ ਮੀਡੀਏ ਵਾਲਿਆਂ ਨੇ ਇਸ ਬਾਰੇ ਪੁੱਛਿਆ ਕਿ ਹੁਣ ਉਹ ਕੀ ਕਹਿਣਾ ਚਾਹੇਗਾ?

ਜਵਾਬ ਬੜਾ ਦਿਲਚਸਪ ਸੀ। ਖੁਰਾਣਾ ਕਹਿਣ ਲੱਗਾ: 'ਮੇਰੇ ਇੱਕੋ ਬਿਆਨ ਨੇ ਪਾਕਿਸਤਾਨ ਨੂੰ ਚੁੱਪ ਤੋੜਨ ਲਈ ਏਦਾਂ ਮਜਬੂਰ ਕੀਤਾ ਕਿ ਉਸ ਦੀ ਹਕੀਕਤ ਦੁਨੀਆਂ ਦੇ ਸਾਹਮਣੇ ਖੁੱਲ੍ਹ ਗਈ ਹੈ। ਹੁਣ ਤੱਕ ਮੁੱਕਰਦਾ ਰਿਹਾ ਪਾਕਿਸਤਾਨ ਹੁਣ ਇਸ ਤੋਂ ਮੁੱਕਰ ਨਹੀਂ ਸਕੇਗਾ।' ਇਹ ਬਿਆਨ ਸਿਰਫ ਢੀਠਤਾਈ ਦਾ ਨਮੂਨਾ ਸੀ।

ਹੁਣ ਆਈਏ ਇਨ੍ਹਾਂ ਤੋਂ ਪਹਿਲੇ ਵੇਲੇ ਦੀ ਕੂਟਨੀਤੀ ਵੱਲ। ਨਰਸਿਮਹਾ ਰਾਓ, ਰਾਜੀਵ ਗਾਂਧੀ ਤੇ ਹੋਰ ਕੋਈ ਵੀ ਆਗੂ ਉਸ ਪੱਧਰ ਦਾ ਇਸ ਪੱਖੋਂ ਲੱਭਣਾ ਔਖਾ ਹੈ, ਜਿਹੜਾ ਪੱਧਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸੀ। ਭਾਰਤ ਦਾ ਪਹਿਲਾ ਐਟਮੀ ਧਮਾਕਾ ਕਰਨ ਦੀ ਯੋਜਨਾਬੰਦੀ ਉਸ ਨੇ 1971 ਦੀ ਜੰਗ ਦੇ ਉਸ ਕੌੜੇ ਤਜਰਬੇ ਤੋਂ ਛੋਹੀ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਪਾਕਿਸਤਾਨ ਦੀ ਮਦਦ ਲਈ ਆਪਣਾ ਜੰਗੀ ਬੇੜਾ ਬੰਗਾਲ ਦੀ ਖਾੜੀ ਵੱਲ ਠੇਲ੍ਹਿਆ ਸੀ। ਜਵਾਬ ਵਿਚ ਸੋਵੀਅਤ ਰੂਸ ਨੇ ਵਲਾਦੀਵੋਸਤਕ ਤੋਂ ਇੱਕ ਪਣਡੁਬੀ ਏਧਰ ਨੂੰ ਠੇਲ੍ਹਣ ਦਾ ਕਦਮ ਚੁੱਕਿਆ ਤਾਂ ਅਮਰੀਕੀ ਬੇੜੇ ਨੂੰ ਬਰੇਕ ਲੱਗ ਗਈ। ਉਦੋਂ ਇੰਦਰਾ ਗਾਂਧੀ ਨੇ ਸੋਚ ਲਿਆ ਸੀ ਕਿ ਐਟਮੀ ਤਾਕਤ ਹਿੰਦੁਸਤਾਨ ਨੂੰ ਚਾਹੀਦੀ ਹੈ, ਪਰ ਇਹ ਕੰਮ ਉਸ ਨੇ ਰੌਲਾ ਪਾ ਕੇ ਸ਼ੁਰੂ ਨਹੀਂ ਸੀ ਕੀਤਾ, ਇੱਕ ਸੌ ਤੋਂ ਘੱਟ ਬੰਦਿਆਂ ਦੀ ਜਿਹੜੀ ਟੀਮ ਇਸ ਕੰਮ 'ਤੇ ਲਾਈ ਸੀ, ਉਨ੍ਹਾਂ ਦੇ ਵੀ ਖੱਬੇ ਹੱਥ ਨੂੰ ਸੱਜੇ ਹੱਥ ਦਾ ਪਤਾ ਲੱਗਣ ਤੋਂ ਅੰਤ ਤੱਕ ਓਹਲਾ ਰੱਖਿਆ ਗਿਆ।

ਬੰਗਲਾ ਦੇਸ਼ ਦੀ ਜੰਗ ਵੇਲੇ ਇਹ ਗੱਲ ਚਰਚਾ ਵਿਚ ਆਈ ਸੀ ਕਿ ਭਾਰਤ ਦਾ ਇੱਕ ਮੰਤਰੀ ਅੰਦਰ ਦੀਆਂ ਗੱਲਾਂ ਦੁਸ਼ਮਣ ਨੂੰ ਪੁਚਾਉਂਦਾ ਰਿਹਾ ਸੀ। ਇੰਦਰਾ ਗਾਂਧੀ ਨੇ ਕਿਸੇ ਦੀ ਛਾਂਟੀ ਨਹੀਂ ਸੀ ਕੀਤੀ, ਓਹਲਾ ਰੱਖਣ ਦੀ ਆਦਤ ਅੱਗੇ ਤੋਂ ਵਧਾ ਲਈ ਸੀ। ਐਟਮੀ ਧਮਾਕੇ ਦਾ ਪ੍ਰਤੀਕਰਮ ਕਿਉਂਕਿ ਸੰਸਾਰ ਵਿਚ ਹੋਣਾ ਸੀ, ਇਸ ਲਈ ਵਿਦੇਸ਼ ਮੰਤਰੀ ਸਵਰਨ ਸਿੰਘ ਨੂੰ ਇਸ ਦੀ ਅਗੇਤੀ ਤਿਆਰੀ ਲਈ ਕਹਿਣਾ ਪੈਣਾ ਸੀ, ਉਸ ਨੂੰ ਧਮਾਕੇ ਦੇ ਅਠਤਾਲੀ ਘੰਟੇ ਪਹਿਲਾਂ ਦੱਸਿਆ ਗਿਆ ਤੇ ਰੱਖਿਆ ਮੰਤਰੀ ਜਗਜੀਵਨ ਰਾਮ ਨੂੰ ਦੱਸਿਆ ਤੱਕ ਨਹੀਂ ਸੀ ਗਿਆ। ਕਾਰਨ ਵੀ ਸਾਰਿਆਂ ਨੂੰ ਪਤਾ ਸੀ, ਪਰ ਕੋਈ ਵੀ ਛੋਟਾ-ਵੱਡਾ ਆਗੂ ਇਸ ਉਤੇ ਕਿੰਤੂ ਨਹੀਂ ਸੀ ਕਰ ਸਕਿਆ।

ਫਿਰ ਜਦੋਂ ਧਮਾਕਾ ਕਰਨਾ ਸੀ, ਪੋਖਰਨ ਵਿਚ ਵੀ ਕਈ ਉਲਝਣਾਂ ਪੇਸ਼ ਆਈਆਂ। ਪਹਿਲਾਂ ਤਾਂ ਜਿਸ ਮਾਹਰ ਦੀ ਅਗਵਾਈ ਹੇਠ ਧਮਾਕਾ ਕਰਨਾ ਸੀ, ਮਾਰੂਥਲ ਵਿਚ ਉਸ ਦੀ ਜੀਪ ਕਿਸੇ ਥਾਂ ਰੇਤ ਵਿਚ ਫਸ ਗਈ। ਪੂਰੇ ਤਨਾਅ ਦੌਰਾਨ ਉਹ ਪੰਜ ਮਿੰਟ ਲੇਟ ਪੁੱਜਾ ਤੇ ਏਸੇ ਲਈ ਅੱਠ ਵਜੇ ਕੀਤਾ ਜਾਣ ਵਾਲਾ ਧਮਾਕਾ ਅੱਠ ਵੱਜ ਕੇ ਪੰਜ ਮਿੰਟ ਉਤੇ ਕੀਤਾ ਗਿਆ। ਫਿਰ ਪ੍ਰਧਾਨ ਮੰਤਰੀ ਨੂੰ ਸੂਚਿਤ ਕਰਨ ਲਈ ਰਾਖਵਾਂ ਟੈਲੀਫੋਨ ਪ੍ਰਬੰਧ ਸਖਤ ਗਰਮੀ ਕਾਰਨ ਕੰਮ ਤੋਂ ਜਵਾਬ ਦੇ ਗਿਆ ਤਾਂ ਇੱਕ ਜੀਪ ਉਤੇ ਨਾਲ ਦੇ ਪਿੰਡ ਦੇ ਡਾਕਖਾਨੇ ਤੋਂ ਕੋਡ ਵਰਡ ਵਿਚ ਸਿਰਫ ਏਨਾ ਸੁਨੇਹਾ ਦਿੱਤਾ ਗਿਆ ਸੀ: 'ਦ ਬੁੱਧਾ ਹੈਜ਼ ਫਾਈਨਲੀ ਸਮਾਈਲਡ' (ਆਖਰਕਾਰ ਬੁੱਧ ਮੁਸਕਰਾ ਪਿਆ)। ਇਸ ਪਿੱਛੋਂ ਸਰਕਾਰ ਦਾ ਦਿੱਲੀ ਤੋਂ ਸੰਖੇਪ ਜਿਹਾ ਬਿਆਨ ਸੀ ਕਿ 'ਭਾਰਤ ਨੇ ਪੁਰਅਮਨ ਲੋੜਾਂ ਲਈ ਐਟਮੀ ਧਮਾਕਾ ਕੀਤਾ ਹੈ।'

ਸਾਡੀ ਅੱਜ ਦੀ ਸਰਕਾਰ ਦੇ ਅਹਿਲਕਾਰਾਂ ਤੇ ਵਾਜਪਾਈ ਸਰਕਾਰ ਵੇਲੇ ਦੇ ਮਦਨ ਲਾਲ ਖੁਰਾਣੇ ਵਰਗਿਆਂ ਨੂੰ ਇਸ ਨਾਲ ਤੋਲਿਆ ਜਾਵੇ ਤਾਂ ਇਸ ਵਿਚੋਂ ਕੂਟਨੀਤੀ ਕਿਤੇ ਨਹੀਂ ਲੱਭਦੀ। ਜੇ ਕੁਝ ਲੱਭਦਾ ਹੈ ਤਾਂ ਉਹ ਏਨਾ ਨਿਗੂਣਾ ਕਿ ਚੁਟਕਲੇ ਵਿਚ ਸਿਆਣੀ ਹੋ ਗਈ ਜਾਪਦੀ ਰਾਬੜੀ ਦੇਵੀ ਨਾਲ ਵੀ ਇਨ੍ਹਾਂ ਨੂੰ ਨਹੀਂ ਤੋਲਿਆ ਜਾ ਸਕਦਾ। ਏਨੀ ਸਮਝ ਆ ਜਾਂਦੀ ਤਾਂ ਭਾਰਤ ਦੀ ਕੂਟਨੀਤੀ ਦੇ ਮਹਾਂਰਥੀਆਂ ਨੂੰ ਇਹ ਪਤਾ ਲੱਗ ਜਾਣਾ ਸੀ ਕਿ ਬੰਦ ਰੱਖੀ ਹੋਈ ਮੁੱਠੀ ਵਾਲੀ ਕੂਟਨੀਤੀ ਵੱਧ ਅਸਰ ਵਾਲੀ ਹੁੰਦੀ ਹੈ। ਬਾਬੇ ਕਹਿੰਦੇ ਹੁੰਦੇ ਸਨ ਕਿ ਅਕਲ ਦੀ ਦਾੜ੍ਹ ਸਮਾਂ ਪਾ ਕੇ ਉਗਦੀ ਹੈ।

**ਪੰਜਾਬ ਟਾਈਮਜ਼**
ਦੀ ਨਵੀਂ ਈ-ਮੇਲ
Punjabtimes1@gmail.com

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਪੰਜਾਬ ਟਾਈਮਜ਼

*ਸਨਿਚਰਵਾਰ, 20 ਜੂਨ 2015*

## ਪ੍ਰੋ. ਭੁੱਲਰ ਦਾ ਪੰਜਾਬ ਤਬਾਦਲਾ

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਪੰਜਾਬ ਦੀ ਜੇਲ੍ਹ ਵਿਚ ਤਬਾਦਲਾ ਆਖਰਕਾਰ ਹੋ ਗਿਆ ਹੈ। ਪਿਛਲੇ ਵੀਹ ਸਾਲ ਤੋਂ ਕੈਦ ਦੀ ਇਕੱਲ ਝੱਲਦਿਆਂ, ਉਹਦੀ ਮਾਨਸਿਕ ਸਿਹਤ ਨੂੰ ਬਹੁਤ ਖੋਰਾ ਲੱਗਿਆ ਸੀ। ਫਾਂਸੀ ਦੀ ਸਜ਼ਾ ਮਿਲਣ ਤੋਂ ਬਾਅਦ ਲੰਮੀ ਕੈਦ ਅਤੇ ਢਿੱਲੀ ਮਾਨਸਿਕ ਸਿਹਤ ਦੇ ਆਧਾਰ 'ਤੇ ਹੀ ਉਸ ਦੀ ਫਾਂਸੀ ਦੀ ਸਜ਼ਾ ਟੁੱਟ ਸਕੀ ਹੈ। ਅੱਜ ਕੱਲ੍ਹ ਉਹ ਉਮਰ ਕੈਦ ਭੋਗ ਰਿਹਾ ਹੈ, ਪਰ ਬਿਮਾਰ ਹੋਣ ਕਾਰਨ ਤਕਰੀਬਨ ਚਾਰ ਸਾਲ ਤੋਂ ਹਸਪਤਾਲ ਵਿਚ ਉਸ ਦਾ ਇਲਾਜ ਚੱਲ ਰਿਹਾ ਹੈ। ਉਸ ਦੀ ਢਿੱਲੀ ਮਾਨਸਿਕ ਸਿਹਤ ਅਤੇ ਉਸ ਦੇ ਸਹੀ ਇਲਾਜ ਖਾਤਰ ਹੀ ਕੁਝ ਸਮਾਂ ਪਹਿਲਾਂ ਉਸ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਬਾਰੇ ਗੱਲ ਚੱਲੀ ਸੀ। ਨੁਕਤਾ ਇਹੀ ਸੀ ਕਿ ਉਸ ਦੇ ਘਰ ਦੇ ਜੀਅ ਉਸ ਨੂੰ ਵੱਧ ਤੋਂ ਵੱਧ ਮਿਲ ਸਕਣ ਅਤੇ ਉਸ ਦਾ ਇਲਾਜ ਲੀਹ ਉਤੇ ਪੈ ਸਕੇ, ਪਰ ਉਦੋਂ ਬਾਦਲ ਸਰਕਾਰ ਨੇ ਉਸ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦਾ ਵਿਰੋਧ ਕੀਤਾ। ਸਰਕਾਰ ਵਲੋਂ ਕਿਹਾ ਗਿਆ ਸੀ ਕਿ ਭੁੱਲਰ ਖਤਰਨਾਕ ਦਹਿਸ਼ਤਪਸੰਦ ਹੈ, ਉਸ ਦੀ ਪੰਜਾਬ ਵਿਚ ਆਮਦ ਸੂਬੇ ਦਾ ਅਮਨ-ਚੈਨ ਭੰਗ ਕਰ ਸਕਦੀ ਹੈ। ਹੁਣ ਹਾਲਾਤ ਉਕਾ ਹੀ ਬਦਲ ਚੁਕੇ ਹਨ। ਇਕ ਤਾਂ ਭਾਰਤੀ ਜਨਤਾ ਪਾਰਟੀ ਨੇ ਸੱਤਾਧਾਰੀ ਬਾਦਲਾਂ ਦੇ ਪੈਰਾਂ ਹੇਠੋਂ ਜ਼ਮੀਨ ਖਿੱਚੀ ਹੋਈ ਹੈ, ਤੇ ਬਾਦਲਾਂ ਨੂੰ ਅਣ-ਸਰਦੇ ਨੂੰ ਇਕ ਵਾਰ ਫਿਰ ਸਿੱਖ ਤੇ ਪੰਥਕ ਮਸਲਿਆਂ ਦਾ ਚੇਤਾ ਆ ਗਿਆ ਹੈ; ਦੂਜੇ, ਸਜ਼ਾ ਭੁਗਤ ਚੁੱਕੇ ਸਿੱਖਾਂ ਦੀ ਰਿਹਾਈ ਦਾ ਮਸਲਾ ਭਖਣ ਕਾਰਨ ਸੱਤਾ ਧਿਰ ਲਈ ਭੁੱਲਰ ਦਾ ਮਸਲਾ ਦਰਕਿਨਾਰ ਕਰਨਾ ਹੁਣ ਸੰਭਵ ਨਹੀਂ ਸੀ ਰਿਹਾ। ਇਕ ਨੁਕਤਾ ਹੋਰ ਵੀ ਨੋਟ ਕਰਨ ਵਾਲਾ ਹੈ, ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਮਾਂ ਜਥੇਬੰਦੀ ਆਰ.ਐਸ.ਐਸ. ਦੇ ਕੁਝ ਆਗੂ ਪਿਛਲੇ ਸਮੇਂ ਦੌਰਾਨ ਕਈ ਕਾਰਨਾਂ ਕਰ ਕੇ ਸਿੱਖ ਮਸਲਿਆਂ ਬਾਰੇ ਪੈਂਤੜਾ ਮੱਲਦੇ ਰਹੇ ਹਨ। ਇਸ ਲਈ ਇਨ੍ਹਾਂ ਬਦਲੇ ਹੋਏ ਸਮੀਕਰਨਾਂ ਵਿਚ ਹੀ ਭੁੱਲਰ ਦਾ ਪੰਜਾਬ ਦੀ ਜੇਲ੍ਹ ਵਿਚ ਤਬਾਦਲਾ ਸੰਭਵ ਹੋ ਸਕਿਆ ਹੈ। ਇਕ ਦਲੀਲ ਮੁਤਾਬਕ ਭੁੱਲਰ ਉਂਜ ਵੀ ਉਮਰ ਕੈਦ ਦੇ ਹਿਸਾਬ ਨਾਲ ਆਪਣੀ ਸਜ਼ਾ ਪੂਰੀ ਕਰ ਚੁਕਾ ਹੈ, ਇਹ ਗੱਲ ਵੱਖਰੀ ਹੈ ਕਿ ਇਸ ਮੁੱਦੇ ਉਤੇ ਭਰਵੀਂ ਚਾਰਾਜੋਈ ਹੋਣੀ ਅਜੇ ਬਾਕੀ ਹੈ। ਭੁੱਲਰ ਦੇ ਕੇਸ ਵਿਚ ਚਾਰਾਜੋਈ ਦਾ ਮੁੱਦਾ ਵੀ ਬੜਾ ਅਹਿਮ ਰਿਹਾ ਹੈ, ਕਿਉਂਕਿ ਉਸ ਨੂੰ ਫਾਂਸੀ ਦੀ ਜਿਹੜੀ ਸਜ਼ਾ ਮਿਲੀ ਸੀ, ਉਸ ਬਾਰੇ ਇਕ ਰਾਏ ਇਹ ਵੀ ਹੈ ਕਿ ਉਸ ਦੇ ਘਰ ਵਾਲੇ ਉਦੋਂ ਉਸ ਦੇ ਕੇਸ ਦੀ ਪੈਰਵੀ ਕਰਨ ਲਈ ਭਾਰਤ ਵਿਚ ਨਹੀਂ ਸਨ ਅਤੇ ਭੁੱਲਰ ਦੇ ਸੰਗੀ-ਸਾਥੀਆਂ ਤੋਂ ਇਹ ਪੈਰਵੀ ਸਹੀ ਢੰਗ ਨਾਲ ਹੋ ਨਹੀਂ ਸੀ ਸਕੀ। ਖੈਰ, ਉਸ ਦੀ ਰਿਹਾਈ ਦਾ ਮਸਲਾ ਤਾਂ ਅਜੇ ਆਉਣ ਵਾਲੇ ਸਮੇਂ ਵਿਚ ਸਪਸ਼ਟ ਹੋਣਾ ਹੈ, ਪਰ ਉਸ ਨੂੰ ਪੈਰੋਲ ਮਿਲਣ ਲਈ ਰਾਹ ਪੱਧਰਾ ਹੋ ਗਿਆ ਹੈ ਅਤੇ ਉਹ ਵੱਧ ਤੋਂ ਵੱਧ ਸਮਾਂ ਆਪਣੇ ਘਰ-ਪਰਿਵਾਰ ਵਿਚ ਬਿਤਾ ਸਕੇਗਾ। ਡਾਕਟਰਾਂ ਮੁਤਾਬਕ ਫਿਲਹਾਲ ਇਹੀ ਉਸ ਦੇ ਮਰਜ਼ ਦੀ ਦਵਾ ਹੈ।

ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਭੁੱਲਰ ਦੇ ਪੰਜਾਬ ਤਬਾਦਲੇ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹਣ-ਬੰਨ੍ਹਾਉਣ ਲਈ ਸਭ ਧਿਰਾਂ ਦੀ ਦੌੜ ਲੱਗੀ ਹੋਈ ਹੈ। ਇਸੇ ਕਰ ਕੇ ਅੰਮ੍ਰਿਤਸਰ ਹਸਪਤਾਲ ਵਿਚ ਉਸ ਨੂੰ ਮਿਲਣ ਵਾਲਿਆਂ ਦਾ ਵੀ ਤਾਂਤਾ ਲੱਗਾ ਹੋਇਆ ਹੈ। ਹਰ ਕੋਈ ਹਸਪਤਾਲ ਵਿਚ ਹਾਜ਼ਰੀ ਲੁਆਉਣ ਲਈ ਕਾਹਲਾ ਹੈ। ਦੂਜੇ ਬੰਨ੍ਹੇ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਅਤੇ ਇਸ ਦੇ ਕੁਝ ਆਗੂਆਂ ਨੇ ਭੁੱਲਰ ਦੇ ਤਬਾਦਲੇ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ, ਹਾਲਾਂਕਿ ਆਰ.ਐਸ.ਐਸ. ਨਾਲ ਜੁੜੀ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਨਵੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲ ਕੇ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਉਠਾ ਕੇ ਆਈ ਹੈ। ਅਸਲ ਵਿਚ ਸਿਆਸਤ ਦੀ ਉਪਰਲੀ ਤਹਿ ਦੇ ਹੇਠਾਂ ਵੱਖਰੀ ਤਰ੍ਹਾਂ ਦੀ ਸਰਗਰਮੀ ਹੋ ਰਹੀ ਹੈ। ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਪੰਜਾਬ ਬਾਰੇ ਬਿਲਕੁਲ ਨਾਪ-ਤੋਲ ਕੇ ਕਦਮ ਉਠਾ ਰਹੀਆਂ ਹਨ। ਉਂਜ ਵੀ ਪੰਜਾਬ ਆਰ.ਐਸ.ਐਸ. ਦੇ ਏਜੰਡੇ ਉਤੇ ਹੈ ਅਤੇ ਇਹ ਕੱਟੜ ਜਥੇਬੰਦੀ ਇਸੇ ਆਧਾਰ 'ਤੇ ਹੀ ਆਪਣੇ ਪੈਂਤੜੇ ਮੱਲ ਰਹੀ ਹੈ। ਪਿਛਲੇ ਸਮੇਂ ਦੌਰਾਨ ਇਸ ਨੇ ਪੰਜਾਬੀ ਭਾਸ਼ਾ ਤੇ ਬੋਲੀ ਦਾ ਮਸਲਾ ਜ਼ੋਰ-ਸ਼ੋਰ ਨਾਲ ਉਭਾਰਿਆ, ਹੁਣ ਸਿੱਖ ਮਸਲਿਆਂ ਵਾਲੇ ਪਿੜ ਵਿਚ ਨਿੱਤਰ ਪਈ ਹੈ। ਇਹ ਸਰਗਰਮੀਆਂ ਪੰਜਾਬ ਵਿਚ ਤੇਜ਼ੀ ਨਾਲ ਬਦਲ ਰਹੇ ਸਿਆਸੀ ਸਮੀਕਰਨਾਂ ਦਾ ਸੰਕੇਤ ਦੇ ਰਹੀਆਂ ਹਨ।

ਸੂਬੇ ਦੀ ਮੁੱਖ ਵਿਰੋਧੀ ਧਿਰ ਦਾ ਧੜੇਬੰਦਕ ਕਲੇਸ਼ ਮੁੱਕਣ ਦਾ ਅਜੇ ਨਾਂ ਨਹੀਂ ਲੈ ਰਿਹਾ। ਕੈਪਟਨ ਅਮਰਿੰਦਰ ਸਿੰਘ ਨੇ ਹਾਈ ਕਮਾਨ ਵੱਲ ਬੜਾ ਲੰਮਾ ਸਮਾਂ ਝਾਕਣ ਤੋਂ ਬਾਅਦ ਹੁਣ ਸ਼ਾਇਦ ਮਿਆਨ ਵਿਚੋਂ ਤਲਵਾਰ ਸੂਤ ਲਈ ਹੈ ਅਤੇ ਸਰਗਰਮੀ ਕਰਨ ਦਾ ਫੈਸਲਾ ਤਕਰੀਬਨ ਕਰ ਲਿਆ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਸਭ ਨੂੰ ਹੈਰਾਨ ਕਰ ਦੇਣ ਵਾਲੀ ਆਮ ਆਦਮੀ ਪਾਰਟੀ ਵਿਚ ਵੀ 'ਸਭ ਅੱਛਾ ਨਹੀਂ' ਦੇ ਸੰਕੇਤ ਮਿਲ ਰਹੇ ਹਨ। ਪਾਰਟੀ ਤੋਂ ਬਾਗੀ ਹੋਏ ਧੜੇ ਨੇ ਯੋਗੇਂਦਰ ਯਾਦਵ ਦੀ ਅਗਵਾਈ ਵਿਚ ਕਿਸਾਨਾਂ ਦੀ ਲਾਮਬੰਦੀ ਅਰੰਭ ਕਰ ਦਿੱਤੀ ਹੈ। ਚਿਰਾਂ ਤੋਂ ਖਾਮੋਸ਼ ਬੈਠੀਆਂ ਖਾੜਕੂ ਧਿਰਾਂ ਪਿਛਲੇ ਸਮੇਂ ਦੌਰਾਨ ਸਿਆਸੀ ਪਿੜ ਵਿਚ ਹਰ ਦਾਈਆ ਵਰਤ ਕੇ ਦੇਖ ਚੁੱਕੀਆਂ ਹਨ, ਪਰ ਸਿਆਸੀ ਖੜੋਤ ਤੋੜਨ ਵਿਚ ਨਾਕਾਮ ਰਹੀਆਂ ਹਨ। ਹੁਣ ਇਕ ਖਾੜਕੂ ਧਿਰ ਦਾ ਜਿਹੜਾ ਖਾਸ ਦਸਤਾਵੇਜ਼ ਸਾਹਮਣੇ ਆਇਆ ਹੈ, ਉਸ ਵਿਚ ਬਿਲਕੁਲ ਨਵੇਂ ਸਿਰਿਓਂ ਕੰਮ ਸ਼ੁਰੂ ਕਰਨ ਬਾਰੇ ਕਿਹਾ ਗਿਆ ਹੈ। ਇਸ ਤਰ੍ਹਾਂ ਦੇ ਸਿਆਸੀ ਮਾਹੌਲ ਵਿਚ ਭੁੱਲਰ ਦਾ ਕੇਸ ਇਕ ਵਾਰ ਫਿਰ ਉਭਰਿਆ ਹੈ। ਉਸ ਦੇ ਕੇਸ ਉਤੇ ਤਰਦੀ ਜਿਹੀ ਨਿਗ੍ਹਾ ਵੀ ਮਾਰੋ ਤਾਂ ਪੰਜਾਬ ਦੀ ਸਿਆਸਤ ਨਾਲ ਜੁੜੀਆਂ ਕਈ ਲੜੀਆਂ ਖੁਦ-ਬਖੁਦ ਖੁੱਲ੍ਹਣ ਲਗਦੀਆਂ ਹਨ। ਖੈਰ! ਡਾਕਟਰਾਂ ਦੇ ਦੱਸਣ ਮੁਤਾਬਕ ਭੁੱਲਰ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਹੈ, ਦੇਖਣਾ ਇਹ ਹੈ ਕਿ ਪੰਜਾਬ ਦੀ ਸਿਆਸਤ ਵਿਚ ਸੁਧਾਰ ਕਿਸ ਬਿਧ ਆਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੰਗਤ ਦੀਆਂ ਕਚੀਚੀਆਂ!*

'ਮਹਾਂਪੁਰਖਾਂ' ਦੇ ਦੇਖ ਕੇ ਕਾਰਨਾਮੇ, ਪੂਜਾ-ਪਾਠ ਤੋਂ ਲੋਕ ਮੂੰਹ ਮੋੜਦੇ ਨੇ।
'ਮਕੜ-ਜਾਲ' ਬਣਾਉਂਦੇ ਨੇ ਧਰਮ ਨੂੰ ਹੀ, ਸ਼ਰਧਾ ਵਾਲੇ ਵਿਸ਼ਵਾਸ ਨੂੰ ਤੋੜਦੇ ਨੇ।
ਚੜ੍ਹਨ ਵਾਸਤੇ ਰਾਜਸੀ ਅਹੁਦਿਆਂ 'ਤੇ, ਧਰਮ ਪੌੜੀ ਬਣਾਇਆ ਹੀ ਲੋੜਦੇ ਨੇ।
'ਧੁੰਮਾਂ' ਪਾਉਂਦੇ ਨੇ 'ਆਪਣੇ ਨਾਮ' ਦੀਆਂ, ਕਲਪਿਤ ਸਾਖੀਆਂ ਕੋਲੋਂ ਹੀ ਜੋੜਦੇ ਨੇ।
ਭੰਡੀ ਕਰਦੀ ਏ ਰੱਜ ਕੇ ਦੁਖੀ ਜਨਤਾ, 'ਸੋਸ਼ਲ ਸਾਈਟਾਂ' 'ਤੇ ਮਿੱਟੀ ਵੀ ਪੱਟਦੀ ਐ।
ਧਰਮੀ ਆਗੂਆਂ ਮੂੰਹੋਂ 'ਦੁਰਬਚਨ' ਸੁਣ ਕੇ, ਸੰਗਤ ਖਿਝੀ ਕਚੀਚੀਆਂ ਵੱਟਦੀ ਐ!

---

**ਬਦਇੰਤਜ਼ਾਮੀ ਦੇ ਦੌਰ ਵਿਚ**

# ਵਿਆਹਾਂ ਦੀ ਮੰਡੀ ਅਤੇ ਪੁਲਾਂ ਦੀ ਸਿਆਸਤ

ਦੋਰਾਹਾ ਵਿਚ ਟੈਂਕਰ ਪੁਲ ਨਾਲ ਵੱਜਣ ਕਾਰਨ ਅਮੋਨੀਆ ਗੈਸ ਰਿਸ ਗਈ ਅਤੇ ਅੱਠ ਜੀਆਂ ਦੀ ਮੌਤ ਹੋ ਗਈ। ਇਸ ਗੈਸ ਦੀ ਮਾਰ ਹੇਠ ਆਉਣ ਵਾਲੇ ਪੀੜਤਾਂ ਦਾ ਇਲਾਜ ਹਸਪਤਾਲਾਂ ਵਿਚ ਹੋ ਰਿਹਾ ਹੈ। ਜੀਆ-ਜੰਤ, ਮਾਲ-ਡੰਗਰ ਅਤੇ ਬੂਟਿਆਂ-ਵੇਲਾਂ ਤੇ ਰੁੱਖਾਂ ਦਾ ਨੁਕਸਾਨ ਮਨੁੱਖੀ ਹਮਦਰਦੀ ਤੋਂ ਇਲਾਵਾ ਜਾਂ ਅੰਕੜਿਆਂ ਦੇ ਘੇਰੇ ਵਿਚ ਨਹੀਂ ਆ ਸਕਿਆ। ਪ੍ਰਸ਼ਾਸਨ ਨੇ ਹਾਦਸੇ ਦੀ ਭੇਟ ਚੜ੍ਹਨ ਵਾਲੇ ਹਰ ਜੀਅ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਜੋ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਧਾ-ਅੱਧਾ ਦੇਣਾ ਹੈ।

ਅਖਬਾਰਾਂ-ਟੈਲੀਵਿਜ਼ਨਾਂ ਦੀਆਂ ਰਿਪੋਰਟਾਂ ਮੁਤਾਬਕ ਟੈਂਕਰ ਦੀ ਉਚਾਈ ਵੱਧ ਸੀ ਅਤੇ ਪੁਲ ਨੀਵਾਂ ਸੀ। ਨੀਵੇਂ ਪੁਲ ਕਾਰਨ ਟੈਂਕਰ ਦੀ ਨੋਜ਼ਲ ਟੁੱਟ ਗਈ ਅਤੇ ਗੈਸ ਰਿਸ ਗਈ। ਰਾਤ ਨੂੰ ਹੋਏ ਇਸ ਰਿਸਾਓ ਦਾ ਅਸਰ ਆਲੇ-ਦੁਆਲੇ ਦੇ ਇਲਾਕੇ ਅਤੇ ਆਵਾਜਾਈ



**ਦਲਜੀਤ ਅਮੀ**
ਫੋਨ: +91-97811-21873

ਉਤੇ ਹੋਇਆ। ਇਸ ਰਿਸਾਓ ਨੂੰ ਦੋ ਦਲੀਲਾਂ ਰਾਹੀਂ ਹਾਦਸਾ ਕਰਾਰ ਦਿਤਾ ਜਾ ਰਿਹਾ ਹੈ। ਪਹਿਲੀ ਇਹ ਕਿ ਪਿਛਲੇ ਦਿਨਾਂ ਵਿਚ ਪੁਲ ਹੇਠਾਂ ਸੜਕ ਉਚੀ ਕੀਤੀ ਗਈ ਸੀ। ਦੂਜੀ ਇਹ ਕਿ ਡਰਾਈਵਰ ਨੇ ਧੱਕੇ ਨਾਲ ਪੁਲ ਹੇਠੋਂ ਟੈਂਕਰ ਕੱਢਣ ਲਈ ਜ਼ੋਰ-ਅਜ਼ਮਾਈ ਕੀਤੀ। ਇਹ ਦੋਵੇਂ ਦਲੀਲਾਂ ਤੱਥਾਂ ਪੱਖੋਂ ਠੀਕ ਜਾਪਦੀਆਂ ਹਨ।

ਸੁਆਲ ਇਹ ਹੈ ਕਿ ਇਸ ਰਿਸਾਓ ਨੂੰ ਇਨ੍ਹਾਂ ਦੋਵਾਂ ਦਲੀਲਾਂ ਨਾਲ ਜੋੜ ਕੇ ਹਾਦਸਾ ਕਰਾਰ ਦਿਤਾ ਜਾਣਾ ਠੀਕ ਹੈ ਜਾਂ ਅਜਿਹੇ ਰਿਸਾਓ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਹੋਣੀ ਚਾਹੀਦੀ ਹੈ? ਟੈਂਕਰ ਫਟਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇ ਇਹ ਟੈਂਕਰ ਫਟ ਜਾਂਦਾ ਤਾਂ ਡਰਾਈਵਰ ਦੀ ਜਾਨ ਬਚਣੀ ਤਾਂ ਮੁਸ਼ਕਿਲ ਸੀ ਅਤੇ ਜਾਨੀ ਨੁਕਸਾਨ ਕਿਤੇ ਜ਼ਿਆਦਾ ਹੋ ਸਕਦਾ ਸੀ। ਜੇ ਇਸ ਖਦਸ਼ੇ ਦਾ ਡਰਾਈਵਰ ਨੂੰ ਪਤਾ ਹੋਵੇ ਤਾਂ ਉਹ ਨੀਵੇਂ ਪੁਲ ਹੇਠੋਂ ਨਿਕਲਣ ਬਾਰੇ ਕਿਉਂ ਸੋਚੇਗਾ? ਕੀ ਇਸ ਗੈਸ ਲੀਕ ਹੋਣ ਦਾ ਸਮਾਜਕ ਸੁਰੱਖਿਆ ਨਾਲ ਕੋਈ ਰਿਸ਼ਤਾ ਬਣਦਾ ਹੈ? ਵਿਕਾਸ ਦੀ ਮੌਜੂਦਾ ਧਾਰਨਾ ਉਤੇ ਸਵਾਰ ਰਫ਼ਤਾਰ ਅਤੇ ਮਿਕਦਾਰ ਨੂੰ ਸਮਾਜਕ ਸੁਰੱਖਿਆ ਨਾਲ ਜੋੜ ਕੇ ਕਿਵੇਂ ਵੇਖਿਆ ਜਾ ਸਕਦਾ ਹੈ? ਕੀ ਮਿਕਦਾਰ ਅਤੇ ਰਫ਼ਤਾਰ ਨਾਲ ਜੁੜੀ ਮਸ਼ੀਨੀ ਸਮਰੱਥਾ ਨੂੰ ਸਮਾਜ ਦੀ ਮੌਜੂਦਾ ਚੇਤਨਾ, ਜੀਵਨ ਸ਼ੈਲੀ ਅਤੇ ਸਰਕਾਰੀ ਤੰਤਰ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ?

ਗੱਡੀਆਂ ਦੀ ਸਮਰੱਥਾ ਵਧਣ ਨਾਲ ਭਾਰੇ ਟੈਂਕਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਨ੍ਹਾਂ ਟੈਂਕਰਾਂ ਨੇ ਪੁਰਾਣੇ ਸ਼ਹਿਰਾਂ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਪਹੁੰਚ ਕਰਨੀ ਹੁੰਦੀ ਹੈ। ਜਦੋਂ ਗੱਡੀਆਂ ਦੀ ਲੰਬਾਈ ਅਤੇ ਉਚਾਈ ਵਧ ਰਹੀ ਹੈ ਤਾਂ ਇਹ ਤੈਅ ਹੋਣਾ ਚਾਹੀਦਾ ਹੈ ਕਿ ਇਹ ਕਿਨ੍ਹਾਂ ਰਾਹਾਂ ਤੋਂ, ਕਿਨ੍ਹਾਂ ਪੁਲਾਂ ਦੇ ਹੇਠੋਂ ਅਤੇ ਕਿਨ੍ਹਾਂ ਦੇ ਉਪਰੋਂ ਜਾ ਸਕਦੇ ਹਨ। ਜਦੋਂ ਅਜਿਹੇ ਟੈਂਕਰਾਂ ਨੇ ਖ਼ਤਰਨਾਕ ਚੀਜ਼ਾਂ ਦੀ ਢੋਆ-ਢੁਆਈ ਕਰਨੀ ਹੈ ਤਾਂ ਪੁਲਾਂ ਉਪਰ ਇਹ ਕਿਉਂ ਨਹੀਂ ਲਿਖਿਆ ਜਾ ਸਕਦਾ ਕਿ ਇਥੋਂ ਕਿੰਨੀ ਉਚੀ ਗੱਡੀ ਲੰਘ ਸਕਦੀ ਹੈ? ਗੱਡੀ ਵਾਲੇ ਨੂੰ ਇਕ ਥਾਂ ਤੋਂ ਤੁਰਨ ਵੇਲੇ ਕਿਉਂ ਨਹੀਂ ਪਤਾ ਹੋ ਸਕਦਾ ਕਿ ਕਿਸ ਸੜਕ ਅਤੇ ਕਿਸ ਪੁਲ ਤੋਂ ਲੰਘਿਆ ਜਾ ਸਕਦਾ ਹੈ?

ਜਦੋਂ ਢੋਆ-ਢੁਆਈ ਖ਼ਤਰਨਾਕ ਸਮਾਨ ਦੀ ਹੋ ਰਹੀ ਹੈ ਤਾਂ ਗੱਡੀ ਬਣਾਉਣ ਵਾਲਿਆਂ ਉਤੇ ਉਚਾਈ ਦਾ ਅੰਦਾਜ਼ਾ ਦੇਣ ਵਾਲਾ ਯੰਤਰ ਲਗਾਉਣ ਦੀ ਸ਼ਰਤ ਕਿਉਂ ਨਹੀਂ ਲਗਾਈ ਜਾ ਸਕਦੀ? ਮੌਜੂਦਾ ਤਕਨੀਕ ਨਾਲ ਤਾਂ ਇਹ ਵੀ ਸੰਭਵ ਹੈ ਕਿ ਘੱਟ ਉਚਾਈ ਵਾਲੀ ਥਾਂ ਉਤੇ ਗੱਡੀ ਆਪ ਬੰਦ ਹੋ ਜਾਵੇ। ਜੇ ਕਰਜ਼ੇ ਵਾਲੇ ਆਪਣੀਆਂ ਕਿਸ਼ਤਾਂ ਵਸੂਲਣ ਲਈ ਕੰਪਿਊਟਰ ਰਾਹੀਂ ਗੱਡੀਆਂ ਦੇ ਇੰਜਣ ਸੀਲ ਕਰ ਸਕਦੇ ਹਨ ਤਾਂ ਇਹ ਕੰਮ ਤੰਗ ਪੁਲਾਂ ਉਤੇ ਸਮਾਜ ਦੀ ਸੁਰੱਖਿਆ ਲਈ ਕਿਉਂ ਨਹੀਂ ਕੀਤਾ ਜਾ ਸਕਦਾ? ਜੇ ਪੂਰੀ ਦੁਨੀਆਂ ਵਿਚ ਹਰ ਥਾਂ ਦੀ ਜਾਣਕਾਰੀ ਨਾਲ ਰਾਹ ਲੱਭੇ ਜਾ ਸਕਦੇ ਹਨ ਤਾਂ ਅਜਿਹੇ ਟੈਂਕਰਾਂ ਦੀ ਸੁਰੱਖਿਅਤ ਆਵਾਜਾਈ ਦੀਆਂ ਸ਼ਰਤਾਂ ਕਿਉਂ ਨਹੀਂ ਉਲੀਕੀਆਂ ਜਾ ਸਕਦੀਆਂ?

ਜਦੋਂ ਇੰਨੀ ਵੱਡੀ ਮਿਕਦਾਰ ਵਿਚ ਅਜਿਹੇ ਖ਼ਤਰਨਾਕ ਸਮਾਨ ਨੇ ਇਕ ਥਾਂ ਤੋਂ ਦੂਜੀ ਥਾਂ ਜਾਣਾ ਹੈ ਤਾਂ ਹਾਦਸਿਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਸੰਭਾਵਨਾਵਾਂ ਘਟਾਉਣ ਵਾਲੀ ਵਿਉਂਤਬੰਦੀ ਤਾਂ ਹੋਣੀ ਹੀ ਚਾਹੀਦੀ ਹੈ, ਪਰ ਇਸ ਤੋਂ ਬਾਅਦ ਸਮਾਜਕ ਸੁਰੱਖਿਆ ਯਕੀਨੀ ਬਣਾਉਣ ਲਈ ਚੇਤਨਾ ਦਾ ਪਸਾਰਾ ਵੀ ਹੋਣਾ ਚਾਹੀਦਾ ਹੈ। ਹਾਦਸੇ ਤੋਂ ਬਾਅਦ ਚੇਤਨਾ ਹੀ ਨੁਕਸਾਨ ਘੱਟ ਕਰਨ ਦੇ ਕੰਮ ਆ ਸਕਦੀ ਹੈ। ਸੁਚੇਤ ਸਰਕਾਰੀ ਮਹਿਕਮਿਆਂ ਤੋਂ ਇਲਾਵਾ ਵਿਦਿਅਕ ਅਦਾਰਿਆਂ ਰਾਹੀਂ ਸਮਾਜ ਵਿਚ ਚੇਤਨਾ ਫੈਲਣੀ ਚਾਹੀਦੀ ਹੈ ਕਿ ਅਜਿਹੇ ਮੌਕੇ ਕਿਸ ਤਰ੍ਹਾਂ ਦੀ ਪਹਿਲਕਦਮੀ ਬਚਾਓ ਅਤੇ ਦੂਜਿਆਂ ਦੀ ਮਦਦ ਦੇ ਕੰਮ ਆਉਂਦੀ ਹੈ।

ਦੋਰਾਹੇ ਵਾਲੇ ਗੈਸ ਹਾਦਸੇ ਨੇ ਇੰਤਜ਼ਾਮੀਆ ਵਿਉਂਤਬੰਦੀ ਦੀ ਦੋਵਾਂ ਪੱਖਾਂ ਤੋਂ ਘਾਟ ਉਜਾਗਰ ਕਰ ਦਿਤੀ ਹੈ। ਇਕ ਪਾਸੇ ਟਾਲੇ ਜਾ ਸਕਣ ਵਾਲੇ ਹਾਦਸਿਆਂ ਲਈ ਲੋੜੀਂਦੀਆਂ ਪੇਸ਼ਬੰਦੀਆਂ ਦੀ ਘਾਟ ਹੈ ਤਾਂ ਦੂਜੇ ਪਾਸੇ ਹਾਦਸੇ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ ਚੇਤਨਾ ਦੀ। ਜੇ ਪ੍ਰਸ਼ਾਸਨ ਗੈਸ ਦੇ ਟੈਂਕਰ ਨੂੰ ਸ਼ਹਿਰੀ ਆਬਾਦੀ ਵਿਚੋਂ ਬਾਹਰ ਕੱਢ ਕੇ ਪੇਂਡੂ ਆਬਾਦੀ ਨੇੜੇ ਖੜ੍ਹਾ ਕਰ ਦਿੰਦਾ ਹੈ ਤਾਂ ਇਸ ਦੀ ਗ਼ੈਰ-ਜ਼ਿੰਮੇਵਾਰੀ ਵੀ ਹਾਦਸੇ ਦੇ ਘੇਰੇ ਨੂੰ ਵਧਾਉਂਦੀ ਹੈ। ਇਸੇ ਗ਼ੈਰ-ਜ਼ਿੰਮੇਵਾਰੀ ਕਾਰਨ ਇਕ ਜਣਾ ਗੈਸ ਤੋਂ ਪੀੜਤ ਹੋਇਆ ਹੈ। ਇਸ ਚਰਚਾ ਨੂੰ ਮੌਜੂਦਾ ਹਾਦਸੇ ਜਾਂ ਇਸ ਦੀ ਮਾਰ ਤੱਕ ਮਹਿਦੂਦ ਕਰਨਾ ਹਾਲਾਤ ਨੂੰ ਨਜ਼ਰਅੰਦਾਜ਼ ਕਰਨਾ ਹੋਵੇਗਾ। ਇਸ ਹਾਦਸੇ ਨਾਲ ਤਾਂ ਸਿਰਫ਼ ਟੈਂਕਰਾਂ ਕਾਰਨ ਸੜਕਾਂ ਉਤੇ ਅਜਿਹੇ ਖਦਸ਼ਿਆਂ ਦੀ ਨਿਸ਼ਾਨਦੇਹੀ ਹੁੰਦੀ ਹੈ। ਇਸ ਚਰਚਾ ਨੂੰ ਮੌਜੂਦਾ ਵਿਕਾਸ ਮਾਡਲ ਜਾਂ ਵਿਕਾਸ ਨਾਲ ਜੁੜੀ ਤਰਜ਼-ਜ਼ਿੰਦਗੀ ਨਾਲ ਜੋੜ ਕੇ ਵੇਖਣਾ ਜ਼ਰੂਰੀ ਹੈ।

ਖੁੱਲ੍ਹੀ ਮੰਡੀ ਦੇ ਦੌਰ ਵਿਚ ਅਜਿਹੇ ਹਾਦਸਿਆਂ ਦੀ ਸੰਭਾਵਨਾ ਵਧੀ ਹੈ। ਹੁਣ ਘੱਟ ਆਬਾਦੀ ਵਾਲੇ ਇਲਾਕਿਆਂ ਲਈ ਬਣੀਆਂ ਮਹਿੰਗੀਆਂ ਗੱਡੀਆਂ ਜ਼ਿਆਦਾ ਆਬਾਦੀ ਵਾਲੇ ਭੀੜੇ ਇਲਾਕਿਆਂ ਅਤੇ ਤੰਗ ਸੜਕਾਂ ਉਤੇ ਆ ਚੜ੍ਹੀਆਂ ਹਨ। ਇਕ ਪਾਸੇ ਤੇਜ਼ ਰਫ਼ਤਾਰ ਨਾਲ ਚੱਲਣ ਵਾਲੀਆਂ ਕਾਰਾਂ ਹਨ ਅਤੇ ਦੂਜੇ ਪਾਸੇ ਵੱਡੀ ਮਿਕਦਾਰ ਵਿਚ ਸਮਾਨ ਢੋਣ ਵਾਲੇ ਟਰੱਕ ਹਨ। ਤੀਜੀ ਦੁਨੀਆਂ ਦੇ ਇਲਾਕਿਆਂ ਵਿਚ ਇਸ ਰਫ਼ਤਾਰ ਅਤੇ ਮਿਕਦਾਰ ਦਾ ਬੋਝ ਚੁੱਕਣ ਵਾਲਾ ਢਾਂਚਾ ਨਹੀਂ ਹੈ। ਜਦੋਂ ਇਸ ਰਫ਼ਤਾਰ ਅਤੇ ਮਿਕਦਾਰ ਦੇ ਪੈਰੋਕਾਰਾਂ ਨੇ ਸੜਕਾਂ ਅਤੇ ਪੁਲਾਂ ਦੀ ਉਸਾਰੀ ਗੱਡੀਆਂ ਦੀ ਸਹੂਲਤ ਮੁਤਾਬਕ ਕਰਨ ਦਾ ਤਰੱਦਦ ਕੀਤਾ ਹੈ ਤਾਂ ਵਿਕਾਸ ਦੀਆਂ ਬੇਮੇਲ ਤੰਦਾਂ ਸੜਕਾਂ ਉਤੇ ਜੁੜਦੀਆਂ ਜਾਪਦੀਆਂ ਹਨ। ਇਕੋ ਸੜਕ ਉਤੇ ਰੇਹੜੇ-ਟਾਂਗੇ ਅਤੇ ਗੱਡੀਆਂ ਚੱਲਦੀਆਂ ਹਨ। ਗੱਡੀਆਂ ਦੀ ਰਫ਼ਤਾਰ ਥੋੜ੍ਹੀ ਨਹੀਂ ਜਾਂਦੀ ਅਤੇ ਬਲਦਾਂ ਤੋਂ ਮਸ਼ੀਨੀ ਫੁਰਤੀ ਦੀ ਤਵੱਕੋ ਕੀਤੀ ਨਹੀਂ ਜਾ ਸਕਦੀ। ਨਤੀਜੇ ਵਜੋਂ ਸੜਕਾਂ ਉਤੇ ਪੈਦਲ ਜਾਂ ਸਾਈਕਲਾਂ, ਮੋਟਰਸਾਈਕਲਾਂ ਅਤੇ ਸਕੂਟਰਾਂ ਦੀ ਸਵਾਰੀ ਕਰਨ ਵਾਲਿਆਂ ਦੀਆਂ ਮੌਤਾਂ ਦੀ ਗਿਣਤੀ ਵਧੀ ਜਾਂਦੀ ਹੈ। ਇਨ੍ਹਾਂ ਨੂੰ ਲੱਗੀਆਂ ਮਾਰੂ ਸੱਟਾਂ ਦਾ ਤਾਂ ਕੋਈ ਹਿਸਾਬ-ਕਿਤਾਬ ਤੱਕ ਨਹੀਂ ਰੱਖਣਾ ਚਾਹੁੰਦਾ।

ਸੜਕਾਂ ਉਤੇ ਪਸਰੀ ਇਸ ਬਦਇੰਤਜ਼ਾਮੀ ਦਾ ਸਮਾਜਕ ਪਸਾਰ ਨਿੱਤ ਵਧ ਰਹੇ ਪਾੜੇ ਵਿਚ ਨਜ਼ਰ ਆਉਂਦਾ ਹੈ। ਵੱਡੀਆਂ ਤਨਖ਼ਾਹਾਂ ਵਾਲਿਆਂ ਦੇ ਛਿਮਾਹੀ-ਸਾਲਾਨਾ ਵਾਧਿਆਂ ਨੂੰ ਯਕੀਨੀ ਬਣਾਉਣ ਲਈ ਅਦਾਲਤਾਂ ਹਨ ਅਤੇ ਕਾਨੂੰਨੀ ਚਾਰਾਜੋਈਆਂ ਹਨ। ਘੱਟ ਤਨਖ਼ਾਹਾਂ ਵਾਲਿਆਂ ਲਈ ਇਕ ਪਾਸੇ ਰੁਜ਼ਗਾਰ ਦਾ ਤੋੜਾ ਹੈ ਅਤੇ ਦੂਜੇ ਪਾਸੇ ਉਨ੍ਹਾਂ ਦੀਆਂ ਉਜਰਤਾਂ ਬਾਬਤ ਸਰਕਾਰਾਂ ਘੱਟੋ-ਘੱਟ ਕਾਨੂੰਨੀ ਕਾਰਵਾਈ ਤੱਕ ਭੁੱਲ ਗਈਆਂ ਹਨ। ਰਫ਼ਤਾਰ, ਮਿਕਦਾਰ ਅਤੇ ਸਰਮਾਏ ਦੀ ਨੁਮਾਇਸ਼ ਹਰ ਤਬਕੇ ਦੀਆਂ ਅੱਖਾਂ ਚੁੰਧਿਆ ਰਹੀ ਹੈ। ਮਾਪੇ ਆਪਣੇ ਬੱਚਿਆਂ ਨੂੰ ਕਰਜ਼ੇ ਲੈ ਕੇ ਵੱਡੀਆਂ ਨੌਕਰੀਆਂ ਦੇ ਯੋਗ ਬਣਾਉਣ ਲਈ ਜ਼ਫ਼ਰ ਜਾਲ ਰਹੇ ਹਨ। ਨਵੇਂ ਖੁੱਲ੍ਹੇ ਕਾਲਜਾਂ ਦੀਆਂ ਇਮਾਰਤਾਂ ਵੱਡੀਆਂ ਹੋ ਰਹੀਆਂ ਹਨ। ਇਨ੍ਹਾਂ ਦੀਆਂ ਸ਼ਾਖਾਵਾਂ ਵਿਚ ਵਾਧਾ ਹੋ ਰਿਹਾ ਹੈ। ਕਾਲਜ ਯੂਨੀਵਰਸਿਟੀਆਂ ਬਣ ਰਹੇ ਹਨ। ਦੂਜੇ ਪਾਸੇ ਡਿਗਰੀਆਂ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ ਵਧ ਰਹੀ ਹੈ। ਬਠਿੰਡੇ ਫ਼ੌਜ ਵਿਚ ਸਫ਼ਾਈ ਸੇਵਕ ਦੀ ਭਰਤੀ ਲਈ ਹਰ ਤਰ੍ਹਾਂ ਦੀਆਂ ਡਿਗਰੀਆਂ ਵਾਲੇ ਉਮੀਦਵਾਰ ਪਹੁੰਚੇ ਸਨ। ਡਿਗਰੀਆਂ, ਰੁਜ਼ਗਾਰ ਅਤੇ ਉਮੀਦਾਂ ਦਾ ਮੇਲ ਨਾ ਹੋਣ ਕਾਰਨ ਪੜ੍ਹੇ-ਲਿਖੇ ਝਪੱਟਾ-ਮਾਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇੰਜੀਨੀਅਰ ਬੈਂਕਾਂ ਅਤੇ ਏ.ਟੀ.ਐਮ. ਦੇ ਖੋਖਿਆਂ ਨੂੰ ਸੰਨ੍ਹਾਂ ਲਗਾਉਂਦੇ ਫੜੇ ਜਾਂਦੇ ਹਨ।

ਮੌਜੂਦਾ ਜੀਵਨ ਸ਼ੈਲੀ ਦਾ ਨਤੀਜਾ ਹੈ ਕਿ ਵਿਆਹ, ਘਰਾਂ ਵਿਚੋਂ ਮੈਰਿਜ ਪੈਲੇਸਾਂ ਵਿਚ ਪਹੁੰਚ ਗਏ ਹਨ। ਮੈਰਿਜ ਪੈਲੇਸਾਂ ਦਾ ਕਚਰਾ ਸੁੱਟਣ ਦਾ ਕੋਈ ਇੰਤਜ਼ਾਮ ਨਹੀਂ। ਮੈਰਿਜ ਪੈਲੇਸਾਂ ਵਿਚੋਂ ਆਉਂਦੀਆਂ ਆਵਾਜ਼ਾਂ ਨੇ ਲਾਗਲੀਆਂ ਆਬਾਦੀਆਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਇਨ੍ਹਾਂ ਥਾਂਵਾਂ ਦਾ ਸ਼ੋਰ ਅਤੇ ਕਚਰਾ ਲੋਕਾਂ ਦੀ ਜ਼ਿੰਦਗੀ ਉਤੇ ਅਸਰਅੰਦਾਜ਼ ਹੋਇਆ ਹੈ, ਪਰ ਸੁਣਵਾਈ ਕਿਤੇ ਨਹੀਂ ਹੁੰਦੀ। ਇਨ੍ਹਾਂ ਮੈਰਿਜ ਪੈਲੇਸਾਂ ਨੂੰ ਪ੍ਰਦੂਸ਼ਣ ਫੈਲਾਉਂਦੀਆਂ ਸਨਅਤਾਂ ਅਤੇ ਕੁਦਰਤੀ ਸੋਮਿਆਂ ਨੂੰ ਪਲੀਤ ਕਰਦੀਆਂ ਨਿਕਾਸੀਆਂ ਦੀ ਨਵੀਂ ਕੜੀ ਵਜੋਂ ਸਮਝਿਆ ਜਾਣਾ ਜ਼ਰੂਰੀ ਹੈ। ਇਨ੍ਹਾਂ ਮੈਰਿਜ ਪੈਲੇਸਾਂ ਵਿਚ ਸ਼ਰਾਬ ਸਰਕਾਰੀ ਇਜਾਜ਼ਤ ਨਾਲ ਪੀਤੀ ਜਾਂਦੀ ਹੈ ਅਤੇ ਸ਼ਰਾਬੀ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ ਤੇ ਆਪ ਵੀ ਇਸੇ ਮਾਰ ਵਿਚ ਆਉਂਦੇ ਹਨ। ਜੇ ਸ਼ਰਾਬ ਪੀਣ ਦੀ ਪ੍ਰਵਾਨਗੀ ਦੇਣ ਵਾਲੇ ਮਹਿਕਮੇ ਸ਼ਰਾਬੀਆਂ ਅਤੇ ਸੜਕ ਹਾਦਸਿਆਂ ਦਾ ਰਿਸ਼ਤਾ ਸਮਝਣ ਵਿਚ ਨਾਕਾਮਯਾਬ ਰਹੇ ਹਨ ਤਾਂ ਇਸ ਨੂੰ ਬੇਅਕਲੀ ਨਹੀਂ, ਸਗੋਂ ਬਦਨੀਅਤੀ ਕਿਹਾ ਜਾਵੇਗਾ।

ਇਨ੍ਹਾਂ ਹਾਲਾਤ ਵਿਚ ਵਿਆਹਾਂ ਅਤੇ ਪੁਲਾਂ ਦੇ ਉਦਘਾਟਨ ਸਮਾਗਮਾਂ ਦੀਆਂ ਸਾਂਝੀਆਂ ਤੰਦਾਂ ਸਮਝਣੀਆਂ ਜ਼ਰੂਰੀ ਹਨ। ਹੁਣ ਪੰਜਾਬ ਵਿਚ ਵਿਆਹ ਕਰਨ ਵੇਲੇ ਇਹ ਦਲੀਲ ਆਮ ਦਿਤੀ ਜਾਂਦੀ ਹੈ ਕਿ ਮੁੰਡੇ ਵਾਲਿਆਂ ਨੇ ਫਲਾਣੇ ਪੈਲੇਸ ਵਿਚ ਵਿਆਹ ਕਰਨ ਦੀ ਮੰਗ ਕੀਤੀ ਹੈ। ਵਿਆਹ ਦਾ ਰੁਤਬਾ ਪੈਲੇਸ ਦੀ ਚੋਣ ਨਾਲ ਜੁੜ ਗਿਆ ਹੈ। ਵਿਆਹ ਵਾਲੇ ਕੁੜੀ-ਮੁੰਡੇ ਦੀ ਥਾਂ ਪੈਲੇਸ ਦਾ ਬੰਦੋਬਸਤ ਜ਼ਿਆਦਾ ਚਰਚਾ ਵਿਚ ਰਹਿੰਦੇ ਹਨ। ਵਿਆਹਾਂ ਉਤੇ ਕੈਮਰੇ ਵਾਲੇ ਸ਼ਗਨ ਪਾਉਣ ਵਾਲਿਆਂ ਦੀਆਂ ਮਿਲਣੀਆਂ ਤੋਂ ਲੈ ਕੇ ਬੁਰਕੀਆਂ ਪਾਉਣ ਦਾ ਸਲੀਕਾ ਤੈਅ ਕਰਦੇ ਹਨ। ਅਜਿਹੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਸਨ ਕਿ ਪੈਲੇਸਾਂ ਉਤੇ ਹੋਏ ਖਰਚੇ ਕੁੜੀ-ਮੁੰਡੇ ਦੀ ਜ਼ਿੰਦਗੀ ਬਿਹਤਰ ਕਰ ਸਕਦੇ ਸਨ, ਪਰ ਬਾਅਦ ਵਿਚ ਕਈ ਸਾਲਾਂ ਤੱਕ ਰੁਲਦੇ ਰਹੇ। ਦੂਜੇ ਪਾਸੇ ਪੁਲਾਂ ਦੇ ਉਦਘਾਟਨਾਂ ਲਈ ਮੁਕਾਮੀ ਵਿਧਾਨ ਸਭਾ, ਲੋਕ ਸਭਾ ਦੇ ਨੁਮਾਇੰਦਿਆਂ ਤੋਂ ਲੈ ਕੇ ਸੂਬੇ ਦੇ ਮੰਤਰੀਆਂ ਅਤੇ ਕੇਂਦਰੀ ਮੰਤਰੀਆਂ ਦੀਆਂ ਤਕਰਾਰਾਂ ਹੁੰਦੀਆਂ ਹਨ। ਇਹ ਉਦਘਾਟਨ ਸਿਆਸਤਦਾਨਾਂ ਅਤੇ ਸਰਕਾਰਾਂ ਦੀਆਂ ਪ੍ਰਾਪਤੀਆਂ ਵਜੋਂ ਪੇਸ਼ ਹੁੰਦੇ ਹਨ। ਇਹ ਸਮਾਗਮ ਵੱਡੇ ਤੋਂ ਵੱਡੇ ਅਤੇ ਮਹਿੰਗੇ ਤੋਂ ਮਹਿੰਗੇ ਹੋ ਰਹੇ ਹਨ।

ਪੰਜਾਬ ਦਾ ਖ਼ਜ਼ਾਨਾ ਦੱਸਦਾ ਹੈ ਕਿ ਇਨ੍ਹਾਂ ਉਦਘਾਟਨੀ ਸਮਾਗਮਾਂ ਦਾ ਬੋਝ ਚੁੱਕਣਾ ਕਿੰਨਾ ਮੁਸ਼ਕਿਲ ਹੈ। ਇਨ੍ਹਾਂ ਉਦਘਾਟਨੀ ਸਮਾਗਮਾਂ ਨਾਲ

*(ਬਾਕੀ ਅਗਲੇ ਸਫੇ 'ਤੇ)*

# ਅਮਰੀਕਾ ਵਲੋਂ ਸ਼ਿੰਗਾਰਿਆ ਨਵਾਂ 'ਖੇਤਰੀ ਥਾਣੇਦਾਰ'

*ਹਿੰਦ-ਅਮਰੀਕੀ ਰੱਖਿਆ ਚੌਖਟਾ ਸਮਝੌਤਾ ਸਹੀਬੰਦ ਕੀਤਾ ਗਿਆ ਹੈ। ਇਸ ਵਿਚ ਅਮਰੀਕਾ ਵਲੋਂ ਆਪਣੇ ਡਿਫੈਂਸ ਰਿਸ਼ਤਿਆਂ ਨੂੰ 'ਨਵੇਂ ਪੜਾਅ' ਉਤੇ ਪਹੁੰਚਾਉਂਦਿਆਂ ਹਿੰਦੁਸਤਾਨ ਨੂੰ 'ਖੇਤਰੀ ਸੁਰੱਖਿਆ ਮੁਹੱਈਆ ਕਰਾਉਣ ਵਾਲੇ' ਭਾਵ ਥਾਣੇਦਾਰ ਸਟੇਟ ਵਜੋਂ ਸ਼ਿੰਗਾਰਿਆ ਗਿਆ ਹੈ। ਇਸ ਦਾ ਭਾਵ ਹੈ, ਅਮਰੀਕਾ ਦੀ ਆਲਮੀ ਯੁੱਧਨੀਤੀ 'ਚ ਉਸ ਦਾ ਛੋਟਾ ਭਾਈਵਾਲ ਹੋਣ ਦੀ ਭੂਮਿਕਾ। ਹੱਥਲੇ ਲੇਖ ਵਿਚ ਇਸ ਸਮਝੌਤੇ ਤਹਿਤ ਕੁਲ ਆਲਮ ਦੇ ਬੁਰਾਈ ਦੇ ਧੁਰੇ ਅਮਰੀਕਨ ਸਟੇਟ ਨਾਲ ਹਿੰਦੁਸਤਾਨੀ ਨਿਜ਼ਾਮ ਦੀ ਗੂੜ੍ਹੀ ਹੋ ਰਹੀ ਸਾਂਝ ਦੇ ਭਵਿੱਖੀ ਖ਼ਦਸ਼ਿਆਂ ਬਾਰੇ ਚਰਚਾ ਕੀਤੀ ਗਈ ਹੈ। ਇਸ ਸਮਝੌਤੇ ਦੀ ਹਿੰਦੁਸਤਾਨ ਦੇ ਭਵਿੱਖ ਲਈ ਵੱਡੀ ਅਹਿਮੀਅਤ ਹੋਣ ਕਾਰਨ ਮਸ਼ਹੂਰ ਅੰਗਰੇਜ਼ੀ ਰਸਾਲੇ ਇਕਨਾਮਿਕ ਐਂਡ ਪੋਲੀਟੀਕਲ ਵੀਕਲੀ ਦੇ ਇਸ ਸੰਪਾਦਕੀ ਦਾ ਤਰਜਮਾ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

ਅਮਰੀਕਾ ਲਈ ਹਿੰਦੁਸਤਾਨ ਦੀ 'ਪੂਰਬ ਵਿਚ ਸਰਗਰਮ ਹੋਣ' ਦੀ ਨੀਤੀ ਦੀ ਜੋ ਅਹਿਮੀਅਤ ਹੈ, ਉਸ ਨੂੰ ਅੰਗੀਕਾਰ ਕਰ ਕੇ, ਅਮਰੀਕੀ ਰੱਖਿਆ ਮੰਤਰੀ ਐਸ਼ਟਨ ਕਾਰਟਰ ਨੇ ਆਪਣਾ ਹਿੰਦੁਸਤਾਨ ਦਾ ਤਿੰਨ-ਰੋਜ਼ਾ ਦੌਰਾ ਵਿਸ਼ਾਖਾਪਟਨਮ ਸਥਿਤ ਹਿੰਦੁਸਤਾਨੀ ਸਮੁੰਦਰੀ ਫੌਜ ਦੀ ਪੂਰਬੀ ਕਮਾਨ ਤੋਂ ਸ਼ੁਰੂ ਕੀਤਾ। ਆਖਿਰਕਾਰ, ਇਹ ਸਮੁੰਦਰੀ ਫੌਜ ਦੀ ਪੂਰਬੀ ਕਮਾਨ ਹੀ ਹੈ ਜਿਸ ਨੂੰ ਮਲੱਕਾ ਜਲ-ਡਮਰੂਆਂ ਅਤੇ ਦੱਖਣੀ ਚੀਨ ਸਾਗਰ ਵਿਚ ਗਸ਼ਤ ਕਰਨ ਦਾ ਕੰਮ ਸੌਂਪਿਆ ਗਿਆ ਹੈ। ਤੇ ਹਿੰਦੁਸਤਾਨ-ਅਮਰੀਕੀ ਯੁੱਧਨੀਤਕ ਸਹਿਯੋਗ ਦੇ ਮਜ਼ਬੂਤ ਹੋਣ

**ਅਨੁਵਾਦ: ਬੂਟਾ ਸਿੰਘ**

ਨਾਲ, ਹਿੰਦੁਸਤਾਨੀ ਸਮੁੰਦਰੀ ਫੌਜ ਅਮਰੀਕਾ ਦੇ 'ਏਸ਼ੀਆ ਪ੍ਰਸ਼ਾਂਤ ਸਾਗਰੀ ਖਿੱਤੇ ਨੂੰ ਮੁੜ ਤਰਤੀਬ ਦੇਣ' ਦੇ ਕਾਜ ਨੂੰ ਵੀ ਅੱਗੇ ਵਧਾ ਰਹੀ ਹੋਵੇਗੀ ਜਿਸ ਦਾ ਉਦੇਸ਼ ਚੀਨ ਦੇ ਉਭਰਨ ਨੂੰ ਰੋਕਣਾ ਹੈ। ਇਹ ਨੀਤੀ ਵਾਸ਼ਿੰਗਟਨ ਵਲੋਂ 'ਏਸ਼ੀਆ ਨੂੰ ਧੁਰਾ ਬਣਾਉਣ' ਵਜੋਂ ਜ਼ਿਆਦਾ ਮਸ਼ਹੂਰ ਹੈ। ਅਮਰੀਕੀ ਰੱਖਿਆ ਵਿਭਾਗ ਬਹੁਤ ਬੇਬਾਕੀ ਨਾਲ ਕਹਿ ਰਿਹਾ ਸੀ ਕਿ ਉਸ ਦੇ ਮੰਤਰੀ ਦਾ ਦੌਰਾ ਹਿੰਦੁਸਤਾਨ ਦੀ 'ਪੂਰਬ ਵਿਚ ਸਰਗਰਮ ਹੋਣ' ਦੀ ਨੀਤੀ ਅਤੇ ਅਮਰੀਕਾ ਦੀ ਏਸ਼ੀਆ ਪ੍ਰਸ਼ਾਂਤ ਸਾਗਰੀ ਖਿੱਤੇ ਨੂੰ ਮੁੜ-ਤਰਤੀਬ ਦੇਣ ਦੀ ਨੀਤੀ ਦੇ ਮਿਲਾਪ ਦਾ ਲਾਹਾ ਲੈਣ ਲਈ ਹੈ। ਤੇ, ਜਿਵੇਂ ਕਾਰਟਰ ਨੇ ਇਸ ਨੂੰ ਪੇਸ਼ ਕੀਤਾ: "ਜਦੋਂ ਸਮੁੰਦਰੀ ਸੁਰੱਖਿਆ, ਤੇ ਸਮੁੰਦਰੀ ਖੇਤਰ ਬਾਰੇ ਜਾਗਰੂਕਤਾ ਆ ਜਾਂਦੀ ਹੈ ਤਾਂ ਇਹ ਦੋਵੇਂ ਚੀਜ਼ਾਂ ਇਕੱਠੀਆਂ ਹੋ ਜਾਂਦੀਆਂ ਹਨ।"

ਵਿਸ਼ਾਖਾਪਟਨਮ ਤੋਂ ਕਾਰਟਰ ਦਿੱਲੀ ਆ ਗਿਆ, ਜਿਥੇ ਉਸ ਨੇ ਅਤੇ ਉਸ ਦੇ ਹਿੰਦੁਸਤਾਨੀ ਹਮ-ਰੁਤਬਾ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਨਵੇਂ ਦਸ-ਸਾਲਾ ਰੱਖਿਆ ਚੌਖਟਾ ਸਮਝੌਤੇ ਉਪਰ ਸਹੀ ਪਾਈ। ਇਸ ਨੇ 2005 ਦੇ 'ਅਮਰੀਕੀ-ਹਿੰਦੁਸਤਾਨ ਰੱਖਿਆ ਰਿਸ਼ਤੇ ਦਾ ਨਵਾਂ ਚੌਖਟਾ' ਸਮਝੌਤੇ ਦੀ ਥਾਂ ਲਈ ਹੈ ਜਿਸ ਨੇ ਦਸ ਵਰ੍ਹੇ ਪਹਿਲਾਂ ਸਿਵਲ ਪਰਮਾਣੂ ਸੌਦੇ ਨਾਲ ਮਿਲ ਕੇ ਦੋਹਾਂ ਮੁਲਕਾਂ ਦੀ 'ਯੁੱਧਨੀਤਕ ਹਿੱਸੇਦਾਰੀ' ਨੂੰ ਮਜ਼ਬੂਤ ਕੀਤਾ ਸੀ। 2005 ਦੇ ਰੱਖਿਆ ਚੌਖਟਾ ਸਮਝੌਤੇ ਵਿਚ ਵੀ ਹਿੰਦ ਸਾਗਰ ਅਤੇ ਇਸ ਤੋਂ ਪਾਰ ਦੇ ਸਮੁੰਦਰੀ ਖੇਤਰ ਵਿਚ ਸਮੁੰਦਰੀ ਫੌਜ ਦੀਆਂ ਮੁਹਿੰਮਾਂ ਵਿਚ ਹਿੰਦ-ਅਮਰੀਕੀ ਸਹਿਯੋਗ ਸ਼ਾਮਲ ਸੀ। ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੋਹਾਂ ਨੂੰ ਉਹ ਫੌਜੀ ਅਤੇ ਯੁੱਧਨੀਤਕ ਰਿਸ਼ਤਾ ਕਬੂਲ ਹੈ ਜੋ ਅਮਰੀਕਾ ਹਿੰਦੁਸਤਾਨ ਤੋਂ ਉਮੀਦ ਕਰਦਾ ਹੈ- ਪੇਇਚਿੰਗ ਨੂੰ ਘੇਰਨ ਦੀ ਅਮਰੀਕੀ ਯੁੱਧਨੀਤੀ ਵਿਚ ਨਵੀਂ ਦਿੱਲੀ ਦੀ ਛੋਟੇ ਹਿੱਸੇਦਾਰ ਵਜੋਂ ਸ਼ਮੂਲੀਅਤ, ਪਰ ਹਿੰਦੁਸਤਾਨ ਦੇ ਲੋਕ ਇਕ ਪਿੱਛੋਂ ਇਕ ਬਣਨ ਵਾਲੀਆਂ ਹਕੂਮਤਾਂ ਨੂੰ ਇਹ ਇਜਾਜ਼ਤ ਕਿਉਂ ਦਿੰਦੇ ਹਨ ਕਿ ਉਹ ਅਮਰੀਕੀ-ਚੀਨੀ ਰਿਸ਼ਤੇ ਦੇ ਸਫ਼ਰ-ਮਾਰਗ ਨੂੰ ਇਹ ਖੁੱਲ੍ਹ ਦੇ ਦੇਣ ਕਿ ਹਿੰਦ-ਚੀਨ ਰਿਸ਼ਤੇ ਉਨ੍ਹਾਂ ਵਲੋਂ ਤੈਅ ਕੀਤੇ ਜਾਣਗੇ?

ਨਵੀਂ ਦਿੱਲੀ ਵਿਚ ਕਾਰਟਰ ਨੇ ਮੋਦੀ ਦੀ 'ਮੇਕ ਇਨ ਇੰਡੀਆ' ਦੀ ਨੀਤੀ ਅਤੇ ਰੱਖਿਆ ਵਪਾਰ ਤੇ ਤਕਨਾਲੋਜੀ ਪਹਿਲਕਦਮੀ ਦੇ ਮੇਲ ਉਪਰ ਜ਼ੋਰ ਦਿੰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ ਜੋ ਨਵੇਂ ਰੱਖਿਆ ਚੌਖਟਾ ਸਮਝੌਤੇ ਦਾ ਅਹਿਮ ਹਿੱਸਾ ਹੈ। ਮੋਦੀ ਨੇ ਆਸ ਪ੍ਰਗਟਾਈ ਕਿ ਅਮਰੀਕੀ ਕੰਪਨੀਆਂ- ਭਾਵ, ਫੌਜੀ-ਸਨਅਤੀ ਢਾਂਚੇ ਦੀਆਂ ਕੰਪਨੀਆਂ, "ਮੇਕ ਇਨ ਇੰਡੀਆ ਪਹਿਲਕਦਮੀ ਵਿਚ ਸਰਗਰਮੀ ਨਾਲ ਹਿੱਸਾ ਲੈਣਗੀਆਂ ਅਤੇ ਹਿੰਦੁਸਤਾਨ ਵਿਚ ਆਪਣੀਆਂ ਸਨਅਤੀ ਇਕਾਈਆਂ ਲਾਉਣਗੀਆਂ", ਜਦਕਿ ਕਾਰਟਰ ਨੇ ਯੁੱਧਨੀਤਕ ਹਿੱਸੇਦਾਰ ਵਜੋਂ ਹਿੰਦੁਸਤਾਨ ਦੀ ਅਹਿਮੀਅਤ ਉਪਰ ਜ਼ੋਰ ਦੇਣ ਦਾ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਪਹਿਲਾਂ ਹੀ, ਕਈ ਹਿੰਦੁਸਤਾਨੀ ਕਾਰੋਬਾਰੀ ਸਮੂਹ- ਟਾਟਾ, ਰਿਲਾਇੰਸ ਇੰਡਸਟਰੀਜ਼, ਰਿਲਾਇੰਸ ਅਡੈਗ, ਮਹਿੰਦਰਾ ਅਤੇ ਐਲ. ਐਂਡ ਟੀ., ਆਪਣੇ ਕਾਰੋਬਾਰ ਲਈ ਮੋਟੇ ਮੁਨਾਫ਼ਿਆਂ ਵਾਲੇ ਮੌਕੇ ਦੇਖ ਕੇ ਅਮਰੀਕੀ ਫੌਜੀ-ਸਨਅਤੀ ਢਾਂਚੇ ਵਿਚਲੀਆਂ ਅਹਿਮ ਅਮਰੀਕੀ ਕਾਰਪੋਰੇਸ਼ਨਾਂ ਨਾਲ ਰਿਸ਼ਤੇ ਗੰਢਣ ਦਾ ਸਿਰਤੋੜ ਯਤਨ ਕਰ ਰਹੇ ਹਨ। ਨਿਸ਼ਚੇ ਹੀ ਨਵਾਂ ਰੱਖਿਆ ਚੌਖਟਾ ਸਮਝੌਤਾ ਪੂਰੀ ਤਰ੍ਹਾਂ ਗੁਪਤ ਹੈ, ਪਰ ਸਮੁੰਦਰੀ ਸੁਰੱਖਿਆ ਵਿਚ ਹਿੰਦੁਸਤਾਨੀ ਸਮੁੰਦਰੀ ਫੌਜ ਦੀ ਵਧਵੀਂ ਭੂਮਿਕਾ ਸਪਸ਼ਟ ਹੈ, ਨਾ ਸਿਰਫ਼ ਹਿੰਦ ਸਾਗਰ ਵਿਚ ਸਗੋਂ ਮਲੱਕਾ ਦੇ ਜਲ-ਡਮਰੂਆਂ ਅਤੇ ਦੱਖਣ ਚੀਨ ਸਾਗਰ ਵਿਚ ਵੀ।




ਇਵੇਂ ਹੀ "ਅਤਿ-ਆਧੁਨਿਕ ਸੂਖਮ ਤਕਨਾਲੋਜੀ, ਜਿਵੇਂ ਜੈਟ ਇੰਜਣ ਅਤੇ ਏਅਰ ਕਰਾਫਟ ਕੈਰੀਅਰ ਡਿਜ਼ਾਇਨ, ਬਾਰੇ ਸਹਿਯੋਗ ਦੇ ਨਵੇਂ ਮੌਕੇ" ਵੀ ਪ੍ਰਤੱਖ ਹਨ। ਅਮਰੀਕਾ ਚਾਹੁੰਦਾ ਹੈ ਕਿ ਉਸ ਦੇ ਮੁੱਖ ਛੋਟੇ ਭਾਈਵਾਲ ਜਪਾਨ, ਆਸਟਰੇਲੀਆ, ਸਿੰਗਾਪੁਰ, ਹਿੰਦੁਸਤਾਨ ਅਤੇ ਵੀਅਤਨਾਮ ਸਮੁੰਦਰੀ ਫੌਜ ਦੀਆਂ ਸਾਂਝੀਆਂ ਮਸ਼ਕਾਂ ਉਸ ਨਾਲ ਮਿਲ ਕੇ ਕਰਨ, ਪਰ ਕੀ ਇਹ ਅਮਲ ਵਿਚ ਸਾਕਾਰ ਹੋਣਗੀਆਂ, ਅਜੇ ਕੋਈ ਵੀ ਇਸ ਬਾਰੇ ਯਕੀਨ ਨਾਲ ਇਹ ਨਹੀਂ ਕਹਿ ਸਕਦਾ। ਅਹਿਮ ਗੱਲ, ਕਾਰਟਰ ਨੇ ਹਿੰਦੁਸਤਾਨ ਦੇ "ਨਾ ਸਿਰਫ਼ ਆਰਥਿਕ ਅਤੇ ਫੌਜੀ ਤੌਰ 'ਤੇ, ਸਗੋਂ ਨਾਲ ਹੀ ਅੱਜ ਵੀ ਅਤੇ ਭਵਿੱਖ ਵਿਚ ਵੀ ਇਕ ਖੇਤਰੀ ਸੁਰੱਖਿਆ ਦੇਣ ਵਾਲੇ ਵਜੋਂ ਉਭਰਨ" ਦੀ ਗੱਲ ਕੀਤੀ (ਰੱਖਿਆ ਵਿਭਾਗ ਨਿਊਜ਼, ਵਾਸ਼ਿੰਗਟਨ, 4 ਜੂਨ 2015)।

ਯਕੀਨਨ, ਨਵੀਂ ਦਿੱਲੀ ਸਮਝਦੀ ਹੈ ਕਿ ਚੀਨ ਦੁਨੀਆਂ ਦਾ ਸਭ ਤੋਂ ਵੱਡਾ ਤੇਲ ਮੰਗਵਾਉਣ ਵਾਲਾ ਮੁਲਕ ਹੈ ਜਿਸ ਦਾ 60 ਫ਼ੀਸਦੀ ਤੇਲ ਪੱਛਮੀ ਏਸ਼ੀਆ ਤੋਂ ਹਿੰਦ ਸਾਗਰ, ਮਲੱਕਾ ਦੇ ਜਲ-ਡਮਰੂਆਂ ਅਤੇ ਦੱਖਣੀ ਚੀਨ ਸਾਗਰ ਵਿਚੋਂ ਲੰਘ ਕੇ ਆ ਰਿਹਾ ਹੈ। ਇਸ ਰੂਪ ਵਿਚ ਚੀਨ 'ਸਮੁੰਦਰੀ ਆਵਾਜਾਈ ਦੀ ਆਜ਼ਾਦੀ' ਬਾਰੇ ਜੇ ਜ਼ਿਆਦਾ ਨਹੀਂ ਤਾਂ ਉਨਾ ਹੀ ਫ਼ਿਕਰਮੰਦ ਹੈ ਜਿਸ ਨੂੰ ਵਾਸ਼ਿੰਗਟਨ 'ਸੁਰੱਖਿਆ ਦੇਣ' ਦਾ ਜ਼ੋਰਦਾਰ ਦਾਅਵਾ ਕਰਦਾ ਹੈ। ਦਰਅਸਲ, ਅਮਰੀਕਾ ਅਤੇ ਇਸ ਦੇ ਕੁਝ ਹੋਰ ਏਸ਼ੀਆਈ ਛੋਟੇ ਭਾਈਵਾਲਾਂ ਵਲੋਂ ਸਮੁੰਦਰੀ ਆਵਾਜਾਈ ਅਤੇ ਉਨ੍ਹਾਂ ਸਾਗਰਾਂ ਦੇ ਅੰਦਰ ਅਤੇ ਉਪਰ ਫੌਜੀ ਸਮੁੰਦਰੀ ਜਹਾਜ਼ਾਂ ਅਤੇ ਹਵਾਈ ਜਹਾਜ਼ਾਂ ਦੀ ਟੁਕੜੀ ਦੀਆਂ 'ਆਜ਼ਾਦੀਆਂ' ਦਾ ਹੱਕ ਜਤਾਏ ਜਾਣ ਨਾਲ ਪੇਇਚਿੰਗ ਦੇ ਆਪਣੀ ਤੇਲ ਦਰਾਮਦ ਦੀ ਸੰਭਵ ਨਾਕਾਬੰਦੀ ਕੀਤੇ ਜਾਣ ਦੇ ਖ਼ਦਸ਼ੇ ਹੋਰ ਡੂੰਘੇ ਹੀ ਹੋਏ ਹਨ ਜੋ ਪੱਛਮੀ ਏਸ਼ੀਆ ਤੋਂ ਚੀਨ ਦੇ ਪੂਰਬੀ ਸਮੁੰਦਰੀ ਕੰਢੇ ਉਪਰ ਇਨ੍ਹਾਂ ਸਾਗਰਾਂ ਵਿਚੋਂ ਦੀ ਹੋ ਕੇ ਜਾ ਰਿਹਾ ਹੈ। ਇਹ ਚੀਨ ਵਲੋਂ ਮੁਤਬਾਦਲ ਸਮੁੰਦਰੀ ਰਸਤਾ ਲੱਭਣ ਦੇ ਵੱਡੇ ਕਾਰਨਾਂ ਵਿਚੋਂ ਇਕ ਹੋ ਸਕਦਾ ਹੈ, ਪੱਛਮੀ ਏਸ਼ੀਆ ਤੋਂ ਹੋਰਮੁਜ਼ ਦੇ ਜਲ-ਡਮਰੂ ਵਿਚੋਂ ਹੁੰਦੇ ਹੋਏ ਅਰਬ ਸਾਗਰ ਉਪਰ ਗਵਾਡਰ ਦੀ ਬੰਦਰਗਾਹ ਤਕ, ਅਤੇ ਫਿਰ ਇਥੋਂ ਪਾਕਿਸਤਾਨ ਵਿਚ ਪਾਈਪ-ਲਾਈਨਾਂ, ਸੜਕਾਂ ਅਤੇ ਰੇਲਵੇ ਰਸਤਿਆਂ ਤੋਂ ਹੁੰਦੇ ਹੋਏ ਅਤੇ ਫਿਰ ਇਸ ਤੋਂ ਅੱਗੇ ਉਤਰ-ਪੱਛਮੀ ਚੀਨ ਵਿਚ ਸਿਨਜ਼ਿਆਂਗ ਉਗਹੁਰ ਖੇਤਰ ਵਿਚ ਕਾਸ਼ਗਰ ਤਕ। ਇਹੀ ਬਦਲ ਹੈ ਜੋ ਪਾਕਿਸਤਾਨ-ਚੀਨ ਆਰਥਿਕ ਲਾਂਘੇ ਦੀ ਯੋਜਨਾ ਦਾ ਕੇਂਦਰ ਹੈ ਜੋ ਜਿਵੇਂ ਦੱਸਿਆ ਜਾ ਰਿਹਾ ਹੈ, ਕਸ਼ਮੀਰ ਦੇ ਪਾਕਿਸਤਾਨ ਵਾਲੇ ਹਿੱਸੇ ਵਿਚੋਂ ਦੀ ਲੰਘਦਾ ਹੈ ਅਤੇ ਇਸ 'ਤੇ ਹਿੰਦੁਸਤਾਨ ਨੂੰ ਇਤਰਾਜ਼ ਹੈ।

ਹਿੰਦੁਸਤਾਨ ਨੂੰ ਅਮਰੀਕੀ ਸਾਮਰਾਜਵਾਦ ਨਾਲ ਸਹਿਯੋਗ ਕਰਦੇ ਹੋਏ ਅਮਰੀਕਾ ਵਲੋਂ ਏਸ਼ੀਆ-ਪ੍ਰਸ਼ਾਂਤ ਸਾਗਰ ਖਿੱਤੇ ਦੇ ਵੱਡੇ ਸਮੁੰਦਰੀ ਮਾਰਗਾਂ ਉਪਰ ਕਬਜ਼ਾ ਕਰਨ ਦੇ ਯਤਨਾਂ ਦੁਆਰਾ ਚੀਨ ਨੂੰ ਅਲੱਗ-ਥਲੱਗ ਕਰਨ ਅਤੇ ਇਸ ਜ਼ਰੀਏ ਚੀਨ ਨੂੰ ਉਸ ਦੇ ਤੇਲ ਸਪਲਾਈ ਰਸਤਿਆਂ ਦੀ ਨਾਕਾਬੰਦੀ ਕਰਨ ਦੀਆਂ ਧਮਕੀਆਂ ਦੇਣ ਦੇ ਸਿੱਟਿਆਂ ਬਾਰੇ ਫ਼ਿਕਰਮੰਦ ਹੋਣਾ ਚਾਹੀਦਾ ਹੈ। ਨਾਲ ਹੀ, ਹਿੰਦੁਸਤਾਨ ਨੂੰ ਆਪਣੀਆਂ ਮਾਲਾਬਾਰ ਅੰਦਰਲੀਆਂ ਸਮੁੰਦਰੀ ਫੌਜ ਦੀਆਂ ਮਸ਼ਕਾਂ (ਜੰਗੀ ਚਾਲਾਂ?) ਵਿਚ ਜਪਾਨ ਨੂੰ ਹਿੱਸਾ ਲੈਣ ਦੇ ਸੱਦੇ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਸਾਰੀਆਂ ਹਿੰਦੁਸਤਾਨੀ ਚਾਲਾਂ ਨਵੀਂ ਦਿੱਲੀ ਦੀ ਆਪਣੀ ਤਾਕਤ ਨੂੰ ਆਪਣੀਆਂ ਕੌਮੀ ਹੱਦਾਂ ਤੋਂ ਪਾਰ ਪੇਸ਼ ਕਰਨ ਦੇ ਰੁਝਾਨ ਵਿਚੋਂ ਨਿਕਲਦੀਆਂ ਹਨ ਜਿਨ੍ਹਾਂ ਨੂੰ ਅਮਰੀਕੀ ਸਾਮਰਾਜਵਾਦ ਦੀ ਤੁੱਖਣਾ ਹੈ।

'ਅਗਲੀ ਪੀੜ੍ਹੀ' ਦੇ ਹਵਾਈ ਜਹਾਜ਼ ਕਰੀਅਰ ਡਿਜ਼ਾਈਨ ਅਤੇ ਨਿਰਮਾਣ ਵਿਚ ਅਮਰੀਕੀ ਭਾਈਵਾਲੀ ਦੀਆਂ ਮੱਦਾਂ ਵਾਲਾ ਨਵਾਂ ਰੱਖਿਆ ਚੌਖਟਾ ਸਮਝੌਤਾ, ਤੇ ਵਧੇਰੇ ਆਮ ਕਰ ਕੇ, ਹਿੰਦੁਸਤਾਨ ਦੀਆਂ ਸਮੁੰਦਰੀ ਫੌਜ ਦੀਆਂ ਲੜਾਈਆਂ ਦੀਆਂ ਸਮਰੱਥਾਵਾਂ ਨੂੰ ਵਧਾਉਣਾ ਅਮਰੀਕਾ ਦੀ ਹਿੰਦੁਸਤਾਨ ਨੂੰ ਇਕ 'ਖੇਤਰੀ ਸੁਰੱਖਿਆ ਮੁਹੱਈਆ ਕਰਾਉਣ ਵਾਲੇ' ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਕਰਨ ਦੀ ਯੋਜਨਾ ਦਾ ਹਿੱਸਾ ਹੈ ਅਤੇ ਇਹ ਭੂਮਿਕਾ ਇਹਦੇ ਲਈ ਵਾਸ਼ਿੰਗਟਨ ਵਲੋਂ ਉਲੀਕੀ ਗਈ ਹੈ।

# ਪੰਜਾਬ ਦਾ ਵਿਕਾਸ ਮਾਡਲ

ਪੰਜਾਬ ਦੇ ਅਰਥਚਾਰੇ 'ਤੇ ਬਹਿਸ ਆਮ ਤੌਰ 'ਤੇ ਵਿਕਾਸ ਦੀ ਦਿਸ਼ਾ, ਖੇਤੀਬਾੜੀ ਵਿਭਿੰਨਤਾ, ਸਨਅਤ ਅਤੇ ਵਿੱਤੀ ਸਿਹਤਮੰਦੀ ਵਰਗੀਆਂ ਲੀਹਾਂ ਤਕ ਹੀ ਸੀਮਤ ਰਹੀ ਹੈ। ਸਮਾਜਕ ਸਮਾਨਤਾ, ਖੇਤਰੀ ਅਸਮਾਨਤਾ, ਸ਼ਹਿਰੀ-ਪੇਂਡੂ ਪਾੜਾ ਅਤੇ ਵਾਤਾਵਰਣ ਉਤੇ ਵਿਕਾਸ ਦਾ ਪ੍ਰਭਾਵ ਵਰਗੇ ਹੋਰ ਅਹਿਮ ਪਹਿਲੂਆਂ ਦੀ ਬਨਦੀ ਗੱਲ ਨਹੀਂ ਕੀਤੀ ਜਾਂਦੀ।

ਮੈਕਿਨਜ਼ੀ ਐਂਡ ਕੰਪਨੀ ਵੱਲੋਂ ਤਿਆਰ ਕੀਤੀ ਗਈ ਰਿਪੋਰਟ 'ਇੰਡੀਆਜ਼ ਇਕੋਨੌਮਿਕ ਜਿਓਗ੍ਰਾਫੀ: ਸਟੇਟਜ਼, ਕਲੱਸਟਰਜ਼ ਐਂਡ ਸਿਟੀਜ਼-2014' ਮੁਤਾਬਕ 1992 ਤੋਂ 2012 ਤਕ ਪੰਜਾਬ ਦੀ ਔਸਤ ਆਰਥਿਕ ਵਿਕਾਸ ਦਰ

**ਬੀ.ਐਸ. ਘੁੰਮਣ**

5.6 ਫ਼ੀਸਦੀ ਰਹੀ ਹੈ। ਇਸ ਰਿਪੋਰਟ ਵਿਚ ਪੰਜਾਬ ਨੂੰ ਦੇਸ਼ ਦੇ ਅੱਠ ਸਭ ਤੋਂ ਵੱਡੇ, ਖੁਸ਼ਹਾਲ ਅਤੇ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਸੂਬਿਆਂ ਵਿਚ ਸ਼ੁਮਾਰ ਕੀਤਾ ਗਿਆ। ਕੀ ਹੁਣ ਤਕ ਦੇ ਵਿਕਾਸ ਨਾਲ ਲੋਕਾਂ ਦੀ ਭਲਾਈ ਸੰਭਵ ਹੋ ਸਕੀ ਹੈ? ਇਸ ਦਾ ਜਵਾਬ ਨਾਂਹ ਵਿਚ ਹੀ ਮਿਲਦਾ ਹੈ। ਲੋਕਾਂ ਦੀ ਭਲਾਈ ਵਾਸਤੇ ਵਿਕਾਸ ਜ਼ਰੂਰੀ ਸ਼ਰਤ ਹੈ। ਪਹਿਲੀ ਮਨੁੱਖੀ ਵਿਕਾਸ ਰਿਪੋਰਟ ਦੇ ਬਾਨੀ ਉਘੇ ਅਰਥ ਸ਼ਾਸਤਰੀ ਮਹਿਬੂਬ-ਉਲ-ਹੱਕ 'ਦਿ ਪਾਵਰਟੀ ਕਰਟੇਨ' ਕਿਤਾਬ ਵਿਚ ਵਿਕਾਸ ਅਤੇ ਸਮਾਨਤਾ ਵਿਚਕਾਰ ਪੂਰਕ ਰਿਸ਼ਤੇ ਦਾ ਨਿਚੋੜ ਕੱਢਦਿਆਂ ਲਿਖਦੇ ਹਨ, "ਵਿਕਾਸ ਦੇ ਮੰਤਵ ਨੂੰ ਅਤਿ ਦੀ ਗ਼ਰੀਬੀ 'ਤੇ ਮਿੱਥੇ ਹਮਲੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਵਿਕਾਸ ਦੇ ਟੀਚੇ ਗ਼ਰੀਬੀ ਵਿਚ ਕਟੌਤੀ ਅਤੇ ਨਾਲ ਹੀ ਕੁਪੋਸ਼ਣ, ਬਿਮਾਰੀ, ਅਨਪੜ੍ਹਤਾ, ਦਰਿੱਦਰਤਾ, ਬੇਕਾਰੀ ਅਤੇ ਅਸਮਾਨਤਾ ਦੇ ਖ਼ਾਤਮੇ ਦੇ ਤੌਰ 'ਤੇ ਤੈਅ ਕੀਤੇ ਜਾਣੇ ਚਾਹੀਦੇ ਹਨ। ਵਧੇਰੇ ਪੈਦਾਵਾਰ ਤੇ ਬਿਹਤਰ ਵੰਡ ਦੇ ਸਰੋਕਾਰਾਂ ਨੂੰ ਵਿਕਾਸ ਦੇ ਪੈਟਰਨ ਦੇ ਜ਼ਿਮਨ ਵਿਚ ਲਿਆਂਦਾ ਜਾਣਾ ਚਾਹੀਦਾ ਹੈ।"

ਪੰਜਾਬ ਦਾ ਵਿਕਾਸ ਮਾਡਲ ਵਿਕਾਸ ਅਤੇ ਸਮਾਨਤਾ ਵਿਚਕਾਰ ਪੂਰਕ ਰਿਸ਼ਤੇ ਦੀ ਸਭ ਤੋਂ ਵਧੀਆ ਮਿਸਾਲ ਪੇਸ਼ ਕਰਦਾ ਹੈ। ਇਹ ਕਈ ਹੋਰਨਾਂ ਦੇ ਮੁਕਾਬਲੇ ਵਧੇਰੇ ਸਮਾਨਤਾਵਾਦੀ ਹੈ। ਇਸ ਦਾ ਬੱਝਵਾਂ ਪੈਮਾਨਾ ਗ਼ਰੀਬੀ ਰੇਖਾ ਤੋਂ ਹੇਠਾਂ ਵਸਦੇ ਲੋਕਾਂ ਦੀ ਦਰ ਹੈ ਜੋ ਪੰਜਾਬ ਵਿਚ 8.26 ਫ਼ੀਸਦੀ ਹੈ ਅਤੇ ਇਸ ਪੱਖੋਂ ਇਹ ਦੇਸ਼ ਭਰ ਵਿਚ ਕੇਰਲਾ (7.06 ਫ਼ੀਸਦੀ) ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਕੌਮਾਂਤਰੀ ਖੁਰਾਕ ਨੀਤੀ ਖੋਜ ਸੰਸਥਾਨ ਮੁਤਾਬਕ ਭੁੱਖਮਰੀ ਸੂਚਕ ਅੰਕ 'ਤੇ ਰਾਜ ਦਾ ਦਰਜਾ ਸਭ ਤੋਂ ਘੱਟ (ਭਾਵ 1) ਹੈ। ਗੁਜਰਾਤ, ਕਰਨਾਟਕ, ਮਹਾਰਾਸ਼ਟਰ, ਤਾਮਿਲਨਾਡੂ ਅਤੇ ਹਰਿਆਣਾ ਵਰਗੇ ਜ਼ਿਆਦਾ ਤੇਜ਼ੀ ਨਾਲ ਆਰਥਿਕ ਵਿਕਾਸ ਕਰਨ ਵਾਲੇ ਰਾਜਾਂ ਦਾ ਭੁੱਖਮਰੀ ਦਾ ਦਰਜਾ ਕ੍ਰਮਵਾਰ 13, 11, 10, 6 ਤੇ 5 ਹੈ। ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੇਸ਼ ਭਰ 'ਚੋਂ ਸਭ ਤੋਂ ਵੱਧ (32 ਫ਼ੀਸਦੀ) ਹੈ ਅਤੇ ਵਿਕਾਸ ਦੇ ਲਾਭ ਆਬਾਦੀ ਦੇ ਇਸ ਵਰਗ ਤਕ ਵੀ ਪਹੁੰਚ ਰਹੇ ਹਨ। 2011 ਦੀ ਮਰਦਮਸ਼ੁਮਾਰੀ ਤੋਂ ਮਿਲੇ ਅੰਕੜਿਆਂ ਮੁਤਾਬਿਕ ਜਿੱਥੋਂ ਤਕ ਅਨੁਸੂਚਿਤ ਜਾਤੀਆਂ ਦੇ ਲੋਕਾਂ ਤਕ ਵਿਕਾਸ ਦੇ ਲਾਭਾਂ ਦੇ ਪੱਖ ਤੋਂ ਪੰਜਾਬ ਦੀ ਕਾਰਕਰਦਗੀ ਹੋਰ ਰਾਜਾਂ ਨਾਲੋਂ ਬਿਹਤਰ ਰਹੀ ਹੈ। ਮਿਸਾਲ ਦੇ ਤੌਰ 'ਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਕੋਲ ਮੋਟਰਸਾਈਕਲ, ਸਕੂਟਰ, ਟੈਲੀਵਿਜ਼ਨ, ਰਸੋਈ ਗੈਸੀ ਕੁਨੈਕਸ਼ਨ, ਪੱਕੇ ਘਰ, ਪੀਣ ਵਾਲੇ ਪਾਣੀ ਦੇ ਪ੍ਰਬੰਧ ਤੇ ਬਿਜਲੀ ਦੇ ਕੁਨੈਕਸ਼ਨ ਤੇ ਗੰਦੇ ਪਾਣੀ ਦੀ ਨਿਕਾਸੀ ਆਦਿ ਪੱਖੋਂ ਪੰਜਾਬ ਦੀ ਸਥਿਤੀ ਸਭ ਤੋਂ ਵਧੀਆ ਹੈ। ਇਸ ਦੇ ਉਲਟ ਰਾਜ ਵਿਚ ਅਜਿਹੇ ਅਨੁਸੂਚਿਤ ਜਾਤੀ ਘਰਾਂ ਦੀ ਗਿਣਤੀ ਸਭ ਤੋਂ ਘੱਟ ਹੈ ਜਿਨ੍ਹਾਂ ਕੋਲ ਕੋਈ ਵੀ ਅਸਾਸਾ ਨਹੀਂ ਹੈ।

ਖੇਤੀਬਾੜੀ ਪੰਜਾਬ ਦੇ ਆਰਥਿਕ ਵਿਕਾਸ ਦੀ ਧੁਰੀ ਰਹੀ ਹੈ ਜਿਸ ਕਰ ਕੇ ਵਿਕਾਸ ਦੇ ਲਾਭ ਦਿਹਾਤੀ ਵਸੋਂ ਤਕ ਪੁੱਜਦੇ ਰਹੇ ਹਨ। ਪਸ਼ੂ ਪਾਲਣ, ਸ਼ਹਿਦ ਦੀਆਂ ਮੱਖੀਆਂ, ਮੁਰਗੀ ਤੇ ਮੱਛੀ ਪਾਲਣ ਵਰਗੇ ਸਹਾਇਕ ਧੰਦਿਆਂ ਦਾ ਵੀ ਦਿਹਾਤੀ ਖ਼ੁਸ਼ਹਾਲੀ ਵਿਚ ਯੋਗਦਾਨ ਰਿਹਾ ਹੈ। "ਭਾਰਤ ਵਿਚ 1951-52/2001-02 ਦਰਮਿਆਨ ਖੇਤੀਬਾੜੀ/ਗੈਰ-ਖੇਤੀਬਾੜੀ ਆਮਦਨ ਪਾੜੇ ਅਤੇ ਵੱਖ ਵੱਖ ਰਾਜਾਂ ਵਿਚਕਾਰ ਪੈਟਰਨ" ਬਾਰੇ ਅਧਿਐਨ ਜੋ ਅਗਸਤ 2013 ਵਿਚ 'ਭਾਰਤ ਦੀ ਖੇਤੀਬਾੜੀ ਦਸ਼ਾ' ਰਿਪੋਰਟ ਵਿਚ ਛਪਿਆ ਸੀ, ਮੁਤਾਬਕ ਪੰਜਾਬ ਵਿਚ ਖੇਤੀਬਾੜੀ ਅਤੇ ਗ਼ੈਰ-ਖੇਤੀਬਾੜੀ ਵਾਲੀ ਵਸੋਂ ਦਰਮਿਆਨ ਆਮਦਨ ਦਾ ਪਾੜਾ ਸਭ ਤੋਂ ਘੱਟ ਭਾਵ 11 ਫ਼ੀਸਦੀ ਅੰਕਾਂ ਦਾ ਹੈ। ਦੂਜੇ ਪਾਸੇ ਮਹਾਰਾਸ਼ਟਰ, ਗੁਜਰਾਤ, ਤਾਮਿਲ ਨਾਡੂ, ਕਰਨਾਟਕ ਅਤੇ ਹਰਿਆਣਾ ਵਿਚ ਇਹ ਪਾੜਾ ਬਹੁਤ ਜ਼ਿਆਦਾ ਭਾਵ ਕ੍ਰਮਵਾਰ 75.35, 74.11, 72.05, 61.04 ਅਤੇ 42.81 ਫ਼ੀਸਦੀ ਅੰਕਾਂ ਦਾ ਹੈ। ਪੰਜਾਬ ਵਿਚ ਸਾਰੇ ਜ਼ਿਲ੍ਹਿਆਂ ਤੇ ਉਪ ਜ਼ਿਲ੍ਹਿਆਂ ਦਰਮਿਆਨ ਵਿਕਾਸ ਦੇ ਲਾਭਾਂ ਦੀ ਸਾਵੀਂ ਵੰਡ ਪਾਈ ਜਾਂਦੀ ਹੈ।

ਵਿਕਾਸ ਅਤੇ ਵਾਤਾਵਰਣ ਵਿਚਕਾਰਲੇ ਰਿਸ਼ਤੇ ਦੇ ਲਿਹਾਜ਼ ਤੋਂ ਪੰਜਾਬ ਦੀ ਕਾਰਕਰਦਗੀ ਬਹੁਤੀ ਚੰਗੀ ਨਹੀਂ ਹੈ। ਹਰੇ ਇਨਕਲਾਬ ਦੇ ਮਾਡਲ ਨੇ ਰਾਜ ਦੇ ਕੁਦਰਤੀ ਵਸੀਲਿਆਂ ਨਾਲ ਭਾਰੀ ਖਿਲਵਾੜ ਕੀਤਾ ਹੈ ਕਿਉਂਕਿ ਇਹ ਜ਼ਿਆਦਾ ਝਾੜ ਦੇਣ ਵਾਲੀਆਂ ਕਿਸਮਾਂ, ਰਸਾਇਣਕ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ, ਟਿਊਬਵੈਲ ਸਿੰਜਾਈ, ਮਸ਼ੀਨੀਕਰਨ, ਕਣਕ ਤੇ ਝੋਨੇ ਦੇ ਦੋ ਫ਼ਸਲੀ ਚੱਕਰ 'ਤੇ ਆਧਾਰਿਤ ਹੈ।

ਵਿੱਤੀ ਪ੍ਰਬੰਧ ਤੇ ਖੋਜ ਸੰਸਥਾਨ, ਚੇਨਈ ਵੱਲੋਂ ਤਿਆਰ ਕੀਤੀ ਗਈ ਰਿਪੋਰਟ "ਭਾਰਤੀ ਰਾਜਾਂ ਲਈ ਵਾਤਾਵਰਣਕ ਹੰਢਣਸਾਰਤਾ ਸੂਚਕ ਅੰਕ 2011: ਵਾਤਾਵਰਨੀ ਕਾਰਵਾਈ ਦੀ ਸੂਚਨਾ" ਵਿਚ ਕੀਤੇ ਗਏ ਤੁਲਨਾਤਮਿਕ ਅਧਿਐਨ ਤਹਿਤ ਪੰਜਾਬ ਨੂੰ ਉਨ੍ਹਾਂ ਰਾਜਾਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ ਜਿੱਥੇ ਸਮੁੱਚੀ ਵਾਤਾਵਰਨਕ ਹੰਢਣਸਾਰਤਾ ਸਭ ਤੋਂ ਘੱਟ ਹੈ। ਬਿਹਾਰ, ਗੁਜਰਾਤ, ਹਰਿਆਣਾ, ਉਤਰ ਪ੍ਰਦੇਸ਼ ਅਤੇ ਝਾਰਖੰਡ ਵਰਗੇ ਰਾਜ ਵੀ ਇਸ ਸੂਚੀ ਵਿਚ ਸ਼ਾਮਿਲ ਹਨ। ਪੰਜਾਬ ਵਿਚ ਪਾਣੀ, ਜ਼ਮੀਨ ਤੇ ਹਵਾ ਜਿਹੇ ਕੁਦਰਤੀ ਸਾਧਨਾਂ ਨੂੰ (ਖ਼ਾਸ ਕਰਕੇ ਫ਼ਸਲਾਂ ਦੀ ਕਟਾਈ ਤੋਂ ਬਾਅਦ) ਬਹੁਤ ਜ਼ਿਆਦਾ ਪਲੀਤ ਕੀਤਾ ਜਾਂਦਾ ਹੈ ਜਿਸ ਨਾਲ ਇਨਸਾਨਾਂ, ਜਾਨਵਰਾਂ ਤੇ ਬਨਸਪਤੀ ਦੀ ਸਿਹਤ 'ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਜ਼ਮੀਨ ਹੇਠਲੇ ਪਾਣੀ ਦੀ ਬੇਤਹਾਸ਼ਾ ਵਰਤੋਂ ਵਾਤਾਵਰਨ ਦੇ ਲਿਹਾਜ਼ ਤੋਂ ਪੰਜਾਬ ਦੇ ਵਿਕਾਸ ਮਾਡਲ ਦਾ ਸਭ ਤੋਂ ਵੱਡਾ ਉਲਟ ਅਸਰ ਸਾਬਿਤ ਹੋ ਰਹੀ ਹੈ। ਇਸ ਦੇ 148 ਬਲਾਕਾਂ ਵਿਚੋਂ ਲਗਪਗ 110 ਬਲਾਕਾਂ (ਲਗਪਗ 74 ਫ਼ੀਸਦੀ) ਵਿਚ ਜ਼ਮੀਨ ਹੇਠਲੇ ਪਾਣੀ ਦੀ ਰੱਜ ਕੇ ਦੁਰਵਰਤੋਂ ਹੋਈ ਹੈ।

## ਵਿਆਹਾਂ ਦੀ ਮੰਡੀ ਅਤੇ ਪੁਲਾਂ ਦੀ ਸਿਆਸਤ

(ਪਿਛਲੇ ਸਫੇ ਦੀ ਬਾਕੀ)


ਜੁੜੀਆਂ ਸੜਕਾਂ ਅਤੇ ਪੁਲ ਗੱਡੀਆਂ ਦੀ ਰਫ਼ਤਾਰ ਅਤੇ ਵਜ਼ਨ ਨੂੰ ਬੋਚ ਸਕਨ ਤੋਂ ਇਨਕਾਰੀ ਹਨ। ਇਨ੍ਹਾਂ ਸੜਕਾਂ ਉਤੇ ਦੋ ਪਹੀਆ ਸਵਾਰ ਦੀ ਜਾਨ ਸਦਾ ਖ਼ਤਰੇ ਵਿਚ ਹੈ ਅਤੇ ਮਹਿੰਗੀ ਗੱਡੀ ਖਰੀਦਣ ਵਾਲੇ ਦੇ ਪੈਸੇ ਦਾ ਮੁੱਲ ਨਹੀਂ ਪੈਂਦਾ। ਜੇ ਮਹਿੰਗੀ ਗੱਡੀ ਆਪਣੀ ਰਫ਼ਤਾਰ ਉਤੇ ਭੱਜੀ ਹੀ ਨਹੀਂ ਤਾਂ ਖਰੀਦਣ ਦਾ ਕੀ ਫਾਇਦਾ?

ਇਸੇ ਤਰ੍ਹਾਂ ਮੈਰਿਜ ਪੈਲੇਸਾਂ ਦੇ ਵਿਆਹ ਦੀ ਸ਼ਾਨੋ-ਸ਼ੌਕਤ ਘਰਾਂ ਦਾ ਤਵਾਜ਼ਨ ਵਿਗਾੜ ਦਿੰਦੀ ਹੈ। ਇਹ ਬਦਇੰਤਜ਼ਾਮੀ ਹੈ ਜੋ ਦੁਰਾਹੇ ਵਿਚ ਗੈਸ ਬਣ ਕੇ ਰਿਸ ਜਾਂਦੀ ਹੈ ਅਤੇ ਮੈਰਿਜ ਪੈਲੇਸਾਂ ਤੋਂ ਘਰਾਂ ਵਿਚ ਕਰਜ਼ਾ ਬਣ ਕੇ ਪਸਰ ਜਾਂਦੀ ਹੈ। ਇਹ ਬਦਇੰਤਜ਼ਾਮੀ ਹੈ ਜੋ ਸੜਕ ਹਾਦਸਿਆਂ ਰਾਹੀਂ ਰੋਜ਼ ਸਾਹਮਣੇ ਆਉਂਦੀ ਹੈ ਅਤੇ ਪੜ੍ਹਿਆਂ-ਲਿਖਿਆਂ ਨੂੰ ਝਪੱਟੇ ਮਾਰਨੇ ਜਾਂ ਸੰਨ੍ਹਾਂ ਲਗਾਉਣੀਆਂ ਸਿਖਾਉਂਦੀ ਹੈ। ਬੋਚੀ ਨਾ ਜਾ ਸਕਣ ਵਾਲੀ ਰਫ਼ਤਾਰ ਅਤੇ ਮਿਕਦਾਰ ਜਿਉਂਦੇ ਜੀਅ ਬੰਦੇ ਨੂੰ ਮੰਡੀ ਦੇ ਵਸ ਪਾਉਂਦੀ ਹੈ ਅਤੇ ਥੋੜ੍ਹਾ ਜਿਹਾ ਤਵਾਜ਼ਨ ਡੋਲਣ ਉਤੇ ਬੰਦੇ ਨੂੰ ਮੌਤ ਦੇ ਮੂੰਹ ਪਾਉਂਦੀ ਹੈ।

ਜਦੋਂ ਗੱਡੀਆਂ ਦੀ ਮਸ਼ੀਨੀ ਸਮਰੱਥਾ ਦੀ ਨੁਮਾਇਸ਼ ਹੋ ਰਹੀ ਹੈ ਅਤੇ ਮੈਰਿਜ ਪੈਲੇਸ ਜਾਂ ਕੈਮਰਿਆਂ ਵਾਲੇ ਵਿਆਹਾਂ ਦੀ ਪ੍ਰਾਪਤੀ ਬਣੇ ਹਨ ਤਾਂ ਹਾਦਸਾ ਸਾਡੀਆਂ ਬਰੂਹਾਂ ਉਤੇ ਖੜ੍ਹਾ ਹੈ। ਬਦਇੰਤਜ਼ਾਮੀ ਦਾ ਇਹ ਆਲਮ ਸਿਰਜਣ ਵਾਲੀ ਖੁੱਲ੍ਹੀ ਮੰਡੀ ਅਤੇ ਸਰਕਾਰ ਆਪਣੇ ਪਰਉਪਕਾਰੀ ਅਦਾਰਿਆਂ ਨਾਲ ਮੁਆਵਜ਼ੇ ਦੀ ਖੇਡ ਖੇਡਣ ਲੱਗੇ ਹਨ। ਜਿਵੇਂ ਇਹ ਬਦਇੰਤਜ਼ਾਮੀ ਅਰਸ਼ੋਂ ਉਤਰੀ ਹੋਵੇ ਅਤੇ ਮਰਨਾ ਬੰਦੇ ਦਾ ਕੁਦਰਤੀ ਸ਼ੌਕ ਹੋਵੇ।

# ਇਕ ਬਰਖ਼ੁਰਦਾਰ ਦੇ ਵਿਆਹ ਦਾ ਬਿਰਤਾਂਤ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

"ਡੈਡੀ ਜੀ, ਇਹ ਗੱਲ ਗਲਤ ਨਹੀਂ ਹੈ। ਨਵੀਂ ਲਿਆਂਦੀ ਕਾਰ ਤੇ ਮੇਰੇ ਲਈ ਖਰੀਦੀ ਕਾਇਨੈਟਿਕ, ਦੋਹਾਂ ਦੀ ਕੀਮਤ, ਅਮਰੀਕਾ ਰਹਿੰਦੇ ਮੇਰੇ ਹਸਬੈਂਡ ਨੇ ਹੀ ਅਦਾ ਕੀਤੀ ਹੈ।"

ਕਈ ਸਾਲਾਂ ਬਾਅਦ ਅਮਰੀਕਾ ਤੋਂ ਪੱਕਾ ਹੋ ਕੇ ਪੰਜਾਬ ਪਰਤੇ ਸੋਹਣੇ ਸੁਨੱਖੇ ਸਰਦਾਰ ਲੜਕੇ ਨਾਲ ਵਿਆਹੀ ਹੋਈ ਆਪਣੀ ਬੇਟੀ ਮੂੰਹੋਂ ਇਹ ਗੱਲ ਸੁਣ ਕੇ ਡੈਡੀ, ਮੰਮੀ ਤੇ ਕੁੜੀ ਦੇ ਭੈਣ-ਭਰਾ ਚੁੱਪ ਜਿਹੇ ਹੋ ਗਏ। ਸਾਰਾ ਟੱਬਰ ਆਪਣੀ ਧੀ ਦੇ ਮੂੰਹ ਵੱਲ ਦੇਖਦਾ ਹੀ ਰਹਿ ਗਿਆ। ਹੱਦ ਹੋ ਗਈ! ਇਹ ਗੱਲ ਉਸ ਨੇ ਕਹਿ ਕਿਵੇਂ ਦਿੱਤੀ?...'ਅਸੀਂ ਪੁਰਾਣੀ ਕਾਰ ਵੇਚੀ ਐ, ਕੋਲੋਂ ਹੋਰ ਪੈਸੇ ਪਾ ਕੇ ਪੰਜ-ਛੇ ਲੱਖ ਰੁਪਏ ਦੀ ਕਾਰ ਲਈ ਹੈ। ਸਰਕਾਰੀ ਨੌਕਰੀ ਕਰ ਰਹੀ ਇਸ ਕੁੜੀ ਦਾ ਦਫ਼ਤਰ ਦੁਰੇਡੇ ਹੋਣ ਕਰ ਕੇ ਇਸ ਨੂੰ ਨਵੀਂ ਕਾਇਨੈਟਿਕ ਵੀ ਅਸੀਂ ਲੈ ਕੇ ਦਿੱਤੀ ਹੈ। ਕੁੜੀ ਦੇ ਸਾਹਮਣੇ ਦੋਹਾਂ ਦੀ ਕੀਮਤ ਅਸੀਂ ਚੁਕਾਈ ਹੈ। ਬੈਂਕ ਵਿਚੋਂ ਪੈਸੇ ਕਢਾਉਣ ਤੋਂ ਲੈ ਕੇ ਗੱਡੀਆਂ ਦੀ ਪੇਮੈਂਟ ਤੇ ਰਜਿਸਟਰੇਸ਼ਨ ਵਗੈਰਾ ਕਰਵਾਉਣ ਤੱਕ ਇਕ ਇਕ ਗੱਲ ਦਾ ਸਾਡੀ ਧੀ ਨੂੰ ਪਤਾ ਹੈ, ਪਰ ਅੱਜ ਇਸ ਨੇ ਮੂੰਹ ਭਰ ਕੇ ਹੋਰ ਈ ਗੱਲ ਕੱਢ ਮਾਰੀ। ਅਖੇ, ਦੋਵੇਂ ਗੱਡੀਆਂ ਅਮਰੀਕਾ ਰਹਿੰਦੇ ਮੇਰੇ ਪਤੀ ਨੇ ਲੈ ਕੇ ਦਿੱਤੀਆਂ ਹਨ'। ਚੱਲਦੀਆਂ ਗੱਲਾਂ ਵਿਚ ਅਚਾਨਕ ਚੇਤੇ ਆ ਜਾਣ ਵਾਂਗ, ਨਵ-ਵਿਆਹੀ ਕੁੜੀ ਵੱਲੋਂ ਕਹੀ ਗੱਲ ਨੇ ਘਰ ਦੇ ਸਾਰੇ ਜੀਆਂ ਦੇ ਚਿਹਰਿਆਂ ਉਤੇ ਸਵਾਲੀਆ ਚਿੰਨ੍ਹ ਗੱਡ ਦਿੱਤੇ। ਹੈਰਾਨ ਹੋਏ ਸਾਰੇ ਜੀਅ ਕੁੜੀ ਦੇ ਮੂੰਹੋਂ ਕੋਈ ਅਗਲੀ ਗੱਲ ਸੁਣਨ ਲਈ ਕਾਹਲੇ ਜਿਹੇ ਪੈਣ ਲੱਗੇ।

ਇਸ ਗੱਲਬਾਤ ਦਾ ਪਿਛੋਕੜ ਇਹ ਹੈ ਕਿ ਅੱਠ-ਦਸ ਕੁ ਮਹੀਨੇ ਪਹਿਲੋਂ ਇਸ ਪਰਿਵਾਰ ਨੇ ਅਮਰੀਕਾ ਵਿਚੋਂ ਪੱਕਾ ਹੋ ਕੇ ਆਏ ਗੁਰਸਿੱਖ ਲੜਕੇ ਨਾਲ ਆਪਣੀ ਬੇਟੀ ਦਾ ਵਿਆਹ ਕੀਤਾ। ਦੋ-ਢਾਈ ਕੁ ਮਹੀਨੇ ਪੰਜਾਬ ਬਿਤਾ ਕੇ, ਵਿਆਹ ਉਪਰੰਤ ਲੜਕਾ ਵਾਪਸ ਚਲਾ ਗਿਆ। ਉਧਰ ਜਾ ਕੇ ਉਸ ਨੇ ਆਪਣੀ ਪਤਨੀ ਨੂੰ ਆਪਣੇ ਪਾਸ ਬੁਲਾਉਣ ਲਈ ਲੋੜੀਂਦੀ ਕਾਗਜ਼ੀ ਕਾਰਵਾਈ ਸ਼ੁਰੂ ਕਰ ਲਈ।

ਕੁੜੀ ਦੇ ਪੇਕਿਆਂ ਨੇ ਉਸ ਨੂੰ ਨਵੀਂ ਕਾਇਨੈਟਿਕ ਲੈ ਦਿੱਤੀ। ਨਾਲ ਹੀ ਉਨ੍ਹਾਂ ਆਪਣੀ ਪੁਰਾਣੀ ਛੋਟੀ ਕਾਰ ਵੇਚ ਕੇ ਵੱਡੀ ਕਾਰ ਵੀ ਖਰੀਦ ਲਈ। ਪਤਾ ਨਹੀਂ ਤਾਂ ਪਿੰਡ ਵਿਚ ਲੋਕੀਂ ਚੁਰ-ਚੁਰ ਕਰਦੇ ਹੋਣਗੇ, ਜਾਂ ਵੈਸੇ ਹੀ ਇਕ ਸ਼ਾਮ ਘਰ ਦੇ ਵਿਹੜੇ ਵਿਚ ਦੋਵੇਂ ਗੱਡੀਆਂ ਇਕੱਠੀਆਂ ਖੜ੍ਹੀਆਂ ਦੇਖ ਕੇ ਕੁੜੀ ਦੇ ਬਾਪ ਨੇ ਸਹਿਵਨ ਹੀ ਗੱਲ ਕੀਤੀ, "ਪਿੰਡ ਵਿਚ ਲੋਕੀਂ ਗੱਲਾਂ ਤਾਂ ਜ਼ਰੂਰ ਕਰਦੇ ਹੋਣਗੇ ਕਿ 'ਬਾਹਰਲੇ ਮੁੰਡਿਆਂ' ਨਾਲ ਕੁੜੀਆਂ ਵਿਆਹ ਕੇ ਕਈ ਕਈ ਸਾਲ ਕਰਜ਼ੇ ਦੀਆਂ ਪੰਡਾਂ ਸਿਰ ਚੜ੍ਹੀਆਂ ਰਹਿੰਦੀਆਂ...ਪਰ ਇਨ੍ਹਾਂ ਨੇ ਦੋ ਗੱਡੀਆਂ ਲੈ ਲਈਆਂ, ਐਨੀ ਛੇਤੀ।...ਜ਼ਰੂਰ ਇਨ੍ਹਾਂ ਨੂੰ ਅਮਰੀਕਾ ਵਾਲੇ ਪ੍ਰਾਹੁਣੇ ਨੇ ਗੱਡੀਆਂ ਲੈ ਕੇ ਦਿੱਤੀਆਂ ਹੋਣਗੀਆਂ।"

ਘਰ ਦੇ ਮੁਖੀ ਦੀ ਇਸ ਗੱਲ ਨੂੰ ਟੱਬਰ ਦੇ ਬਾਕੀ ਜੀਆਂ ਨੇ ਤਾਂ ਹਾਸੇ-ਭਾਣੇ ਵਜੋਂ ਹੀ ਲਿਆ, ਪਰ ਵਿਆਹੁੰਦੜ ਕੁੜੀ ਦੇ ਉਤਰ ਨੇ ਸਾਰਿਆਂ ਨੂੰ ਗੰਭੀਰ ਕਰ ਦਿੱਤਾ। ਫੁਕਰੀ ਜਿਹੀ ਫ਼ਿਤਰਤ ਵਾਲੇ ਲੋਕਾਂ ਨੂੰ ਤਾਂ ਚੜ੍ਹੀ-ਲੱਥੀ ਦਾ ਕੋਈ ਫਰਕ ਨਹੀਂ ਪੈਂਦਾ, ਪਰ ਜਿਹੜੇ ਇੱਜ਼ਤ ਤੇ ਸਵੈਮਾਣ ਵਾਲੇ ਕਬੀਲਦਾਰ ਲੋਕ ਜਵਾਈਆਂ-ਭਾਈਆਂ ਪ੍ਰਤੀ ਸੰਵੇਦਨਸ਼ੀਲ ਰਿਸ਼ਤੇ ਕਾਰਨ ਧੇਲੇ ਦੀ ਰਵਾਦਾਰੀ ਨਹੀਂ ਰੱਖਦੇ, ਉਨ੍ਹਾਂ ਲਈ ਅਜਿਹੀ ਗੱਲ ਹਿੱਕ 'ਤੇ ਤੀਰ ਵੱਜਣ ਵਾਂਗ ਹੁੰਦੀ ਹੈ।

ਬਾਪ ਨੂੰ 'ਠਾਹ ਸੋਟੇ' ਵਰਗਾ ਜਵਾਬ ਦੇ ਕੇ ਕੁੜੀ ਤਾਂ ਕਿਸੇ ਜੇਤੂ ਜਰਨੈਲ ਵਾਂਗ ਮੰਦ-ਮੰਦ ਮੁਸਕਰਾ ਰਹੀ ਸੀ, ਪਰ ਟੱਬਰ ਦੇ ਬਾਕੀ ਸਾਰੇ ਜੀਅ ਉਸ ਦੇ ਮੂੰਹੋਂ ਆਪਣੀ ਗੱਲ ਦੀ ਪ੍ਰੋੜ੍ਹਤਾ ਵਜੋਂ ਕੁਝ ਸੁਣਨ ਦੀ ਆਸ ਰੱਖ ਰਹੇ ਸਨ। ਅਮਰੀਕਨ ਜਵਾਈ ਵੱਲੋਂ ਗੱਡੀਆਂ ਲੈ ਕੇ ਦੇਣ ਦੀ ਗੱਲ ਝੂਠੀ ਨਿਕਲਦੀ ਹੈ ਕਿ ਸੱਚੀ, ਇਹ ਜਾਣਨ ਲਈ ਥੋੜ੍ਹਾ ਜਿਹਾ ਅਗਲਾ-ਪਿਛਲਾ ਬਿਰਤਾਂਤ ਹੋਰ ਪੜ੍ਹਨਾ ਪਵੇਗਾ।

ਪੰਜਾਬ ਵਸਦੇ ਇਸ ਪਰਿਵਾਰ ਵਿਚ ਵਿਆਹਿਆ ਨੌਜਵਾਨ ਹੋਰ ਅਨੇਕਾਂ ਪੰਜਾਬੀ ਗੱਭਰੂਆਂ ਵਾਂਗ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਦੇ ਦਿਨਾਂ ਵਿਚ ਹੀ ਕਿਸੇ ਤਰ੍ਹਾਂ ਅਮਰੀਕਾ ਪਹੁੰਚ ਗਿਆ। ਜ਼ਿੰਦਗੀ ਦੇ ਉਹ ਵਰ੍ਹੇ ਜਿਨ੍ਹਾਂ ਵਿਚ ਮਾਂ-ਬਾਪ ਦੀ ਝਿੜਕ-ਬਿੜਕ ਦੇ ਹੁੰਦਿਆਂ-ਸੁੰਦਿਆਂ ਵੀ ਅਕਸਰ ਨਿਆਣਿਆਂ ਦੇ ਵਿਗੜਨ-ਤਿਗੜਨ ਦੀ ਸੰਭਾਵਨਾ ਹੁੰਦੀ ਹੈ, ਇਹ ਗੱਭਰੂ ਇਕੱਲਾ ਹੀ ਰਿਹਾ। ਅਮਰੀਕਾ ਦੀ 'ਰੰਗੀਨ' ਇਕੱਲ ਹੰਢਾਉਂਦਿਆਂ ਵੀ, ਭਗਤ ਕਬੀਰ ਦੇ ਕਹਿਣ ਅਨੁਸਾਰ 'ਕਾਜਰ ਕੀ ਕੋਠੜੀ' ਵਿਚ ਪੈਣ ਦੇ ਬਾਵਜੂਦ ਆਪਣੇ 'ਤੇ ਕਾਲਖ ਨਹੀਂ ਲੱਗਣ ਦਿੱਤੀ। ਟੈਕਸੀ ਚਲਾਉਣ ਤੋਂ ਬਚਦਾ ਸਮਾਂ ਇਹ ਗੁਰਮਤਿ ਪ੍ਰਚਾਰ ਦੇ ਲੇਖੇ ਲਾਉਂਦਾ ਰਿਹਾ-ਇਕ ਪ੍ਰਚਾਰ ਸੰਸਥਾ ਦਾ ਸਰਗਰਮ ਮੈਂਬਰ ਬਣ ਕੇ ਵੀ ਅਤੇ ਨਿੱਜੀ ਤੌਰ ਉਤੇ ਆਪਣੇ ਵੱਖਰੇ ਯਤਨਾਂ ਰਾਹੀਂ ਵੀ। ਸਿਰਫ਼ ਆਪਣੇ ਸਿੱਖੀ ਸਰੂਪ ਦੀ ਹੀ ਸਾਂਭ-ਸੰਭਾਲ ਨਹੀਂ ਰੱਖੀ, ਸਗੋਂ ਆਪਣੇ ਸੰਪਰਕ ਵਿਚ ਆਉਣ ਵਾਲੇ ਸਿੱਖ ਪਿਛੋਕੜ ਵਾਲੇ ਗੱਭਰੂਆਂ ਨੂੰ ਵੀ ਰਹਿਤ-ਬਹਿਤ ਰੱਖਣ ਲਈ ਪ੍ਰੇਰਦਾ ਰਿਹਾ। ਮਿਹਨਤ ਨਾਲ ਕਿਰਤ ਕਰਦਿਆਂ ਵੀ ਇਹ ਗੁਰੂ ਨਾਨਕ ਦੇਵ ਜੀ ਦੇ ਸਾਜੇ ਨਿਰਮਲ ਪੰਥ ਦੇ ਪ੍ਰਚਾਰ-ਪਸਾਰ ਲਈ ਤਤਪਰ ਰਿਹਾ।

ਅਮਰੀਕਾ ਵਿਚ ਪੱਕੇ ਕਾਗਜ਼ ਮਿਲ ਜਾਣ 'ਤੇ ਇਹ ਲੜਕਾ ਵਿਆਹ ਕਰਵਾਉਣ ਪੰਜਾਬ ਗਿਆ। ਤਕਰੀਬਨ ਦੋ ਦਹਾਕਿਆਂ ਬਾਅਦ ਪਿੰਡ ਪਹੁੰਚੇ ਖੁੱਲ੍ਹੀ ਦਾੜ੍ਹੀ ਵਾਲੇ ਤੇ ਦਸਤਾਰਧਾਰੀ ਗੱਭਰੂ ਵੱਲ ਦੇਖ ਕੇ ਪਿੰਡ ਵਾਸੀ ਹੈਰਾਨ ਰਹਿ ਗਏ। ਪੰਜਾਬ ਦੇ ਜਿਨ੍ਹਾਂ ਪਿੰਡਾਂ ਵਿਚ ਹੁਣ ਪੱਗਾਂ ਵੀ ਲੋਪ ਹੋ ਰਹੀਆਂ ਹਨ, ਉਥੇ ਅਮਰੀਕਾ ਜਿਹੇ ਮੁਲਕ ਤੋਂ ਸਿੱਖੀ ਸਰੂਪ ਵਾਲਾ ਮੁੰਡਾ ਪਰਤਿਆ ਦੇਖ ਕੇ ਹੈਰਾਨੀ ਹੋਣੀ ਕੁਦਰਤੀ ਹੀ ਸੀ।

ਖੈਰ! ਨੌਜਵਾਨ ਨੇ ਘਰੇ ਜਾ ਕੇ 'ਬਾਹਰਲੇ' ਮੁੰਡਿਆਂ ਵਾਂਗ ਅਮੀਰੀ ਚੋਚਲੇ ਨਹੀਂ ਕੀਤੇ। ਦਰਜਨਾਂ ਕੁੜੀਆਂ ਦੇਖ ਦੇਖ ਕੇ ਨਾਂਹ ਕਰੀ ਜਾਣ ਦੀ ਬਜਾਏ ਇਸ ਨੇ ਮਾਪਿਆਂ ਤੇ ਰਿਸ਼ਤੇਦਾਰਾਂ ਵੱਲੋਂ ਸੁਝਾਏ ਪਰਿਵਾਰ ਦੀ ਬੇਟੀ ਦਾ ਰਿਸ਼ਤਾ ਪ੍ਰਵਾਨ ਕਰ ਲਿਆ। ਆਪਣੇ ਵਿਆਹ ਦੀ ਅਰੰਭਤਾ ਤੋਂ ਹੀ ਉਸ ਨੇ ਗੁਰਮਤਿ ਅਨੁਸਾਰ ਜੀਵਨ ਜਿਊਣ ਦਾ ਫੈਸਲਾ ਕਰ ਲਿਆ। ਵਿਆਹ ਸ਼ਾਦੀਆਂ ਸਮੇਂ ਤਿਲਕ ਲਾਉਣੇ, ਲਾਲ ਗਾਨੇ ਬੰਨ੍ਹਣੇ, ਤੇਲ ਚੋਣੇ, ਸਿਹਰੇ ਬੰਨ੍ਹਣੇ ਤੇ ਹਾਰ ਪਾਉਣ ਵਰਗੇ 'ਛੰਗਣ-ਮੰਗਣ' ਕਰਨ ਤੋਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਲੜਕੀ ਵਾਲਿਆਂ ਨੂੰ ਵੀ ਸੁਨੇਹੇ ਭੇਜ ਦਿੱਤੇ ਗਏ ਕਿ ਉਹ ਮੈਰਿਜ ਪੈਲੇਸ ਨਾ ਬੁੱਕ ਕਰਦੇ ਫਿਰਨ, ਸਗੋਂ ਬਰਾਤੀਆਂ ਨੂੰ ਠਹਿਰਾਉਣ ਲਈ ਤੇ ਅਨੰਦ ਕਾਰਜ ਵਾਸਤੇ ਪਿੰਡ ਵਿਚ ਹੀ ਪ੍ਰਬੰਧ ਕਰਨ।

ਵਿਦੇਸਾਂ ਵਿਚ ਖੱਟੀ ਕਮਾਈ ਕਰ ਕੇ ਫਿਰ ਪੰਜਾਬ ਜਾ ਕੇ ਖਰਚੀਲੇ ਤੇ ਭੜਕੀਲੇ ਵਿਆਹ ਕਰਾਉਣ ਵਾਲੇ ਮੁੰਡਿਆਂ ਦੇ ਉਲਟ ਇਸ ਨੌਜਵਾਨ ਨੇ ਵੱਖਰੀ ਰੀਤ ਅਪਣਾਈ। ਕਥਿਤ ਸਿੰਗਰਾਂ ਦੇ ਅਖਾੜੇ ਲਾ ਕੇ ਗੰਦ-ਮੰਦ ਸੁਣਨ/ਸੁਣਾਉਣ ਦੀ ਥਾਂ ਇਸ ਨੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਚੋਟੀ ਦੇ ਪ੍ਰਚਾਰਕ ਤੇ ਕੀਰਤਨੀਏ ਬੁਲਾਏ ਜਿਨ੍ਹਾਂ ਨੇ ਇਸ ਦੇ ਘਰੇ ਵੀ, ਤੇ ਅਨੰਦ ਕਾਰਜ ਮੌਕੇ ਵੀ ਤਤਿ-ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਦੇ ਆਪਣੇ ਤੇ ਸਹੁਰੇ ਪਿੰਡ ਤੋਂ ਇਲਾਵਾ ਸਾਰੇ ਇਲਾਕੇ ਵਿਚ ਇਸ ਨਿਵੇਕਲੇ, ਪਰ ਪ੍ਰਭਾਵਸ਼ਾਲੀ ਵਿਆਹ ਦੀ ਚਰਚਾ ਹੋਈ। ਆਲੇ-ਦੁਆਲੇ ਪਿੰਡਾਂ ਤੇ ਸਾਰੀ ਸਕੀਰੀ ਰਿਸ਼ਤੇਦਾਰੀ ਵਿਚ ਸੱਚੇ ਮਾਰਗ 'ਤੇ ਚੱਲਣ ਵਾਲੇ ਇਸ ਗੱਭਰੂ ਦੀ ਭਰਪੂਰ ਉਸਤਤਿ ਹੋਈ।

...ਤੇ ਇਸ ਇਨਕਲਾਬੀ ਬਰਖ਼ੁਰਦਾਰ ਦੀ ਹਮਸਫ਼ਰ ਬਣੀ ਸੁਘੜ ਸਿਆਣੀ ਲੜਕੀ ਨੇ ਜਦੋਂ ਆਪਣੇ ਵਿਆਹ ਦੇ ਚੋਣਵੇਂ ਵੇਰਵੇ ਦਿੰਦਿਆਂ ਆਪਣੇ ਪਿਤਾ ਨੂੰ ਪੁੱਛਿਆ, "ਡੈਡੀ ਜੀ, ਜੇ ਅਮਰੀਕਾ ਤੋਂ ਆਇਆ ਮੇਰਾ ਸਰਦਾਰ ਕਿਸੇ ਵੱਡੇ ਸ਼ਹਿਰ ਦੇ ਆਲੀਸ਼ਾਨ ਮੈਰਿਜ ਪੈਲੇਸ ਵਿਚ ਵਿਆਹ ਕਰਾਉਣ ਦੀ ਮੰਗ ਕਰਦਾ, ਮੁੰਦੀਆਂ-ਕੰਬਲਾਂ ਨਾਲ ਮਿਲਣੀਆਂ ਲਿਖਾਉਂਦਾ, ਗਹਿਣੇ ਤੇ ਮੂੰਹੋਂ ਮੰਗ ਕੇ ਦਾਜ ਦੀਆਂ ਹੋਰ ਆਈਟਮਾਂ ਗਿਣਾਉਂਦਾ, ਗਿਣਵੇਂ ਬੰਦਿਆਂ ਦੀ ਬਰਾਤ ਦੀ ਥਾਂ ਜੇ ਉਹ ਪੂਰਾ ਵੱਗ ਇਕੱਠਾ ਕਰ ਲਿਆਉਂਦਾ, ਤੇ ਮੰਗ ਰੱਖਦਾ ਉਹ 'ਨੌਨ-ਵੈਜ ਸੇਵਾ' ਦੀ, ਮਨੋਰੰਜਨ ਲਈ ਲਿਆਉਂਦਾ ਅਸ਼ਲੀਲ ਪਹਿਰਾਵੇ ਵਾਲੀਆਂ ਡਾਂਸਰਾਂ ਤੇ ਨਾਲੇ ਆਖਦਾ ਕਿ ਹੇੜ੍ਹ ਨੂੰ ਪਰੋਸੋ ਸ਼ਰਾਬ...ਚਾਹੁੰਦਿਆਂ ਜਾਂ ਨਾ ਚਾਹੁੰਦਿਆਂ ਤੁਸੀਂ ਇਹ ਸਾਰਾ ਕੁਝ ਕਰਿਆ ਹੁੰਦਾ...ਭਲਾ ਪਿਤਾ ਜੀ, ਫਿਰ ਅਸੀਂ ਵਿਆਹ ਤੋਂ ਬਾਅਦ ਐਨੀ ਜਲਦੀ ਗੱਡੀਆਂ ਖਰੀਦ ਸਕਦੇ ਸੀ?...ਇਸ ਬਿਨਾਅ 'ਤੇ ਮੈਂ ਇਨ੍ਹਾਂ ਗੱਡੀਆਂ ਦੀ ਕੀਮਤ ਤਾਰਨ ਵਾਲਾ, ਆਪਣੇ ਅਸੂਲ-ਪ੍ਰਸਤ ਸਰਦਾਰ ਨੂੰ ਮੰਨਿਆ ਹੈ। ਕੀ ਮੈਂ ਕੋਈ ਗਲਤ ਸਮਝਦੀ ਹਾਂ?"

ਅੰਤਿਕਾ: ਪਾਠਕੋ! ਇਹ ਕੋਈ ਮਨ-ਘੜਤ ਕਹਾਣੀ ਨਹੀਂ। ਇਸ ਕਹਾਣੀ ਦਾ ਮੁੱਖ ਪਾਤਰ ਹਰਮਿੰਦਰ ਸਿੰਘ ਸੇਖਾ ਨਾਂ ਦਾ ਹਸਮੁਖ ਨੌਜਵਾਨ ਹੈ ਜੋ ਸੈਨ ਹੋਜ਼ੇ ਸ਼ਹਿਰ ਦਾ ਹੀ ਵਸਨੀਕ ਹੈ। ਪਿਛਲੇ ਕੁਝ ਕੁ ਸਾਲਾਂ ਤੋਂ ਮੇਰੇ ਸੰਪਰਕ ਵਿਚ ਆਏ ਇਸ ਗੱਭਰੂ ਬਾਰੇ ਇਹ ਲੇਖ, ਉਸ ਦੀ ਚਾਪਲੂਸੀ ਜਾਂ ਫੋਕੀ ਵਡਿਆਈ ਕਰਨ ਲਈ ਨਹੀਂ ਲਿਖਿਆ। ਮੇਰਾ ਪਹਿਲਾ ਮਕਸਦ ਇਹ ਹੈ ਕਿ ਇਸ਼ਤਿਹਾਰਬਾਜ਼ੀ ਦੇ ਅਜੋਕੇ ਯੁੱਗ ਵਿਚ ਖੋਟਿਆਂ ਨੂੰ ਵੀ ਸ਼ੁੱਧ ਸੋਨਾ ਬਣਾ ਕੇ ਪ੍ਰਚਾਰਿਆ ਜਾਂਦਾ ਹੈ, ਪਰ ਅਸੂਲ-ਪ੍ਰਸਤ ਤੇ ਸਿਰੜੀ ਸਿਦਕੀ ਲੋਕਾਂ ਦੇ ਕਾਰਜ ਤੇ ਕਿਰਤ ਅਣਗੌਲੇ ਰਹਿ ਜਾਂਦੇ ਹਨ। ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਸਾਰੇ ਹੀ 'ਲਕੀਰ ਦੇ ਫਕੀਰ' ਨਹੀਂ ਹੁੰਦੇ। ਵਿਰਲੇ ਹੁੰਦੇ ਨੇ ਜੋ ਨਵੀਆਂ ਲੀਹਾਂ ਪਾ ਕੇ 'ਸੱਚ ਦਾ ਦੀਵਾ' ਜਗਦਾ ਰੱਖਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਰਹਿੰਦੇ ਹਨ। ਐਸੀਆਂ ਲਿਖਤਾਂ ਤੋਂ ਹੋਰ ਨੌਜਵਾਨਾਂ ਨੂੰ ਵੀ ਪ੍ਰੇਰਨਾ ਮਿਲ ਸਕਦੀ ਹੈ।

ਦੂਜਾ ਕਾਰਨ ਇਹ, ਕਿ ਹਰਮਿੰਦਰ ਸਿੰਘ ਨੇ ਆਪਣੇ ਮਾਤਾ-ਪਿਤਾ ਤੇ ਸਹੁਰਾ ਪਰਿਵਾਰ ਵੱਲੋਂ ਮਿਲ ਰਹੀ ਭਰਪੂਰ ਪ੍ਰਸੰਸਾ ਪਿੱਛੇ ਥੋੜ੍ਹਾ-ਬਹੁਤਾ ਮੇਰਾ ਹੱਥ ਵੀ ਮੰਨਿਆ ਹੈ। ਸਹੁਰੇ ਘਰ ਵਿਚ ਹੋਈ ਉਪਰੋਕਤ ਵਾਰਤਾ ਮੇਰੇ ਨਾਲ ਸਾਂਝੀ ਕਰਦਿਆਂ ਉਸ ਨੇ ਬੜੇ ਮੋਹ ਨਾਲ ਕਿਹਾ: "ਬੁੜ੍ਹਿਆਂ ਕੋਲ ਬੈਠਣ-ਉਠਣ ਨਾਲ ਹੀ ਮਾੜੀ-ਮੋਟੀ ਸੋਝੀ ਆਈ ਹੈ ਜੀ।" ਮੇਰੇ ਬੱਚਿਆਂ ਦਾ ਹਾਣੀ ਹੋਣ ਕਰ ਕੇ, ਉਹ ਕਦੇ-ਕਦੇ ਮੈਨੂੰ ਤੇ ਮੇਰੇ ਸਾਥੀਆਂ ਨੂੰ ਪਿਆਰ ਨਾਲ 'ਬੁੜ੍ਹਿਓ' ਵੀ ਕਹਿ ਲੈਂਦਾ ਹੈ। ਰੱਬ ਕਰੇ! ਇਹੋ ਜਿਹੀ ਸੁੱਧ-ਬੁੱਧ ਵਾਲੇ ਬੱਚੇ ਘਰ ਘਰ ਹੋਣ।

# ਸਮਕਾਲੀ ਭਾਰਤ ਦੀ ਕਹਾਣੀ, ਕੁਲਦੀਪ ਨਈਅਰ ਦੀ ਜ਼ੁਬਾਨੀ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਕੁਲਦੀਪ ਨਈਅਰ ਅਜੋਕੇ ਭਾਰਤ ਦਾ ਸੁਪ੍ਰਸਿੱਧ ਪੱਤਰਕਾਰ ਹੈ। ਉਸ ਦੀ ਸਵੈ-ਜੀਵਨੀ ਦਸਦੀ ਹੈ ਕਿ ਉਹ ਵਕੀਲ ਬਣਨਾ ਚਾਹੁੰਦਾ ਸੀ ਪਰ ਹਾਲਾਤ ਨੇ ਇਧਰ ਧੱਕ ਮਾਰਿਆ ਜੇ ਇੰਜ ਨਾ ਹੁੰਦਾ ਤਾਂ ਅੱਜ ਸਾਡੇ ਕੋਲ ਹੇਠ ਲਿਖੇ ਤੱਥ ਨਹੀਂ ਸਨ ਹੋਣੇ:

ਪਾਕਿਸਤਾਨ ਦੇ ਪੁਨਰਵਸੇਬਾ ਮੰਤਰੀ ਇਫਤਿਖ਼ਾਰ-ਉਦ-ਦੀਨ ਅਤੇ 'ਪਾਕਿਸਤਾਨ ਟਾਈਮਜ਼' ਦੇ ਸੰਪਾਦਕ ਮਜ਼ਹਰ ਅਲੀ ਖ਼ਾਨ ਨੇ ਮੁਹੰਮਦ ਅਲੀ ਜਿਨਾਹ ਨਾਲ ਇਕ ਦਿਨ ਜਹਾਜ਼ ਰਾਹੀਂ ਲਾਹੌਰ ਤੋਂ ਡਕੋਟਾ ਵੰਡੇ ਹੋਏ ਪੰਜਾਬ ਦਾ ਹਵਾਈ ਦੌਰਾ ਕੀਤਾ। ਜਿਨਾਹ ਨੇ ਜਦੋਂ ਭਾਰਤ ਵਾਲੇ ਪਾਸਿਓਂ ਪਾਕਿਸਤਾਨ ਵੱਲ ਆ ਰਹੀ ਅਤੇ ਪਾਕਿਸਤਾਨ ਤੋਂ ਭਾਰਤ ਵੱਲ ਜਾ ਰਹੀ ਅਮੁੱਕ ਮਨੁੱਖੀ ਲੜੀ ਉਪਰੋਂ ਦੇਖੀ ਤਾਂ ਉਸ ਨੇ ਆਪਣੇ ਮੱਥੇ 'ਤੇ ਹੱਥ ਮਾਰਦਿਆਂ ਪ੍ਰੇਸ਼ਾਨੀ 'ਚ ਆਖਿਆ, "ਇਹ ਮੈਂ ਕੀ ਕਰ ਬੈਠਾ।" ਇਫਤਿਖ਼ਾਰ ਅਤੇ ਮਜ਼ਹਰ ਦੋਹਾਂ ਨੇ ਸਹੁੰ ਪਾਈ ਕਿ ਉਹ ਜਿਨਾਹ ਵਲੋਂ ਆਖੀ ਗਈ ਇਹ ਗੱਲ ਕਿਸੇ ਨਾਲ ਸਾਂਝੀ ਨਹੀਂ ਕਰਨਗੇ। ਮਜ਼ਹਰ ਨੇ ਇਹ ਗੱਲ ਸਿਰਫ਼ ਆਪਣੀ ਪਤਨੀ ਤਾਹਿਰਾ ਨਾਲ ਸਾਂਝੀ ਕੀਤੀ ਅਤੇ ਉਸ ਨੇ ਆਪਣੇ ਪਤੀ ਦੀ ਮੌਤ ਤੋਂ ਕਈ ਵਰ੍ਹੇ ਬਾਅਦ ਇਹ ਗੱਲ ਮੈਨੂੰ ਦੱਸੀ।




ਮੈਂ ਦੇਰ ਸ਼ਾਮ ਸ਼ਾਸਤਰੀ ਜੀ ਦੇ ਘਰ ਪੁੱਜਿਆ। ਉਨ੍ਹਾਂ ਮੈਨੂੰ ਕਿਹਾ, "ਮੈਂ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਦੀ ਚੋਣ ਸਰਬਸੰਮਤੀ ਨਾਲ ਹੋਵੇ।" ਥੋੜ੍ਹਾ ਰੁਕਦਿਆਂ ਉਨ੍ਹਾਂ ਕਿਹਾ, "ਜੇਕਰ ਮੁਕਾਬਲਾ ਲਾਜ਼ਮੀ ਹੀ ਹੋਇਆ ਤਾਂ ਮੈਂ ਮੋਰਾਰਜੀ ਭਾਈ ਦੇ ਖ਼ਿਲਾਫ਼ ਚੋਣ ਲੜ ਸਕਦਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਮੈਂ ਉਨ੍ਹਾਂ ਨੂੰ ਹਰਾ ਸਕਦਾ ਹਾਂ ਪਰ ਇੰਦਰਾ ਜੀ ਨੂੰ ਨਹੀਂ।" ਇਸ ਤੋਂ ਮਗਰੋਂ ਉਨ੍ਹਾਂ ਕਿਹਾ ਕਿ ਇਸ ਮੌਕੇ ਸਭ ਤੋਂ ਵਧੀਆ ਗੱਲ ਇਹੀ ਹੋਵੇਗੀ ਕਿ ਜੈਪ੍ਰਕਾਸ਼ ਨਰਾਇਣ ਜਿਹਾ ਵਿਅਕਤੀ ਸਰਕਾਰ ਦੀ ਅਗਵਾਈ ਕਰੇ। ਉਨ੍ਹਾਂ ਮੈਨੂੰ ਕਿਹਾ ਕਿ ਮੈਂ ਮੁਰਾਰਜੀ ਭਾਈ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਰਬਸੰਮਤੀ ਕਾਇਮ ਕਰਨ ਦਾ ਸੁਨੇਹਾ ਦੇ ਦੇਵਾਂ। ਉਨ੍ਹਾਂ ਮੈਨੂੰ ਇਸ ਦੇ ਲਈ ਜੈ ਪ੍ਰਕਾਸ਼ ਨਰਾਇਣ ਅਤੇ ਇੰਦਰਾ ਗਾਂਧੀ ਦਾ ਨਾਂ ਸੁਝਾਇਆ।

ਜਿੱਥੋਂ ਤੱਕ ਮੈਨੂੰ ਜਾਣਕਾਰੀ ਸੀ, ਮਸਜਿਦ ਢਾਹੁਣ ਲਈ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਵੀ ਮਿਲੀਭੁਗਤ ਸੀ। ਕਾਰ ਸੇਵਕਾਂ ਨੇ ਜਿਸ ਵੇਲੇ ਬਾਬਰੀ ਮਸਜਿਦ ਢਾਹੁਣੀ ਸ਼ੁਰੂ ਕੀਤੀ, ਉਹ ਪੂਜਾ 'ਤੇ ਬੈਠ ਗਿਆ ਅਤੇ ਉਦੋਂ ਹੀ ਉਠਿਆ ਜਦੋਂ ਮਸਜਿਦ ਦੀ ਆਖਰੀ ਇੱਟ ਵੀ ਪੁੱਟੀ ਗਈ ਸੀ। ਸੋਸ਼ਲਿਸਟ ਆਗੂ ਮਧੂ ਲਿਮਏ ਨੇ ਮਗਰੋਂ ਮੈਨੂੰ ਦੱਸਿਆ ਸੀ ਕਿ ਰਾਓ ਦੇ ਸਹਾਇਕ ਨੇ ਪੂਜਾ 'ਤੇ ਬੈਠਿਆਂ ਹੀ ਉਸ ਦੇ ਕੰਨ ਵਿੱਚ ਆਖਿਆ ਸੀ, "ਮਸਜਿਦ ਢਾਹ ਦਿੱਤੀ ਗਈ ਹੈ।" ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਝਟਪਟ ਪੂਜਾ ਸਮਾਪਤ ਕਰ ਦਿੱਤੀ ਗਈ।

ਨਿੱਜੀ ਤੌਰ 'ਤੇ ਇਹ ਗੱਲ ਮੇਰੀ ਸਮਝ ਨਹੀਂ ਆਈ ਕਿ ਕੀ ਮੁਸਲਮ ਲੀਗ ਨੂੰ ਦੋ ਸੀਟਾਂ ਦੇਣ ਤੋਂ ਇਨਕਾਰ ਕਰਨ ਨਾਲ ਮੁਸਲਮ ਭਾਈਚਾਰੇ (ਅਬੁਲ ਕਲਾਮ ਆਜ਼ਾਦ ਸਮੇਤ) ਨੂੰ ਏਨੀ ਠੇਸ ਪਹੁੰਚੀ ਕਿ ਉਹ ਇਕ ਵਖਰਾ ਮੁਲਕ ਪਾਕਿਸਤਾਨ ਬਣਾਉਣ ਦੇ ਰਾਹ ਪੈ ਤੁਰੇ। ਨਹਿਰੂ ਨੇ 1959 ਵਿਚ ਆਪਣਾ ਪੱਖ ਸਪਸ਼ਟ ਕਰਦਿਆਂ ਇਸ ਮੁੱਦੇ ਤੇ ਆਜ਼ਾਦ ਨੂੰ ਸਹੀ ਨਹੀਂ ਸੀ ਕਿਹਾ। ਉਹ ਆਜ਼ਾਦ ਵੱਲੋਂ ਆਪਣੇ ਆਪ (ਨਹਿਰੂ) ਨੂੰ ਫਜ਼ੂਲ ਬੰਦਾ ਆਖੇ ਜਾਣ ਤੋਂ ਵੀ ਦੁਖੀ ਸੀ। ਨਹਿਰੂ ਬਾਰੇ ਇਹ ਸ਼ਬਦ ਲਿਖਤੀ ਰੂਪ ਵਿਚ ਆਜ਼ਾਦ ਵੱਲੋਂ ਉਨ੍ਹਾਂ 30 ਪੰਨਿਆਂ ਵਿਚ ਵੀ ਵਾਰ ਵਾਰ ਵਰਤੇ ਗਏ ਹਨ ਜੋ ਆਜ਼ਾਦ ਦੀ ਇੱਛਾ ਅਨੁਸਾਰ ਉਸ ਦੀ ਮੌਤ ਤੋਂ ਕਈ ਵਰ੍ਹੇ ਪਿੱਛੋਂ ਪ੍ਰਕਾਸ਼ਤ ਕੀਤੇ ਗਏ। ਨਹਿਰੂ ਦੀ ਮੌਤ ਤੋਂ 24 ਵਰ੍ਹੇ ਬਾਅਦ 1988 ਵਿਚ।

ਉਪਰੋਕਤ ਟੂਕਾਂ ਕੁਲਦੀਪ ਨਈਅਰ ਦੀ ਸਵੈ-ਜੀਵਨੀ-ਅਜੋਕੇ ਭਾਰਤ ਦੀ ਅਣਕਹੀ ਦਾਸਤਾਨ ਦੇ ਪੰਜਾਬੀ ਐਡੀਸ਼ਨ ਅਨੁ-ਅਰਵਿੰਦਰ ਜੋਹਲ (ਯੂਨੀਸਟਾਰ ਬੁਕਸ, ਚੰਡੀਗੜ੍ਹ ਪੰਨੇ 664, ਮੁੱਲ 595) ਵਿਚੋਂ ਹਨ। ਪੁਸਤਕ ਇਹ ਵੀ ਦਸਦੀ ਹੈ ਕਿ ਆਜ਼ਾਦ ਪਟੇਲ ਨੂੰ ਅੰਤ ਦਾ ਹਿੰਦੂ ਪੱਖੀ ਤੇ ਕ੍ਰਿਸ਼ਨ-ਮੈਨਨ ਨੂੰ ਓਨਾ ਹੀ ਅਣਭਰੋਸੇਯੋਗ ਮੰਨਦਾ ਸੀ। ਏਥੋਂ ਤੱਕ ਕਿ ਜਦੋਂ ਨਹਿਰੂ ਨੇ ਪਹਿਲੀ ਵਾਰ 1954 ਵਿੱਚ ਪਟੇਲ ਨੂੰ ਕੈਬਨਿਟ ਮੰਤਰੀ ਲੈਣਾ ਚਾਹਿਆ ਸੀ ਤਾਂ ਆਜ਼ਾਦ ਨੇ ਨਹਿਰੂ ਨੂੰ ਆਪਣਾ ਅਸਤੀਫਾ ਦੇ ਦਿੱਤਾ ਸੀ।

ਪੱਤਰਕਾਰਾਂ ਨੂੰ ਪਤਰਕਾਰੀ ਇੰਜ ਜਕੜੀ ਰਖਦੀ ਹੈ ਕਿ ਉਨ੍ਹਾਂ ਕੋਲ ਜੀਵਨ ਦੀਆਂ ਹੋਰ ਘਟਨਾਵਾਂ ਲਿਖਣ ਦੀ ਵਿਹਲ ਹੀ ਨਹੀਂ ਹੁੰਦੀ। ਕੁਲਦੀਪ ਨਈਅਰ ਨੇ ਵੀ ਦੋ ਦਹਾਕੇ ਬਾਅਦ ਜਾ ਕੇ ਕੁਝ ਲਿਖਿਆ ਹੈ। ਇਸ ਵਿਚ ਸਵੈ ਜੀਵਨੀ ਅੰਸ਼ ਤਾਂ ਨਾਂ ਮਾਤਰ ਹੀ ਹੈ। ਜਿੰਨਾ ਕੁ ਹੈ ਉਹ ਵੀ 1940 ਤੋਂ ਪਿੱਛੋਂ ਦਾ ਹੈ ਜਦੋਂ ਉਸ ਦੀ ਉਮਰ 17 ਸਾਲ ਹੋ ਚੁੱਕੀ ਸੀ। ਇਹੋ ਕਾਰਨ ਹੈ ਕਿ ਇਹ ਰਚਨਾ ਮੁਲਕ ਰਾਜ ਅਨੰਦ ਦੀ 'ਸੈਵਨ ਸਮਰਜ਼' ਵਰਗੀ ਨਹੀਂ ਬਣੀ ਤੇ ਨਾਂ ਹੀ ਖੁਸ਼ਵੰਤ ਸਿੰਘ ਦੀ 'ਮੌਜ ਮੇਲਾ' ਵਰਗੀ। ਪਰ ਇਸ ਵਿੱਚ ਦੇਸ਼ ਵੰਡ ਤੋਂ ਮਨਮੋਹਨ ਸਿੰਘ ਸਰਕਾਰ ਤੱਕ ਉਹ ਕੁਝ ਹੈ ਜੋ ਹੋਰ ਕਿਸੇ ਸੋਮੇ ਤੋਂ ਮਿਲਣਾ ਅਸੰਭਵ ਸੀ, ਬੰਗਲਾ ਦੇਸ਼ ਦੇ ਸੰਕਲਪ ਨੂੰ ਅਮਲੀ ਰੂਪ ਮਿਲਣ ਸਮੇਤ। ਭਾਰਤੀ ਬਹੁਗਿਣਤੀ ਅਛੂਤਾਂ ਨੂੰ ਕਿੰਨਾ ਦੁਰਕਾਰਦੀ ਸੀ ਉਸ ਨੇ ਅੱਖੀਂ ਦੇਖਿਆ ਸਿਆਲਕੋਟ ਵਿੱਚ ਹਿੰਦੂ ਮੁਸਲਮਾਨਾਂ ਦੀਆਂ ਸੰਘਣੀਆਂ ਸਾਂਝਾਂ ਵਾਲਾ ਸੰਕਲਪ ਕਿਵੇਂ ਢਹਿ ਢੇਰੀ ਹੋਇਆ, ਉਸ ਦੇ ਮਨ ਵਿਚ ਅੱਜ ਤੱਕ ਵੱਸਿਆ ਹੋਇਆ ਹੈ। ਖਾਸ ਕਰਕੇ ਭਾਰਤ ਪਾਕਿਸਤਾਨ ਵਿੱਚ ਨਵੀਂ ਐਲਾਨੀ ਸੀਮਾ ਦੇ ਦੋਵੇਂ ਪਾਸੇ ਫਿਰਕੂ ਦੰਗੇ ਤੇ ਫਸਾਦ। ਉਸ ਦਾ ਆਪਣਾ ਪਰਿਵਾਰ ਉਸ ਦੇ ਡਾਕਟਰ ਪਿਤਾ ਦੀ ਹਰਮਨਪਿਆਰਤਾ ਸਦਕਾ ਇਹ ਸੀਮਾ ਪਾਰ ਕਰ ਸਕਿਆ ਤੇ ਉਹ ਵੀ ਟੁਟ ਫੁਟ ਕੇ ਤੇ ਆਪਣਾ ਸਭ ਕੁਝ ਗੰਵਾ ਕੇ ਜਦੋਂ ਕਿਸੇ ਮੇਜਰ ਦੀ ਜੀਪ ਵਿੱਚ ਅੰਮ੍ਰਿਤਸਰ ਵਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਕਤਲ ਹੋਏ ਹਿੰਦੂ ਬੱਚੇ-ਬੁੱਢਿਆਂ ਦੀਆਂ ਲਾਸ਼ਾਂ ਦੇ ਏਧਰ-ਓਧਰ ਉਨ੍ਹਾਂ ਦਾ ਸਾਜ਼ ਸਾਮਾਨ ਖਿਲਰਿਆ ਪਿਆ ਸੀ। ਉਸ ਨੂੰ ਉਨ੍ਹਾਂ ਔਰਤਾਂ ਦੇ ਚਿਹਰੇ ਅੱਜ ਤੱਕ ਨਹੀਂ ਭੁੱਲੇ ਜਿਹੜੀਆਂ ਦੰਗਾਕਾਰੀਆਂ ਤੋਂ ਬਚ ਗਈਆਂ ਸਨ ਪਰ ਉਨ੍ਹਾਂ ਤੋਂ ਆਪਣੇ ਜੀਵਤ ਰਹਿ ਗਏ ਇਕੱਲੇ ਬੱਚੇ ਨਹੀਂ ਸਨ ਚੁੱਕੇ ਜਾ ਰਹੇ ਤੇ ਉਹ ਇਨ੍ਹਾਂ ਨੂੰ ਕੁਲਦੀਪ ਦੀ ਝੋਲੀ ਸੁੱਟਣ ਦੀ ਭਾਵਨਾ ਨਾਲ ਕਹਿ ਰਹੀਆਂ ਸਨ ਕਿ ਸੀਮਾ ਪਾਰ ਕਰਨ ਤੋਂ ਪਿੱਛੋਂ ਉਹ ਖ਼ੁਦ ਹੀ ਉਨ੍ਹਾਂ ਨੂੰ ਲਭ ਲੈਣਗੀਆਂ। ਕਿੰਨੀਆਂ ਬੇਬਸ ਸਨ ਉਹ। ਮੇਜਰ ਦੇ ਪਰਿਵਾਰ ਤੇ ਕੁਲਦੀਪ ਨਈਅਰ ਨੇ ਵੀ ਉਦੋਂ ਹੀ ਸੁਖ ਦਾ ਸਾਹ ਲਿਆ ਸੀ ਜਦੋਂ ਇਸ ਸੀਮਾ ਨੂੰ ਲੰਘ ਆਏ ਸਨ। ਸੀਮਾ ਕੀ ਸੀ ਬਸ ਤਾਜ਼ਾ ਕਲੀ ਕਰਕੇ ਮੂਧੇ ਮਾਰੇ ਡਰੱਮ ਤੇ ਇਨ੍ਹਾਂ ਦੇ ਕੋਲ ਲਹਿਰਾਉਂਦਾ ਤਿਰੰਗਾ ਝੰਡਾ। ਅਸੀਂ ਏਧਰ ਨੂੰ ਆ ਰਹੇ ਸਾਂ ਤੇ ਭਾਰਤ ਦੇ ਮੁਸਲਮਾਨ ਓਧਰ ਨੂੰ ਜਾ ਰਹੇ ਸਨ। ਦੋਵੇਂ ਧਿਰਾਂ ਇੱਕ ਦੂਜੇ ਨੂੰ ਦੇਖ ਰਹੀਆਂ ਸਨ। ਇੱਕ ਵੀ ਸ਼ਬਦ ਉਚਰੇ ਬਿਨਾ ਲੰਘ ਰਹੇ ਸਾਂ। ਚੁੱਪ ਚੁੱਪ ਲਾਈਨਾਂ ਦੀਆਂ ਲਾਈਨਾਂ।' ਇਹੋ ਜਿਹਾ ਬਹੁਤ ਕੁਝ ਹੈ ਇਸ ਵਿੱਚ ਤਸਵੀਰਾਂ ਸਮੇਤ। ਪੁਸਤਕ ਪੜ੍ਹਨ ਵਾਲੀ ਹੈ।

**ਅੰਤਿਕਾ:** ਮਿਰਜ਼ਾ ਗਾਲਿਬ

ਹਜ਼ਾਰੋਂ ਖਵਾਹਿਸ਼ੇ ਐਸੀ ਕਿ
ਹਰ ਖਵਾਹਿਸ਼ ਪੇ ਦੱਮ ਨਿਕਲੇ।
ਬਹੁਤ ਨਿਕਲੇ ਮੇਰੇ ਅਰਮਾਨ
ਲੇਕਿਨ ਫਿਰ ਭੀ ਕਮ ਨਿਕਲੇ।
ਨਿਕਲਨਾ ਖੁਲਦ ਸੇ
ਆਦਮ ਕਾ ਸੁਨਤੇ ਆਏ ਹੈਂ,
ਬਹੁਤ ਬੇਆਬਰੂ ਹੋ ਕੇ
ਤੇਰੇ ਕੂਚੇ ਸੇ ਹਮ ਨਿਕਲੇ।

# ਸਿੱਖ ਕੌਮ ਦੇ ਅਹਿਮ ਮੁੱਦਿਆਂ 'ਤੇ ਕਾਮਯਾਬ ਸੈਮੀਨਾਰ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਸਿੱਖ ਕੌਮ ਦੇ ਅਹਿਮ ਤੇ ਭਖਦੇ ਮੁੱਦਿਆਂ ਨੂੰ ਲੈ ਕੇ ਇਥੇ 13 ਜੂਨ ਨੂੰ ਹੋਇਆ ਸੈਮੀਨਾਰ ਇਤਿਹਾਸਕ ਤੇ ਯਾਦਗਾਰੀ ਹੋ ਨਿਬੜਿਆ। ਅਮਰੀਕਾ ਦੀ ਧਰਤੀ ਉਤੇ ਹੋਏ ਇਸ ਵਿਲੱਖਣ ਸੈਮੀਨਾਰ ਵਿਚ ਤਿੰਨ ਸੌ ਤੋਂ ਵੱਧ ਸਰੋਤਿਆਂ ਨੇ ਪੂਰੇ ਛੇ ਘੰਟੇ ਮੁਕੰਮਲ ਖਾਮੋਸ਼ੀ ਦੇ ਮਾਹੌਲ ਵਿਚ ਬੁਲਾਰਿਆਂ ਦੇ ਵਿਚਾਰ ਸੁਣੇ।










ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਵਲੋਂ ਕਰਵਾਏ ਗਏ ਇਸ ਸੈਮੀਨਾਰ ਵਿਚ 'ਇੰਡੀਆ ਕੁਮਿਟਸ ਸੂਇਸਾਈਡ' ਵਰਗੀ ਚਰਚਿਤ ਪੁਸਤਕ ਦੇ ਲੇਖਕ ਅਤੇ ਸਿੱਖ ਮਸਲਿਆਂ ਉਤੇ ਗੰਭੀਰ ਤੇ ਤਰਕ ਭਰਪੂਰ ਵਿਚਾਰ ਪ੍ਰਗਟ ਕਰਨ ਵਾਲੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਖਾਲਿਸਤਾਨ ਦੇ ਉਘੇ ਤੇ ਸੰਜੀਦਾ ਸਮਰਥਕ ਡਾ. ਅਮਰਜੀਤ ਸਿੰਘ ਵਿੱਲੋਂ ਵਾਸ਼ਿੰਗਟਨ ਡੀ.ਸੀ., ਕੈਨੇਡਾ ਦੀ ਫਰੇਜ਼ਰ ਯੂਨੀਵਰਸਿਟੀ ਵਿਚ ਸਿਹਤ ਤੇ ਭਲਾਈ ਵਿਭਾਗ ਦੇ ਡਾਇਰੈਕਟਰ ਮਨਿੰਦਰ ਸਿੰਘ, ਸਿੱਖਾਂ ਦੇ ਮਸਲਿਆਂ ਨੂੰ ਦਲੀਲਾਂ ਨਾਲ ਪੇਸ਼ ਕਰਨ ਵਾਲੇ ਚਿੰਤਕ ਦਵਿੰਦਰ ਸਿੰਘ ਅਤੇ ਉਘੇ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਨੇ ਸਿੱਖ ਮਸਲਿਆਂ ਨੂੰ ਵੱਖ ਵੱਖ ਨਜ਼ਰੀਏ ਤੋਂ ਪੇਸ਼ ਕਰਦਿਆਂ ਸਰੋਤਿਆਂ ਨੂੰ ਪੂਰੀ ਤਰ੍ਹਾਂ ਕੀਲ ਕੇ ਰੱਖਿਆ।

ਸੈਮੀਨਾਰ ਦਾ ਵਿਸ਼ੇਸ਼ ਪਹਿਲੂ ਇਹ ਸੀ ਕਿ ਇਸ ਵਿਚ ਬੀਬੀਆਂ ਵੱਡੀ ਗਿਣਤੀ ਵਿਚ ਸ਼ਾਮਲ ਹੋਈਆਂ। ਕੈਨੇਡਾ ਤੋਂ ਵੀ ਕੋਈ 30 ਵਿਅਕਤੀ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਆਏ ਹੋਏ ਸਨ।





ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਆਪਣੇ ਖੋਜ ਭਰਪੂਰ ਭਾਸ਼ਣ ਵਿਚ ਆਰ ਐਸ ਐਸ ਦੇ ਲੁਕਵੇਂ ਏਜੰਡੇ ਨੂੰ ਜ਼ਾਹਰ ਕਰ ਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਲਗਭਗ ਸਵਾ ਘੰਟਾ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਢਿੱਲੋਂ ਨੇ ਜਿੱਥੇ ਆਰ ਐਸ ਐਸ ਵਲੋਂ ਸਿੱਖਾਂ ਦੀ ਆਜ਼ਾਦ ਹਸਤੀ ਉਤੇ ਕੀਤੇ ਜਾ ਰਹੇ ਹਮਲਿਆਂ ਦਾ ਹਵਾਲਾ ਤੱਥਾਂ ਸਮੇਤ ਦਿਤਾ, ਉਥੇ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਸ. ਬਾਦਲ ਆਰ ਐਸ ਐਸ ਦੇ ਏਜੰਡੇ ਨੂੰ ਪੰਜਾਬ ਵਿਚ ਸਰਗਰਮੀ ਨਾਲ ਲਾਗੂ ਕਰ ਰਹੇ ਹਨ। ਉਨ੍ਹਾਂ ਨੇ ਸੰਗਤਾਂ ਨੂੰ ਆਰ ਐਸ ਐਸ ਦੀਆਂ ਲੁਕਵੀਆਂ ਸਾਜਿਸ਼ਾਂ ਤੇ ਚਾਲਾਂ ਤੋਂ ਸਾਵਧਾਨ ਕੀਤਾ ਅਤੇ ਇਨ੍ਹਾਂ ਚਾਲਾਂ ਦਾ ਵਿਰੋਧ ਕਰਨ ਲਈ ਜਥੇਬੰਦ ਹੋਣ ਦਾ ਸੁਝਾਅ ਦਿੱਤਾ।

ਦਵਿੰਦਰ ਸਿੰਘ ਨੇ ਆਪਣੀ ਦਿਲਚਸਪ ਤਕਰੀਰ ਵਿਚ ਭਾਸ਼ਾ ਦੇ ਆਜ਼ਾਦੀ ਨਾਲ ਸਬੰਧ ਬਾਰੇ ਵਿਚਾਰ ਪੇਸ਼ ਕਰਦਿਆਂ ਸੰਗਤਾਂ ਨੂੰ ਅਹਿਸਾਸ ਕਰਵਾਇਆ ਕਿ ਪੰਜਾਬੀ ਭਾਸ਼ਾ ਤੋਂ ਵਿਛੜ ਕੇ ਉਹ ਸਭਿਆਚਾਰ ਦੇ ਮੇਲੇ ਵਿਚ ਪੂਰੀ ਤਰ੍ਹਾਂ ਰੁਲ ਜਾਣਗੇ। ਕਿਸੇ ਸੈਮੀਨਾਰ ਵਿਚ ਇਹ ਪਹਿਲੀ ਵਾਰ ਸੀ, ਜਦੋਂ ਭਾਸ਼ਾ ਤੇ ਆਜ਼ਾਦੀ ਦੇ ਆਪਸੀ ਰਿਸ਼ਤੇ ਅਤੇ ਸਾਂਝ ਦੀ ਗੰਭੀਰ ਜਾਣਕਾਰੀ ਦਾ ਸਰੋਤਿਆਂ ਨੂੰ ਪਤਾ ਲੱਗਾ। ਨੌਜਵਾਨ ਬੱਚਿਆਂ ਨੇ ਇਸ ਭਾਸ਼ਣ ਦਾ ਵਿਸ਼ੇਸ਼ ਸਵਾਗਤ ਕੀਤਾ, ਕਿਉਂਕਿ ਅਮਰੀਕਾ ਦੀ ਧਰਤੀ ਉਤੇ ਇਨ੍ਹਾਂ ਬੱਚਿਆਂ ਨੂੰ ਪਹਿਲੀ ਵਾਰ ਇਹ ਅਹਿਸਾਸ ਹੋਇਆ ਕਿ ਪੰਜਾਬੀ ਬੋਲੀ ਨਾਲ ਹੀ ਉਨ੍ਹਾਂ ਦਾ ਤਨ, ਮਨ ਤੇ ਰੂਹ ਰੌਸ਼ਨ ਹੋ ਸਕਦੇ ਹਨ।





ਸੈਮੀਨਾਰ ਵਿਚ ਇਕ ਹੋਰ ਨੌਜਵਾਨ ਮਨਿੰਦਰ ਸਿੰਘ ਸੰਗਤਾਂ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਗਿਆ ਜਦੋਂ ਉਸ ਨੇ ਸਲਾਈਡ ਸ਼ੋਅ ਰਾਹੀਂ ਸਿੱਖ ਇਤਿਹਾਸ ਅਤੇ ਵਿਸ਼ੇਸ਼ ਕਰਕੇ ਜੁਝਾਰੂ ਲਹਿਰ ਨੂੰ ਇਕ ਨਵੇਂ ਨਜ਼ਰੀਏ ਤੋਂ ਕੁਝ ਇਸ ਅੰਦਾਜ਼ ਵਿਚ ਪੇਸ਼ ਕੀਤਾ ਕਿ ਸਰੋਤੇ ਹੈਰਾਨੀ ਤੇ ਖੁਸ਼ੀ ਵਿਚ ਝੂਮ ਉਠੇ। ਮਨਿੰਦਰ ਸਿੰਘ ਨੇ ਯੂ ਐਨ ਓ ਦੇ ਵਿਸ਼ੇਸ਼ ਹਵਾਲੇ ਨਾਲ ਅਤੇ ਹੋਰ ਠੋਸ ਤੱਥ ਪੇਸ਼ ਕਰਕੇ ਇਹ ਅਹਿਸਾਸ ਕਰਵਾਇਆ ਕਿ 'ਹਿੰਸਾ' ਦਾ ਮਾਰਗ ਕਿਵੇਂ ਤੇ ਕਦੋਂ ਆਪਣੇ ਆਪ ਵਿਚ ਜਾਇਜ਼, ਢੁਕਵਾਂ, ਪਵਿੱਤਰ, ਕਾਨੂੰਨੀ ਤੇ ਸਹੀ ਰਸਤਾ ਬਣ ਜਾਂਦਾ ਹੈ। 'ਹਿੰਸਾ' ਦੇ ਸੰਕਲਪ ਨੂੰ ਇਕ ਨਵੇਂ ਤੇ ਦਿਲਚਸਪ ਰੂਪ ਵਿਚ ਪੇਸ਼ ਕਰਕੇ ਮਨਿੰਦਰ ਸਿੰਘ ਨੇ ਇਹ ਸਿੱਧ ਕੀਤਾ ਕਿ ਜੁਝਾਰੂ ਲਹਿਰ ਵਿਚ ਇਸ ਰਾਹ ਦਾ ਇਸਤੇਮਾਲ ਕੋਈ ਗਲਤ ਜਾਂ ਮਾੜੀ ਗੱਲ ਨਹੀਂ ਸੀ।



ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ. ਦੀ ਤਕਰੀਰ ਵਿਚ ਇਤਿਹਾਸ, ਗੁਰਬਾਣੀ, ਸਭਿਆਚਾਰ, ਚਲੰਤ ਸਿੱਖ ਮਸਲਿਆਂ ਅਤੇ ਕੌਮਾਂਤਰੀ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਦੇ ਮਿਲਾਪ ਨੇ ਇਹ ਅਹਿਸਾਸ ਕਰਵਾਇਆ ਕਿ ਅੱਜ ਖਾਲਿਸਤਾਨ ਸਿੱਖਾਂ ਦੀ ਨਿਵੇਕਲੀ ਹਸਤੀ ਨੂੰ ਕਾਇਮ ਰੱਖਣ ਲਈ ਕਿੰਨਾ ਜ਼ਰੂਰੀ ਹੈ। ਇਸ ਸਬੰਧ ਵਿਚ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੇ ਰਾਜ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਧਰਮ ਦੀ ਹੋਂਦ ਲਈ ਰਾਜ ਕਿੰਨਾ ਜ਼ਰੂਰੀ ਹੈ। ਜਜ਼ਬਿਆਂ ਤੇ ਦਲੀਲਾਂ ਨਾਲ ਭਰਪੂਰ ਡਾ. ਅਮਰਜੀਤ ਸਿੰਘ ਦੀ ਤਕਰੀਰ ਦਾ ਸਵਾਗਤ ਕਈ ਵਾਰ ਜੈਕਾਰਿਆਂ ਦੀ ਗੂੰਜ ਵਿਚ ਕੀਤਾ ਗਿਆ।

ਚੰਡੀਗੜ੍ਹ ਤੋਂ ਆਏ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਨੇ ਜੂਨ 1984 ਦੇ ਦਰਬਾਰ ਸਾਹਿਬ ਦੇ ਸਾਕੇ ਪਿਛੋਂ ਸਿੱਖ ਕੌਮ ਦੇ ਦਰਦ ਦੀਆਂ ਕਈ ਪਰਤਾਂ ਨੂੰ ਫਰੋਲਿਆ, ਵਿਸ਼ੇਸ਼ ਕਰਕੇ ਲੀਡਰਸ਼ਿਪ ਦੇ ਰੋਲ ਅਤੇ ਇਸ ਦੀ ਮਹੱਤਤਾ ਬਾਰੇ ਗੰਭੀਰ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਆਖਿਆ ਕਿ ਸਾਂਝੀ ਲੀਡਰਸ਼ਿਪ ਸਿੱਖੀ ਦੀ ਰੂਹ ਦੇ ਕਰੀਬ ਹੈ ਪਰ ਕਈ ਵਾਰ ਨਾਇਕ ਵੀ ਇਤਿਹਾਸ ਵਿਚ ਵੱਡੇ ਰੋਲ ਅਦਾ ਕਰਦੇ ਵੇਖੇ ਗਏ ਹਨ। ਆਪਣੇ ਪੇਪਰ ਵਿਚ ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਇਤਿਹਾਸਕ ਰੋਲ ਬਾਰੇ ਵਿਸ਼ੇਸ਼ ਜਾਣਕਾਰੀ ਵੀ ਦਿੱਤੀ।

ਸੈਮੀਨਾਰ ਦੌਰਾਨ ਮੰਚ ਸੰਚਾਲਨ ਅਮਰਦੀਪ ਸਿੰਘ ਅਮਰ ਨੇ ਬਾਖੂਬੀ ਕੀਤਾ। ਉਨ੍ਹਾਂ ਹਰ ਬੁਲਾਰੇ ਨੂੰ ਸਟੇਜ ਉਤੇ ਪੇਸ਼ ਕਰਨ ਤੋਂ ਪਹਿਲਾਂ ਉਸ ਬਾਰੇ ਜਿਸ ਅੰਦਾਜ਼ ਤੇ ਜਿਸ ਮੁਹਾਵਰੇ ਵਿਚ ਜਾਣਕਾਰੀ ਦਿੱਤੀ, ਉਸ ਤੋਂ ਸਰੋਤੇ ਬੇਹੱਦ ਪ੍ਰਭਾਵਿਤ ਹੋਏ। ਜਸਦੀਪ ਸਿੰਘ ਜੱਸੀ, ਬਲਵਿੰਦਰ ਸਿੰਘ ਤੇ ਅਮਰਦੀਪ ਸਿੰਘ ਅਮਰ ਦੀ ਸਰਪ੍ਰਸਤੀ ਹੇਠ ਹੋਇਆ ਇਹ ਸੈਮੀਨਾਰ ਆਪਣਾ ਸੁਨੇਹਾ ਦੇਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ।

ਇਸੇ ਦੌਰਾਨ ਸੰਗਤਾਂ ਨੇ ਸੁਝਾਅ ਦਿੱਤੇ ਕਿ ਇਹੋ ਜਿਹੇ ਸੈਮੀਨਾਰਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਨੌਜਵਾਨ ਬੱਚਿਆਂ ਨੂੰ ਆਪਣੇ ਵਿਰਸੇ ਬਾਰੇ ਜਾਣਕਾਰੀ ਹੀ ਹਾਸਲ ਨਹੀਂ ਹੁੰਦੀ ਸਗੋਂ ਉਨ੍ਹਾਂ ਦੀ ਸ਼ਖਸੀਅਤ ਵਿਚ ਹਾਂ ਪੱਖੀ ਬੁਨਿਆਦੀ ਤਬਦੀਲੀ ਵੀ ਹੁੰਦੀ ਹੈ।

ਬੁਲਾਰਿਆਂ ਨੇ ਇਸ ਤੋਂ ਇਲਾਵਾ 14 ਜੂਨ ਨੂੰ ਵਖ ਵਖ ਸਥਾਨਕ ਗੁਰੂ ਘਰਾਂ ਵਿਚ ਦਰਬਾਰ ਸਾਹਿਬ ਦੇ ਸਾਕੇ ਬਾਰੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਗੁਰਦੁਆਰਾ ਸਿੱਖ ਸਤਿਸੰਗ ਵਿਚ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਮਹਾਨ ਸ਼ਖਸੀਅਤ ਅਤੇ ਸਿੱਖ ਇਤਿਹਾਸ ਵਿਚ ਉਨ੍ਹਾਂ ਵਲੋਂ ਨਿਭਾਏ ਗਏ ਵਿਸ਼ੇਸ਼ ਰੋਲ ਬਾਰੇ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਅਤੇ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤ ਹਾਜ਼ਰ ਸੀ ਅਤੇ ਲੁਬਾਣਾ ਬਰਾਦਰੀ ਨੂੰ ਸਿੱਖੀ ਅਤੇ ਸਿੱਖ ਸਿਧਾਂਤਾਂ ਨਾਲ ਜੋੜਨ ਵਿਚ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੇ ਰੋਲ, ਤਿਆਗ ਅਤੇ ਕੁਰਬਾਨੀ ਨੂੰ ਸ਼ਰਧਾ ਤੇ ਪਿਆਰ ਨਾਲ ਯਾਦ ਕੀਤਾ ਗਿਆ।



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਚੰਦ ਲੋਕ ਹੀ ਬਣਦੇ ਨੇ ਨੇਕ ਚੰਦ



## ਰੌਕ ਗਾਰਡਨ ਨਾਲ ਬਣਾਈ ਸਦੀਵੀ ਪਛਾਣ

**ਚੰਡੀਗੜ੍ਹ:** ਕਬਾੜ ਨਾਲ ਰੌਕ ਗਾਰਡਨ ਨੂੰ ਸਿਰਜ ਕੇ ਚੰਡੀਗੜ੍ਹ ਨੂੰ ਦੁਨੀਆਂ ਦੇ ਨਕਸ਼ੇ ਉਪਰ ਉਭਾਰਨ ਵਾਲੇ ਨੇਕ ਚੰਦ ਸੈਣੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਨੇ 11-12 ਜੂਨ ਦੀ ਦਰਮਿਆਨੀ ਰਾਤ ਨੂੰ ਚੰਡੀਗੜ੍ਹ ਦੇ ਪੀ.ਜੀ.ਆਈ. ਵਿਚ ਆਖ਼ਰੀ ਸਾਹ ਲਿਆ। ਨੇਕ ਚੰਦ ਨੂੰ ਨਵੰਬਰ 2014 ਵਿਚ ਕੈਂਸਰ ਹੋਣ ਬਾਰੇ ਪਤਾ ਲੱਗ ਗਿਆ ਸੀ ਪਰ ਉਨ੍ਹਾਂ ਨੇ ਬੱਚਿਆਂ ਤੋਂ ਇਹ ਭੇਤ ਲੁਕਾਈ ਰੱਖਿਆ। ਨੇਕ ਚੰਦ ਦਾ ਜਨਮ 15 ਦਸੰਬਰ, 1924 ਨੂੰ ਪਿੰਡ ਬਾਰੀਆਂ ਕਲਾਂ, ਸ਼ੰਕਰਗੜ੍ਹ (ਜੋ ਹੁਣ ਪਾਕਿਸਤਾਨ ਵਿਚ ਹੈ) ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਆਮ ਬੱਚਿਆਂ ਵਾਂਗ ਹੀ ਬੀਤਿਆ ਪਰ ਉਸ ਨੂੰ ਟੁੱਟੀਆਂ-ਫੁੱਟੀਆਂ ਚੀਜ਼ਾਂ ਘਰ ਲਿਆਉਣ ਤੇ ਮਿੱਟੀ ਦੇ ਖਿਡੌਣੇ ਬਣਾਉਣ ਦੀ ਆਦਤ ਉਸ ਵੇਲੇ ਵੀ ਸੀ। ਉਨ੍ਹਾਂ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਗ਼ੁਲਾਮ ਮੈਗੜੀ ਹਾਈ



ਸਕੂਲ ਤੋਂ ਦਸਵੀਂ ਜਮਾਤ ਪਾਸ ਕੀਤੀ। 1947 ਨੂੰ ਦੇਸ਼ ਵੰਡ ਸਮੇਂ ਹੋਏ ਦੰਗਿਆਂ ਦਾ ਸੇਕ ਨੇਕ ਚੰਦ ਦੇ ਪਰਿਵਾਰ ਨੂੰ ਵੀ ਝੱਲਣਾ ਪਿਆ ਤੇ ਉਹ ਆਪਣੀ ਮਾਤ-ਭੂਮੀ ਛੱਡ ਕੇ ਗੁਰਦਾਸਪੁਰ ਨੇੜੇ ਪਿੰਡ ਪੀਰੋ-ਚੇਚੀ ਆ ਵਸੇ। ਇਥੇ ਉਨ੍ਹਾਂ ਨੂੰ ਪੰਜਾਬ ਦੇ ਲੋਕ ਨਿਰਮਾਣ ਵਿਭਾਗ ਵਿਚ ਨੌਕਰੀ ਮਿਲ ਗਈ। ਜਦੋਂ ਚੰਡੀਗੜ੍ਹ ਵਿਚ ਪੰਜਾਬ ਦੀ ਨਵੀਂ ਰਾਜਧਾਨੀ ਉਸਾਰਨ ਦਾ ਫ਼ੈਸਲਾ ਹੋਇਆ ਤਾਂ 1952 ਵਿਚ ਉਨ੍ਹਾਂ ਦੀ ਬਦਲੀ ਬਤੌਰ ਰੋਡ ਇੰਸਪੈਟਰ ਚੰਡੀਗੜ੍ਹ ਕੈਪੀਟਲ ਪ੍ਰੋਜੈਕਟ ਵਿਚ ਹੋ ਗਈ। ਇਥੇ ਬਦਲੀ ਨੇ ਹੀ ਉਨ੍ਹਾਂ ਦੇ ਅੰਦਰ ਛੁਪੀ ਕਲਾ ਨੂੰ ਵਿਕਸਿਤ ਹੋਣ ਦਾ ਮੌਕਾ ਦੇ ਦਿੱਤਾ।

ਚੰਡੀਗੜ੍ਹ ਦੇ ਰਾਹਾਂ ਤੇ ਸੜਕਾਂ ਦਾ ਸਰਵੇ ਕਰਦਿਆਂ ਉਨ੍ਹਾਂ ਮੌਜੂਦਾ ਰੌਕ ਗਾਰਡਨ ਵਾਲੀ ਜੰਗਲੀ ਤੇ ਸੁੰਨਸਾਨ ਥਾਂ ਉਤੇ ਆਲੇ-ਦੁਆਲੇ ਲੁੱਕ ਦੇ ਢੋਲ ਲਗਾ ਕੇ ਵਿਭਾਗ ਦਾ ਸਟੋਰ ਬਣਾ ਲਿਆ। ਇਥੇ ਵਿਚਰਦਿਆਂ ਹੀ ਨੇਕ ਚੰਦ ਦੇ ਅੰਦਰ ਛੁਪੇ ਕਲਾਕਾਰ ਮਨ ਨੇ ਰੌਕ ਗਾਰਡਨ ਦੀ ਸਿਰਜਣਾ ਦੀ ਸ਼ੁਰੂਆਤ ਕੀਤੀ। ਉਹ ਤੁਰਦੇ-ਫਿਰਦੇ, ਆਉਂਦੇ-ਜਾਂਦੇ, ਪਹਾੜਾਂ ਤੇ ਚੋਆਂ ਵਿਚੋਂ ਵਿਲੱਖਣ ਪੱਥਰ ਇਕੱਠੇ ਕਰਕੇ ਇਥੇ ਲਿਆ ਢੇਰ ਲਗਾਉਂਦੇ ਗਏ ਤੇ ਹੌਲੀ ਹੌਲੀ ਇਨ੍ਹਾਂ ਤੋਂ ਕੁਝ ਨਾ ਕੁਝ ਬਣਾਉਂਦੇ ਗਏ। ਮਨਸਾ ਦੇਵੀ ਦੇ ਮੇਲੇ ਵਾਲੇ ਸਥਾਨ ਉਤੇ ਪਈਆਂ ਟੁੱਟੀਆਂ ਚੂੜੀਆਂ, ਉਜੜੇ ਘਰਾਂ ਦਾ ਸਾਜ਼ੋ ਸਾਮਾਨ ਤੇ ਨਵੀਆਂ ਉੱਸਰ ਰਹੀਆਂ ਕੋਠੀਆਂ ਦਾ ਫ਼ਾਲਤੂ ਸਾਮਾਨ ਉਨ੍ਹਾਂ ਦੀਆਂ ਕਲਾ ਕ੍ਰਿਤਾਂ ਦਾ ਕੱਚਾ ਮਾਲ ਬਣੇ। ਉਸ ਵੇਲੇ ਚੰਡੀਗੜ੍ਹ ਦਾ ਡਿਜ਼ਾਇਨ ਫਰਾਂਸ ਦੇ ਭਵਨ ਨਿਰਮਾਤਾ ਲੀ ਕਾਰਬੂਜੇ ਤਿਆਰ ਕਰ ਰਹੇ ਸਨ। ਨੇਕ ਚੰਦ ਨੇ ਪ੍ਰਸਿੱਧ ਸੁਖਨਾ ਝੀਲ ਨੇੜੇ ਇਕ ਛੋਟੇ ਜਿਹੇ ਹਿੱਸੇ ਨੂੰ ਸਾਫ਼ ਕਰਕੇ ਇਕ ਛੋਟਾ ਜਿਹਾ ਬਗ਼ੀਚਾ ਬਣਾ ਕੇ ਲੋਕਾਂ ਨੂੰ ਅਨੋਖੀ ਦੁਨੀਆਂ ਦੇ ਰੂ-ਬ-ਰੂ ਕਰਵਾਇਆ ਸੀ। ਸਰਕਾਰੀ ਸੜਕ ਨਿਰੀਖਕ ਦੇ ਤੌਰ ਉਤੇ ਕੰਮ ਕਰਦੇ ਸਮੇਂ ਨੇਕ ਚੰਦ ਨੇ ਆਪਣੇ ਖਾਲੀ ਸਮੇਂ ਦੌਰਾਨ ਸ਼ਹਿਰ ਦੇ ਆਸ-ਪਾਸ ਦੇ ਇਲਾਕਿਆਂ ਵਿਚੋਂ ਬੇਕਾਰ ਤੇ ਲੋਕਾਂ ਵੱਲੋਂ ਸੁੱਟਿਆ ਸਾਮਾਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।

ਨੇਕ ਚੰਦ ਨੇ ਆਪਣੀ ਸੋਚ ਨੂੰ ਨਵਾਂ ਰੂਪ ਦੇਣ ਲਈ ਇਨ੍ਹਾਂ ਸਮੱਗਰੀਆਂ ਨੂੰ ਆਪਣੇ ਵੱਲੋਂ ਬਣਾਈ ਪ੍ਰਯੋਗਸ਼ਾਲਾ ਵਿਚ ਚੁੱਪ-ਚੁਪੀਤੇ ਰੀਸਾਈਕਲ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਲਈ ਤਕਰੀਬਨ ਦੋ ਦਹਾਕਿਆਂ ਤੱਕ ਰਾਤ ਦੇ ਹਨੇਰੇ ਵਿਚ ਸਾਈਕਲ ਉਤੇ ਬੇਕਾਰ ਸਾਮਾਨ ਦੀ ਭਾਲ ਵਿਚ ਜੰਗਲ ਤੇ ਹੋਰ ਥਾਈਂ ਜਾਂਦੇ ਰਹੇ। ਨੇਕ ਚੰਦ ਦੇ ਇਸ ਵਿਲੱਖਣ ਪ੍ਰੋਜੈਕਟ ਉੱਤੇ ਇਕ ਵਾਰ ਪ੍ਰਸ਼ਾਸਕੀ ਕੁਹਾੜਾ ਵੱਜਣ ਦਾ ਖ਼ਤਰਾ ਵੀ ਪੈਦਾ ਹੋ ਗਿਆ ਸੀ ਪਰ ਭਾਰੀ ਜਨਤਕ ਹਮਾਇਤ ਕਾਰਨ ਸਮੇਂ ਦੇ ਹਾਕਮ ਅਜਿਹਾ ਨਾ ਕਰ ਸਕੇ। ਕਲਾ ਦੇ ਪਾਰਖੂ ਅਧਿਕਾਰੀਆਂ ਨੇ ਨਾ ਸਿਰਫ ਨੇਕ ਚੰਦ ਦੀ ਇਸ ਵਿਲੱਖਣ ਕਲਾ ਦੀ ਪ੍ਰਸੰਸਾ ਹੀ ਕੀਤੀ ਬਲਕਿ ਉਸ ਨੂੰ ਲੋੜ ਅਨੁਸਾਰ ਮਦਦ ਲਈ ਸਹਾਇਕ ਅਮਲਾ ਫੈਲਾ ਵੀ ਦਿੱਤਾ ਜਿਸ ਸਦਕਾ 40 ਏਕੜ ਵਿਚ ਫੈਲਿਆ ਮੌਜੂਦਾ ਰੌਕ ਗਾਰਡਨ ਵਿਸ਼ਵ ਪ੍ਰਸਿੱਧੀ ਵਾਲਾ ਸਥਾਨ ਬਣ ਸਕਿਆ।

### ਨੇਕ ਸ਼ਖ਼ਸੀਅਤ ਦੀਆਂ ਪ੍ਰਾਪਤੀਆਂ

- ਚੰਡੀਗੜ੍ਹ ਵਿਚ ਰੋਡ ਇੰਸਪੈਕਟਰ ਵਜੋਂ 1951 ਤੋਂ ਸੇਵਾ ਸ਼ੁਰੂ ਕੀਤੀ
- 1958 ਦੇ ਨੇੜੇ ਤੇੜੇ ਰੌਕ ਗਾਰਡਨ ਦਾ ਕੰਮ ਅਰੰਭਿਆ
- ਉਨ੍ਹਾਂ ਦੇ ਕੰਮ ਕਈ ਦੇਸ਼ਾਂ ਦੇ ਅਜਾਇਬ ਘਰਾਂ ਦਾ ਸ਼ਿੰਗਾਰ ਬਣੇ
- ਰੌਕ ਗਾਰਡਨ ਦੇ ਇਤਿਹਾਸ ਬਾਰੇ ਫਰਾਂਸ ਵਿਚ ਇਕ ਫਿਲਮ ਵੀ ਬਣੀ
- 1974 ਵਿਚ ਨਿਯਮਾਂ ਦੀ ਉਲੰਘਣਾ ਕਰਨ ਬਦਲੇ ਉਨ੍ਹਾਂ ਨੂੰ ਚਾਰਜਸ਼ੀਟ ਵੀ ਕੀਤਾ ਗਿਆ
- 1976 ਨੂੰ ਉਦਘਾਟਨ ਹੋਇਆ ਤਾਂ ਕਬਾੜ ਨਾਲ ਸਿਰਜੀਆਂ ਕ੍ਰਿਤੀਆਂ ਦੇਖ ਕੇ ਦੁਨੀਆਂ ਦੰਗ ਰਹਿ ਗਈ
- ਕੌਮਾਂਤਰੀ ਮਹੱਤਵ ਪ੍ਰਾਪਤ ਪ੍ਰੋਜੈਕਟ ਲਈ 1980 ਵਿਚ ਪੈਰਿਸ ਵਿਚ ਸਨਮਾਨ
- ਭਾਰਤ ਸਰਕਾਰ ਨੇ 1983 ਵਿਚ ਉਨ੍ਹਾਂ ਬਾਰੇ ਡਾਕ ਟਿਕਟ ਜਾਰੀ ਕੀਤੀ
- 1984 ਵਿਚ ਭਾਰਤ ਸਰਕਾਰ ਨੇ ਨੇਕ ਚੰਦ ਨੂੰ ਪਦਮਸ੍ਰੀ ਨਾਲ ਨਿਵਾਜਿਆ
- ਵਾਸ਼ਿੰਗਟਨ ਵਿਚ ਫੈਂਟੇਸੀ ਸਕਲਪਚਰ ਗਾਰਡਨ ਕੈਪੀਟਲ ਚਿਲਡਰਨ ਮਿਊਜ਼ੀਅਮ ਤਿਆਰ ਕੀਤਾ
- ਨਿਊਯਾਰਕ ਵਿਚ ਅਮਰੀਕਨ ਫੋਕ ਆਰਟ ਮਿਊਜ਼ੀਅਮ ਵਿਚ ਕੰਮ ਕੀਤਾ

### ਪ੍ਰਸ਼ਾਸਨ ਨੂੰ 18 ਵਰ੍ਹੇ ਹਨੇਰੇ ਵਿਚ ਰੱਖ ਉਸਾਰਦੇ ਰਹੇ 'ਸੁਫ਼ਨਿਆਂ ਦਾ ਮਹੱਲ'

ਆਮ ਤੇ ਖ਼ਾਸ ਲੋਕਾਂ ਤੋਂ ਇਲਾਵਾ ਪ੍ਰਸ਼ਾਸਨ ਨੂੰ ਵੀ ਤਕਰੀਬਨ 18 ਵਰ੍ਹੇ ਹਨੇਰੇ ਵਿਚ ਰੱਖਦਿਆਂ ਨੇਕ ਚੰਦ ਇਸ ਸੁੰਨਸਾਨ, ਵੀਰਾਨ ਤੇ ਜੰਗਲਾਤ ਵਾਲੀ ਥਾਂ ਉਤੇ ਆਪਣੇ 'ਸੁਫ਼ਨਿਆਂ ਦਾ ਮਹੱਲ' ਉਸਾਰਦੇ ਰਹੇ। ਜਦੋਂ ਇਸ ਖੇਤਰ ਦੇ ਜੰਗਲਾਂ ਦੀ ਸਫਾਈ ਕੀਤੀ ਤਾਂ ਨੇਕ ਚੰਦ ਦੀਆਂ ਕਲਾਕਿਰਤਾਂ ਦੀ ਲੋਕਾਂ ਨੂੰ ਝਲਕ ਮਿਲੀ। ਨੇਕ ਚੰਦ ਦੇ ਸਿਰਜੇ ਅਦਭੁੱਤ ਸੰਸਾਰ ਦਾ ਇਲਮ ਪਹਿਲੀ ਵਾਰ 1973 ਵਿਚ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹੋਇਆ। ਉਹ ਇਹ



ਸਭ ਕੁਝ ਦੇਖ ਕੇ ਦੰਗ ਰਹਿ ਗਏ ਤੇ ਇਸ ਬਾਰੇ ਉਸ ਵੇਲੇ ਦੇ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਜਾ ਦੱਸਿਆ। ਪ੍ਰਸ਼ਾਸਨ ਨੇ ਇਸ ਦਾ ਮਲੀਆ ਮੇਟ ਕਰਨ ਦਾ ਯਤਨ ਕੀਤਾ ਪਰ ਸ. ਰੰਧਾਵਾ ਦੀ ਪਾਰਖੂ ਅੱਖ ਨੇ ਨੇਕ ਚੰਦ ਦੀਆਂ ਕਲਾਕਿਰਤਾਂ ਦਾ ਮੁੱਲ ਪਛਾਣ ਕੇ ਇਸ ਨੂੰ 'ਰੌਕ ਗਾਰਡਨ' ਦਾ ਸਰੂਪ ਦਿੱਤਾ। ਜਦੋਂ ਸਾਲ 1985 ਵਿਚ ਨੇਕ ਚੰਦ ਰੋਡ ਇੰਸਪੈਕਟਰ ਦੇ ਅਹੁਦੇ ਤੋਂ ਮੁਕਤ ਹੋਏ ਤਾਂ ਉਨ੍ਹਾਂ ਨੂੰ ਰੌਕ ਗਾਰਡਨ ਦਾ ਕੰਸਲਟੈਂਟ ਨਿਯੁਕਤ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੂੰ ਡਾਇਰੈਕਟਰ-ਕਮ-ਕ੍ਰੀਏਟਰ ਰੌਕ ਗਾਰਡਨ ਦਾ ਅਹੁਦਾ ਬਖਸ਼ਿਆ। ਨੇਕ ਚੰਦ ਭਾਵੇਂ ਅੱਜ ਇਸ ਦੁਨੀਆਂ ਵਿਚ ਨਹੀਂ ਹਨ ਪਰ ਉਨ੍ਹਾਂ ਦੀ ਰੂਹ ਹਮੇਸ਼ਾ ਇਨ੍ਹਾਂ ਕਲਾਕਿਰਤਾਂ ਦੇ ਅੰਗ ਸੰਗ ਹੀ ਰਹੇਗੀ।

# ਰੋਡ ਇੰਸਪੈਕਟਰ ਨੇ ਇਸ ਤਰ੍ਹਾਂ ਚੁਣਿਆ ਪਥਰੀਲਾ ਰਾਹ...



ਨੇਕ ਚੰਦ ਨੇ ਤਿੰਨ ਸਾਲ ਪਹਿਲਾਂ ਆਪਣੀ ਮਿਲਣੀ ਦੌਰਾਨ ਸਹਿ ਸੁਭਾਅ ਹੀ ਕਿਹਾ ਸੀ ਕਿ ਉਸ ਨੇ ਤਾਂ ਸ਼ੁਗਲ-ਸ਼ੁਗਲ ਵਿਚ ਹੀ ਰੌਕ ਗਾਰਡਨ ਸਿਰਜ ਦਿੱਤਾ ਸੀ। ਜਦੋਂ ਚੰਡੀਗੜ੍ਹ ਵਿਚ ਪੰਜਾਬ ਦੀ ਨਵੀਂ ਰਾਜਧਾਨੀ ਉਸਾਰਨ ਦਾ ਫ਼ੈਸਲਾ ਹੋਇਆ ਤਾਂ 1952 ਵਿਚ ਉਨ੍ਹਾਂ ਦੀ ਬਦਲੀ ਬਤੌਰ ਰੋਡ ਇੰਸਪੈਟਰ ਚੰਡੀਗੜ੍ਹ ਕੈਪੀਟਲ ਪ੍ਰੋਜੈਕਟ ਵਿਚ ਹੋ ਗਈ। ਇਥੇ ਬਦਲੀ ਨੇ ਹੀ ਉਨ੍ਹਾਂ ਦੇ ਅੰਦਰ ਛੁਪੀ ਕਲਾ ਨੂੰ ਵਿਕਸਿਤ ਹੋਣ ਦਾ ਮੌਕਾ ਦੇ ਦਿੱਤਾ। ਚੰਡੀਗੜ੍ਹ ਦੁਨੀਆਂ ਦਾ ਹਸੀਨ ਤੇ ਆਧੁਨਿਕ ਸ਼ਹਿਰ ਬਣਨ ਲੱਗਿਆ ਤਾਂ ਨੇਕ ਚੰਦ ਨੂੰ ਟੁੱਟ ਭੱਜ ਦੇ ਟੁਕੜਿਆਂ ਨਾਲ ਪੁਤਲੇ ਬਣਾਉਣ ਦਾ ਫੁਰਨਾ ਫੁਰਿਆ। ਉੱਚੀਆਂ ਨੀਵੀਆਂ ਥਾਵਾਂ ਨੂੰ ਕਲਾਤਮਕ ਛੋਹਾਂ ਦਿੱਤੀਆਂ ਜਾਣ ਲੱਗੀਆਂ। ਨੇਕ ਚੰਦ ਸਾਈਕਲ ਰਾਹੀਂ ਸ਼ਿਵਾਲਿਕ ਦੇ ਪਹਾੜਾਂ, ਸੁਖਨਾ ਚੋਅ, ਪਟਿਆਲਾ ਕੀ ਰਾਓ ਤੇ ਘੱਗਰ ਦਰਿਆ ਵੱਲ ਘੁੰਮਦਾ-ਫਿਰਦਾ ਪੱਥਰਾਂ ਨੂੰ ਟਟੋਲਦਾ ਤੇ ਜਿਹੜਾ ਪੱਥਰ ਉਸ ਨੂੰ ਟੁੰਬਦਾ, ਉਹ ਪਹਾੜ ਤੋਂ ਉਸ ਨੂੰ ਹੇਠਾਂ ਸਾਈਕਲ ਵੱਲ ਰੋੜ੍ਹ ਦਿੰਦਾ। ਫਿਰ ਪਹਾੜਾਂ ਤੋਂ ਥੱਲੇ ਆ ਕੇ ਸਾਈਕਲ ਦੀ ਸਮਰੱਥਾ ਅਨੁਸਾਰ ਪੱਥਰਾਂ ਨੂੰ ਮੁੜ ਛਾਂਟਦਾ ਤੇ ਪੀ.ਡਬਲਿਊ.ਡੀ. ਦੇ ਸਟੋਰ ਵਿਖੇ ਲਿਜਾ ਕੇ ਢੇਰੀ ਕਰ ਦਿੰਦਾ।

ਇਸ ਤੋਂ ਇਲਾਵਾ ਮਨਸਾ ਦੇਵੀ ਦੇ ਮੇਲੇ ਪਿੱਛੋਂ ਉਥੋਂ ਟੁੱਟੀਆਂ ਚੂੜੀਆਂ ਤੇ ਹੋਰ ਟੁੱਟ-ਭੱਜ ਝੋਲੇ ਭਰ ਕੇ ਲੈ ਆਉਂਦਾ ਸੀ। ਫਿਰ ਨੇਕ ਚੰਦ ਦੇ ਮੌਜੀ ਮਨ ਨੇ ਸਟੋਰ ਦੇ ਇਰਦ-ਗਿਰਦ ਪਿੱਪਲ-ਬੋਹੜ ਆਦਿ ਦੇ ਦਰੱਖਤ ਲਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਵੱਡੀਆਂ ਕੋਠੀਆਂ ਦੇ ਬਾਹਰ ਅਕਸਰ ਗਮਲੇ ਸੁੱਟੇ ਮਿਲਦੇ ਅਤੇ ਉਹ ਗਮਲਿਆਂ ਵਿਚਲੇ ਬੂਟੇ ਕੱਢ ਕੇ ਉਨ੍ਹਾਂ ਨੂੰ ਪਾਲਦੇ।

ਦੱਸਣਯੋਗ ਹੈ ਕਿ 24 ਜਨਵਰੀ 1973 ਨੂੰ ਜਦੋਂ ਦਰੱਖਤਾਂ ਨਾਲ ਭਰਪੂਰ ਮੁੱਢਲੇ ਰੌਕ ਗਾਰਡਨ ਦਾ ਉਦਘਾਟਨ ਕੀਤਾ ਸੀ ਤਾਂ ਇਹ ਕੌਮਾਂਤਰੀ ਖਬਰ ਬਣੀ ਸੀ। 10 ਦਸੰਬਰ 1983 ਨੂੰ ਵਾਟਰ ਫਾਲ ਤੇ 23 ਸਤੰਬਰ 1993 ਨੂੰ ਤੀਸਰੇ ਫੇਜ਼ ਸ਼ੁਰੂ ਹੋਏ ਸਨ। ਇਥੇ ਸਟੋਰਨੁਮਾ ਕੁਟੀਆ ਵਿਚ ਅਕਸਰ ਉਨ੍ਹਾਂ ਦੀ ਪਤਨੀ ਕਮਲਾ ਸੈਣੀ ਵੀ ਆ ਜਾਂਦੀ ਸੀ ਤੇ ਉਹ ਦੋਵੇਂ ਪੱਥਰਾਂ ਤੇ ਕਬਾੜ ਨੂੰ ਫਰੋਲਦੇ ਕਲਾਕਿਰਤਾਂ ਸਿਰਜਦੇ ਸਨ। ਉਸ ਵੇਲੇ ਉਹ ਇਥੇ ਅੱਗ ਬਾਲ ਕੇ ਸੱਪਾਂ ਤੇ ਮੱਛਰਾਂ ਤੋਂ ਬਚਾਅ ਕਰਦੇ ਰਹੇ ਹਨ।

### ਸਿਰਜਣਾ ਨੂੰ ਸਲਾਮ

***ਨੇਕ ਚੰਦ ਨੂੰ ਕੌਮੀ ਤੇ ਕੌਮਾਂਤਰੀ ਮਹੱਤਵ ਪ੍ਰਾਪਤ ਕਰ ਚੁੱਕੇ ਪ੍ਰੋਜੈਕਟ ਲਈ 1980 ਵਿਚ ਪੈਰਿਸ ਵਿਚ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ 1983 ਵਿਚ ਉਨ੍ਹਾਂ ਬਾਰੇ ਡਾਕ ਟਿਕਟ ਜਾਰੀ ਕੀਤੀ। 1984 ਵਿਚ ਉਨ੍ਹਾਂ ਨੂੰ ਕਲਾ ਦੇ ਖੇਤਰ ਵਿਚ ਵਿਲੱਖਣ ਪ੍ਰਾਪਤੀਆਂ ਲਈ ਪਦਮਸ੍ਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਨੂੰ ਕਈ ਮੁਲਕਾਂ ਵੱਲੋਂ ਅਜਿਹਾ ਕਲਾ ਸੰਸਾਰ ਸਿਰਜਣ ਲਈ ਵੀ ਬੁਲਾਇਆ ਗਿਆ।***

### ਜਦੋਂ 20 ਸਾਲ ਦੀ ਘਾਲਣਾ ਰੰਗ ਲਿਆਈ

ਨੇਕ ਚੰਦ ਦੀ 20 ਸਾਲ ਦੀ ਘਾਲਣਾ ਆਖਰ ਰੰਗ ਲਿਆਈ ਤੇ ਰੌਕ ਗਾਰਡਨ ਦਾ ਉਦਘਾਟਨ 1976 ਵਿਚ ਚੀਫ਼ ਇੰਜੀਨੀਅਰ ਕੁਲਬੀਰ ਸਿੰਘ ਨੇ ਕੀਤਾ। ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਟੀ.ਐਨ. ਚਤੁਰਵੇਦੀ ਨੇ ਨੇਕ ਚੰਦ ਨੂੰ ਪੰਜ ਹਜ਼ਾਰ ਰੁਪਏ ਨਕਦ ਤੇ ਇਕ ਸਰਟੀਫੀਕੇਟ ਦਿੱਤਾ। 1980 ਤੋਂ ਬਾਅਦ ਰੌਕ ਗਾਰਡਨ ਨੂੰ ਪ੍ਰਸਿੱਧੀ ਮਿਲਣੀ ਸ਼ੁਰੂ ਹੋ ਗਈ ਤੇ ਨੇਕ ਚੰਦ ਨੂੰ ਸਾਲ 1984 ਵਿਚ ਪਦਮ ਸ੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ। ਰੌਕ ਗਾਰਡਨ ਵਿਚ ਲੱਗੇ ਬੁੱਤਾਂ ਬਾਰੇ ਭਾਰਤੀ ਡਾਕ ਟਿਕਟ ਵੀ ਛਾਪੀ ਗਈ ਹੈ ਤੇ ਕਈ ਕਿਤਾਬਾਂ ਵੀ ਉਨ੍ਹਾਂ ਬਾਰੇ ਛਪ ਰਹੀਆਂ ਹਨ। ਰੌਕ ਗਾਰਡਨ ਵਿਚ ਚੀਨੀ ਦੀ ਮਿੱਟੀ ਦੇ ਟੁੱਟੇ ਬਰਤਨਾਂ, ਬਿਜਲੀ ਦੇ ਸਾਮਾਨ, ਟੁੱਟੀਆਂ ਚੂੜੀਆਂ, ਇਲੈਕਟ੍ਰਾਨਿਕ ਸਵਿੱਚ, ਪਲੱਗ, ਟਿਊਬ ਲਾਈਟ, ਮਾਰਬਲ, ਪੱਥਰ, ਇਸ਼ਨਾਨ ਘਰ ਦੀਆਂ ਟਾਇਲਾਂ, ਸਾਈਕਲ ਦੇ ਫਰੇਮ ਵਰਗੇ ਬੇਕਾਰ ਸਾਮਾਨ ਨੂੰ ਵਰਤੋਂ ਵਿਚ ਲਿਆ ਕੇ ਮਨੁੱਖਾਂ, ਔਰਤਾਂ, ਜਾਨਵਰਾਂ ਤੇ ਭਗਵਾਨ ਦੀਆਂ ਮੂਰਤੀਆਂ ਹਨ। ਚੰਡੀਗੜ੍ਹ ਦੇ ਸੈਕਟਰ ਇਕ ਵਿਚ ਸਥਿਤ ਰੌਕ ਗਾਰਡਨ ਹੁਣ 40 ਏਕੜ ਦੇ ਖੇਤਰ ਵਿਚ ਫੈਲਿਆ ਹੈ ਜਿਥੇ ਪੂਰੇ ਮੁਲਕ ਸਮੇਤ ਦੁਨੀਆਂ ਭਰ ਵਿਚੋਂ ਹਰ ਸਾਲ ਢਾਈ ਲੱਖ ਤੋਂ ਵੀ ਵਧੇਰੇ ਸੈਲਾਨੀ ਵੇਖਣ ਲਈ ਆਉਂਦੇ ਹਨ ਜਿਸ ਤੋਂ ਟਿਕਟਾਂ ਦੀ ਵਿਕਰੀ ਨਾਲ ਤਕਰੀਬਨ 1.8 ਕਰੋੜ ਦੀ ਸਾਲਾਨਾ ਆਮਦਨੀ ਹੁੰਦੀ ਹੈ।



# ਗੁਰਦੁਆਰਾ ਗੁਰੂ ਨਾਨਕ ਦਰਬਾਰ, ਸਾਊਥਿੰਗਟਨ, ਕਨੈਕਟੀਕਟ

ੴ ਸਤਿਗੁਰ ਪ੍ਰਸਾਦਿ

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 65ਵੀਂ ਬਰਸੀ

## 21 ਜੂਨ 2015 (ਐਤਵਾਰ)



ਸੰਤ ਪ੍ਰੇਮ ਸਿੰਘ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਊਥਿੰਗਟਨ (ਕਨੈਕਟੀਕਟ) ਵਿਖੇ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 65ਵੀਂ ਬਰਸੀ ਬੜੇ ਪਿਆਰ ਅਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ 19 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ ਐਤਵਾਰ, 21 ਜੂਨ ਨੂੰ ਸਵੇਰੇ 10 ਵਜੇ ਭੋਗ ਪੈਣਗੇ। ਸਨਿਚਰਵਾਰ ਨੂੰ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਤਿੰਨੇ ਦਿਨ ਦੀਵਾਨ ਸਜਣਗੇ। ਸਮੂਹ ਨਾਨਕ ਨਾਮ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



### ਪਹੁੰਚ ਰਹੇ ਜਥੇ ਅਤੇ ਪ੍ਰਚਾਰਕ

ਭਾਈ ਲਾਭ ਸਿੰਘ ਦਰਦੀ
ਭਾਈ ਕੁਲਜੀਤ ਸਿੰਘ ਦਿਲਬਰ ਦਾ ਢਾਡੀ ਜਥਾ
ਭਾਈ ਦਲਜੀਤ ਸਿੰਘ ਦਮਦਮੀ ਟਕਸਾਲ ਵਾਲੇ

### ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ

## ਸੰਤ ਪ੍ਰੇਮ ਸਿੰਘ ਸੇਵਾ ਸੁਸਾਇਟੀ ਦੇ ਸੇਵਾਦਾਰ

ਸ. ਬਲਬੀਰ ਸਿੰਘ (ਪ੍ਰਧਾਨ) (646) 400-2190
ਸ. ਮਲੂਕ ਸਿੰਘ (ਚੇਅਰਮੈਨ) (860) 581-8111
ਸ. ਸੁਰਜੀਤ ਸਿੰਘ ਠਾਕਰੀ (ਟਰਸਟੀ) (860)798-4328
ਸ. ਜਸਵੀਰ ਸਿੰਘ (ਮੀਤ ਪ੍ਰਧਾਨ) (860)716-6380
ਸ. ਅਨੋਖ ਸਿੰਘ (ਖਜ਼ਾਨਚੀ) (860)522-9379
ਸ. ਹਰਮਿੰਦਰ ਸਿੰਘ ਮੁਹਾਲੀ (ਸਕੱਤਰ) (203) 464-3507

# Gurdwara Guru Nanak Darbar

1610 West Street, Southington, CT 06489-1054, Ph:(860) 621-3015

# ਗ਼ਜ਼ਲ ਨਾਜ਼

## ਪੀਨਾਜ਼ ਮਸਾਨੀ



ਕਲਾ ਪਰਿਕਰਮਾ

ਪੀਨਾਜ਼ ਮਸਾਨੀ ਅਤੇ ਗ਼ਜ਼ਲ, ਮੁੱਢ ਤੋਂ ਹੀ ਇਕਸੁਰ ਹਨ। ਉਹਦੀ ਪਹਿਲੀ ਐਲਬਮ 1982 ਵਿਚ ਆਈ ਸੀ ਅਤੇ ਹੁਣ ਤੱਕ ਉਸ ਦੀਆਂ 20 ਐਲਬਮਾਂ ਆ ਚੁੱਕੀਆਂ ਹਨ। ਇਨ੍ਹਾਂ ਵਿਚ ਆਪ ਕੀ ਬਜ਼ਮ ਮੇਂ, ਦਿਲਰੁਬਾ, ਖ਼ਜ਼ਾਨਾ, ਨਸ਼ਾ, ਤਿਸ਼ਨਗੀ, ਦਿਲ ਕੇ ਕਰੀਬ, ਤੂ ਹੀ ਮੇਰਾ ਦਿਲ, ਮੁਹੱਬਤ ਕੇ ਸਾਗਰ ਆਦਿ ਮੁੱਖ ਹਨ। ਉਸ ਨੇ ਪੌਪ ਵੀ ਗਾਇਆ ਅਤੇ ਦੋ ਪੌਪ ਐਲਬਮਾਂ- ਤੂ ਦਿਲ ਦੇ ਦੇ ਅਤੇ ਚੈਨਲ ਹਿਟਸ-2, ਰਿਲੀਜ਼ ਕੀਤੀਆਂ। ਆਪਣੇ ਕਰੀਅਰ ਦੌਰਾਨ ਉਸ ਨੇ ਕਈ ਪੁਰਸਕਾਰ ਹਾਸਲ ਕੀਤੇ। 1996 ਵਿਚ ਉਤਰ ਪ੍ਰਦੇਸ਼ ਦੀ ਸਰਕਾਰ ਨੇ ਉਸ ਨੂੰ 'ਸ਼ਹਿਜ਼ਾਦੀ ਤਰੰਨਮ' ਦੇ

ਕੀਰਤ ਕਾਸ਼ਣੀ

ਖਿਤਾਬ ਨਾਲ ਨਿਵਾਜਿਆ। ਪੀਨਾਜ਼ ਨੇ ਗ਼ਜ਼ਲਾਂ ਤੋਂ ਇਲਾਵਾ ਫਿਲਮਾਂ ਲਈ ਵੀ ਗਾਇਆ। ਹੁਣ ਤੱਕ ਉਹ 50 ਹਿੰਦੀ ਫਿਲਮਾਂ ਵਿਚ ਗੀਤ/ਗਜ਼ਲ ਗਾ ਚੁੱਕੀ ਹੈ। ਉਸ ਨੇ 10 ਤੋਂ ਵੀ ਵੱਧ ਭਾਸ਼ਾਵਾਂ ਵਿਚ ਗੀਤ ਗਾਏ। ਜਰਮਨੀ, ਦੱਖਣੀ ਅਫ਼ਰੀਕਾ, ਨਾਈਜੀਰੀਆ, ਘਾਨਾ, ਸੈਨੇਗਲ ਅਤੇ ਵੀਅਤਨਾਮ ਵਿਚ ਉਸ ਦੇ ਪ੍ਰੋਗਰਾਮ ਬੜੇ ਸਫ਼ਲ ਰਹੇ। ਭਾਰਤ ਸਰਕਾਰ ਨੇ 26 ਜਨਵਰੀ 2009 ਉਸ ਨੂੰ ਪਦਮਸ੍ਰੀ ਦਾ ਖਿਤਾਬ ਦਿੱਤਾ।

ਪੀਨਾਜ਼ ਮਸਾਨੀ ਨੇ ਜਦੋਂ ਗ਼ਜ਼ਲਾਂ ਗਾਉਣੀਆਂ ਸ਼ੁਰੂ ਕੀਤੀਆਂ, ਉਸ ਦੇ ਅੰਦਾਜ਼ ਅਤੇ ਰੇਸ਼ਮੀ ਆਵਾਜ਼ ਨੇ ਤਾਂ ਸਰੋਤਿਆਂ ਦਾ ਧਿਆਨ ਖਿੱਚਿਆ ਹੀ ਸੀ, ਉਸ ਦੇ ਵਾਲਾਂ ਦੀ ਵੀ ਖ਼ੂਬ ਚਰਚਾ ਹੋਈ। ਅਸਲ ਵਿਚ ਉਸ ਦੇ ਵਾਲ ਕਿਸੇ ਪੌਪ ਗਾਇਕਾ ਵਰਗੇ ਹਨ। ਵਾਲਾਂ ਬਾਰੇ ਸਵਾਲ ਉਸ ਨੂੰ ਹਰ ਸਮਾਗਮ ਵਿਚ ਪੁੱਛਿਆ ਜਾਂਦਾ। ਉਸ ਦਾ ਜਵਾਬ ਸਿਰਫ਼ ਇੰਨਾ ਹੀ ਹੁੰਦਾ ਕਿ ਉਸ ਨੂੰ ਇੰਦਾਂ ਦੇ ਵਾਲ ਚੰਗੇ ਲਗਦੇ ਹਨ, ਬੱਸ...। ਪੀਨਾਜ਼ ਨੇ ਸੁਗਮ ਸੰਗੀਤ (ਲਾਈਟ ਕਲਾਸੀਕਲ) ਨਾਲ ਆਪਣੇ ਸਰੋਤਿਆਂ ਦਾ ਘੇਰਾ ਬਹੁਤ ਮੋਕਲਾ ਕਰ ਲਿਆ। ਸਟੇਜ 'ਤੇ ਵੀ ਉਸ ਦਾ ਅੰਦਾਜ਼ ਬੜਾ ਵਿਲੱਖਣ ਹੁੰਦਾ ਸੀ। ਆਮ ਗ਼ਜ਼ਲ ਗਾਇਕਾਵਾਂ ਵਾਂਗ ਸਾਦਗੀ ਦੀ ਥਾਂ ਉਸ ਦਾ ਲਿਬਾਸ ਰਤਾ ਚਮਕੀਲਾ ਹੁੰਦਾ ਸੀ, ਪਰ ਜਦੋਂ ਗ਼ਜ਼ਲਾਂ ਰਾਹੀਂ ਸੁਰਾਂ ਦੀ ਛਹਿਬਰ ਲਾਉਂਦੀ, ਤਾਂ ਸਰੋਤੇ ਆਪ ਮੁਹਾਰੇ ਅਸ਼ ਅਸ਼ ਕਰ ਉਠਦੇ। ਉਸ ਨੇ ਆਗਰਾ ਵਿਚ ਤਾਜ ਮਹਾਂ ਉਤਸਵ, ਦਿੱਲੀ ਵਿਚ ਕੁਤਬ ਉਤਸਵ, ਵਾਰਾਣਸੀ ਵਿਚ ਗੰਗਾ ਮਹਾਂਉਤਸਵ, ਕਾਲੀਕੱਟ ਵਿਚ ਮਾਲਾਬਾਰ ਮਹਾਂਉਤਸਵ, ਔਰੰਗਾਬਾਦ ਵਿਚ ਅਜੰਤਾ-ਇਲੋਰਾ ਉਤਸਵ, ਹੈਦਰਾਬਾਦ ਵਿਚ ਗੋਲਕੌਂਡਾ ਉਤਸਵ, ਪੁਣੇ ਵਿਚ ਤਿੰਨ ਵਾਰ ਗਣੇਸ਼ ਉਤਸਵ, ਹਿਮਾਚਲ ਪ੍ਰਦੇਸ਼ ਵਿਚ ਕੁੱਲੂ ਦੁਸਹਿਰਾ ਮੇਲਾ ਅਤੇ ਸ਼ਿਮਲਾ ਵਿਚ ਸਮਰ ਫੈਸਟੀਵਲ ਦੌਰਾਨ ਆਪਣੇ ਫਨ ਦਾ ਮੁਜ਼ਾਹਰਾ ਕੀਤਾ।

### ਪੀਨਾਜ਼ ਮਸਾਨੀ ਦੀਆਂ ਮਸ਼ਹੂਰ ਗ਼ਜ਼ਲਾਂ

- ਜ਼ੁਲਫ਼ੋ ਕਾ ਅੰਧੇਰਾ ਹੈ...
- ਤੁਮ੍ਹਾਰਾ ਪਿਆਰ ਸ਼ਾਮਿਲ ਹੈ...
- ਨਹੀਂ ਜਾਨਾ...
- ਧੀਰੇ ਧੀਰੇ ਸ਼ਾਮ...
- ਮੇਰੇ ਦਿਲ ਕੋ ਆਜ਼ਮਾ ਲੇ...
- ਮੇਰੀ ਜ਼ਿੰਦਗੀ ਹੈ ਜ਼ਾਲਿਮ...
- ਤੁਮ ਕੋ ਹਮ ਦਿਲ ਮੇਂ...
- ਖਿਆਲ ਆਪ ਕਾ ਹਮ ਕੋ ਬਹੁਤ ਸਤਾਤਾ ਹੈ...



ਉਮਦਾ ਗ਼ਜ਼ਲ ਗਾਇਕ ਹਰੀਹਰਨ ਨਾਲ ਪੀਨਾਜ਼ ਮਸਾਨੀ।

ਇਸੇ ਅਪਰੈਲ ਵਿਚ ਉਹ ਪਠਾਨਕੋਟ ਵਿਚ ਸੁਰਾਂ ਦੀ ਛਹਿਬਰ ਲਾ ਕੇ ਗਈ ਹੈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਪੀਨਾਜ਼ ਮਸਾਨੀ ਗਾਇਕਾ ਤੋਂ ਇਲਾਵਾ ਬਹੁਤ ਚੰਗੀ ਡਾਂਸਰ ਵੀ ਹੈ। 2007 ਵਿਚ ਜਦੋਂ ਉਹ ਵੀਅਤਨਾਮ ਗਈ ਸੀ, ਤਾਂ ਆਪਣੀ ਪੇਸ਼ਕਾਰੀ ਨਾਲ ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਹੁਣ ਤੱਕ ਉਹ ਇਕੱਲੇ ਭਾਰਤ ਵਿਚ ਹੀ 500 ਸੋਲੋ ਪ੍ਰੋਗਰਾਮ ਦੇ ਚੁੱਕੀ ਹੈ। ਸੰਗੀਤ ਜਗਤ ਵਿਚ ਉਹਦੇ ਲਈ ਰਾਹ ਸੰਗੀਤਕਾਰ ਜੈਦੇਵ ਨੇ ਖੋਲ੍ਹੇ ਸਨ। ਗੱਲ 1978 ਦੀ ਹੈ, ਪੀਨਾਜ਼ ਨੇ 'ਸੁਰ ਸਿੰਗਰ ਸੰਸਦ' ਮੁਕਾਬਲਾ ਜਿੱਤਿਆ ਸੀ ਅਤੇ ਇਸ ਤੋਂ ਬਾਅਦ ਜੈਦੇਵ ਨੇ ਉਸ ਨੂੰ ਸੰਗੀਤ ਦੀ ਲੀਹ ਉਤੇ ਪਾ ਦਿੱਤਾ। ਉਂਜ ਪੀਨਾਜ਼ ਦੇ ਪਿਤਾ ਆਗਰਾ ਘਰਾਣੇ ਨਾਲ ਸਬੰਧਤ ਫੱਯਾਜ਼ ਖਾਨ ਸਾਹਿਬ ਦੇ ਸ਼ਾਗਿਰਦ ਸਨ। ਪੀਨਾਜ਼ ਨੇ ਸੰਗੀਤ ਦੀ ਮੁੱਢਲੀ ਵਿਦਿਆ ਉਸਤਾਦ ਅਮਾਨਤ ਹੁਸੈਨ ਖਾਨ ਤੋਂ ਲਈ ਅਤੇ ਫਿਰ ਉਹ ਪ੍ਰਸਿੱਧ ਗ਼ਜ਼ਲ ਗਾਇਕਾ ਮਧੂ ਰਾਣੀ ਦੇ ਚਰਨੀਂ ਲੱਗ ਗਈ। ਇਸ ਤੋਂ ਬਾਅਦ ਉਹਨੇ ਗ਼ਜ਼ਲ ਗਾਇਨ ਨੂੰ ਕਰੀਅਰ ਬਣਾ ਲਿਆ। ਹੁਣ ਉਹ ਚਾਹੁੰਦੀ ਹੈ ਕਿ ਉਹ ਸੰਗੀਤ ਦੇ ਲੜ ਲੱਗੀ ਰਹੇ ਅਤੇ ਉਹਦੇ ਸਰੋਤੇ ਉਹਨੂੰ ਇਸੇ ਤਰ੍ਹਾਂ ਸਵੀਕਾਰਦੇ ਰਹਿਣ।



ਪੀਨਾਜ਼ ਮਸਾਨੀ ਨੇ ਆਪਣੀ ਰੇਸ਼ਮੀ ਆਵਾਜ਼ ਤੇ ਅੰਦਾਜ਼ ਨਾਲ ਸਰੋਤਿਆਂ ਨੂੰ ਮੋਹ ਲਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜੂਨ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-174



*ਨੰਗ ਧੜੰਗਾ, ਗਰਮੀ ਵਾਹਲੀ, ਤਾਂ ਹੀ ਤਨ ਨਾ ਕੱਜਾਂ।*
*ਗਰਮੀ ਨੇ ਹੀ ਖੂਬ ਸਤਾਈਆਂ, ਬਾਪੂ ਦੀਆਂ ਇਹ ਮੱਝਾਂ।*
*ਬੱਘੀ ਵਾਂਗੂੰ ਖਿੱਚ ਲਗਾਮਾਂ, ਤੁਣਕੇ ਮੈਂ ਵੀ ਲਾਵਾਂ।*
*ਕਦੇ ਮੱਝਾਂ 'ਤੇ, ਕਦੇ ਛੱਪੜ ਵਿਚ, ਕੁੱਦ ਕੁੱਦ ਮਿੱਤਰੋ ਨਾਹਵਾਂ।*

## ਕੈਪਸ਼ਨ ਮੁਕਾਬਲਾ-172



ਨਾਂ ਸਾਡੇ 'ਤੇ ਧਰਮ ਨੇ ਚਲਦੇ
ਸਾਡੇ ਨਾਂ 'ਤੇ ਸਿਆਸਤ ਚੱਲੇ।
ਕਿਉਂ ਨਾ ਮਨ ਦੀ ਮਰਜੀ ਕਰੀਏ
ਹੁਣ ਤਾਂ ਸਾਡੀ ਬੱਲੇ ਬੱਲੇ।
ਜਿੱਥੇ ਚਾਹੀਏ ਖੜ੍ਹੀਏ ਬੈਠੀਏ
ਸੜਕਾਂ ਚੌਕ ਅਸਾਂ ਨੇ ਮੱਲੇ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

ਸਾਰੀ ਉਮਰ ਰਹੇ ਪਰਿਵਾਰ ਪਾਲਦੀ
ਗਊ ਮਾਤਾ ਅਖਵਾਉਂਦੀ।
ਅਕ੍ਰਿਤਘਣ ਡੰਡੇ ਮਾਰ ਕੱਢ ਦਿੰਦੇ
ਪਰ ਜਦੋਂ ਬੁੱਢੀ ਹੋ ਜਾਂਦੀ।
ਤੱਕ ਗਲੀਆਂ ਵਿਚ ਰੁਲਦੀ ਫਿਰਦੀ
ਤਰਸ ਕੋਈ ਨਾ ਖਾਵੇ।
ਗਊ ਰੱਖਿਆ ਦਾ ਨਾਅਰਾ ਲਾ ਨੇਤਾ
ਸਿਆਸੀ ਰੋਟੀਆ ਸੇਕੀ ਜਾਵੇ।
ਪਰ ਬੰਦੇ ਦੀ ਖੁਦਗਰਜ਼ੀ ਦੀ
ਸ਼ਾਇਦ! ਸਮਝ ਹੈ ਗਾਂ ਨੂੰ ਆਈ।
ਤਾਹੀਓਂ ਆ ਕੇ ਰਸਤਾ ਰੋਕਿਆ
ਬਿਰਾਦਰੀ ਲਿਆ ਚੌਕ 'ਚ ਬਿਠਾਈ।
ਨਾ ਮਿਊਂਸਪੈਲਟੀ ਨਾ ਲੋਕੀਂ
ਧਿਆਨ ਇਸ ਦਾ ਕਰਦੇ।
ਔਖੇ ਸੌਖੇ ਲੰਘੀ ਜਾਂਦੇ
ਉਂਜ ਜਾਨ ਜਾਣ ਤੋਂ ਡਰਦੇ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

## ਮਿੰਨੀ ਕਹਾਣੀ

### ਮਿੱਟੀ

"ਭਾਈ ਸਾਹਿਬ, ਇਹ ਘੜਿਆਂ ਦਾ ਕੀ ਰੇਟ ਹੈ?" ਇਕ ਬੰਦੇ ਨੇ ਘੁਮਿਆਰ ਨੂੰ ਪੁੱਛਿਆ। "ਇਨ੍ਹਾਂ ਦਾ ਰੇਟ ਤਾਂ ਅਲੱਗ-ਅਲੱਗ ਹੈ, ਤੁਸੀਂ ਕਿਹੜੇ ਘੜੇ ਦਾ ਰੇਟ ਪੁੱਛ ਰਹੇ ਹੋ?" ਅਗੋਂ ਘੁਮਿਆਰ ਨੇ ਪ੍ਰਸ਼ਨ ਕੀਤਾ। "ਚਲੋ ਇਨ੍ਹਾਂ ਦੇ ਵੱਖਰੇ-ਵੱਖਰੇ ਰੇਟ ਹੀ ਦੱਸ ਦਿਓ।" "ਜਨਾਬ, ਇਹ ਘੜੇ ਤਾਂ 15-15 ਰੁਪਏ ਦੇ ਨੇ, ਆਹ 20-20 ਰੁਪਏ ਦੇ, ਤੇ ਅਹੁ 25-25 ਰੁਪਏ ਦੇ।"

"ਭਾਈ ਸਾਹਿਬ, ਇਹ ਤਾਂ ਸਾਰੇ ਹੀ ਮਿੱਟੀ ਦੇ ਬਣੇ ਨੇ ਫਿਰ ਰੇਟ ਅਲੱਗ-ਅਲੱਗ ਕਿਉਂ?" "ਜਨਾਬ, ਇਹ ਅਲੱਗ-ਅਲੱਗ ਮਿੱਟੀ ਦੇ ਬਣੇ ਨੇ, ਕੋਈ ਘੜਾ ਰੇਤਲੀ ਮਿੱਟੀ ਦਾ ਹੈ, ਕੋਈ ਲਾਲ ਮਿੱਟੀ ਦਾ ਤੇ ਕੋਈ ਚੀਕਣੀ ਮਿੱਟੀ ਦਾ।" ਘੁਮਿਆਰ ਨੇ ਜਵਾਬ ਦਿੱਤਾ। "ਪਰ ਦਿਸਦੇ ਸਾਰੇ ਇਕੋ ਜਿਹੇ ਨੇ, ਲਾਲ ਰੰਗ ਦੇ।" "ਹਾਂ ਜਨਾਬ, ਇਹ ਪੱਕ ਕੇ ਇੱਕੋ ਜਿਹੇ ਲੱਗਦੇ ਨੇ ਪਰ ਇਨ੍ਹਾਂ ਨੂੰ ਵਰਤਣ ਤੋਂ ਪਤਾ ਲੱਗੇਗਾ ਕਿ ਇਨ੍ਹਾਂ ਦੇ ਰੇਟ ਕਿਉਂ ਅਲੱਗ-ਅਲੱਗ ਨੇ।"

"ਹਾਂ, ਇਹ ਗੱਲ ਤਾਂ ਠੀਕ ਹੈ ਭਾਈ ਸਾਹਿਬ, ਬੰਦਾ ਵੀ ਤਾਂ ਮਿੱਟੀ ਦਾ ਹੀ ਬਣਿਆ ਹੋਇਆ ਹੈ, ਪਰ ਵਰਤਣ ਤੋਂ ਜਰੂਰ ਪਤਾ ਲੱਗ ਜਾਂਦਾ ਹੈ ਕਿ ਇਹ ਬੰਦਾ ਕਿਹੜੀ ਮਿੱਟੀ ਦਾ ਬਣਿਆ ਹੈ, ਚਲੋ ਹੁਣ ਤੁਸੀਂ ਮੈਨੂੰ ਕੋਈ ਵੀ ਘੜਾ ਦੇ ਦਿਓ ਆਪੇ ਵਰਤ ਕੇ ਪਤਾ ਲੱਗ ਜੂ, ਮਿੱਟੀ-ਮਿੱਟੀ ਦਾ ਫਰਕ। ਉਹ ਹੱਸਦਾ ਹੋਇਆ ਇਕ ਘੜਾ ਲੈ ਗਿਆ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

# ਅਸਲ ਟੀਚੇ ਦੇ ਨੇੜੇ ਤੇੜੇ ਵੀ ਨਹੀਂ ਬਾਲ ਮਜ਼ਦੂਰੀ ਰੋਕਣ ਦੇ ਦਾਅਵੇ

**ਕੋਲਕਾਤਾ:** ਇਕ ਸਰਵੇਖਣ ਮੁਤਾਬਕ ਭਾਰਤ ਵਿਚ ਸ਼ਹਿਰੀ ਖੇਤਰਾਂ ਵਿਚ 2001-2015 ਦੌਰਾਨ ਬਾਲ ਮਜ਼ਦੂਰੀ ਦਾ ਅੰਕੜਾ 53 ਫੀਸਦੀ ਵਧਿਆ ਹੈ। ਬਾਲ ਅਧਿਕਾਰ ਤੇ ਤੁਸੀਂ (ਸੀ.ਆਰ.ਵਾਈ.) ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਦੇ ਅਧਿਐਨ ਮਗਰੋਂ ਪੇਸ਼ ਕੀਤੀ ਰਿਪੋਰਟ ਮੁਤਾਬਕ ਦੇਸ਼ ਵਿਚੋਂ ਬਾਲ ਮਜ਼ਦੂਰੀ 2.2 ਫੀਸਦੀ ਪ੍ਰਤੀ ਸਾਲ ਦੇ ਹਿਸਾਬ ਨਾਲ ਘਟ ਰਹੀ ਹੈ ਤੇ ਇਸ ਰਫ਼ਤਾਰ ਨਾਲ ਦੇਸ਼ ਵਿਚੋਂ ਬਾਲ ਮਜ਼ਦੂਰੀ ਖ਼ਤਮ ਕਰਨ ਲਈ ਸੌ ਸਾਲ ਵੀ ਘੱਟ ਹਨ। ਦੇਸ਼ ਵਿਚ ਅਜੇ ਵੀ ਇਕ ਕਰੋੜ ਤੋਂ ਵੱਧ ਬੱਚੇ ਲਗਾਤਾਰ ਬਾਲ ਮਜ਼ਦੂਰੀ ਕਰ ਰਹੇ ਹਨ। ਰਿਪੋਰਟ ਅਨੁਸਾਰ 80 ਫੀਸਦੀ ਤੋਂ ਵੱਧ ਬਾਲ ਮਜ਼ਦੂਰ ਪਿੰਡਾਂ ਵਿਚ ਕੰਮ ਕਰਦੇ ਹਨ ਤੇ ਉਨ੍ਹਾਂ ਵਿਚੋਂ ਤਿੰਨ ਤੋਂ ਚਾਰ ਬੱਚੇ ਖੇਤਾਂ ਤੇ ਘਰੇਲੂ ਉਦਯੋਗ ਵਿਚ ਕੰਮ ਕਰਦੇ ਹਨ। ਦੇਸ਼ ਦੇ ਬਾਲ ਮਜ਼ਦੂਰਾਂ ਵਿਚੋਂ ਅੱਧੇ ਤੋਂ ਵੱਧ ਬੱਚੇ ਪੰਜ ਸੂਬਿਆਂ ਬਿਹਾਰ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਵਿਚ ਹੀ ਹਨ। ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ 13 ਫੀਸਦੀ ਬਾਲ ਮਜ਼ਦੂਰਾਂ ਦਾ ਵਾਧਾ ਦਰਜ ਕੀਤਾ ਗਿਆ ਹੈ।



ਸਾਲ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਦੇਸ਼ ਵਿਚ 5-14 ਸਾਲ ਦੀ ਉਮਰ ਦੇ ਤਕਰੀਬਨ 50 ਲੱਖ ਤੋਂ ਵੱਧ ਬੱਚੇ ਵੱਖ-ਵੱਖ ਕਿਸਮ ਦੀ ਮਜ਼ਦੂਰੀ ਕਰ ਰਹੇ ਹਨ ਜਦੋਂਕਿ ਨੈਸ਼ਨਲ ਸੈਂਪਲ ਸਰਵੇ ਸੰਸਥਾ ਦੀ 2005 ਦੀ ਰਿਪੋਰਟ ਅਨੁਸਾਰ ਭਾਰਤ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ 90.75 ਲੱਖ ਹੈ। ਮੁਲਕ ਦੇ ਤਕਰੀਬਨ 12 ਲੱਖ ਬੱਚੇ 18 ਖ਼ਤਰਨਾਕ ਕੰਮਾਂ ਤੇ 65 ਹੋਰ ਅਜਿਹੇ ਔਖੇ ਕਾਰਜਾਂ ਵਿਚ ਲੱਗੇ ਹੋਏ ਹਨ ਜਿਹੜੇ 1986 ਦੇ ਬਾਲ ਮਜ਼ਦੂਰੀ ਰੋਕੂ ਐਕਟ ਅਨੁਸਾਰ ਮਨਾਹੀ ਵਾਲੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਪਤਾ ਹੋਣ ਦੇ ਬਾਵਜੂਦ ਸਰਕਾਰੀ ਮਸ਼ੀਨਰੀ ਖ਼ਾਮੋਸ਼ ਹੈ ਤੇ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ। ਕਿਰਤ ਮੰਤਰਾਲੇ ਦੀ 2013-14 ਦੀ ਰਿਪੋਰਟ ਅਨੁਸਾਰ ਸਮੁੱਚੇ ਮੁਲਕ ਵਿਚ ਸਿਰਫ 1168 ਵਿਅਕਤੀਆਂ ਨੂੰ ਖ਼ਤਰਨਾਕ ਸਨਅਤਾਂ ਵਿਚ ਮਜ਼ਦੂਰੀ ਕਰਾਉਣ ਦਾ ਦੋਸ਼ੀ ਪਾਇਆ ਗਿਆ ਤੇ ਉਨ੍ਹਾਂ ਨੂੰ ਸਿਰਫ 83 ਲੱਖ ਰੁਪਏ ਜੁਰਮਾਨਾ ਵਸੂਲ ਕੇ ਛੱਡ ਦਿੱਤਾ ਗਿਆ। ਜੁਰਮਾਨੇ ਦਾ ਇਹ ਸਾਰਾ ਪੈਸਾ ਬਾਲ ਮਜ਼ਦੂਰਾਂ ਨੂੰ ਪੁਨਰ-ਵਸੇਬੇ ਲਈ ਦਿੱਤਾ ਜਾਣਾ ਚਾਹੀਦਾ ਸੀ ਪਰ ਸਰਕਾਰ ਨੇ ਇਸ ਵਿਚੋਂ ਸਿਰਫ ਪੰਜ ਲੱਖ ਰੁਪਏ ਹੀ ਵੰਡੇ ਹਨ।

ਸੰਯੁਕਤ ਰਾਸ਼ਟਰ ਵੱਲੋਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਲਈ ਮਜਬੂਰ ਕੀਤੇ ਜਾਣ ਦੀ ਮਨਾਹੀ ਕੀਤੀ ਗਈ ਹੈ। ਬਾਲ ਮਜ਼ਦੂਰੀ ਦੇ ਮੁੱਦੇ, ਸਮੱਸਿਆਵਾਂ ਤੇ ਸਮਾਧਾਨ ਲਈ ਸਰਕਾਰ ਵੱਲੋਂ ਪਹਿਲੀ ਵਾਰ 1979 ਵਿਚ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ ਜਿਸ ਦੀਆਂ ਸਿਫ਼ਾਰਸ਼ਾਂ ਤਹਿਤ 1986 ਵਿਚ ਬਾਲ ਮਜ਼ਦੂਰੀ ਰੋਕੂ ਕਾਨੂੰਨ ਹੋਂਦ ਵਿਚ ਆਇਆ।

### ਪੰਜਾਬ ਵਿਚ ਵੀ ਹਾਲਾਤ ਬਹੁਤੇ ਚੰਗੇ ਨਹੀਂ

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿਚ ਹਰ ਸਾਲ 14 ਸਾਲ ਤੋਂ ਘੱਟ ਉਮਰ ਦੇ ਬਾਲ ਮਜ਼ਦੂਰਾਂ ਨਾਲ ਸਬੰਧਤ 500 ਤੋਂ 600 ਕੇਸ ਸਾਹਮਣੇ ਆਉਂਦੇ ਹਨ। ਪਿਛਲੇ ਵਰ੍ਹੇ ਸਰਕਾਰ ਵੱਲੋਂ ਬਾਲ ਮਜ਼ਦੂਰੀ ਖਿਲਾਫ਼ ਜੂਨ ਮਹੀਨੇ ਮਨਾਏ ਗਏ ਇਕ ਹਫ਼ਤੇ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਵਿਚ 223 ਕੇਸ ਸਾਹਮਣੇ ਆਏ ਪਰ ਸਰਕਾਰੀ ਨੇਮਾਂ ਅਨੁਸਾਰ ਇਨ੍ਹਾਂ ਕੇਸਾਂ ਵਿਚ ਬਾਲ ਮਜ਼ਦੂਰੀ ਕਰਾਉਣ ਵਾਲਿਆਂ ਤੋਂ 20 ਹਜ਼ਾਰ ਰੁਪਏ ਵਸੂਲੇ ਗਏ ਜਾਂ ਕਿਸੇ ਖਿਲਾਫ਼ ਐਫ.ਆਈ.ਆਰ. ਵੀ ਦਰਜ ਹੋਈ? ਇਹ ਅੰਕੜੇ ਕਿਰਤ ਵਿਭਾਗ ਕੋਲ ਮੌਜੂਦ ਨਹੀਂ ਹਨ। ਜਿਨ੍ਹਾਂ ਵਿਚ ਲੁਧਿਆਣਾ ਸਰਕਲ ਵਿਚੋਂ 26 ਮਾਮਲੇ, ਹੁਸ਼ਿਆਰਪੁਰ 14, ਫਿਰੋਜ਼ਪੁਰ 15, ਮੁਹਾਲੀ ਤੇ ਰੂਪਨਗਰ ਤੋਂ 13, ਮੋਗਾ ਸਰਕਲ ਤੋਂ 39, ਜਲੰਧਰ ਤੇ ਨਵਾਂਸ਼ਹਿਰ ਤੋਂ 26, ਸੰਗਰੂਰ ਸਰਕਲ ਤੋਂ 20, ਪਟਿਆਲਾ ਤੋਂ 14, ਫਤਹਿਗੜ੍ਹ ਸਾਹਿਬ ਸਰਕਲ ਵਿਚੋਂ ਚਾਰ, ਅੰਮ੍ਰਿਤਸਰ ਤੋਂ 33, ਬਠਿੰਡਾ, ਮਾਨਸਾ ਤੋਂ 13 ਤੇ ਬਟਾਲਾ, ਗੁਰਦਾਸਪੁਰ ਤੇ ਪਠਾਨਕੋਟ ਤੋਂ ਛੇ ਕੇਸ ਫੜੇ ਗਏ। ਨਵੰਬਰ ਮਹੀਨੇ ਵਿਚ ਮਨਾਏ ਗਏ ਇਕ ਹਫ਼ਤੇ ਦੌਰਾਨ ਸਰਕਾਰੀ ਤੌਰ ਉਤੇ ਬਾਲ ਮਜ਼ਦੂਰੀ ਦੇ 281 ਮਾਮਲੇ ਸਾਹਮਣੇ ਆਏ। ਜਿਨ੍ਹਾਂ ਵਿਚ ਅੰਮ੍ਰਿਤਸਰ ਤੇ ਤਰਨਤਾਰਨ ਤੋਂ 33, ਲੁਧਿਆਣੇ ਤੋਂ 62, ਜਲੰਧਰ ਤੇ ਨਵਾਂਸ਼ਹਿਰ ਤੋਂ 37, ਹੁਸ਼ਿਆਰਪੁਰ ਤੋਂ 9, ਮੁਹਾਲੀ ਤੇ ਰੂਪਨਗਰ ਤੋਂ 28, ਕਪੂਰਥਲਾ ਤੋਂ 9, ਗੁਰਦਾਸਪੁਰ ਤੇ ਪਠਾਨਕੋਟ ਤੋਂ 12, ਮੋਗੇ ਤੋਂ 15, ਫਿਰੋਜ਼ਪੁਰ ਤੋਂ ਅੱਠ, ਸੰਗਰੂਰ ਤੋਂ 21, ਬਠਿੰਡਾ ਤੋਂ 16, ਪਟਿਆਲਾ ਤੋਂ 26 ਤੇ ਫਤਹਿਗੜ੍ਹ ਸਾਹਿਬ ਤੋਂ ਪੰਜ ਮਾਮਲੇ ਸਾਹਮਣੇ ਆਏ।


### ਸਾਲ ਵਿਚ ਸਿਰਫ ਦੋ ਹਫਤੇ ਜਾਗਦੀ ਹੈ ਸਰਕਾਰ

ਸਰਕਾਰ ਦੀ ਇਸ ਅਪਰਾਧ ਪ੍ਰਤੀ ਲਾਪਰਵਾਹੀ ਪ੍ਰਗਟਾਉਂਦਾ ਇਕ ਅਹਿਮ ਤੱਥ ਇਹ ਵੀ ਹੈ ਕਿ ਬਾਲ ਮਜ਼ਦੂਰੀ ਕਰਾਉਣ ਵਾਲਿਆਂ ਦੀ ਪੈੜ ਨੱਪਣ ਲਈ ਪੰਜਾਬ ਸਰਕਾਰ ਸਾਲ ਵਿਚ ਸਿਰਫ ਦੋ ਹਫ਼ਤੇ ਲਈ ਜਾਗਦੀ ਹੈ।

ਸਰਕਾਰ ਵੱਲੋਂ ਜੂਨ ਮਹੀਨੇ ਵਿਚ ਇਕ ਹਫ਼ਤਾ ਤੇ ਨਵੰਬਰ ਮਹੀਨੇ ਵਿਚ ਇਕ ਹਫ਼ਤਾ ਬਾਲ ਮਜ਼ਦੂਰੀ ਰੋਕਣ ਲਈ ਮੁਹਿੰਮ ਚਲਾਈ ਜਾਂਦੀ ਹੈ। ਦੋ ਹਫ਼ਤਿਆਂ ਦੌਰਾਨ ਹੀ ਜ਼ਿਲ੍ਹਿਆਂ ਵਿਚਲੀ ਸਰਕਾਰੀ ਮਸ਼ੀਨਰੀ ਵਿਚ ਇਸ ਅਪਰਾਧ ਪ੍ਰਤੀ ਹਿਲਜੁਲ ਨਜ਼ਰ ਆਉਂਦੀ ਹੈ, ਬਾਕੀ ਸਾਰਾ ਸਾਲ ਸਰਕਾਰ ਇਨ੍ਹਾਂ ਦੋ ਹਫ਼ਤਿਆਂ ਵਿਚ ਨਸ਼ਰ ਕੀਤੇ ਕੇਸਾਂ ਦਾ ਹੀ ਰਾਗ ਅਲਾਪਦੀ ਹੈ।

## ਅਖੇ, ਚੰਡੀਗੜ੍ਹੀਆਂ 'ਚ ਹੈ ਖੁਸ਼ੀਆਂ ਦਾ ਵਾਸਾ

**ਨਵੀਂ ਦਿੱਲੀ:** ਚੰਡੀਗੜ੍ਹ ਦੇ ਲੋਕ ਦੇਸ਼ ਵਿਚ ਸਭ ਤੋਂ ਵੱਧ ਖੁਸ਼ ਹਨ ਜਦ ਕਿ ਅਸਾਮ ਦੀ ਰਾਜਧਾਨੀ ਗੁਹਾਟੀ ਦੇ ਵਾਸੀਆਂ ਦੀ ਜ਼ਿੰਦਗੀ ਵਿਚ ਉਦਾਸੀ ਛਾਈ ਹੋਈ ਹੈ। ਇਸ ਦਾ ਖੁਲਾਸਾ ਦੱਖਣੀ ਕੋਰੀਆ ਦੀ ਕੰਪਨੀ ਐਲ.ਜੀ. ਵੱਲੋਂ ਕਰਵਾਏ ਸਰਵੇਖਣ ਤੋਂ ਹੋਇਆ ਹੈ। ਮਹਾਨਗਰਾਂ ਵਿਚੋਂ ਦਿੱਲੀ ਦੇ ਲੋਕਾਂ ਦੀ ਜ਼ਿੰਦਗੀ ਠਹਾਕੇ ਲਗਾ ਰਹੀ ਹੈ ਜਦ ਕਿ ਦੇਸ਼ ਦਾ ਮਨੋਰੰਜਨ ਕਰਨ ਦਾ ਭਾਰ ਆਪਣੇ ਮੋਢਿਆਂ ਉਤੇ ਚੁੱਕਣ ਵਾਲੀ ਫਿਲਮ ਨਗਰੀ ਮੁੰਬਈ ਦੇ ਲੋਕਾਂ ਦੇ ਚਿਹਰਿਆਂ ਤੋਂ ਹਾਸਾ ਹਵਾ ਹੋ ਚੁੱਕਿਆ ਹੈ।



ਸਰਵੇ ਦਾ ਕਹਿਣਾ ਹੈ ਕਿ ਜੇਕਰ ਜ਼ੋਨ ਵਾਰ ਦੇਖਿਆ ਜਾਵੇ ਤਾਂ ਉਤਰੀ ਭਾਰਤ ਸਭ ਤੋਂ ਖੁਸ਼ਮਿਜਾਜ਼ ਹੈ ਤੇ ਇਸ ਵਿਚ ਚੰਡੀਗੜ੍ਹੀਏ ਖੁਸ਼ ਰਹਿਣ ਦੇ ਮਾਮਲੇ ਵਿਚ ਬਾਜ਼ੀ ਮਾਰ ਗਏ ਤੇ ਗੁਲਾਬੀ ਸ਼ਹਿਰ ਜੈਪੁਰ ਫਾਡੀ ਰਹਿ ਗਿਆ। ਪੂਰਬੀ ਜ਼ੋਨ ਜੋ ਸਭ ਤੋਂ ਉਦਾਸ ਜ਼ੋਨ ਹੈ, ਵਿਚੋਂ ਪਟਨਾ ਦੇ ਲੋਕ ਖੁਸ਼ ਰਹਿਣ ਵਾਲੇ ਹਨ ਜਦ ਕਿ ਗੁਹਾਟੀ ਦੇ ਲੋਕਾਂ ਤੋਂ ਹਾਸਾ ਪਾਸਾ ਵੱਟ ਗਿਆ ਹੈ। ਖੁਸ਼ ਰਹਿਣ ਦੇ ਮਾਮਲੇ ਵਿਚ ਚੰਡੀਗੜ੍ਹ ਤੋਂ ਬਾਅਦ ਲਖਨਊ, ਦਿੱਲੀ, ਚੇਨਈ ਤੇ ਬੰਗਲੌਰ ਦਾ ਨੰਬਰ ਆਉਂਦਾ ਹੈ। ਸਰਵੇ ਮੁਤਾਬਕ ਇਨ੍ਹਾਂ ਸ਼ਹਿਰਾਂ ਦੇ ਲੋਕਾਂ ਦੀ ਖੁਸ਼ੀ ਦਾ ਰਾਜ ਇਹ ਹੈ ਕਿ ਇਹ ਲੋਕ ਆਪਣਾ ਵੱਧ ਤੋਂ ਵੱਧ ਸਮਾਂ ਪਰਿਵਾਰ ਨਾਲ ਗੁਜ਼ਾਰਦੇ ਹਨ। ਇਸ ਤੋਂ ਇਲਾਵਾ ਦੋਸਤਾਂ ਤੇ ਰਿਸ਼ਤੇਦਾਰਾਂ ਦੇ ਵੀ ਆਣਾ ਜਾਣਾ ਰੱਖਦੇ ਹਨ।

ਉਦਾਸੀ ਭਰੇ ਸ਼ਹਿਰਾਂ ਵਿਚ ਗੁਹਾਟੀ ਤੋਂ ਬਾਅਦ ਮੁੰਬਈ, ਜੈਪੁਰ, ਕੋਚੀ ਤੇ ਹੈਦਰਾਬਾਦ ਦਾ ਨੰਬਰ ਆਉਂਦਾ ਹੈ। ਐਲ.ਜੀ. ਦੇ ਕਾਰਪੋਰੇਟ ਮਾਰਕੀਟਿੰਗ ਦੇ ਮੁਖੀ ਐਨ ਦੱਤਾ ਦਾ ਕਹਿਣਾ ਹੈ ਕਿ ਭਾਰਤ ਵਿਚ 18 ਸਾਲਾਂ ਤੋਂ ਕੀਤੇ ਜਾ ਰਹੇ ਕੰਮ ਦੌਰਾਨ ਉਨ੍ਹਾਂ ਨੇ ਇਹ ਸਰਵੇ ਕਰਨ ਦਾ ਫੈਸਲਾ ਕੀਤਾ। ਇਸ ਲਈ ਗਾਹਕਾਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਇਹ ਸਰਵੇ ਕੀਤਾ ਗਿਆ ਤੇ ਇਸ ਰਾਹੀਂ ਲੋਕਾਂ ਦੀ ਜ਼ਿੰਦਗੀ ਬਾਰੇ ਪਤਾ ਲੱਗਿਆ। ਅਗਲੇ ਸਰਵੇ ਵਿਚ ਹੋਰ ਸ਼ਹਿਰਾਂ ਨੂੰ ਇਸ ਦੇ ਘੇਰੇ ਵਿਚ ਲਿਆਂਦਾ ਜਾਵੇਗਾ। ਇਹ ਸਰਵੇ 16 ਸ਼ਹਿਰਾਂ ਵਿਚ ਕੀਤਾ ਗਿਆ ਸੀ। ਇਸ ਵਿਚ ਹਰ ਵਰਗ ਦੇ ਹਰੇਕ ਸ਼ਹਿਰ ਵਿਚ 150-150 ਲੋਕਾਂ ਦੀ ਰਾਇ ਲਈ ਗਈ। ਐਲ.ਜੀ. ਦੇ ਭਾਰਤ ਵਿਚਲੇ ਐਮ.ਡੀ. ਸੂਨ ਵਾਨ ਨੇ ਕਿਹਾ ਹੈ ਕਿ ਅਜਿਹੇ ਸਰਵੇ ਨਾਲ ਕੰਪਨੀ ਨੂੰ ਲੋਕਾਂ ਦੇ ਨੇੜੇ ਆਉਣ ਦਾ ਮੌਕਾ ਮਿਲੇਗਾ।

## ਬਈ ਸੁਧਰ ਗਏ ਔਰਬਿਟ ਵਾਲੇ!

**ਚੰਡੀਗੜ੍ਹ:** ਮੋਗਾ ਬੱਸ ਕਾਂਡ ਉਪਰੰਤ ਬਾਦਲ ਪਰਿਵਾਰ ਦੀ ਔਰਬਿਟ ਬੱਸ ਕੰਪਨੀ ਨੇ ਆਪਣੀਆਂ ਬੱਸਾਂ ਉਤੇ ਸਟਾਫ਼ ਵਿਚ ਭਾਰੀ ਤਬਦੀਲੀ ਕਰ ਲਈ ਹੈ। ਕੰਪਨੀ ਨੇ ਬੱਸਾਂ ਦੇ ਸ਼ੀਸ਼ਿਆਂ ਉਤੇ ਚੜ੍ਹੀਆਂ ਕਾਲੀਆਂ ਫ਼ਿਲਮਾਂ ਤੇ ਪਰਦੇ ਵੀ ਉਤਾਰ ਦਿੱਤੇ ਹਨ। ਹੁਣ ਕੰਪਨੀ ਵੱਲੋਂ ਸਵਾਰੀਆਂ ਦੇ ਸ਼ਿਕਾਇਤ ਕਰਨ ਲਈ ਕਾਫ਼ੀ ਵੱਡੇ ਅੱਖਰਾਂ ਵਿਚ ਲਿਖੇ ਮੋਬਾਈਲ ਨੰਬਰ ਤੇ ਮੇਲ ਆਈ.ਡੀ. ਵਾਲੀ ਪਲੇਟ ਵੀ ਹਰ ਇਕ ਬੱਸ ਦੇ ਪਿੱਛੇ ਲਗਾ ਦਿੱਤੀ ਹੈ।




ਬੱਸਾਂ ਦੇ ਅੰਦਰ ਵੀ ਇਹ ਸ਼ਿਕਾਇਤ ਨੰਬਰ ਤੇ ਮੇਲ ਆਈ.ਡੀ. ਨੰਬਰ ਲਿਖੇ ਗਏ ਹਨ। ਇਹ ਵੀ ਪਤਾ ਚੱਲਿਆ ਹੈ ਕਿ ਕੰਪਨੀ ਵੱਲੋਂ ਬੱਸਾਂ ਉਤੇ ਲੱਗੇ ਸਾਰੇ ਡਰਾਈਵਰਾਂ, ਕੰਡਕਟਰਾਂ ਦੀ ਖ਼ੁਫੀਆ ਵਿੰਗ ਰਾਹੀਂ ਸਾਰੀ ਪਰਿਵਾਰਕ ਜਾਣਕਾਰੀ ਤੇ ਉਨ੍ਹਾਂ ਦੇ ਚਾਲ ਚਲਣ ਬਾਰੇ ਵੀ ਰਿਪੋਰਟ ਲਈ ਗਈ ਹੈ। ਅਪਰਾਧਿਕ ਮਾਮਲਿਆਂ ਵਿਚ ਫਸੇ ਕਈ ਡਰਾਈਵਰਾਂ, ਕੰਡਕਟਰਾਂ ਦੀ ਕੰਪਨੀ ਵੱਲੋਂ ਛੁੱਟੀ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਇਸ ਕੰਪਨੀ ਦੀ ਬੱਸ ਵਿਚੋਂ ਪਿਛਲੇ ਮਹੀਨੇ ਮਾਂ-ਧੀ ਨੂੰ ਧੱਕਾ ਦੇ ਦਿੱਤਾ ਗਿਆ ਸੀ ਜਿਸ ਕਾਰਨ ਲੜਕੀ ਦੀ ਮੌਤ ਹੋ ਗਈ ਸੀ। ਇਸ ਘਟਨਾ ਪਿੱਛੋਂ ਬਾਦਲ ਪਰਿਵਾਰ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ।

## ਪਰਵਾਸੀਆਂ ਦਾ ਦਾਖਲਾ ਰੋਕਣ ਲਈ ਨਵੀਂ ਜੁਗਤ ਵਰਤੇਗਾ ਬਰਤਾਨੀਆ

**ਲੰਡਨ:** ਬਰਤਾਨੀਆ ਦੀ ਸਰਕਾਰ ਨੇ ਯੂਰਪੀ ਸੰਘ ਤੋਂ ਬਾਹਰ ਦੇ ਪਰਵਾਸੀਆਂ ਉਤੇ ਰੋਕ ਲਾਉਣ ਲਈ ਹੁਨਰਮੰਦ ਕਾਮਿਆਂ ਲਈ ਘੱਟੋ ਘੱਟ ਤਨਖਾਹ ਵਧਾਉਣ ਤੇ ਵਰਕ ਪਰਮਿਟ ਦੀ ਗਿਣਤੀ ਸੀਮਤ ਕਰਨ ਦੀ ਯੋਜਨ ਪੇਸ਼ ਕੀਤੀ ਹੈ ਜਿਸ ਨਾਲ ਭਾਰਤੀ ਪ੍ਰਭਾਵਿਤ ਹੋ ਸਕਦੇ ਹਨ। ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਸੰਸਦ ਵਿਚ ਇਨ੍ਹਾਂ ਯੋਜਨਾਵਾਂ ਦਾ ਐਲਾਨ ਕੀਤਾ ਜਿਨ੍ਹਾਂ ਰਾਹੀਂ ਸਥਾਨਕ ਕਾਮਿਆਂ ਨੂੰ ਵਿਦੇਸ਼ੀ ਕਾਮਿਆਂ ਦੀ ਮਾਰ ਤੋਂ ਬਚਾਉਣ ਲਈ ਦੀ ਰਣਨੀਤੀ ਹੈ।

ਘੱਟੋ ਘੱਟ ਤਨਖਾਹ ਵਧਾਉਣਾ, ਵਰਕ ਪਰਮਿਟ ਦੀ ਗਿਣਤੀ ਸੀਮਤ ਕਰਨਾ ਤੇ ਪਰਵਾਸੀ ਕਾਮਿਆਂ ਨੂੰ ਰੱਖਣ ਵਾਲੀਆਂ ਕੰਪਨੀਆਂ ਉਤੇ ਨਵੇਂ ਕਾਰੋਬਾਰੀ ਕਰ ਲਾਗੂ ਕਰਨ ਵਾਲੀ ਯੋਜਨਾ ਨਾਲ ਕਈ ਕੰਪਨੀਆਂ ਭਾਰਤ ਵਰਗੇ ਦੇਸ਼ ਦੇ ਪੇਸ਼ੇਵਰਾਂ ਨੂੰ ਨਹੀਂ ਰੱਖ ਸਕਣਗੀਆਂ। ਪਰਵਾਸੀਆਂ ਦੀ ਗਿਣਤੀ ਘਟਾ ਕੇ ਇਕ ਲੱਖ ਕਰਨ ਦੇ 2010 ਦੇ ਕੈਮਰੌਨ ਦੀ ਚੋਣ ਵਾਅਦੇ ਦੇ ਬਾਵਜੂਦ ਸ਼ੁੱਧ ਅਵਾਸ ਦਸ ਸਾਲਾਂ ਵਿਚ ਸਭ ਤੋਂ ਵੱਧ ਹੋਇਆ।

## ਸੈਲਾਨੀਆਂ ਨੂੰ ਖਿੱਚ ਪਾਉਣ ਲੱਗੀਆਂ ਪੰਜਾਬ ਦੀਆਂ ਵਿਰਾਸਤੀ ਥਾਂਵਾਂ

**ਪਟਿਆਲਾ:** ਪੰਜਾਬ ਦੀ ਅਮੀਰ ਵਿਰਾਸਤ ਨੂੰ ਤੱਕਣ ਲਈ ਹਰ ਸਾਲ ਸਵਦੇਸ਼ੀ ਤੇ ਵਿਦੇਸ਼ੀ ਸੈਲਾਨੀਆਂ ਦੀ ਆਮਦ ਵਧ ਰਹੀ ਹੈ। ਇਸ ਗਿਣਤੀ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹਾ ਸਭ ਤੋਂ ਮੋਹਰੀ ਹੈ। ਪੰਜਾਬ ਟੂਰਿਜ਼ਮ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਜਿਥੇ ਸਾਲ 2009 ਵਿਚ 53,69,995 ਸਵਦੇਸ਼ੀ ਤੇ 1,10,404 ਵਿਦੇਸ਼ੀ ਸੈਲਾਨੀਆਂ ਨੇ ਸੈਰ ਸਪਾਟਾ ਕੀਤਾ, ਉਥੇ ਸਾਲ 2014 ਵਿਚ ਸਵਦੇਸ਼ੀ ਸੈਲਾਨੀਆਂ ਦੀ ਗਿਣਤੀ ਵਧ ਕੇ 2,42,71,302 ਤੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 2,55,449 ਹੋ ਗਈ ਹੈ। 2009 ਦੇ ਅੰਕੜਿਆਂ ਮੁਤਾਬਕ ਅੰਮ੍ਰਿਤਸਰ ਸਾਹਿਬ ਵਿਖੇ ਸੈਲਾਨੀਆਂ ਦੀ ਆਮਦ 22,58,402 ਸੀ। ਇਹ ਗਿਣਤੀ ਵਧ ਕੇ ਸਾਲ 2014 ਵਿਚ 1,53,68,340 ਹੋ ਗਈ ਹੈ।



2014 ਵਿਚ ਦਰਜ ਕੀਤੇ ਅੰਕੜਿਆਂ ਮੁਤਾਬਕ ਅੰਮ੍ਰਿਤਸਰ ਸਾਹਿਬ ਵਿਖੇ ਸਵਦੇਸ਼ੀ ਸੈਲਾਨੀਆਂ ਦੀ ਗਿਣਤੀ 15144395 ਤੇ 1,37,188 ਵਿਦੇਸ਼ੀ ਸੈਲਾਨੀਆਂ ਦੀ ਆਮਦ ਹੋਈ ਜੋ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚੋਂ ਵੱਧ ਹੈ। ਸਾਲ 2014 ਦੌਰਾਨ ਜ਼ਿਲ੍ਹਾ ਵਾਰ ਸੈਲਾਨੀਆਂ ਦੀ ਆਮਦ ਦੇ ਅੰਕੜਿਆਂ ਵਿਚ ਦੂਜੇ ਨੰਬਰ ਉਤੇ ਲੁਧਿਆਣਾ ਹੈ ਜਿਥੇ 2985499 ਸਵਦੇਸ਼ੀ ਤੇ 12215 ਵਿਦੇਸ਼ੀ ਸੈਲਾਨੀਆਂ ਨੇ ਪੈਰ ਪਾਇਆ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਸਵਦੇਸ਼ੀ ਸੈਲਾਨੀਆਂ ਦੀ ਗਿਣਤੀ 1213681 ਤੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 2429 ਰਹੀ ਹੈ। ਬਠਿੰਡਾ ਵਿਚ ਭਾਵੇਂ ਸਵਦੇਸ਼ੀ ਸੈਲਾਨੀਆਂ ਦੀ ਗਿਣਤੀ 927577, ਜਲੰਧਰ ਜ਼ਿਲ੍ਹੇ ਦੇ 820322 ਦੇ ਮੁਕਾਬਲੇ ਵੱਧ ਹੈ ਪਰ ਜਲੰਧਰ ਵਿਦੇਸ਼ੀ ਸੈਲਾਨੀਆਂ ਦੀ 7896 ਦੀ ਆਮਦ ਨਾਲ ਤੀਸਰੇ ਨੰਬਰ ਉਤੇ ਹੈ। ਪਟਿਆਲਾ ਵਿਚ ਸਵਦੇਸ਼ੀ ਸੈਲਾਨੀਆਂ ਦੀ ਗਿਣਤੀ 844624 ਤੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 1664 ਦਰਜ ਹੋਈ। ਫਰੀਦਕੋਟ ਜ਼ਿਲ੍ਹਾ 19012 ਸੈਲਾਨੀਆਂ ਦੀ ਆਮਦ ਨਾਲ ਸਭ ਤੋਂ ਫਾਡੀ ਰਿਹਾ। ਸੰਗਰੂਰ, ਤਰਨਤਾਰਨ, ਮੋਗਾ ਤੇ ਬਰਨਾਲਾ ਜ਼ਿਲ੍ਹਿਆਂ ਵਿਚ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਜ਼ੀਰੋ ਹੀ ਹੈ।

ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਵੱਲੋਂ ਤਿਆਰ ਕੀਤੀ ਵੈੱਬਸਾਈਟ ਵਿਚ ਜ਼ਿਲ੍ਹਾ ਫ਼ਾਜ਼ਿਲਕਾ ਤੇ ਪਠਾਨਕੋਟ ਦਾ ਜ਼ਿਕਰ ਤੱਕ ਨਹੀਂ ਹੈ। ਸਾਲ 2014 ਦੀ ਇਸ ਸੂਚੀ ਵਿਚ ਵਿਭਾਗ ਦੇ ਸਿਰਫ 20 ਜ਼ਿਲ੍ਹਿਆਂ ਦੇ ਹੀ ਅੰਕੜੇ ਦਰਸਾਏ ਹਨ ਤੇ ਇਸ ਸੂਚੀ ਵਿਚ ਉਪਰੋਕਤ ਦੋਹਾਂ ਜ਼ਿਲ੍ਹਿਆਂ ਦੇ ਨਾਂ ਤੱਕ ਨਹੀਂ ਪਾਏ ਗਏ। ਟੂਰਿਜ਼ਮ ਤੇ ਹੈਰੀਟੇਜ ਪ੍ਰਮੋਸ਼ਨ ਬੋਰਡ ਦੇ ਡਾਇਰੈਕਟਰ ਨਵਜੋਤਪਾਲ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਪਹਿਲਾਂ ਉਨ੍ਹਾਂ ਦੇ ਧਿਆਨ ਵਿਚ ਇਹ ਤੱਥ ਨਹੀਂ ਆਇਆ, ਹੁਣ ਪਤਾ ਲੱਗ ਗਿਆ ਹੈ ਤੇ ਜਲਦ ਨਵੀਂ ਸੋਧੀ ਹੋਈ ਸੂਚੀ ਨੈਟ ਉਤੇ ਪਾਈ ਜਾਵੇਗੀ। ਸੈਲਾਨੀਆਂ ਦੀ ਵਧ ਰਹੀ ਗਿਣਤੀ ਬਾਰੇ ਸ. ਰੰਧਾਵਾ ਨੇ ਕਿਹਾ ਕਿ ਇਹ ਯੂ.ਐਨ. ਡਬਲਿਯੂ. ਟੀ.ਓ. ਦੀ ਸਹਾਇਤਾ ਨਾਲ ਕੀਤੀ ਮਾਰਕੀਟਿੰਗ ਦਾ ਨਤੀਜਾ ਹੈ। ਹੋਰ ਵਿਭਾਗੀ ਕੋਸ਼ਿਸ਼ਾਂ ਸਦਕਾ ਵੀ ਇਹ ਸੰਭਵ ਹੋਇਆ ਹੈ।

# ਸੱਚ ਬੋਲਿਆਂ ਤਲਿੱਸਮ ਟੁੱਟਦਾ ਏ

## ਗਾਥਾ ਜੁਝਾਰੂ ਪ੍ਰੋਫੈਸਰ ਸਾਈਬਾਬਾ

ਮੌਜੂਦਾ ਕੌਮੀ ਤੇ ਆਲਮੀ ਰਾਜ ਸੱਤਾ ਦਾ ਤਸੀਹਿਆਂ ਅਤੇ ਤਸੀਹਾ ਕੇਂਦਰਾਂ ਨਾਲ ਗੂੜਾ ਸਬੰਧ ਹੈ। ਤਸੀਹੇ ਦੇਣ ਵਾਲਿਆਂ ਦੀ ਸਿਖਲਾਈ ਤੇ ਸਰਪ੍ਰਸਤੀ ਕੀਤੀ ਜਾਂਦੀ ਹੈ। ਤਸੀਹੇ ਦੇਣ ਦੇ ਆਧੁਨਿਕ ਅਤੇ ਕਾਰਗਰ ਢੰਗਾਂ ਸਬੰਧੀ ਖ਼ੁਫੀਆ ਦਸਤਾਵੇਜ਼ ਤਿਆਰ ਕੀਤੇ ਜਾਂਦੇ ਹਨ। ਨਿਸ਼ਾਨ ਛੱਡੇ ਬਿਨਾਂ ਸਰੀਰ ਤੋੜ ਦੇਣ ਦੀ ਮੁਹਾਰਤ ਸਿਖਾਈ ਜਾਂਦੀ ਹੈ। ਥਾਣਿਆਂ ਅਤੇ ਜੇਲ੍ਹਾਂ ਤੋਂ ਸਿਵਾਏ ਪ੍ਰਾਈਵੇਟ ਇਮਾਰਤਾਂ ਤਸੀਹੇ ਕੇਂਦਰਾਂ ਵਜੋਂ ਵਰਤੀਆਂ ਜਾਂਦੀਆਂ ਹਨ। 'ਓਪਨ ਸੁਸਾਇਟੀ, ਜਸਟਿਸ ਇਨੀਸ਼ੀਏਟਿਵ' ਨਾਮੀ ਸੰਸਥਾ ਦੀ ਰਪਟ 'ਤਸੀਹਿਆਂ ਦਾ ਆਲਮੀਕਰਨ' ਅਨੁਸਾਰ ਲਗਭਗ 54 ਦੇਸ਼ਾਂ ਨੇ ਅਮਰੀਕੀ ਖ਼ੁਫੀਆ ਏਜੰਸੀ ਸੀ.ਆਈ.ਏ. ਦੁਆਰਾ ਸ਼ੱਕੀ ਸਮਝੇ ਜਾਂਦੇ ਵਿਅਕਤੀਆਂ ਨੂੰ ਫੜਨ, ਆਪਣੀ ਧਰਤੀ 'ਤੇ ਸੀ.ਆਈ.ਏ. ਦੁਆਰਾ ਸੰਚਾਲਤ ਜੇਲ੍ਹਾਂ ਬਣਾਉਣ, ਬੰਦੀਆਂ ਨੂੰ ਜ਼ਲੀਲ ਕਰਨ ਤੇ ਤਸੀਹੇ ਦੇਣ, ਜਹਾਜ਼ ਰਾਹੀਂ ਦੂਜੇ ਮੁਲਕਾਂ 'ਚ ਭੇਜਣ 'ਚ ਭਰਪੂਰ ਸਹਿਯੋਗ ਦਿਤਾ ਹੈ। ਇਨ੍ਹਾਂ ਕੇਂਦਰਾਂ ਵਿਚ ਤਸੀਹੇ ਦੇ ਦਰਜੇ ਬੇ-ਮਾਇਨੇ ਹਨ।

'ਅਤਿਵਾਦ ਵਿਰੁੱਧ ਜੰਗ' ਦੇ ਨਾਂ ਹੇਠ ਤਸੀਹੇ

**ਜਤਿੰਦਰ ਸਿੰਘ**
ਫੋਨ: +91-97795-30032

ਦੇਣ ਦੀਆਂ ਧਾਰਨਾਵਾਂ ਨੂੰ ਸਹੀ ਸਿੱਧ ਕੀਤਾ ਜਾ ਰਿਹਾ ਹੈ। ਸਮਝਾਇਆ ਜਾ ਰਿਹਾ ਹੈ ਕਿ ਜੇ ਬਹੁ-ਮੰਜ਼ਿਲਾ ਇਮਾਰਤ ਵਿਚ ਬੰਬ ਰੱਖਿਆ ਹੋਵੇ ਜਿਸ ਨੇ ਕੁਝ ਮਿੰਟਾਂ 'ਚ ਫਟ ਜਾਣਾ ਹੈ, ਤਾਂ ਇਸ ਸਬੰਧੀ ਫੜੇ ਗਏ 'ਅਪਾਰਧੀ' ਤੋਂ ਬਿਨਾਂ ਤਸੀਹੇ ਦਿੱਤਿਆਂ ਸਹੀ ਜਾਣਕਾਰੀ ਹਾਸਿਲ ਨਹੀਂ ਕੀਤੀ ਜਾ ਸਕਦੀ। ਸੈਂਕੜੇ ਮਸੂਮਾਂ ਦੀ ਜਾਨ ਬਚਾਉਣ ਲਈ ਤਸੀਹੇ ਦੇਣੇ ਅਣ-ਸਰਦੀ ਲੋੜ ਹੈ। ਉਂਝ ਇਸ ਕਲਪਨਾ ਤੋਂ ਬਿਨਾਂ ਹਕੀਕਤ 'ਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਅਮਰੀਕੀ ਸੈਨੇਟ ਦੁਆਰਾ ਬਣਾਈ ਕਮੇਟੀ ਨੇ ਸੀ.ਆਈ.ਏ. ਦੁਆਰਾ ਬੰਦੀ ਬਣਾਉਣ ਤੇ 'ਪੁੱਛ-ਗਿਛ' ਕਰਨ ਦੇ ਪ੍ਰੋਗਰਾਮ ਸਬੰਧੀ 6000 ਪੰਨਿਆਂ ਦੀ ਰਪਟ ਤਿਆਰ ਕੀਤੀ ਹੈ। ਖ਼ੁਫੀਆ ਅਧਿਕਾਰੀਆਂ ਤੇ ਕੁਝ ਸਿਆਸਤਦਾਨਾਂ ਦੇ ਵਿਰੋਧ ਕਾਰਨ ਸਿਰਫ 525 ਪੰਨੇ ਜਨਤਕ ਹੋ ਸਕੇ ਹਨ। ਉਨ੍ਹਾਂ 'ਚੋਂ ਅਣ-ਗਿਣਤ ਅੱਖਰ ਕਾਲਖ਼ ਨਾਲ ਲਕੋ ਦਿੱਤੇ ਗਏ ਹਨ। ਪੜ੍ਹੇ ਜਾ ਸਕਣ ਵਾਲੇ ਅੱਖਰਾਂ ਦਾ ਸਾਰ-ਤੱਤ ਇਹ ਹੈ ਕਿ ਤਸੀਹੇ ਦੇਣ ਨਾਲ ਨਾ ਤਾਂ ਕਾਰਗਰ ਜਾਣਕਾਰੀ ਹਾਸਿਲ ਹੋਈ ਅਤੇ ਨਾ ਹੀ ਬੰਦੀਆਂ ਤੋਂ ਸਹਿਯੋਗ ਹਾਸਿਲ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਤਸੀਹੇ ਜਾਣਕਾਰੀ ਹਾਸਿਲ ਕਰਨ ਲਈ ਨਹੀਂ, ਸਗੋਂ ਬੰਦੀ ਨੂੰ ਸਰੀਰਕ ਤੇ ਮਾਨਸਿਕ ਪੀੜਾ ਦੇਣ, ਜ਼ਲੀਲ ਤੇ ਸ਼ਰਮਸਾਰ ਕਰਨ, ਸਵੈ-ਨਮੋਸ਼ੀ ਪੈਦਾ ਕਰਨ ਤੇ ਚੁੱਪ ਕਰਵਾਉਣ ਲਈ ਦਿਤੇ ਜਾਂਦੇ ਹਨ। ਤਸੀਹਿਆਂ ਦੀ ਆਪਣੀ ਸਿਆਸਤ ਹੈ। ਰਾਜ-ਸੱਤਾ ਨੂੰ ਚੁਣੌਤੀ ਦੇਣ ਵਾਲਿਆਂ ਜਾਂ ਧਰਮ ਜਾਤੀ ਆਦਿ ਆਧਾਰਿਤ ਬਣਾਏ 'ਨੇਮਾਂ' ਨੂੰ ਨਾ ਮੰਨਣ ਵਾਲਿਆਂ ਲਈ ਤਸੀਹੇ ਕੇਂਦਰਾਂ 'ਚ ਸੌ ਫੀਸਦੀ ਰਾਖ਼ਵਾਂਕਰਨ ਲਾਗੂ ਹੈ।

ਤਸੀਹਿਆਂ ਦੀ ਮਾਰ ਝੱਲਣ ਵਾਲੇ ਬੰਦੀਆਂ ਲਈ ਸਰੀਰਕ ਬਿਮਾਰੀਆਂ ਜ਼ਿੰਦਗੀ ਦਾ ਹਿੱਸਾ ਬਣ ਜਾਂਦੀਆਂ ਹਨ, ਪਰ ਪੰਜ ਸਾਲ ਦੀ ਉਮਰ ਵਿਚ ਪੋਲੀਓ ਦਾ ਸ਼ਿਕਾਰ ਹੋਣ ਕਾਰਨ ਨੱਬੇ ਫੀਸਦੀ ਅਪਾਹਜ ਹੋ ਚੁੱਕੇ ਬੰਦੀ ਨੂੰ ਤਸੀਹੇ ਦੇਣ ਲਈ ਰਵਾਇਤੀ ਜਾਂ ਆਧੁਨਿਕ ਤਰੀਕਿਆਂ ਦੀ ਲੋੜ ਨਹੀਂ ਹੈ। ਉਸ ਨੂੰ ਤਸੀਹੇ ਦੇਣ ਲਈ ਸਰੀਰ ਨੂੰ ਉਂਗਲ ਲਾਉਣ ਦੀ ਵੀ ਲੋੜ ਨਹੀਂ ਹੈ। ਉਸ ਦੀ ਹੋਂਦ ਨੂੰ ਨਾਦਾਰਦ ਸਮਝਣਾ ਕਾਫੀ ਹੈ। ਬੱਸ ਉਸ ਦੀ ਪਹੀਆ-ਕੁਰਸੀ ਤੇ ਸਰੀਰਕ ਬਣਤਰ ਨੂੰ ਅਣਗੌਲਿਆਂ ਕਰਨਾ ਹੈ। ਦੋ ਪੈਰਾਂ 'ਤੇ ਚੱਲ ਸਕਣ ਵਾਲੇ ਬੰਦੀ ਵਾਂਗ ਸਮਝਣਾ ਹੈ। ਕਿਸੇ ਭੇਦ-ਭਾਵ ਤੋਂ ਰਹਿਤ ਵਰਤਾਓ ਕਰਨਾ ਹੈ। ਆਪਣੀਆਂ ਕੁਰਸੀਆਂ ਤੋਂ ਨਾ ਉਠਣ ਦਾ ਕਸ਼ਟ ਕਰਨਾ ਹੈ। ਬੱਸ ਇੰਨੀ ਕੁ ਮਿਹਨਤ ਹੀ ਉਸ ਬੰਦੀ ਨੂੰ ਤਿਲ-ਤਿਲ ਮਾਰਨ ਲਈ ਕਾਫੀ ਤੇ ਕਾਰਗਰ ਹੈ।

ਗੱਲ ਦਿੱਲੀ ਸਥਿਤ ਰਾਮਲਾਲ ਆਨੰਦ ਕਾਲਜ 'ਚ ਅੰਗਰੇਜ਼ੀ ਪੜ੍ਹਾਉਣ ਵਾਲੇ ਡਾ. ਜੀ.ਐਨ. ਸਾਈਬਾਬਾ ਦੇ ਹਵਾਲੇ ਨਾਲ ਹੋ ਰਹੀ ਹੈ। ਡਾ. ਸਾਈਬਾਬਾ 9 ਮਈ 2014 ਨੂੰ ਪੇਪਰਾਂ ਦੀ ਮਾਰਕਿੰਗ ਤੋਂ ਆਪਣੀ ਕਾਰ 'ਚ ਘਰ ਪਰਤ ਰਹੇ ਸਨ। ਘਰ ਤੋਂ ਤਕਰੀਬਨ 10 ਮਿੰਟਾਂ ਦੀ ਵਿੱਥ 'ਤੇ ਉਨ੍ਹਾਂ ਦੀ ਕਾਰ ਨੂੰ ਅੱਗਿਓਂ ਰੋਕਿਆ ਗਿਆ। ਸਾਦੇ ਕੱਪੜਿਆਂ 'ਚ ਆਏ ਪੁਲਿਸ ਵਾਲਿਆਂ ਨੇ ਡਾ. ਸਾਈਬਾਬਾ ਤੇ ਡਰਾਇਵਰ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਆਪਣੀ ਕਾਰ 'ਚ ਬਿਠਾ ਲਿਆ। ਕੁਝ ਸਮਾਂ ਦਿੱਲੀ ਥਾਣੇ ਵਿਚ ਰੱਖਣ ਤੋਂ ਬਾਅਦ ਡਾ. ਸਾਈਬਾਬਾ ਨੂੰ ਹਵਾਈ ਜਹਾਜ਼ ਰਾਹੀਂ ਨਾਗਪੁਰ ਅਤੇ ਉਥੋਂ ਗੜ੍ਹਚਿਰੋਲੀ ਜ਼ਿਲ੍ਹੇ ਦੇ ਦੂਰ-ਦੁਰਾਡੇ ਇਲਾਕੇ ਆਹੇਰੀ ਦੇ ਥਾਣੇ 'ਚ ਲਿਜਾਇਆ ਗਿਆ।

ਇਸ ਪੂਰੇ ਸਮੇਂ ਦੌਰਾਨ ਨਾ ਵਾਰੰਟ ਦਿਖਾਉਣ ਦੀ ਅਤੇ ਨਾ ਕਾਰਨ ਦੱਸਣ ਦੀ ਲੋੜ ਸਮਝੀ ਗਈ। ਬੜੇ ਫਿਲਮੀ ਅੰਦਾਜ਼ 'ਚ ਨੇਪਰੇ ਚਾੜ੍ਹੀ ਇਸ ਘਟਨਾ ਨੂੰ ਗ੍ਰਿਫਤਾਰੀ ਨਹੀਂ, ਸਗੋਂ ਨੱਬੇ ਫੀਸਦੀ ਅਪਾਹਜ ਵਿਅਕਤੀ ਨੂੰ ਅਗਵਾ ਕਰਨ ਦੀ ਕਾਰਵਾਈ ਕਿਹਾ ਜਾਣਾ ਵਧੇਰੇ ਢੁੱਕਵਾਂ ਹੈ। ਪੁਲਿਸ ਨੇ ਡਾ. ਸਾਈਬਾਬਾ 'ਤੇ ਸੀ.ਪੀ.ਆਈ. (ਮਾਓਵਾਦੀ) ਦੇ ਮੈਂਬਰ ਹੋਣ ਤੇ ਉੱਚ ਲੀਡਰਾਂ ਨਾਲ ਰਾਬਤਾ ਹੋਣ ਦੇ ਦੋਸ਼ ਲਾਏ ਹਨ। ਇਨ੍ਹਾਂ ਦੋਸ਼ਾਂ ਦਾ ਲੱਗਣਾ ਹੀ ਪੁਲਿਸ ਨੂੰ ਮਨ-ਮਰਜ਼ੀ ਕਰਨ ਦੀ ਖੁੱਲ੍ਹ ਦੇ ਦਿੰਦਾ ਹੈ। ਭਾਰਤੀ ਕਾਨੂੰਨ, ਸੁਪਰੀਮ ਕੋਰਟ, ਸੰਯੁਕਤ ਰਾਸ਼ਟਰ ਤੇ ਹੋਰ ਕੌਮਾਂਤਰੀ ਸੰਸਥਾਵਾਂ ਦੁਆਰਾ ਬੰਦੀਆਂ ਤੇ ਖ਼ਾਸ ਕਰ ਕੇ ਅਪਾਹਜਾਂ ਸਬੰਧੀ ਦਿੱਤੀਆਂ ਹਦਾਇਤਾਂ ਇਸ ਕੇਸ 'ਚ ਕਾਗਜ਼ਾਂ ਤੱਕ ਮਹਿਦੂਦ ਰਹਿ ਗਈਆਂ ਹਨ। ਪੁਲਿਸ ਅਧਿਕਾਰੀਆਂ ਨੇ ਬੇ-ਖ਼ੌਫ ਬਿਨ੍ਹਾਂ ਕਾਨੂੰਨੀ ਡਰ ਤੋਂ ਗੈਰ-ਕਾਨੂੰਨੀ ਹਰਕਤ ਨੂੰ ਨੇਪਰੇ ਚਾੜ੍ਹਿਆ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ 22 ਮਈ 2014 ਨੂੰ ਨਾਗਪੁਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਨੂੰ ਨੋਟਿਸ ਭੇਜ ਕੇ ਦੋ ਹਫਤਿਆਂ ਅੰਦਰ ਡਾ. ਸਾਈਬਾਬਾ ਦੇ ਹਕੂਕ ਦੇ ਘਾਣ ਦੀ ਵਿਸਤਰਿਤ ਜਾਣਕਾਰੀ ਮੰਗੀ ਗਈ। ਜਵਾਬ ਦੀ ਉਡੀਕ ਸਾਲ ਬਾਅਦ ਵੀ ਮੁੱਕੀ ਨਹੀਂ ਹੈ।

ਹਾਲਾਂਕਿ ਪੁਲਿਸ ਕਰਮੀ ਦੋ ਵਾਰ (ਸਤੰਬਰ 2013 ਤੇ ਜਨਵਰੀ 2014 ਨੂੰ) ਸਾਈਬਾਬਾ ਦੇ ਘਰ ਆ ਚੁੱਕੇ ਸਨ। ਪਹਿਲੀ ਵਾਰ ਘਰ ਦੀ ਤਲਾਸ਼ੀ ਲਈ ਗਈ, ਦੂਜੀ ਵਾਰ ਲੰਮੀ ਪੁੱਛ-ਗਿੱਛ ਕੀਤੀ ਗਈ। ਫਿਰ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਡਾ. ਸਾਈਬਾਬਾ ਨੂੰ ਜੇਲ੍ਹ ਕਿਉਂ ਡੱਕਿਆ ਗਿਆ? ਜਦੋਂ ਝੂਠ, ਫਰੇਬ, ਨਫਰਤ, ਸ਼ੋਸ਼ਣ ਤੇ ਕਤਲੋ-ਗਾਰਤ 'ਤੇ ਟਿਕੀ ਰਾਜ-ਸੱਤਾ ਦੇ ਪਾਜ ਉਘੇੜਨਾ ਸਭ ਤੋਂ ਖ਼ਤਰਨਾਕ ਜੁਰਮ ਬਣ ਜਾਂਦਾ ਹੈ, ਰਾਜ-ਸੱਤਾ ਦੇ ਤਲਿੱਸਮ ਨੂੰ ਤੋੜਨ ਦੇ ਯਤਨ, ਸੰਗੀਨ ਅਪਰਾਧ ਦੀ ਸ਼੍ਰੇਣੀ 'ਚ ਸ਼ਾਮਿਲ ਹੋ ਜਾਂਦੇ ਹਨ, ਉਦੋਂ ਅਜਿਹੇ 'ਅਪਰਾਧੀ' ਦੀ ਸਰੀਰਕ ਸਮਰੱਥਾ ਦਾ ਧਿਆਨ ਰੱਖਣਾ ਬੇ-ਮਾਇਨੇ ਹੋ ਜਾਂਦਾ ਹੈ। ਉਹ ਨੱਬੇ ਫੀਸਦੀ ਅਪਾਹਜ ਹੋਣ ਦੇ ਬਾਵਜੂਦ ਸੀਲ ਮਨੁੱਖ ਬਣਨ ਤੋਂ ਇਨਕਾਰੀ ਹੈ। ਸੱਚ ਦੀ ਰਾਜਨੀਤੀ ਕਰਨਾ ਉਸ ਨੂੰ ਵਿਦਰੋਹੀਆਂ ਤੇ ਕ੍ਰਾਂਤੀਕਾਰੀਆਂ ਦੀ ਫਹਿਰਿਸਤ 'ਚ ਲਿਆ ਖੜ੍ਹਾ ਕਰਦਾ ਹੈ। ਉਸ ਦਾ ਲੁੱਟੀ ਜਾ ਰਹੀ ਲੋਕਾਈ ਦੀ ਨੁਮਾਇੰਦਗੀ ਕਰਨਾ ਨਿਜ਼ਾਮ ਨੂੰ ਨਾ-ਗਵਾਰਾ ਹੈ। ਤਲਿੱਸਮ ਬਰਕਰਾਰ ਰੱਖਣ ਲਈ ਡਾ. ਸਾਈਬਾਬਾ ਦਾ ਅਵਾਮ ਤੋਂ ਨਾਤਾ ਤੋੜਨਾ ਜ਼ਰੂਰੀ ਹੈ। ਜੇਲ੍ਹ ਇਸ ਕੰਮ ਲਈ ਕਾਰਗਰ ਥਾਂ ਹੈ। ਜੇਲ੍ਹ ਅੰਦਰਲਾ ਅਣ-ਮਨੁੱਖੀ ਵਤੀਰਾ ਉਸ ਦੀ ਹੋਂਦ ਨੂੰ ਤੋੜਨ ਲਈ ਕੀਤਾ ਜਾ ਰਿਹਾ ਹੈ; ... ਤੇ ਰਾਜ-ਸੱਤਾ



ਗ੍ਰਿਫਤਾਰੀ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਪ੍ਰੋ. ਸਾਈਬਾਬਾ।

ਜੇਲ੍ਹੋਂ ਬਾਹਰ ਬੈਠਿਆਂ ਨੂੰ 'ਸੁਧਰ ਜਾਣ' ਦਾ ਪਾਠ ਪੜ੍ਹਾ ਰਹੀ ਹੈ।

ਡਾ. ਸਾਈਬਾਬਾ ਅਨੁਸਾਰ, 'ਪੁਲਿਸ ਨੇ ਮੇਰੇ ਨਾਲ ਇੰਝ ਵਰਤਾਓ ਕੀਤਾ ਜਿਵੇਂ ਉਹ ਦਿੱਲੀ ਤੋਂ ਆਹੇਰੀ ਕਿਸੇ ਜਿਉਂਦੇ ਮਨੁੱਖ ਨੂੰ ਨਹੀਂ, ਬਲਕਿ ਸਮਾਨ ਨੂੰ ਲਿਆਏ ਹੋਣ ਜੋ ਉਨ੍ਹਾਂ ਨੇ ਜੱਜ ਸਾਹਮਣੇ ਖੋਲ੍ਹ ਕੇ ਰੱਖ ਦਿੱਤਾ ਹੋਵੇ। ਇਹ ਵਤੀਰਾ ਮੇਰੇ ਸਵੈ-ਮਾਣ ਦੇ ਘਾਣ ਕਰਨ ਤੁਲ ਸੀ। ਥਾਣੇ ਤੇ ਅਦਾਲਤ ਦੇ ਚੱਕਰਾਂ ਵਿਚ ਲਗਾਤਾਰ 72 ਘੰਟੇ ਪਹੀਆ-ਕੁਰਸੀ 'ਤੇ ਬਿਠਾ ਕੇ ਰੱਖਿਆ ਗਿਆ। ਨਾ ਪਖਾਨੇ ਲਿਜਾਇਆ ਗਿਆ ਤੇ ਨਾ ਹੀ ਸੌਣ ਦਿੱਤਾ ਗਿਆ। ਅੰਤ ਅਹੇਰੀ ਦੇ ਜਿਸ ਥਾਣੇ 'ਚ ਬੰਦ ਕੀਤਾ ਗਿਆ, ਉਥੇ ਅਪਾਹਜ ਵਿਅਕਤੀਆਂ ਦੀ ਸਹੂਲਤ ਵਾਲੇ (ਭਾਵ ਅੰਗਰੇਜ਼ੀ ਸੀਟ ਵਾਲਾ) ਪਖਾਨੇ ਦੀ ਸਹੂਲਤ ਨਹੀਂ ਸੀ।' ਪਖਾਨੇ ਨਾ ਜਾ ਸਕਣ ਦੀ ਸੂਰਤ 'ਚ ਉਹ ਕੁਝ ਖਾ ਵੀ ਨਾ ਸਕੇ। ਭੁੱਖੇ ਤੇ ਉਨੀਂਦਰੇ ਹੋਣ ਕਾਰਨ ਬੇਹੋਸ਼ ਹੋ ਕੇ ਡਿੱਗ ਪਏ। ਕੰਨਾਂ ਤੇ ਨੱਕ 'ਚੋਂ ਲਹੂ ਵਗਣ ਲੱਗ ਪਿਆ।

ਪਖਾਨੇ ਦੀ ਸਮੱਸਿਆ ਨੂੰ ਦੇਖਦੇ ਹੋਏ ਆਹੇਰੀ ਅਦਾਲਤ ਨੇ ਡਾ. ਸਾਈਬਾਬਾ ਨੂੰ ਨਾਗਪੁਰ ਸਥਿਤ ਕੇਂਦਰੀ ਜੇਲ੍ਹ 'ਚ ਭੇਜ ਦਿੱਤਾ। ਇਸ ਆਦੇਸ਼ ਨੂੰ ਜਾਰੀ ਕਰਨ ਤੋਂ ਪਹਿਲਾਂ ਅੰਗਰੇਜ਼ੀ ਸੀਟ ਵਾਲਾ ਪਖਾਨਾ ਹੋਣ ਬਾਰੇ ਜਾਣਕਾਰੀ ਹਾਸਿਲ ਨਹੀਂ ਕੀਤੀ ਗਈ। ਪਹੀਆ-ਕੁਰਸੀ ਅਨੁਕੂਲ ਆਲਾ-ਦੁਆਲਾ ਤੇ ਸਹਾਇਕ ਮੁਹੱਇਆ ਕਰਵਾਉਣ ਦੀ ਹਾਮੀ ਭਰੀ ਗਈ। ਅਦਾਲਤਾਂ ਦੇ ਫੈਸਲੇ ਜੇਲ੍ਹ ਦੀ ਕੰਧਾਂ ਦੇ ਪਾਰ ਸੌਖਿਆਂ ਨਹੀਂ ਲੰਘਦੇ। ਨਤੀਜੇ ਵਜੋਂ, ਨਾ ਪਖਾਨੇ ਦੀ ਸਹੂਲਤ ਮਿਲੀ ਤੇ ਨਾ ਹੀ ਸਹਾਇਕ ਮਿਲਿਆ। ਡਾ. ਸਾਈਬਾਬਾ ਚਿੱਠੀ ਵਿਚ ਲਿਖਦੇ ਹਨ- '11 ਮਈ (2014) ਨੂੰ ਸਵੇਰੇ 2:30 ਵਜੇ ਕੇਂਦਰੀ ਜੇਲ੍ਹ, ਨਾਗਪੁਰ ਲਿਜਾਇਆ ਗਿਆ। ਉਸ ਸਮੇਂ ਕੋਈ ਵੀ ਜੇਲ੍ਹ ਅਧਿਕਾਰੀ ਡਿਊਟੀ 'ਤੇ ਨਹੀਂ ਸੀ। ਜੇਲ੍ਹ ਦੇ ਗਾਰਡ ਮੈਨੂੰ ਅੰਦਰ ਲੈ ਕੇ ਗਏ। ਉਦੋਂ ਤੀਕ ਮੇਰੀ ਪਹੀਆ-ਕੁਰਸੀ ਟੁੱਟ ਚੁੱਕੀ ਸੀ। ਬੜੀ ਮੁਸ਼ੱਕਤ ਨਾਲ ਕੈਦੀਆਂ ਨਾਲ ਤੁੰਨੀ ਬੈਰਕ 'ਚ ਲਿਆਂਦਾ ਗਿਆ। ਚਾਰੇ ਪਾਸੇ ਕੈਦੀ ਸੁੱਤੇ ਪਏ ਸਨ। ਮੈਨੂੰ ਕਿਸ ਬੈਰਕ 'ਚ ਰੱਖਣਾ ਹੈ, ਇਸ ਦਾ ਫੈਸਲਾ ਜੇਲ੍ਹ ਅਧਿਕਾਰੀਆਂ ਨੇ ਕਰਨਾ ਸੀ। ਗਾਰਡ ਨੇ ਉਨ੍ਹਾਂ ਦੇ ਆਉਣ ਤੀਕ ਮੈਨੂੰ ਪਹੀਆ-ਕੁਰਸੀ 'ਤੇ ਬੈਠੇ ਰਹਿਣ ਲਈ ਕਿਹਾ।'

ਉਹ ਅਧਿਕਾਰੀਆਂ ਦੇ ਆਉਣ ਤੱਕ ਬਿਨਾਂ ਪਖਾਨੇ ਗਏ, ਬਿਨਾਂ ਭੋਜਨ ਖਾਧੇ, ਬਿਨਾਂ ਦਵਾਈ ਲਏ ਪਹੀਆ-ਕੁਰਸੀ 'ਤੇ ਘੰਟਿਆਂ ਬੱਧੀ ਬੈਠੇ ਰਹੇ। ਉਨ੍ਹਾਂ ਨੇ ਆਉਂਦੇ ਸਾਰ ਅੰਡਾ-ਸੈੱਲ 'ਚ ਰੱਖਣ ਦੇ ਆਦੇਸ਼ ਦਿੱਤੇ। ਇਹ ਸੈੱਲ ਭਾਰਤ ਦੀ 'ਸੁਰੱਖਿਆ' ਲਈ ਸਭ ਤੋਂ 'ਖ਼ਤਰਨਾਕ' ਬੰਦੀਆਂ ਲਈ ਰਾਖਵਾਂ ਹੈ। ਇਥੇ ਰੌਸ਼ਨੀ ਤੇ ਹਵਾ ਦੇ ਆਉਣ 'ਤੇ ਪਾਬੰਦੀ ਹੈ। ਇਸ ਸੈੱਲ ਵਿਚ ਨਾ ਪਖਾਨੇ ਦੀ ਸਹੂਲਤ ਤੇ ਨਾ ਸਹਾਇਕ ਮਿਲਿਆ। ਨਾ ਸਲੈਬ ਜਾਂ ਉੱਚਾ ਥੜ੍ਹਾ ਜਿਸ ਸਹਾਰੇ ਪਹੀਆ-ਕੁਰਸੀ 'ਤੇ ਚੜ੍ਹਿਆ ਤੇ ਉਤਰਿਆ ਜਾ ਸਕਦਾ ਸੀ। ਸਹਾਇਕ ਬਾਰੇ ਪੁੱਛਣ 'ਤੇ ਬਾਕੀ ਕੈਦੀਆਂ ਤੋਂ ਮਦਦ ਮੰਗਣ ਦੀ ਸਲਾਹ ਦਿੱਤੀ ਗਈ। ਜੇਲ੍ਹ ਅਧਿਕਾਰੀ ਨੇ ਡਾ. ਸਾਈਬਾਬਾ ਨੂੰ ਕਿਹਾ ਕਿ 'ਤੁਹਾਨੂੰ ਇਥੇ ਲਿਆਉਣ ਬਾਰੇ ਉਨ੍ਹਾਂ ਕੋਲ ਪਹਿਲਾਂ ਤੋਂ ਕੋਈ ਜਾਣਕਾਰੀ ਨਹੀਂ ਸੀ। ਨਾ ਹੀ ਵਿਸ਼ੇਸ਼ ਇੰਤਜ਼ਾਮ ਕਰਨ ਦੇ ਆਦੇਸ਼ ਆਏ ਹਨ। ਤੁਹਾਨੂੰ ਸਖ਼ਤ ਸੁਰੱਖਿਆ ਵਾਲੇ ਇਕੱਲੇ ਸੈੱਲ 'ਚ ਰੱਖਣ ਲਈ ਕਿਹਾ ਗਿਆ ਹੈ।' ਲੰਮੀ ਜਦੋਜਹਿਦ ਤੋਂ ਬਾਅਦ ਉਨ੍ਹਾਂ ਦੀ ਟੁੱਟੀ ਪਹੀਆ-ਕੁਰਸੀ ਨੂੰ ਠੀਕ ਕਰਵਾਇਆ ਗਿਆ, ਪਖਾਨੇ ਦੀ ਸਹੂਲਤ ਮਿਲੀ ਤੇ ਦੋ ਸਹਾਇਕ ਦੇ ਦਿੱਤੇ ਗਏ। ਅੰਡਾ-ਸੈੱਲ ਤੋਂ ਬਾਹਰ ਲਿਆਉਣ ਦੇ ਅਦਾਲਤ ਨੇ ਹੁਕਮ ਤਾਂ ਕਰ ਦਿੱਤੇ ਹਨ, ਪਰ ਦਵਾਈਆਂ ਤੇ ਸਹੀ ਇਲਾਜ ਲਈ ਸੰਘਰਸ਼ ਜਾਰੀ ਹੈ।

ਐਕਸ-ਰੇ ਤੇ ਐਮ.ਆਰ.ਆਈ. ਕਰਵਾਉਣ ਤੋਂ ਪਤਾ ਲੱਗਿਆ ਕਿ ਰੀੜ੍ਹ ਦੀ ਹੱਡੀ ਦੇ ਦੋ ਉਪਰਲੇ ਤੇ ਦੋ ਹੇਠਲੇ ਮਣਕੇ ਹਿੱਲ ਗਏ ਹਨ। ਰੀੜ੍ਹ ਦੀ ਹੱਡੀ 'ਤੇ ਦਬਾਅ ਪੈਣ ਕਾਰਨ ਸੱਜੇ ਪਾਸੇ ਨੂੰ ਕੁੱਬ ਪੈ ਗਿਆ ਹੈ ਜਿਸ ਕਾਰਨ ਪਸਲੀਆਂ ਵਿਚਲੀ ਵਿੱਥ ਘੱਟ ਗਈ ਹੈ ਤੇ ਫੇਫੜਿਆਂ 'ਤੇ ਮਾਰੂ ਅਸਰ ਪੈ ਰਿਹਾ ਹੈ। ਨਸਾਂ ਦੀਆਂ ਜੜ੍ਹਾਂ ਤੇ ਦਬਾਅ ਵਧ ਰਿਹਾ ਹੈ। ਖੱਬੀ ਬਾਂਹ ਦੇ ਕੰਮ ਕਰਨ ਦੀ ਤਾਕਤ ਪਹਿਲਾਂ ਨਾਲੋਂ ਘਟ ਗਈ ਹੈ। ਉਨ੍ਹਾਂ ਨੂੰ ਹੁਣ ਬੈਠਣ 'ਚ ਵੀ ਤਕਲੀਫ਼ ਹੋ ਰਹੀ ਹੈ। ਡਾਕਟਰਾਂ ਨੇ ਰੀੜ੍ਹ ਦੀ ਹੱਡੀ ਦੇ ਵੱਡੇ ਅਪਰੇਸ਼ਨ ਦੀ ਸਲਾਹ ਦਿਤੀ ਹੈ। ਪਿੱਤੇ ਤੇ ਦੋਨੋਂ ਗੁਰਦਿਆਂ 'ਚ ਪੱਥਰੀਆਂ ਬਣ ਗਈਆਂ ਹਨ। ਲਹੂ ਦਾ ਦਬਾਅ ਲਗਾਤਾਰ ਵਧ ਰਿਹਾ ਹੈ। ਦਿਲ ਦੀਆਂ ਬਿਮਾਰੀਆਂ ਨਾਲ ਲੜਾਈ ਪਹਿਲਾਂ ਤੋਂ ਹੀ ਚੱਲ ਰਹੀ ਹੈ। ਈ.ਸੀ.ਜੀ. ਵਿਚ ਵੱਡੇ ਉਤਾਰ-ਚੜ੍ਹਾਅ ਆਉਣ ਕਾਰਨ ਡਾਕਟਰਾਂ ਨੇ ਐਨਜੀਓਗ੍ਰਾਫੀ ਕਰਵਾਉਣ ਦੀ ਸਲਾਹ ਦਿਤੀ ਹੈ। ਪਿਛਲੇ ਕੁੱਝ ਸਮੇਂ ਤੋਂ ਪੇਸ਼ਾਬ ਆਉਣ 'ਚ ਤਕਲੀਫ ਹੋ ਰਹੀ ਹੈ। ਸਰੀਰਕ ਹਾਲਤ ਨੂੰ ਹੋਰ ਵਿਗੜਨ ਤੋਂ ਬਚਾਉਣ ਲਈ ਢੁੱਕਵੀਆਂ ਦਵਾਈ ਤੇ ਫਿਜ਼ੀਓਥੈਰਪੀ ਦੀ ਸਖ਼ਤ ਜ਼ਰੂਰਤ ਹੈ ਪਰ ਇਲਾਜ ਦੇ ਨਾਂ 'ਤੇ ਜ਼ਿਆਦਾਤਰ ਦਰਦ ਘਟਾਉਣ ਦੀਆਂ ਦਵਾਈਆਂ ਹੀ ਦਿੱਤੀਆਂ ਜਾ ਰਹੀਆਂ ਹਨ। ਸਿਹਤ ਨੂੰ ਆਧਾਰ ਬਣਾ ਕੇ ਤਿੰਨ ਵਾਰ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ। ਅਦਾਲਤ ਲਈ ਬਾਗੀ ਜਾਨ ਦੀ ਕੀਮਤ ਪੁਲਿਸ ਦੀਆਂ ਹਦਾਇਤਾਂ ਤੋਂ ਨਿਗੁਣੀ ਹੈ। ਸੋ, ਅਰਜ਼ੀ ਦੋ ਵਾਰ ਖ਼ਾਰਿਜ ਕਰ ਦਿੱਤੀ ਗਈ ਹੈ।

ਨਿਜ਼ਾਮ ਉਸ ਦੇ ਹੌਸਲੇ ਤੇ ਸਿਦਕ ਦੀ ਪਰਖ ਕਰ ਰਿਹਾ ਹੈ। ਦਰਦਮੰਦੀ, ਮਨੁੱਖਤਾ ਤੇ ਸਰਬੱਤ ਦੇ ਭਲੇ ਦੀ ਬਾਤ ਪਾਉਣਾ ਲੋਚਦੇ ਮਨੁੱਖ ਨੂੰ ਚੁਣੌਤੀ ਦੇ ਰਿਹਾ ਹੈ।

# ਪਾਕਿਸਤਾਨ ਵਿਚ ਫੌਜੀ ਦਖਲ ਦਾ ਖਤਰਾ ਵਧਿਆ

ਗਲਾਸਗੋ ਨਾਲ ਸਬੰਧਤ ਪਰਵਾਸੀ ਸਿਆਸਤਦਾਨ ਚੌਧਰੀ ਮੁਹੰਮਦ ਸਰਵਰ ਨੇ ਸ਼ਾਇਦ ਪੰਜਾਬ ਦੇ ਰਾਜਪਾਲ ਦੇ ਅਹੁਦੇ ਤੋਂ ਆਪਣੇ ਅਸਤੀਫ਼ੇ ਦਾ ਸਮਾਂ ਇਸ ਹਿਸਾਬ ਨਾਲ ਨਿਰਧਾਰਤ ਕੀਤਾ ਸੀ ਕਿ ਇਸ ਤੋਂ ਅਜਿਹਾ ਪ੍ਰਭਾਵ ਨਾ ਜਾਵੇ ਕਿ ਉਹ ਡੁੱਬਦੇ ਹੋਏ ਬੇੜੇ ਨੂੰ ਛੱਡ ਰਹੇ ਹਨ। ਉਨ੍ਹਾਂ ਨੇ ਅਸਲ ਵਿਚ ਨਵੰਬਰ ਵਿਚ ਹੀ ਅਹੁਦਾ ਛੱਡਣ ਦਾ ਫ਼ੈਸਲਾ ਕਰ ਲਿਆ ਸੀ ਅਤੇ ਸ਼ਰੀਫ਼ ਭਰਾਵਾਂ ਨੂੰ ਵੀ ਆਪਣੇ ਫ਼ੈਸਲੇ ਤੋਂ ਜਾਣੂ ਕਰਵਾ

**ਆਰਿਫ ਨਿਜ਼ਾਮੀ**

ਦਿੱਤਾ ਸੀ ਪਰ ਮਤਭੇਦਾਂ ਦੇ ਬਾਵਜੂਦ, ਖ਼ਾਸ ਕਰ ਕੇ ਸ਼ਹਿਬਾਜ਼ ਸ਼ਰੀਫ਼ ਨਾਲ ਮਤਭੇਦਾਂ ਦੇ ਬਾਵਜੂਦ, ਉਹ ਅਜਿਹੇ ਸਮੇਂ ਸਰਕਾਰ ਦਾ ਸਾਥ ਨਹੀਂ ਛੱਡਣਾ ਚਾਹੁੰਦੇ ਸਨ, ਜਦੋਂ ਇਮਰਾਨ ਖਾਨ ਵੱਲੋਂ ਇਸ ਖਿਲਾਫ਼ ਵੱਡਾ ਅੰਦੋਲਨ ਚਲਾਇਆ ਜਾ ਰਿਹਾ ਸੀ।

ਸਰਕਾਰ ਦੇ ਮੀਡੀਆ ਮੈਨੇਜਰਾਂ ਨੇ ਇਹ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਕਿ ਸਰਵਰ ਨੂੰ ਉਨ੍ਹਾਂ ਦੇ ਉਸ ਬਿਆਨ ਤੋਂ ਬਾਅਦ ਅਹੁਦਾ ਛੱਡਣ ਲਈ ਕਿਹਾ ਗਿਆ ਜਿਸ ਵਿਚ ਉਨ੍ਹਾਂ ਨੇ ਘਰੇਲੂ ਮਸਲਿਆਂ ਦੇ ਨਾਲ-ਨਾਲ ਵਿਦੇਸ਼ੀ ਮਾਮਲਿਆਂ ਸਬੰਧੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦਾ ਜ਼ਿਕਰ ਕੀਤਾ ਸੀ। ਸਰਵਰ ਨੇ ਫ਼ੈਸਲਾ ਕੀਤਾ ਹੈ ਕਿ ਉਹ ਵਿਦੇਸ਼ ਵਾਪਸ ਨਹੀਂ ਜਾਣਗੇ। ਉਹ ਪਾਕਿਸਤਾਨ ਵਿਚ ਰਹਿ ਕੇ ਹੀ ਸਿਆਸੀ ਭੂਮਿਕਾ ਨਿਭਾਉਣ ਦੇ ਖਾਹਿਸ਼ਮੰਦ ਹਨ। ਜਿਵੇਂ ਸੰਭਾਵਨਾਵਾਂ ਪ੍ਰਗਟਾਈਆਂ ਜਾ ਰਹੀਆਂ ਹਨ, ਜੇ ਉਹ ਪਾਕਿਸਤਾਨ-ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਵਿਚ ਸ਼ਾਮਿਲ ਹੋ ਜਾਂਦੇ ਹਨ ਤਾਂ ਉਹ ਪੰਜਾਬ 'ਚ ਪਾਰਟੀ ਦਾ ਸਿਆਸੀ ਆਧਾਰ ਵਧਾਉਣ 'ਚ ਕਾਫੀ ਮਦਦਗਾਰ ਭੂਮਿਕਾ ਨਿਭਾਅ ਸਕਦੇ ਹਨ। ਸਰਵਰ ਦਾ ਦਾਅਵਾ ਹੈ ਕਿ 2013 ਦੀਆਂ ਚੋਣਾਂ 'ਚ ਪੀ.ਐਮ.ਐਲ.(ਐਨ.) ਵੱਲੋਂ ਜਿਥੋਂ ਜਿਥੋਂ ਵੀ ਉਨ੍ਹਾਂ ਦੀ ਸਲਾਹ ਮੁਤਾਬਿਕ ਟਿਕਟਾਂ ਦਿੱਤੀਆਂ ਗਈਆਂ, ਉਥੋਂ ਹੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਹੋਈ। ਇਸ ਲਿਹਾਜ਼ ਨਾਲ ਭਾਵੇਂ ਉਹ ਅਹੁਦੇ 'ਤੇ ਰਹਿੰਦਿਆਂ ਤਾਂ ਸੱਤਾਧਾਰੀ ਪਾਰਟੀ ਲਈ ਬਹੁਤੇ ਮਦਦਗਾਰ ਸਾਬਤ ਨਾ ਹੋ ਸਕੇ ਹੋਣ ਪਰ ਵਿਰੋਧੀ ਖੇਮੇ 'ਚ ਹੁੰਦਿਆਂ ਉਹ ਅਗਲੀਆਂ ਚੋਣਾਂ 'ਚ ਪਾਰਟੀ ਦੀਆਂ ਚੋਣ ਸੰਭਾਵਨਾਵਾਂ ਦਾ ਨੁਕਸਾਨ ਜ਼ਰੂਰ ਕਰ ਸਕਦੇ ਹਨ।

ਫ਼ੌਜ, ਜਿਸ ਦੇ ਮੁਖੀ ਸਰਗਰਮ ਵਿਦੇਸ਼ ਮੰਤਰੀ ਦੀ ਭੂਮਿਕਾ ਨਿਭਾਅ ਰਹੇ ਹਨ, ਵੱਲੋਂ ਨਾ ਸਿਰਫ ਵਿਦੇਸ਼ ਨੀਤੀ ਘੜੀ ਜਾ ਰਹੀ ਹੈ, ਸਗੋਂ ਇਸ ਨੂੰ ਚਲਾਇਆ ਵੀ ਜਾ ਰਿਹਾ ਹੈ। ਦੇਸ਼ ਦੀਆਂ ਭੂਗੋਲਿਕ ਹੱਦਾਂ ਦੀ ਰਾਖੀ ਕਰਨਾ ਤਾਂ ਫ਼ੌਜ ਦਾ ਪਰਿਭਾਸ਼ਤ ਕੰਮ ਹੈ, ਪਰ ਅਤਿਵਾਦ ਦੇ ਖ਼ਤਰੇ ਦੇ ਮੱਦੇਨਜ਼ਰ ਹੁਣ ਦੇਸ਼ ਦੀ ਅੰਦਰੂਨੀ ਸੁਰੱਖਿਆ ਵੀ ਇਸ ਦੇ ਕਾਰਜ ਖੇਤਰ ਵਿਚ ਆ ਗਈ ਹੈ। ਸੰਵਿਧਾਨ ਦੀ ਵਿਵਾਦਤ 21ਵੀਂ ਸੋਧ ਤਹਿਤ ਫ਼ੌਜੀ ਅਦਾਲਤਾਂ ਦੀ ਸਥਾਪਨਾ ਤੋਂ ਬਾਅਦ ਤਾਂ ਹੁਣ ਇਹ ਨਿਆਂਇਕ ਮਾਮਲਿਆਂ ਵਿਚ ਵੀ ਦਖਲਅੰਦਾਜ਼ੀ ਕਰਨ ਲੱਗ ਪਈ ਹੈ। ਸ਼ਾਇਦ ਪਹਿਲਾਂ ਕਦੇ ਵੀ ਕਿਸੇ ਨਾਗਰਿਕ ਸਿਆਸੀ ਪ੍ਰਬੰਧ ਵੇਲੇ ਫ਼ੌਜ ਇੰਨੀ ਸਰਗਰਮ ਭੂਮਿਕਾ ਵਿਚ ਨਹੀਂ ਰਹੀ, ਜਿੰਨੀ ਮੌਜੂਦਾ ਸਮੇਂ ਵਿਚ ਹੈ।

2013 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਸ਼ਰੀਫ਼ ਨੇ ਗ਼ਲਤ ਤੌਰ 'ਤੇ ਹੀ ਇਹ ਸੋਚ ਲਿਆ ਸੀ ਕਿ ਉਥੋਂ ਹੀ ਮੁੜ ਸ਼ੁਰੂਆਤ ਕਰ ਲੈਣਗੇ, ਜਿਥੋਂ ਉਨ੍ਹਾਂ ਨੇ 1999 ਵਿਚ ਦੇਸ਼ ਛੱਡਿਆ ਸੀ, ਪਰ ਤੱਥ ਇਹ ਹੈ ਕਿ ਦੇਸ਼ ਉਦੋਂ ਦੇ ਮੁਕਾਬਲੇ ਬਹੁਤ ਬਦਲ ਚੁੱਕਾ ਸੀ ਅਤੇ ਉਨ੍ਹਾਂ ਦੇ ਸਾਹਮਣੇ ਨਵੀਆਂ ਹਕੀਕਤਾਂ ਖੜ੍ਹੀਆਂ ਸਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਨਜਿੱਠਣਾ ਪੈਣਾ ਸੀ। ਸਾਰੀਆਂ ਸੰਸਥਾਵਾਂ 'ਤੇ ਗਲਬਾ ਪਾਉਣ ਦੀ ਉਨ੍ਹਾਂ ਦੀ ਕੁਦਰਤੀ ਇੱਛਾ ਨੂੰ ਤਾਂ ਉਨ੍ਹਾਂ ਦੇ ਹੀ ਚੁਣੇ ਹੋਏ ਫ਼ੌਜੀ ਮੁਖੀ ਵੱਲੋਂ ਸ਼ੁਰੂਆਤ ਵਿਚ ਹੀ ਕੁਚਲ ਦਿੱਤਾ ਗਿਆ ਸੀ। ਪਿਛਲੇ ਸਾਲ ਮਈ ਮਹੀਨੇ ਨਰੇਂਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਿਲ ਹੋਣ ਲਈ ਜਦੋਂ ਉਨ੍ਹਾਂ ਨੇ ਭਾਰਤ ਦਾ ਤਬਾਹਕੁਨ ਦੌਰਾ ਕੀਤਾ, ਉਸ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਸਰਕਾਰ ਲਗਾਤਾਰ ਨਿਘਾਰ ਦੀ ਸ਼ਿਕਾਰ ਹੁੰਦੀ ਗਈ।

ਕੁਝ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਨਵਾਜ਼ ਉਸ ਅਖੌਤੀ ਕਿਆਨੀ ਸਿਧਾਂਤ ਦੇ ਵੀ ਸ਼ਿਕਾਰ ਹੋਏ ਹਨ, ਜਿਸ ਤਹਿਤ ਸਿਵਲੀਅਨ ਸਰਕਾਰ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਜਾਂਦਾ ਹੈ ਕਿ ਫ਼ੌਜ ਸਿੱਧੇ ਤੌਰ 'ਤੇ ਹਕੂਮਤ ਸੰਭਾਲਣ ਦਾ ਬੋਝ ਉਠਾਉਣ ਤੋਂ ਬਿਨਾਂ ਹੀ ਆਪਣੀ ਇੱਛਾ ਮੁਤਾਬਿਕ ਸਭ ਕੁਝ ਕਰਵਾ ਲੈਂਦੀ ਹੈ। ਉਨ੍ਹਾਂ ਅਨੁਸਾਰ ਜਿਵੇਂ ਸਾਬਕਾ ਫ਼ੌਜੀ ਮੁਖੀ ਕਿਆਨੀ ਹੇਠਲੇ ਆਈ.ਐਸ.ਆਈ. ਦੇ ਮੁਖੀ ਜਨਰਲ ਸ਼ੁਜਾ ਪਾਸ਼ਾ ਨੇ ਮੈਮੋਗੇਟ ਕਾਂਡ ਰਾਹੀਂ ਜ਼ਰਦਾਰੀ ਸਰਕਾਰ ਨੂੰ ਅਤਿਅੰਤ ਕਮਜ਼ੋਰ ਕਰ ਦਿੱਤਾ ਸੀ, ਉਸੇ ਤਰ੍ਹਾਂ ਸ਼ਰੀਫ਼ ਭਰਾਵਾਂ ਨੂੰ ਵੀ ਆਈ.ਐਸ.ਆਈ. ਦੇ ਸੇਵਾ-ਮੁਕਤ ਹੋ ਚੁੱਕੇ ਮੁਖੀ ਜਨਰਲ ਜ਼ਹੀਰ-ਉਲ-ਇਸਲਾਮ ਦੀਆਂ ਬਿਆਨਬਾਜ਼ੀਆਂ ਰਾਹੀਂ ਗੋਡਿਆਂ ਭਾਰ ਕਰ ਦਿੱਤਾ ਗਿਆ ਹੈ।

ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਸੂਤਰਾਂ ਵੱਲੋਂ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਇਮਰਾਨ ਦੇ ਧਰਨੇ ਨੂੰ ਅਸਲ ਵਿਚ ਸਥਾਪਤੀ ਦੀ ਹੀ ਹਮਾਇਤ ਹਾਸਲ ਸੀ ਤਾਂ ਕਿ ਸ਼ਰੀਫ਼ ਭਰਾਵਾਂ ਦਾ ਪ੍ਰਭਾਵ ਸੀਮਤ ਕੀਤਾ ਜਾ ਸਕੇ। ਪਿਛਲੇ ਵਰ੍ਹੇ ਅਗਸਤ ਦੇ ਅਖੀਰ ਅਤੇ ਸਤੰਬਰ ਦੇ ਸ਼ੁਰੂ ਵਿਚ ਇਮਰਾਨ ਅਤੇ ਕਾਦਰੀ ਦੇ ਸਾਂਝੇ ਸੰਘਰਸ਼ ਦੇ ਨਤੀਜੇ ਵਜੋਂ ਸ਼ਰੀਫ਼ ਭਰਾਵਾਂ ਦੀ ਹਾਲਤ ਬੜੀ ਬੇਯਕੀਨੀ ਵਾਲੀ ਹੋ ਗਈ ਸੀ। ਜੇ ਫ਼ੌਜ ਚਾਹੁੰਦੀ ਤਾਂ ਉਸ ਵਕਤ ਮੌਜੂਦਾ ਪ੍ਰਬੰਧ ਨੂੰ ਵਲੇਟਣਾ ਅਤੇ ਨਵੇਂ ਪ੍ਰਬੰਧ ਤਹਿਤ ਮੁੜ ਚੋਣਾਂ ਕਰਾਉਣ ਦਾ ਐਲਾਨ ਕਰਨਾ ਕੋਈ ਵੱਡੀ ਗੱਲ ਨਹੀਂ ਸੀ, ਪਰ ਅਜਿਹਾ ਕੀਤਾ ਨਹੀਂ ਗਿਆ। ਸੋ, ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਸਰਕਾਰ, ਭਾਵੇਂ ਕਮਜ਼ੋਰ ਹੈ, ਪਰ ਅਜੇ ਵੀ ਕਾਇਮ ਹੈ।

ਹਾਲਾਤ ਅਜਿਹੇ ਮੋੜ 'ਤੇ ਆ ਗਏ ਹਨ ਕਿ ਕੁਝ ਵਿਸ਼ਲੇਸ਼ਣਕਾਰ ਫ਼ੌਜ ਦੇ ਮੁਖੀ ਨੂੰ ਦਖ਼ਲਅੰਦਾਜ਼ੀ ਕਰ ਕੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਸਰਕਾਰ ਨੂੰ ਬਾਹਰ ਦਾ ਰਸਤਾ ਦਿਖਾਉਣ ਵਾਸਤੇ ਕਹਿਣ ਲੱਗ ਪਏ ਹਨ। ਇਸ ਤਰ੍ਹਾਂ ਦੀ ਸੰਵਿਧਾਨੋਂ ਬਾਹਰੀ ਦਖ਼ਲਅੰਦਾਜ਼ੀ ਤਬਾਹਕੁਨ ਹੀ ਸਿੱਧ ਹੋਵੇਗੀ, ਪਰ ਜੇ ਸ਼ਰੀਫ਼ ਭਰਾ ਆਪਣੇ ਪ੍ਰਸ਼ਾਸਨਕ ਪ੍ਰਬੰਧ ਨੂੰ ਟਿਕਾਣੇ ਸਿਰ ਕਰਨ 'ਚ ਕਾਮਯਾਬ ਨਾ ਹੋਏ ਤਾਂ ਅਜਿਹਾ ਹੋਣਾ ਟਾਲਿਆ ਨਹੀਂ ਜਾ ਸਕੇਗਾ।

# ਸਫਰੀ, ਚੰਨ, ਦੇਵ ਥਰੀਕੇ ਤੇ ਇੰਦਰਜੀਤ ਹਸਨਪੁਰੀ ਦੀਆਂ ਗੱਲਾਂ

ਪਰਛਾਵੇਂ ਵੱਡੇ ਜਾਂ ਤਾਂ ਸੂਰਜ ਚੜ੍ਹਨ ਵੇਲੇ ਹੁੰਦੇ ਨੇ, ਤੇ ਜਾਂ ਫਿਰ ਡੁੱਬਣ ਵੇਲੇ। ਸਿਖਰ ਦੁਪਹਿਰੇ ਜਾਂ ਤਾਂ ਗਰਮੀ ਵੱਧ ਲਗਦੀ ਹੈ ਜਾਂ ਨਿੱਘ ਮਿਲਦਾ ਹੈ। ਜਵਾਨੀ ਵਿਚ ਬਹੁਤੇ ਕ੍ਰਿਸ਼ਮੇ ਜਿਸਮਾਨੀ ਹੁੰਦੇ ਹਨ, ਕਲਾ ਤਾਂ ਨਿਖਰਦੀ ਹੀ ਤਜਰਬੇ ਨਾਲ ਬੁਢਾਪੇ ਵਿਚ ਜਾ ਕੇ ਹੈ। ਮੈਂ ਜਿੰਨਾ ਤਿੰਨ ਕੁ ਦਹਾਕੇ ਗਾਇਕਾਂ ਵਿਚ ਵਿਚਰਿਆ ਹਾਂ, ਉਨਾ ਹੀ ਗੀਤਕਾਰਾਂ ਤੇ ਸੰਗੀਤਕਾਰਾਂ ਵਿਚ।



**ਦੋ ਹਸਤੀਆਂ-ਕੁਲਦੀਪ ਮਾਣਕ ਅਤੇ ਜਗਦੇਵ ਸਿੰਘ ਜੱਸੋਵਾਲ ਜੋ ਹੁਣ ਇਸ ਦੁਨੀਆਂ 'ਤੇ ਨਹੀਂ ਹਨ। ਇਹ ਫੋਟੋ ਦੇਵ ਥਰੀਕੇ ਤੇ ਭਗਵੰਤ ਮਾਨ ਸਮੇਤ 2010 ਵਿਚ ਐਸ. ਅਸ਼ੋਕ ਭੌਰਾ ਦੇ ਘਰ ਦੀ ਹੈ।**

ਢੋਲਕੀਆਂ, ਵਾਜੇ, ਘੜੇ ਤੇ ਤੂੰਬੀ ਵਜਾਉਣ ਵਾਲੇ ਬਹੁਤੇ ਜਣੇ ਜਾਂ ਤਾਂ ਮੈਨੂੰ ਜਾਣਦੇ ਹਨ, ਜਾਂ ਮੈਂ ਉਨ੍ਹਾਂ ਨੂੰ; ਇਥੋਂ ਤੱਕ ਕਿ ਇਨ੍ਹਾਂ ਦੇ ਦਫਤਰੀ ਕਲਰਕਾਂ ਦੇ ਵੇਰਵੇ ਵੀ ਪੂਰੇ ਯਾਦ ਹਨ। ਜਦੋਂ ਮੈਂ ਜਵਾਨੀ ਵਿਚ ਸਾਂ ਤਾਂ ਕਈ ਗੀਤਕਾਰ ਬੁਢਾਪੇ ਵੱਲ ਖਿਸਕ ਗਏ ਸਨ। ਇਨ੍ਹਾਂ ਵਿਚੋਂ ਚਰਨ ਸਿੰਘ ਸਫ਼ਰੀ, ਸਾਜਨ ਰਾਏਕੋਟੀ ਤੇ ਇੰਦਰਜੀਤ ਹਸਨਪੁਰੀ ਤੁਰ ਗਏ ਹਨ, ਚੰਨ ਗੁਰਾਇਆ ਵਾਲਾ ਤਕੜਾ ਹੈ ਤੇ ਦੇਵ ਥਰੀਕਿਆਂ ਵਾਲੇ ਨੂੰ ਬੁਢਾਪਾ ਚਹੁੰ ਪਾਸਿਆਂ ਤੋਂ ਘੇਰਾ ਘੱਤੀ ਬੈਠਾ ਹੈ। ਕੁਝ ਦਿਲਚਸਪ ਯਾਦਾਂ ਦੀ ਪਟਾਰੀ ਸ਼ਬਦਾਂ ਦੀ ਬੀਨ ਨਾਲ ਖੋਲ੍ਹਣ ਦਾ ਯਤਨ ਕਰਾਂਗਾ।

***

ਚਰਨ ਸਿੰਘ ਸਫ਼ਰੀ ਕਦੇ ਬੋਦਲੀ, ਕਦੇ ਹੁਸ਼ਿਆਰਪੁਰ ਦੀਆਂ ਸਾਹਿਤ ਸਭਾਵਾਂ ਵਿਚ, ਕਦੇ ਨਰਿੰਦਰ ਬੀਬਾ ਦੇ ਘਰੇ, ਕਦੇ ਨਵੇਂ ਸ਼ਹਿਰ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ' ਵਾਲੇ ਪ੍ਰੋ. ਸਰੂਪ ਸਿੰਘ ਦੇ ਦਫਤਰ, ਕਦੇ ਰੇਡੀਓ 'ਤੇ, ਜਾਂ ਫਿਰ ਜਲੰਧਰ ਦੂਰਦਰਸ਼ਨ, ਸੈਂਕੜੇ ਵੇਰਾਂ ਮਿਲਦਾ ਰਿਹਾ। ਇਨ੍ਹਾਂ ਮੁਲਾਕਾਤਾਂ ਵਿਚ ਇਕ ਸਮਾਨਤਾ ਜ਼ਰੂਰ ਹੁੰਦੀ, ਜਾਂ ਤਾਂ ਉਹਨੇ ਘੁੱਟ ਲਾਈ ਹੁੰਦੀ ਜਾਂ ਲਾਉਣ ਦੀ ਤਿਆਰੀ ਵਿਚ ਹੁੰਦਾ, ਤੇ ਜਾਂ ਫਿਰ ਰਾਤ ਦੀ ਪੀਤੀ ਜ਼ਾਹਿਰ ਹੋ ਰਹੀ ਹੁੰਦੀ। ਫਿਰ ਵੀ ਜੇ ਉਹਦੇ ਕੋਲੋਂ ਉਠਣ ਨੂੰ ਜੀਅ ਨਹੀਂ ਸੀ ਕਰਦਾ ਤਾਂ ਇਸ ਕਰ ਕੇ ਕਿ ਉਹ ਦੇਵਤਾ ਬੰਦਾ ਸੀ; ਦੂਜਾ, ਸਿੱਖ ਇਤਿਹਾਸ ਨੂੰ ਜਿਸ ਤਰ੍ਹਾਂ ਉਹ ਗੀਤਾਂ ਵਿਚ ਬੰਨ੍ਹਦਾ ਸੀ, ਉਦਾਂ ਹੋਰ ਕੋਈ ਨਹੀਂ। 'ਸਾਕਾ ਸਰਹਿੰਦ' ਵਰਗੀਆਂ ਨਰਿੰਦਰ ਬੀਬਾ ਦੇ ਗਾਏ ਅਮਰ ਗੀਤ ਸਫ਼ਰੀ ਦੇ ਹੀ ਹੋ ਸਕਦੇ ਸਨ। ਕੀਹਨੂੰ ਭੁੱਲ ਸਕਦਾ ਹੈ- 'ਚੰਨ ਮਾਤਾ ਗੁਜਰੀ ਦਾ, ਸੁੱਤਾ ਕੰਡਿਆਂ ਦੀ ਸੇਜ ਵਿਛਾਈ।'

ਇਕ ਵਾਰ ਦਿੱਲੀ ਤੋਂ ਪਰਤਦਿਆਂ ਮੈਂ ਲੁਧਿਆਣੇ ਬੱਸ ਅੱਡੇ ਉਤਰਿਆ ਤਾਂ ਚਿੱਤ ਕੀਤਾ ਕਿ ਦੁਪਹਿਰਾ ਨਰਿੰਦਰ ਬੀਬਾ ਦੀ ਨਾਲ ਲਗਦੀ ਪੀਲੀ ਕੋਠੀ ਵਿਚ ਗੁਜ਼ਾਰ ਕੇ ਚਲਦੇ ਆਂ। ਬੀਬਾ ਘਰੇ ਸੀ, ਮੈਂ ਸਧਾਰਨ ਹੀ ਪੁੱਛਿਆ, "ਕੀ ਹੋ ਰਿਹੈ?" ਉਹ ਹੱਸ ਪਈ।

"ਤੁਸੀਂ ਹੱਸ ਕਿਉਂ ਪਏ?" ਮੈਂ ਹੈਰਾਨ ਜਿਹਾ ਹੋ ਕੇ ਕਿਹਾ।

"ਸਫ਼ਰੀ ਸਾਹਿਬ ਆਏ ਹੋਏ ਨੇ।"

"ਹੱਸਣ ਦਾ ਭੇਤ ਖੋਲ੍ਹੋ।"

"ਸਫ਼ਰੀ ਸਾਹਿਬ ਨੂੰ ਮਿਲਣ ਲਈ ਨਾ ਕਹਿਣਾ, ਉਹ ਹੁਣੇ ਟਿਕੇ ਹਨ।"

"ਪੀ ਲਈ?"


"ਹਾਂ।"

"ਇੰਨੀ ਗਰਮੀ ਵਿਚ?"

"ਗਰਮੀ ਨੂੰ ਤੂੰ ਛੱਡ, ਪੀ ਕੇ ਗੀਤ ਲਿਖਣ ਦੀ ਜਿਹੜੀ ਗਰਮੀ ਉਹਨੇ ਲਿਆਂਦੀ ਪਈ ਐ, ਉਹਦਾ ਜੁਆਬ ਨਹੀਂ। ਊਂ ਰਾਤ ਦੀ ਬੋਤਲ ਪੀ ਲਈ ਆ।"

ਅੰਦਰ ਗਿਆ ਤਾਂ ਹਾਸਾ ਮੇਰਾ ਵੀ ਨਿਕਲ ਗਿਆ, ਸਫ਼ਰੀ ਸਾਹਿਬ ਘੁਰਾੜੇ ਮਾਰ ਰਹੇ ਸਨ। ਮੈਂ ਚਿਹਰਾ ਦੇਖ ਕੇ ਵਾਪਸ ਆ ਗਿਆ। ਕੁਝ ਦਿਨਾਂ ਬਾਅਦ ਰੇਡੀਓ ਸਟੇਸ਼ਨ 'ਤੇ ਸਾਡੀ ਦੋਹਾਂ ਦੀ ਅਲੱਗ-ਅਲੱਗ ਪ੍ਰੋਗਰਾਮਾਂ ਲਈ ਰਿਕਾਰਡਿੰਗ ਸੀ। ਇਕੱਠੇ ਹੋਏ ਤਾਂ ਮੈਂ ਉਕਤ ਘਟਨਾ ਦੱਸੀ। ਉਹ ਹੱਸ ਪਿਆ, "ਸਾਲਾ ਖਚਰਾ ਕਿਸੇ ਥਾਂ ਦਾ।"

ਅਸਲ ਵਿਚ ਸਫ਼ਰੀ ਦੀਆਂ ਗਾਲ੍ਹਾਂ ਵੀ ਉਹਦੇ ਗੀਤਾਂ ਵਰਗੀਆਂ ਹੁੰਦੀਆਂ ਸਨ।



HASSANPURI ART INTERNATIONAL
Film Makers & Culture Promoters

**ਗੀਤਕਾਰ ਇੰਦਰਜੀਤ ਹਸਨਪੁਰੀ ਦੀ ਸੰਭਾਲੀ ਹੋਈ ਇਤਿਹਾਸ ਵਰਗੀ ਯਾਦਗਾਰੀ ਚਿੱਠੀ।**

ਜਿਨ੍ਹਾਂ ਦਿਨਾਂ ਵਿਚ ਮੈਂ ਜਲੰਧਰ ਦੂਰਦਰਸ਼ਨ ਵਾਲਾ ਲਿਸ਼ਕਾਰਾ ਪ੍ਰੋਗਰਾਮ ਪੇਸ਼ ਕਰਨਾ ਛੱਡਿਆ, ਉਹ ਮੈਨੂੰ ਸਰੂਪ ਸਿੰਘ ਕੋਲ ਨਵੇਂ ਸ਼ਹਿਰ ਦਫ਼ਤਰ ਟੱਕਰਿਆ, ਕਹਿੰਦਾ, "ਅਸ਼ੋਕ, ਲਿਸ਼ਕਾਰੇ 'ਚ ਕਰਾ ਮੇਰੀ ਮੁਲਾਕਾਤ।" ਮਨੋਹਰ ਭਾਰਜ ਤੋਂ ਇਹ ਪ੍ਰੋਗਰਾਮ ਨਿਰਮਾਣ ਪੱਖੋਂ ਲਖਵਿੰਦਰ ਜੌਹਲ ਕੋਲ ਚਲੇ ਗਿਆ ਸੀ। ਵਰਾਇਟੀ ਪ੍ਰੋਗਰਾਮ ਦਾ ਬਹਾਨਾ ਘੜ ਕੇ ਜੌਹਲ ਮੈਨੂੰ ਆਂਹਦਾ, "ਤੇਰੀ ਦਾੜ੍ਹੀ ਵਿਚ ਚਿੱਟੇ ਆ ਗਏ ਆ, ਹੋਰ ਕਰ ਲੈ ਕੁਛ।" ਦਰਅਸਲ ਉਹਨੇ ਬਟਾਲੇ ਤੋਂ ਸਤਿੰਦਰ ਸੱਤੀ ਨੂੰ ਲੱਭ ਲਿਆ ਸੀ। ਫੈਸਲਾ ਫਿਰ ਮੇਰੇ ਹੱਕ ਵਿਚ ਇਹ ਹੋਇਆ ਕਿ 'ਤੂੰ ਵਿਚਾਲੇ ਜਿਹੇ ਸੱਤ-ਅੱਠ ਮਿੰਟ ਮੁਲਾਕਾਤ ਕਰ ਲਿਆ ਕਰ।'

ਫਿਰ ਜਿੰਦਣ ਸਫ਼ਰੀ ਦੀ ਵਾਰੀ ਆਈ, ਉਹ ਗੇਟ 'ਤੇ ਖੜ੍ਹਾ ਮੇਰੀ ਉਡੀਕ ਕਰ ਰਿਹਾ ਸੀ। ਨਾਲ ਉਹਦੇ ਖੂਬਸੂਰਤ ਕੁੜੀ ਸੀ।

"ਇਹ ਕੌਣ?" ਮੈਂ ਪੁੱਛਿਆ।

"ਪ੍ਰੋਗਰਾਮ ਤੋਂ ਬਾਅਦ ਦੱਸਾਂਗਾ।"

ਬਾਅਦ ਵਿਚ ਅਸੀਂ ਹੋਟਲ 'ਤੇ ਖਾਣਾ ਖਾਣ ਲੱਗੇ ਤਾਂ ਉਹ 1600 ਦਾ ਚੈੱਕ ਵੇਖ ਕੇ ਕਹਿਣ ਲੱਗਾ, "ਅਸ਼ੋਕ, ਬੋਤਲ ਵੀ ਮੈਂ ਮੰਗਵਾਵਾਂਗਾ ਤੇ ਰੋਟੀ ਦੇ ਪੈਸੇ ਵੀ ਮੇਰੇ।" ਦੋ ਕੁ ਪੈੱਗ ਲਾ ਕੇ ਮੈਂ ਸਵਾਲ ਕਰ ਦਿੱਤਾ, "ਇਹ ਬੀਬਾ ਕੌਣ ਐ?"

ਉਹ ਕੌੜਾ ਹੋ ਗਿਆ, "ਮੇਰੇ ਸਾਹਮਣੇ ਬੀਬਾ ਨਹੀਂ ਕਹਿਣਾ। ਬੀਬਾ ਇਕੋ ਈ ਆ, ਨਰਿੰਦਰ ਬੀਬਾ। ਇਹ ਗੁਲਾਬ ਦੇ ਫੁੱਲ ਵਰਗੀ ਕੁੜੀ ਨੂੰ ਆਪਾਂ ਰਲ ਕੇ ਗਾਉਣ ਵੀ ਲਾਉਣਾ ਤੇ ਲਿਖਣ ਵੀ। ਚੱਲ ਉਠ ਸੁਣਾ ਕੁੜੀਏ।"

ਕੁੜੀ ਨੇ ਗਾਇਆ ਤਾਂ ਠੀਕ-ਠੀਕ ਹੀ ਸੀ, ਪਰ ਉਹ ਖੁਸ਼ ਬਹੁਤ ਸੀ।

ਕਹਾਣੀ ਵਿਚੋਂ ਇਹ ਸੀ ਕਿ ਉਹ ਗੀਤਾਂ ਦੀ ਕਾਪੀ ਤਾਂ ਘਰ ਭੁੱਲ ਸਕਦਾ ਸੀ, ਹਥਿਆਰਾਂ ਵਾਂਗ ਨਾਲ ਉਹਦੇ ਕਹਿਣ ਅਨੁਸਾਰ 'ਫੁੱਲ ਪਟਾਕੇ' ਰੱਖਣੇ ਹੀ ਚਾਹੀਦੇ ਹਨ।

1998-99 ਦੀ ਇਸ ਮੁਲਾਕਾਤ ਤੋਂ ਬਾਅਦ ਉਹ ਫਿਰ ਨਾ ਟੱਕਰਿਆ, ਤੇ ਜਿੰਦਣ ਉਹਦੇ ਤੁਰ ਜਾਣ ਦੀ ਖਬਰ ਆਈ, ਮੈਂ ਲੰਡਨ ਸੀ। ਲੇਖ ਤਾਂ ਭੋਗ 'ਤੇ ਵਿਸ਼ੇਸ਼ 'ਅਜੀਤ' ਵਿਚ ਲਿਖ ਦਿੱਤਾ, ਪਰ ਆਖਰੀ ਵਾਰ ਇਸ ਮਹਾਨ ਗੀਤਕਾਰ ਦਾ ਮੂੰਹ ਵੇਖਣਾ ਨਸੀਬ ਨਾ ਹੋਇਆ।

***

'ਨੈਣ ਪ੍ਰੀਤੋ ਦੇ, ਬਹਿ ਜਾ ਬਹਿ ਜਾ ਕਰਦੇ' ਜਾਂ 'ਘੁੰਡ ਵਿਚ ਨਹੀਂ ਲੁਕਦੇ, ਸੱਜਣਾਂ ਨੈਣ ਕੁਆਰੇ' ਲਿਖਣ ਵਾਲੇ ਸਾਜਨ ਰਾਏਕੋਟੀ ਦੀ ਜ਼ਿੰਦਗੀ ਆਮ ਕਰ ਕੇ ਬਹੁਤੀ ਸੁਖਾਲੀ ਨਹੀਂ ਰਹੀ। ਦਰਜਨਾਂ ਹਿੱਟ ਗੀਤ ਲਿਖਣ ਵਾਲਾ ਇਹ ਗੀਤਕਾਰ ਸਦਾ ਓਦਰਿਆ ਹੀ ਰਿਹਾ। ਜਦੋਂ ਮੈਂ ਉਹਦੇ ਬਾਰੇ ਲਿਖਿਆ, ਦੀਦਾਰ ਸੰਧੂ ਦੇ ਦਫ਼ਤਰ ਵਿਚ ਟੱਕਰ ਗਿਆ। ਮੇਰਾ ਹੱਥ ਫੜ ਕੇ ਉਹਨੇ ਮੱਥੇ ਨੂੰ ਲਾਇਆ ਤੇ ਫਿਰ ਚੁੰਮ ਲਿਆ, ਕਹਿਣ ਲੱਗਾ, "ਅੱਜ ਮੈਨੂੰ ਅਹਿਸਾਸ ਹੋਇਐ ਕਿ ਅਖਬਾਰਾਂ ਵੀ ਸਾਜਨ ਨੂੰ ਜਾਣਦੀਆਂ ਨੇ।" ਉਹ ਪੀ ਲੈਂਦਾ ਸੀ, ਪਰ ਪਿਅਕੜ ਨਹੀਂ ਸੀ। ਜਿਹੜੀ ਗੱਲ ਉਹ ਕਹਿੰਦਾ ਹੁੰਦਾ, 'ਅੱਜ ਮੋਏ ਕੱਲ੍ਹ ਦੂਜਾ ਦਿਨ, ਮਰਨ ਤੋਂ ਬਾਅਦ ਕਿਸੇ ਨਹੀਂ ਪੁੱਛਣਾ', ਉਹੀ ਸੱਚੀ ਹੋ ਗਈ, ਉਹ ਵੀ ਉਹਦੇ ਭੋਗ ਵਾਲੇ ਦਿਨ। ਉਦੋਂ ਸਰਦੂਲ ਸਿਕੰਦਰ ਦਾ ਰਾਏਕੋਟੀ ਵਾਲਾ ਗੀਤ 'ਸਿੱਖ ਲੈ ਕਲਿਹਰੀਆ ਮੋਰਾ ਵੇ ਤੁਰਨਾ ਤੋਰ ਪੰਜਾਬਣ ਦੀ' ਵੀ ਹਿੱਟ ਹੋ ਚੁੱਕਾ ਸੀ। ਸਰਦੂਲ, ਬਲਕਾਰ ਤੇ ਹਾਕਮ ਬਖਤੜੀਵਾਲਾ ਸਮੇਤ ਉਹਦੇ ਬੜੇ ਸ਼ਾਗਿਰਦ ਪੁੱਜੇ ਹੋਏ ਸਨ। ਲੁਧਿਆਣੇ ਉਹਦੇ ਘਰ ਦੀ ਹਾਲਤ ਦੇਖ ਕੇ ਸਾਰੇ ਸਲਾਹ ਕਰਨ ਲੱਗੇ, ਪੈਸਿਆਂ ਨਾਲ ਮਦਦ ਕਰਨ ਦੀ। ਬਲਕਾਰ ਸਿੱਧੂ ਨੂੰ ਕਹਿਣ ਲੱਗੇ, 'ਪੰਜਾਹ ਹਜ਼ਾਰ ਦੇਹ', ਜਦੋਂ ਹਾਕਮ ਨੇ ਪੰਜ ਹਜ਼ਾਰ ਕਿਹਾ, ਗੱਲ ਬਲਕਾਰ ਨੇ ਵੀ ਆਈ-ਗਈ ਕਰ ਦਿੱਤੀ।



**ਚੰਨ ਗੁਰਾਇਆ ਵਾਲਾ (ਵਿਚਕਾਰ), ਐਸ. ਅਸ਼ੋਕ ਭੌਰਾ ਤੇ 'ਜੱਗ ਬਾਣੀ' ਵਾਲਾ ਕੁਲਦੀਪ ਸਿੰਘ ਬੇਦੀ (ਸੱਜੇ)**

ਘੰਟਾ ਭਰ ਲੂਣ ਵਾਲੀ ਖਿਚੜੀ ਪੱਕਦੀ ਰਹੀ, ਤੇ ਆਖਰ ਮੈਂ ਆਪਣਾ ਹਜ਼ਾਰ ਉਹਦੇ ਮੁੰਡੇ ਦੇ ਹੱਥ ਧਰ ਕੇ ਪਰਤ ਆਇਆ। ਫਿਰ ਐਲਾਨ ਸ਼ਾਗਿਰਦਾਂ ਨੇ ਪੰਜ ਲੱਖ ਦਾ ਕੀਤਾ, ਤੇ ਸੰਦੀਲੇ ਦੇ ਦੱਸਣ ਮੁਤਾਬਕ, ਦਿੱਤੀ ਹਾਲੇ ਤੱਕ ਦੁਆਨੀ ਨਹੀਂ। ਲੱਗਦਾ ਹੈ ਕਿ ਹੁਣ ਤਾਂ ਕਬਰ ਵੀ ਕਹਿੰਦੀ ਹੋਊ, '...ਫਿੱਟੇ ਮੂੰਹ ਤੁਹਾਡੇ।'

***

ਲੁਧਿਆਣੇ ਤੋਂ ਮੁੱਲਾਂਪੁਰ ਵੱਲ ਜਾਓ ਤਾਂ ਥਰੀਕੇ, ਇਆਲੀ ਦੇ ਮੋੜ ਤੋਂ ਪਹਿਲਾਂ ਖੱਬੇ ਹੱਥ ਕੋਠੀ ਉਤੇ 'ਗੜਵਾ ਚਾਂਦੀ ਦਾ' ਦਿੱਸੇਗਾ। ਇਹ ਘਰ ਇੰਦਰਜੀਤ ਹਸਨਪੁਰੀ ਦਾ ਹੈ ਜਿਹਨੇ ਲਿਖਿਆ ਸੀ, 'ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ, ਗੜਵਾ ਲੈ ਦੇ ਚਾਂਦੀ ਦਾ।' ਅਸਲ ਵਿਚ ਫਿਲਮ ਨਿਰਮਾਣ ਕਾਰਨ ਹਸਨਪੁਰੀ ਵਪਾਰਕ ਵੀ ਬੜਾ ਸੀ। ਉਹ ਸਨਮਾਨ ਕਿਤੇ ਵੀ ਸੁੱਕਾ ਨਹੀਂ ਸੀ ਲੈਣ ਜਾਂਦਾ, ਨਾਲ ਨਗਦ ਵੀ ਮੰਗ ਲੈਂਦਾ ਸੀ। ਕਵੀ ਦਰਬਾਰਾਂ ਵਿਚ ਆ ਕੇ ਉਹ ਤਰੰਨਮ ਨਾਲ ਬੰਨ੍ਹ ਤਾਂ ਰੰਗ ਦਿੰਦਾ ਸੀ, ਪਰ ਮੈਂ ਉਹਨੂੰ ਜਿੰਨੀ ਵੀ ਸੱਦਿਆ, ਪੰਜ ਸੌ ਤੋਂ ਹਜ਼ਾਰ ਤੱਕ ਦੇਣਾ ਹੀ ਪਿਆ। ਤਰਲਾ ਉਹਨੇ ਬੁੱਢੇ ਵਾਰੇ 'ਸ਼ੌਂਕੀ ਮੇਲੇ' ਵਿਚ ਵੀ ਕੀਤਾ ਸੀ, ਇਕੱਤੀ ਸੌ ਲੈਣ ਦਾ। ਜਵਾਨੀ ਦਾ ਮੈਨੂੰ ਪਤਾ ਨਹੀਂ, ਪਰ ਬੁੱਢੇ ਵਾਰੇ ਲੱਤਾਂ ਵਿਚ ਪਤਾ ਨਹੀਂ ਫਰਕ ਜਿਹਾ ਕਿਉਂ ਪੈ ਗਿਆ ਸੀ, ਤੁਰਨ ਵੇਲੇ ਇਨ੍ਹਾਂ ਵਿਚਾਲਿਉਂ ਸੈਹਾ ਨਹੀਂ, ਬੱਚਾ ਲੰਘ ਸਕਦਾ ਸੀ। ਜੱਸੋਵਾਲ ਵਾਂਗ ਗਲਾਸੀ ਉਹ ਵੀ ਨੱਕੋ-ਨੱਕ ਭਰ ਕੇ ਚੁੱਕਦਾ ਸੀ, ਤੇ ਗੁਰਦੇਵ ਨਗਰ ਵਿਚ ਉਹਦੇ ਘਰ ਕਿਤੇ ਇਕੱਠੇ ਹੋ ਜਾਣ, ਤਾਂ ਜੱਸੋਵਾਲ ਨੇ ਚੁਟਕੀ ਲੈ ਕੇ ਆਖਣਾ, "ਬਈ ਹਸਨਪੁਰੀ, ਹੁਣ ਬੰਨ੍ਹ ਰੰਗ। ਇਹ ਉਹ ਗੀਤਕਾਰ ਹੈ ਜੀਹਨੇ ਗੁੱਲੀ ਨਾਲੋਂ ਵੀ ਤੇਜ਼ੀ ਨਾਲ ਗੀਤ ਘੜੇ ਨੇ, ਤੇ ਐਨੇ ਮੁਰਗੀ ਆਂਡੇ ਨਹੀਂ ਦਿੰਦੀ ਜਿੰਨੇ ਹਸਨਪੁਰੀ ਗੀਤ ਲਿਖੀ ਜਾਂਦੈ।"

ਕਵੈਂਟਰੀ (ਇੰਗਲੈਂਡ) ਬਲਦੇਵ ਮਸਤਾਨੇ ਹੋਰਾਂ ਭੰਗੜੇ-ਗਿੱਧੇ ਤੇ ਗਾਉਣ-ਵਜਾਉਣ ਦਾ ਪ੍ਰੋਗਰਾਮ ਰੱਖਿਆ। ਫ਼ਖਰ ਜ਼ਮਾਨ ਹੋਰਾਂ ਦੀ ਵਿਸ਼ਵ ਕਾਨਫਰੰਸ ਤੋਂ ਵਿਹਲਾ ਹੋ ਕੇ ਮੈਂ ਵੀ ਉਸ ਪ੍ਰੋਗਰਾਮ ਵਿਚ ਪੁੱਜ ਗਿਆ, ਹਸਨਪੁਰੀ ਪਹਿਲਾਂ ਹੀ ਬਾਰ 'ਤੇ ਬੀਅਰ ਪੀ ਹਟਿਆ ਸੀ। ਮੈਂ ਕਿਹਾ, "ਇਕ ਹੋਰ?" ਜਵਾਬ ਦੇਖੋ, "ਮਾੜਾ ਇੰਜਣ ਸਟਾਰਟ ਤਾਂ ਹੋ ਲੈਣ ਦੇ, ਦੇਖੀਂ ਬੱਝਦੇ ਰੰਗ।" ਉਹੀ ਗੱਲ ਹੋਈ, ਗੁਰਚਰਨ ਮੱਲ ਨੇ ਆਪਣੀ ਟੀਮ ਨਾਲ ਜਦੋਂ ਇਕੱਤੀ ਢੋਲ ਨੱਚ ਨੱਚ ਕੇ ਵਜਾਏ ਤਾਂ ਸਿਖਰ ਹੋ ਗਈ; ਤੇ ਨਾਲ ਲਗਦਾ ਸੱਦਾ ਸਟੇਜ 'ਤੇ ਆਉਣ ਦਾ ਹਸਨਪੁਰੀ ਨੂੰ ਆ ਗਿਆ। ਮੈਨੂੰ ਲਗਦਾ ਸੀ, ਉਖੜ ਜੂ ਕੰਮ; ਇਹ ਕੀ ਕਰੂ ਪਰ ਯਕੀਨ ਕਰਿਓ, ਇਹ ਗੀਤ ਸ਼ਾਇਦ ਹੰਸ ਰਾਜ ਦੇ ਮੂੰਹੋਂ ਵੀ ਇੰਨਾ ਨਾ ਜਚਿਆ ਹੋਵੇ, ਹਸਨਪੁਰੀ ਨੇ ਤਾਂ ਲੋਕ ਲੁੱਟ ਲਏ:

ਪੀਲਾ ਸੂਟ ਪਾ ਕੇ ਤੂੰ
ਸਰੋਂ ਦਾ ਫੁੱਲ ਲਗਦੀ
ਲਾਲ ਪਾ ਕੇ ਲਗਦੀ
ਗੁਲਾਬ ਨੀ ਪੰਜਾਬਣੇ
ਤੇਰਾ ਨਹੀਓਂ ਜੱਗ 'ਤੇ
ਜਵਾਬ ਨੀ ਪੰਜਾਬਣੇ...।

ਪੈਸੇ ਮਾੜੇ ਗਵੱਈਏ ਜਿੰਨੇ ਬਣ ਗਏ, ਪਰ ਪਿੱਛੇ ਫਿਰ ਪ੍ਰਬੰਧਕਾਂ ਨਾਲ ਬਾਰ 'ਤੇ ਬੀਅਰ ਦਾ ਤੀਜਾ ਗਲਾਸ ਡਕਾਰਦਿਆਂ ਬੋਲਿਆ, "ਤੁਸੀਂ ਵੀ ਭਰ ਦਿਓ ਕੁਛ ਹਸਨਪੁਰੀ ਦੀ ਜੇਬ, ਘਰ ਹਾਲੇ ਪੂਰਾ ਨਹੀਂ ਹੋਇਆ।" ਸੱਚ ਇਹ ਵੀ ਹੈ ਕਿ ਉਹ ਦੁਨੀਆਂ ਵੀ ਤੇ ਘਰ ਵੀ, ਇਥੇ ਹੀ ਛੱਡ ਗਿਐ ਪਰ ਆਪਣਾ 'ਘਰ ਪੂਰਾ ਨਹੀਂ ਹੋਇਆ' ਵਾਲਾ ਤਕੀਆ ਕਲਾਮ ਮਰਦੇ ਦਮ ਤੱਕ ਨਹੀਂ ਛੱਡ ਸਕਿਆ। ਉਹ ਨਵੇਂ ਤੇ ਪੁੱਠਾ-ਸਿੱਧਾ ਲਿਖਣ ਵਾਲੇ ਗੀਤਕਾਰਾਂ ਦਾ ਨਾਂ ਲੈ ਕੇ ਦੰਦੀਆਂ ਬਹੁਤ ਪੀਂਹਦਾ ਸੀ। ਇਕ ਵਾਰ ਉਹ ਪ੍ਰੋ. ਮੋਹਨ ਸਿੰਘ ਮੇਲੇ ਤੋਂ ਸਨਮਾਨ ਲੈ ਕੇ ਪੰਜਾਬੀ ਭਵਨ ਦੇ ਬਾਹਰ ਪਾਰਕ ਵਿਚ ਬੈਠਾ ਕਹਿਣ ਲੱਗਾ, "ਅਸ਼ੋਕ ਤੇਰੀਆਂ ਵਧਾਈਆਂ ਸਿਰ ਮੱਥੇ, ਪਰ ਘਰ ਹਾਲੇ ਪੂਰਾ ਨਹੀਂ ਹੋਇਆ, ਕਿਤੇ ਸਾਹਿਤ ਅਕੈਡਮੀ ਜਾਂ ਭਾਸ਼ਾ ਵਿਭਾਗ ਦੇ ਦੇਵੇ ਨਾ ਸ਼੍ਰੋਮਣੀ ਅਵਾਰਡ।"

ਤਮ੍ਹਾਂ ਤਾਂ ਚਲੋ ਬੰਦੇ ਦੀ ਮਰਦੀ ਨਹੀਂ ਹੁੰਦੀ, ਪਰ ਜਿੰਨਾ ਮੈਂ ਹਸਨਪੁਰੀ ਦੀ ਸ਼ਾਇਰੀ ਤੇ ਜ਼ਿੰਦਗੀ ਦਾ ਸਰਵੇਖਣ ਕਰਦਾ ਰਿਹਾਂ, ਕਹਿ ਸਕਦਾ ਹਾਂ ਕਿ ਉਹਦੇ ਆਖਰੀ ਸਾਹ ਨਾਲ ਵੀ ਕੋਈ ਇੱਛਾ ਜਾਂ ਲਾਲਸਾ ਬਾਹਰ ਜ਼ਰੂਰੀ ਆਈ ਹੋਵੇਗੀ, ਝੋਰਾ ਊਂ ਉਹਨੂੰ ਇਕੋ ਸੀ ਕਿ ਉਹਦਾ ਕੋਈ ਪੁੱਤਰ ਸ਼ਾਇਰ ਨਹੀਂ ਬਣ ਸਕਿਆ। ਚੋਰ ਗੀਤਕਾਰਾਂ ਬਾਰੇ ਉਹ ਸਟੇਜ 'ਤੇ ਵੀ ਕਹਿ ਦਿੰਦਾ ਸੀ, "ਸਾਲੇ ਕੁੱਤੇ।"

***

ਸਨਅਤੀ ਸ਼ਹਿਰ ਗੁਰਾਇਆ, ਟੋਕੇ ਬਣਾਉਣ ਲਈ ਮਸ਼ਹੂਰ; ਤੇ ਉਥੇ ਹੀ ਕਿਸੇ ਵੇਲੇ ਰੁੜਕਾ ਰੋਡ 'ਤੇ ਰੰਗ-ਰੋਗਨ ਦੀ ਦੁਕਾਨ ਹੁੰਦੀ ਸੀ, ਚੰਨ ਗੁਰਾਇਆ ਵਾਲੇ ਦੀ। ਫਗਵਾੜੇ ਕਾਲਜ ਪੜ੍ਹਦੇ ਅਸੀਂ ਕਈ ਮੁੰਡੇ ਉਹਨੂੰ ਵੇਖਣ ਚਲੇ ਗਏ ਸਾਂ ਇਕੱਠੇ ਹੋ ਕੇ, ਮਿਲੇ ਨਹੀਂ ਦੂਰੋਂ ਹੀ 'ਅਹੁ ਬੈਠਾ, ਅਹੁ ਚੱਲਿਆ, ਸੁਨੱਖਾ, ਅੱਖਾਂ ਛੋਟੀਆਂ' ਵਰਗੀਆਂ ਟਿੱਪਣੀਆਂ ਕਰ ਕੇ ਆ ਗਏ। ਫਿਰ ਮੈਂ ਰੇਲਵੇ ਲਾਈਨ ਨਾਲ ਪੈਂਦੀ ਉਸ ਦੀ ਕੋਠੀ ਕਈ ਵਾਰ ਗਿਆ, ਕਈ ਵਾਰ ਰਿਹਾ।




**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਸਾਲ 1990 ਵਿਚ ਜਦੋਂ ਮੈਂ 'ਅਜੀਤ' ਲਈ ਗੀਤਕਾਰਾਂ ਦੀਆਂ ਮੁਲਾਕਾਤਾਂ ਦਾ ਮਸਾਲਾ ਇਕੱਤਰ ਕਰ ਰਿਹਾ ਸਾਂ, ਉਹਨੂੰ ਮਿਲਣ ਚਲਾ ਗਿਆ। ਕਹਿੰਦਾ, "ਰਾਤ ਰਹਿ", ਮੈਂ ਮੰਨ ਗਿਆ। ਉਹਨੇ ਆਪ ਤਾਂ ਨਾ ਕਦੇ ਮੀਟ ਤੇ ਆਂਡਾ ਖਾਧਾ, ਤੇ ਨਾ ਪੀਤੀ ਕਦੇ। ਦਫ਼ਤਰ ਵਿਚ ਗੱਲਾਂ-ਬਾਤਾਂ ਕਰਦਿਆਂ ਉਹ ਕਹਿਣ ਲੱਗਾ, "ਲਾਉਣੀ ਘੁੱਟ?" ਮੈਂ ਕਿਹਾ, "ਨਹੀਂ, ਮੈਂ ਪੀਂਦਾ ਨਹੀਂ।" ਗਰਮੀ ਕਰ ਕੇ ਬੀਅਰ ਮੰਗਵਾ ਲਈ। ਦੋ ਪੀ ਲਈਆਂ, ਨਾਲ ਕੱਚੇ ਪਨੀਰ ਦੀਆਂ ਟੁਕੜੀਆਂ। ਘਰ ਤਾਂ ਚਲੇ ਗਿਆ, ਚੰਗਾ ਹੋਇਆ ਕਿ ਮੈਨੂੰ ਹੇਠਲੇ ਕਮਰੇ ਵਿਚ ਪਾ'ਤਾ। ਪੈਂਦੇ ਸਾਰ ਮੰਜਾ ਘੁੰਮਣ ਲੱਗ ਪਿਆ ਤੇ ਫਿਰ ਜਿਵੇਂ ਉਲਟੀਆਂ ਨਾਲ ਭਾਖੜਾ ਡੈਮ ਦੇ ਗੇਟ ਖੁੱਲ੍ਹ ਗਏ ਹੋਣ। ਪਹਿਲਾਂ ਉਹਦੀ ਸਿੱਕ ਭਰੀ, ਤੇ ਫਿਰ ਸਾਰੀ ਰਾਤ ਪਾਣੀ ਪਾ-ਪਾ ਸਾਫ਼ ਕਰਦਾ ਰਿਹਾ। ਚੰਗੀ ਗੱਲ ਇਹ ਸੀ ਕਿ ਮੈਂ ਸਵੇਰੇ ਠੀਕ ਵੀ ਸੀ, ਤੇ ਉਹਨੂੰ ਪਤਾ ਵੀ ਨਹੀਂ ਸੀ ਲੱਗਾ।

ਇਕ ਸਵਾਲ ਤੋਂ ਚੰਨ ਜਾਣੀ, ਭੁੱਲਾ ਰਾਮ ਚੰਨ ਮੇਰੇ ਨਾਲ ਰੱਜ ਕੇ ਨਾਰਾਜ਼ ਵੀ ਰਿਹੈ ਤੇ ਗੁੱਸੇ ਵੀ। ਮੈਂ ਕਿਤੇ ਉਹਨੂੰ ਪੁੱਛ ਬੈਠਾ, "ਕੱਟੇ ਦਾ ਕਸੂਰ ਕੋਈ ਨਾ, ਪਹਿਲਾਂ ਆਪਣੀ ਕੱਟੀ ਨੂੰ ਸਮਝਾ ਲੈ' ਲਿਖਣ ਦੀ ਕੀ ਲੋੜ ਸੀ। ਚੜ੍ਹ ਗਿਆ ਉਹਦਾ ਪਾਰਾ, "ਚੰਡੀਗੜ੍ਹ ਰਹਿਣ ਵਾਲਿਆ...ਤੈਨੂੰ ਯਾਦ ਨਹੀਂ, 'ਸਰਪੰਚ' ਦੇ ਗੀਤ ਭੁੱਲ ਗਏ, ਨਰਿੰਦਰ ਬੀਬਾ ਨੇ ਮੈਨੂੰ ਰੱਜ ਕੇ ਗਾਇਆ, ਕੁਲਦੀਪ ਮਾਣਕ ਨੇ ਵੀ...ਜਵਾਨੀ ਵਿਚ ਸ਼ੈਤਾਨੀ ਹੋ ਗਈ, ਫਿਰ ਕੀ ਹੋਇਆ...ਜਿਹੜਾ ਉਠਦਾ ਕੱਟੇ ਤੋਂ ਗਾਹਾਂ ਨਹੀਂ ਤੁਰਦਾ...।" ਰਾਜ਼ੀ ਵੀ ਫਿਰ ਅਸੀਂ ਛੇਤੀ ਹੋ ਗਏ ਤੇ ਇਸ ਵੇਲੇ ਚੰਨ ਮੇਰੇ ਕਾਫੀ ਨੇੜਲਿਆਂ ਵਿਚੋਂ ਹੈ। ਕੁਲਦੀਪ ਮਾਣਕ ਵੀ ਪਹਿਲਾਂ ਪਹਿਲ ਉਹਨੂੰ ਬਹੁਤ ਭੰਡਦਾ ਸੀ, ਫਿਰ 'ਬਲਬੀਰੋ ਭਾਬੀ' ਜਦੋਂ ਰਲ ਕੇ ਬਣਾਈ ਤਾਂ ਉਹ ਬਹੁਤ ਕਰੀਬ ਹੋ ਗਏ। 'ਗੁੱਸੇ ਵਿਚ ਦੁੱਲੇ ਨੂੰ ਮਿਹਰੂ ਮਾਰੇ ਬੋਲੀਆਂ' ਵਰਗੀਆਂ ਗਾਥਾਵਾਂ ਚੰਨ ਤੋਂ ਲਿਖਾ ਕੇ ਮਾਣਕ ਨੇ ਬਾਅਦ ਵਿਚ ਰਿਕਾਰਡ ਕਰਵਾਈਆਂ।

ਚੰਨ ਸੱਚੀਂ ਚੰਨ ਵਰਗਾ ਹੀ ਹੈ, ਸੁਨੱਖਾ ਵੀ, ਚੰਗਾ ਵੀ, ਮਿੱਠਾ ਵੀ, ਕੌੜਾ ਵੀ ਤੇ ਕਦੇ ਭਲੇ ਵੇਲਿਆਂ ਵਿਚ ਉਹਦੇ ਵੀ ਟਰੱਕ ਚੱਲਦੇ ਸਨ। ਪਹਿਲਾਂ ਪਹਿਲ ਤਾਂ ਉਹ ਝੁਰਦਾ ਲਗਦਾ ਸੀ ਕਿ ਘਰ ਵਿਚ ਨਾ ਪੁੱਤ ਨਾ ਧੀ, ਪਰ ਹੁਣ ਮਿਲਿਆ ਤਾਂ ਕਹਿੰਦਾ, "ਪੰਜਾਬ ਦੇ ਜਿਨ੍ਹਾਂ ਘਰਾਂ ਵਿਚ ਵੈਲੀ ਜੰਮ ਪਏ ਨੇ, ਉਨ੍ਹਾਂ ਨਾਲੋਂ ਤਾਂ ਚੰਗਾ ਈ ਆਂ।"

ਕਦੇ ਗੁਰਾਇਆ ਵਿਚੋਂ ਲੰਘੋ ਤਾਂ ਚੰਨ ਨਾਲ ਤੁਸੀਂ ਹੱਥ ਮਿਲਾ ਕੇ ਵੇਖਿਓ, ਉਹ ਘੁੱਟ ਕੇ ਆਪਣੇ ਗਲ ਨਾਲ ਲਾ ਲਵੇਗਾ।

***

ਦੇਵ ਥਰੀਕੇ ਵਰਗਾ ਕੱਦ ਗੀਤਕਾਰੀ ਵਿਚ ਕੱਢਣਾ ਬਹੁਤ ਔਖਾ ਹੈ। ਮਾਣਕ ਤੇ ਦੇਵ ਨੂੰ ਅਲੱਗ-ਅਲੱਗ ਵੀ ਨਹੀਂ ਕੀਤਾ ਜਾ ਸਕਦਾ। ਜਦੋਂ

**(ਬਾਕੀ ਸਫਾ 28 'ਤੇ)**

*ਪਾਕਿਸਤਾਨ ਬਣਨ ਦੀ ਸਾਰੀ ਜ਼ਿੰਮੇਵਾਰੀ ਕੀ ਹਿੰਦੁਸਤਾਨੀ ਮੁਸਲਮਾਨਾਂ ਸਿਰ ਹੈ? ਜਿਨ੍ਹਾਂ ਭਾਰਤੀ ਮੁਸਲਮਾਨਾਂ ਨੇ 1945 ਵਿਚ ਪਾਕਿਸਤਾਨ ਦੀ ਮੰਗ ਦਾ ਵਿਰੋਧ ਕੀਤਾ, ਜਦੋਂ ਪਾਕਿਸਤਾਨ ਬਣ ਗਿਆ, ਉਹ ਸੁੰਨ ਹੋ ਗਏ, ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਹਿੰਦੂ ਲੀਡਰਾਂ ਨੇ ਜਿਨਾਹ ਦੀ ਦੇਸ਼-ਵੰਡ ਦੀ ਤਜਵੀਜ਼ ਕਿਉਂ ਮੰਨੀ? ਜਿਨ੍ਹਾਂ ਲੋਕਾਂ ਨੇ ਕੌਮੀਅਤ ਦਾ ਆਧਾਰ ਧਰਮ ਨੂੰ ਨਹੀਂ ਮੰਨਿਆ, ਉਨ੍ਹਾਂ ਨੇ ਧਰਮ ਆਧਾਰਤ ਬਟਵਾਰਾ ਕਿਉਂ ਮੰਨ ਲਿਆ? ਰਾਸ਼ਟਰੀ ਲੀਡਰਸ਼ਿਪ ਨੇ ਉਨ੍ਹਾਂ ਮੁਸਲਮਾਨਾਂ ਨਾਲ ਧਰੋਹ ਕਮਾਇਆ ਜਿਹੜੇ ਦੇਸ਼-ਵੰਡ ਖਿਲਾਫ ਸਨ। ਭਾਰਤੀ ਮੁਸਲਮਾਨਾਂ ਅੰਦਰ 1947 ਤੋਂ ਬਾਅਦ ਬੇਗਾਨਗੀ ਦਾ ਯੁਗ ਸ਼ੁਰੂ ਹੁੰਦਾ ਹੈ।*



*-ਰਾਹੀ ਮਾਸੂਮ ਰਜ਼ਾ*
*ਸ਼ਾਇਰ, ਅਫਸਾਨਾ ਨਵੀਸ, ਫਿਲਮ 'ਮੁਗਲ-ਏ-ਆਜ਼ਮ' ਅਤੇ ਲੜੀਵਾਰ 'ਮਹਾਂਭਾਰਤ' ਦਾ ਸੰਵਾਦ ਲੇਖਕ।*

# ਗਾਂਧੀ ਨੂੰ ਮੈਂ ਕਿਉਂ ਕਤਲ ਕੀਤਾ?

## ਨੱਥੂ ਰਾਮ ਗੋਡਸੇ ਦਾ ਇਕਬਾਲੀਆ ਬਿਆਨ

*ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੋਡਸੇ ਨੇ ਇਹ ਬਿਆਨ 5 ਮਈ 1949 ਨੂੰ ਅਦਾਲਤ ਵਿਚ ਦਿੱਤਾ। ਵਾਰਦਾਤ ਮਗਰੋਂ ਨੰਦਲਾਲ ਮਹਿਤਾ ਵਲੋਂ ਦਿੱਲੀ ਦੇ ਤੁਗਲਕ ਰੋਡ ਥਾਣੇ ਵਿਚ ਮੁਕੱਦਮਾ ਦਰਜ ਕਰਵਾਇਆ ਗਿਆ ਸੀ ਜਿਸ ਦੀ ਸੁਣਵਾਈ 27 ਮਈ 1948 ਨੂੰ ਸ਼ੁਰੂ ਹੋਈ ਤੇ 10 ਫਰਵਰੀ 1949 ਨੂੰ ਮੁੱਕੀ। ਗੋਡਸੇ ਨੂੰ ਫਾਂਸੀ ਦੀ ਸਜ਼ਾ ਹੋਈ। ਗੋਡਸੇ ਦੇ ਬਿਆਨ ਬਾਰੇ ਬੈਂਚ ਦੇ ਇਕ ਜੱਜ ਜੀ.ਡੀ. ਖੋਸਲਾ ਨੇ ਬਾਅਦ ਵਿਚ ਲਿਖਿਆ ਸੀ ਕਿ "ਜੇ ਕਿਤੇ ਗੋਡਸੇ ਨੂੰ ਕਿਹਾ ਜਾਂਦਾ, ਪਬਲਿਕ ਵਿਚ ਆਪਣਾ ਬਿਆਨ ਦੇਹ; ਤੇਰੇ ਕੇਸ ਦਾ ਫੈਸਲਾ ਪਬਲਿਕ ਕਰੇ ਤਾਂ ਲੋਕਾਂ ਨੇ ਭਾਰੀ ਬਹੁਮਤ ਨਾਲ ਗੋਡਸੇ ਨੂੰ ਬਰੀ ਕਰ ਦੇਣਾ ਸੀ।" ਸੱਚਮੁੱਚ ਗੋਡਸੇ ਦਾ ਇਹ ਇਕਬਾਲੀਆ ਬਿਆਨ ਆਪਣੇ ਆਪ ਵਿਚ ਬੜਾ ਕੁਝ ਬਿਆਨ ਕਰ ਰਿਹਾ ਹੈ। ਇਸ ਵਿਚ ਬਹੁਤ ਕੁਝ ਅਣਕਿਹਾ ਵੀ ਹੈ ਜਿਸ ਦੀਆਂ ਘੁੰਡੀਆਂ ਫਿਰ ਆਰ.ਐਸ.ਐਸ. ਦੀਆਂ ਬਾਅਦ ਵਾਲੀਆਂ ਸਰਗਰਮੀਆਂ ਨਾਲ ਖੁੱਲ੍ਹਦੀਆਂ ਹਨ। ਰਾਸ਼ਟਰਵਾਦ ਦਾ ਜਨੂੰਨ ਉਹਦੇ ਸਿਰ ਚੜ੍ਹ ਬੋਲ ਰਿਹਾ ਹੈ। ਇਸ ਜਨੂੰਨ ਦੀ ਪੜ੍ਹਤ ਲਈ ਅਸੀਂ ਇਹ ਲਿਖਤ ਛਾਪ ਰਹੇ ਹਾਂ, ਜਿਸ ਦਾ ਤਰਜਮਾ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ।*

**ਇਕਬਾਲੀਆ ਬਿਆਨ:** ਸ਼ਰਧਾਵਾਨ ਬ੍ਰਾਹਮਣ ਪਰਿਵਾਰ ਵਿਚ ਜੰਮਿਆ ਹੋਣ ਕਰ ਕੇ ਕੁਦਰਤੀ ਮੈਂ ਹਿੰਦੂ ਧਰਮ, ਹਿੰਦੂ ਇਤਿਹਾਸ ਅਤੇ ਹਿੰਦੂ ਰਵਾਇਤਾਂ ਦਾ ਅਦਬ ਕਰਦਾ ਸਾਂ। ਮੈਨੂੰ ਹਿੰਦੂ ਮੱਤ ਉਪਰ ਮਾਣ ਸੀ। ਜਦੋਂ ਮੇਰੀ ਸੁਰਤ ਸੰਭਲੀ, ਮੈਂ ਧਾਰਮਿਕ ਤੇ ਸਿਆਸੀ ਵਿਵਾਦਾਂ, ਅੰਧ-ਵਿਸ਼ਵਾਸਾਂ ਤੋਂ ਮੁਕਤ ਹੋਣ ਲੱਗਾ। ਜਨਮ ਆਧਾਰਤ ਊਚ-ਨੀਚ, ਜਾਤ-ਪਾਤ ਦੇ ਖਾਤਮੇ ਵਾਸਤੇ ਕੰਮ ਕਰਨ ਲੱਗ ਪਿਆ। ਮੇਰਾ ਵਿਸ਼ਵਾਸ ਸੀ ਕਿ ਊਚ-ਨੀਚ ਦਾ ਰੁਤਬਾ ਬੰਦੇ ਦੇ ਕੰਮ ਨਿਰਧਾਰਤ ਕਰਦੇ



**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਹਨ, ਜਨਮ ਨਹੀਂ। ਇਸ ਕਰ ਕੇ ਮੈਂ ਛੂਆ-ਛੂਤ ਵਿਰੋਧੀ ਸੰਗਠਨ ਆਰ.ਐਸ.ਐਸ. ਦਾ ਮੈਂਬਰ ਬਣ ਗਿਆ।

ਮੈਂ ਜਾਤ ਮੁਕਤ ਲੰਗਰ ਵਿਚ ਭੋਜਨ ਛਕਦਾ ਜਿਥੇ ਬ੍ਰਾਹਮਣ, ਖੱਤਰੀ, ਵੈਸ਼, ਚਮਾਰ ਅਤੇ ਭੰਗੀ ਇਕੱਠੇ ਖਾਣਾ ਖਾਂਦੇ। ਜਾਤ-ਪਾਤ ਦੇ ਨਿਯਮ ਤੋੜ ਕੇ ਅਸੀਂ ਇਕੱਠੇ ਬੈਠਦੇ। ਮੈਂ ਰਾਵਣ, ਚਾਣਕਯ, ਦਾਦਾਭਾਈ ਨਾਰੋਜੀ, ਵਿਵੇਕਾਨੰਦ, ਗੋਖਲੇ ਅਤੇ ਤਿਲਕ ਦੀਆਂ ਲਿਖਤਾਂ ਪੜ੍ਹੀਆਂ। ਭਾਰਤ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਰੂਸ ਦਾ ਪੁਰਾਤਨ ਤੇ ਆਧੁਨਿਕ ਇਤਿਹਾਸ ਪੜ੍ਹਿਆ। ਮੈਂ ਸਮਾਜਵਾਦ ਅਤੇ ਮਾਰਕਸਵਾਦ ਬਾਰੇ ਜਾਣਿਆ। ਸਭ ਤੋਂ ਵਧੀਕ ਨੀਝ ਨਾਲ ਮੈਂ ਵੀਰ ਸਾਵਰਕਰ ਅਤੇ ਗਾਂਧੀ ਜੀ ਦੀਆਂ ਲਿਖਤਾਂ ਅਤੇ ਤਕਰੀਰਾਂ ਪੜ੍ਹੀਆਂ-ਸੁਣੀਆਂ। ਮੇਰੇ ਖਿਆਲ ਵਿਚ ਪਿਛਲੇ 30 ਸਾਲਾਂ ਦੌਰਾਨ ਭਾਰਤੀਆਂ ਦਾ ਮਨ ਅਤੇ ਕਾਰਜ ਘੜਨ ਵਿਚ ਇਨ੍ਹਾਂ ਦੋ ਸ਼ਖਸਾਂ ਨੇ ਸਭ ਤੋਂ ਵਧੀਕ ਅਸਰ ਪਾਇਆ।

ਉਕਤ ਅਧਿਐਨ ਪਿਛੋਂ ਮੇਰਾ ਵਿਸ਼ਵਾਸ ਬਣਿਆ ਕਿ ਵਿਸ਼ਵ ਨਾਗਰਿਕ ਵਜੋਂ ਅਤੇ ਦੇਸ਼ ਭਗਤ ਹੋਣ ਨਾਤੇ ਮੈਂ ਹਿੰਦੂਆਂ ਅਤੇ ਹਿੰਦੂ ਮੱਤ ਵਾਸਤੇ ਕੁਝ ਕਰਾਂ। ਤੀਹ ਕਰੋੜ ਹਿੰਦੂ ਦੁਨੀਆਂ ਦੀ ਕੁੱਲ ਵਸੋਂ ਦਾ ਪੰਜਵਾਂ ਹਿੱਸਾ ਹਨ, ਇਨ੍ਹਾਂ ਦੀ ਆਜ਼ਾਦੀ ਅਤੇ ਹਿਤਾਂ ਦੀ ਸੁਰੱਖਿਆ ਦਾ ਮਤਲਬ ਹਿੰਦੁਸਤਾਨ ਦਾ ਭਲਾ ਕਰਨਾ ਸੀ। ਇਸ ਸੋਚ ਸਦਕਾ ਮੈਨੂੰ ਹਿੰਦੂ ਸੰਗਠਨਵਾਦੀ ਨਜ਼ਰੀਆ ਤੇ ਪ੍ਰੋਗਰਾਮ ਖਿਚ ਪਾਉਂਦਾ।

1920 ਵਿਚ ਲੋਕਮਾਨਿਆ ਤਿਲਕ ਦੇ ਦੇਹਾਂਤ ਤੋਂ ਬਾਅਦ ਕਾਂਗਰਸ ਵਿਚ ਗਾਂਧੀ ਜੀ ਦਾ ਪ੍ਰਭਾਵ ਵਧਣ ਲੱਗਾ ਤੇ ਆਖਰ ਸਿਖਰ 'ਤੇ ਪੁੱਜ ਗਿਆ। ਲੋਕ-ਜਾਗ੍ਰਿਤੀ ਵਾਸਤੇ ਉਸ ਦੇ ਕੀਤੇ ਕੰਮ, ਸੱਚ ਅਤੇ ਅਹਿੰਸਾ ਦੇ ਨਾਅਰੇ ਦਿਲਾਂ ਵਿਚ ਧੂਹ ਪਾਉਂਦੇ ਸਨ ਤੇ ਉਹ ਦੇਸ਼ ਅੱਗੇ ਆਪਣੇ ਖਿਆਲਾਂ ਦੀ ਨੁਮਾਇਸ਼ ਲਾਉਣ ਵਿਚ ਪੂਰਾ ਉਸਤਾਦ ਸੀ। ਸਮਝਦਾਰ ਬੰਦੇ ਨੂੰ ਇਨ੍ਹਾਂ ਨਾਅਰਿਆਂ ਵਿਚ ਕੋਈ ਨੁਕਸ ਨਹੀਂ ਸੀ ਲਗਦਾ ਭਾਵੇਂ ਇਨ੍ਹਾਂ ਵਿਚ ਨਾ ਕੁਝ ਨਵਾਂ ਸੀ, ਨਾ ਮੌਲਿਕ। ਲੋਕ ਲਹਿਰ ਵਿਚ ਅਜਿਹਾ ਕੁਝ ਹੋਇਆ ਈ ਕਰਦੈ। ਇਨ੍ਹਾਂ ਨਾਅਰਿਆਂ ਸਦਕਾ ਰੋਜ਼ਮੱਰਾ ਜੀਵਨ ਵਿਚ ਆਮ ਜਨਤਾ ਭਲੀਮਾਣਸ ਹੋ ਜਾਵੇਗੀ, ਇਹ ਸੋਚਣਾ ਮਹਿਜ਼ ਖਾਬੋ-ਖਿਆਲ ਹੈ।

ਸਨਮਾਨ, ਫਰਜ਼, ਪਰਿਵਾਰ ਅਤੇ ਦੇਸ਼ ਨਾਲ ਪਿਆਰ ਦਰਅਸਲ ਅਹਿੰਸਾ ਦੀ ਥਾਂ ਸਾਨੂੰ ਤਾਕਤ ਵਰਤਣ ਵਾਸਤੇ ਮਜਬੂਰ ਕਰਦੇ ਹਨ। ਹਮਲਾਵਰ ਨਾਲ ਹਥਿਆਰਬੰਦ ਮੁਕਾਬਲਾ ਕਰਨਾ ਗਲਤ ਕਿਵੇਂ ਹੋਇਆ? ਹਮਲੇ ਨੂੰ ਪਛਾੜਨ ਅਤੇ ਹਮਲਾਵਰ ਨੂੰ ਕਾਬੂ ਕਰਨ ਨੂੰ ਮੈਂ ਨੈਤਿਕ ਤੇ ਧਾਰਮਿਕ ਫਰਜ਼ ਸਮਝਦਾ ਹਾਂ। ਰਾਮਾਇਣ ਵਿਚ ਸੀਤਾ ਨੂੰ ਮੁਕਤ ਕਰਨ ਵਾਸਤੇ ਰਾਮ ਚੰਦਰ ਖੌਫਨਾਕ ਯੁੱਧ ਲੜ ਕੇ ਰਾਵਣ ਦਾ ਕਤਲ ਕਰਦੇ ਹਨ। ਕੰਸ ਦੀ ਬਦੀ ਦਾ ਖਾਤਮਾ ਕ੍ਰਿਸ਼ਨ ਉਸ ਦਾ ਕਤਲ ਕਰ ਕੇ ਕਰਦੇ ਹਨ। ਦੋਸਤਾਂ, ਰਿਸ਼ਤੇਦਾਰਾਂ ਸਮੇਤ ਅਰਜਨ ਨੂੰ ਪੂਜਨੀਕ ਭੀਸ਼ਮ ਪਿਤਾਮਾ ਦਾ ਕਤਲ ਕਰਨਾ ਪਿਆ ਕਿਉਂਕਿ ਉਹ ਗਲਤ ਧਿਰ ਨਾਲ ਜਾ ਖਲੋਤੇ ਸਨ। ਮਹਾਤਮਾ ਗਾਂਧੀ ਵਲੋਂ ਰਾਮ, ਕ੍ਰਿਸ਼ਨ ਅਤੇ ਅਰਜਨ ਨੂੰ ਹਿੰਸਾ ਲਈ ਕਸੂਰਵਾਰ ਠਹਿਰਾਉਣਾ ਮੇਰੇ ਖਿਆਲ ਅਨੁਸਾਰ ਮਨੁਖੀ ਕਰਮ ਦੇ ਝਰਨੇ ਦੀ ਰੰਗੀਨੀ ਤੋਂ ਅਗਿਆਨੀ ਹੋਣਾ ਹੈ।


ਛਤਰਪਤੀ ਸ਼ਿਵਾਜੀ ਨੇ ਮੁਸਲਿਮ ਜਬਰ ਨੂੰ ਭਾਰਤ ਵਿਚੋਂ ਪਹਿਲੋਂ ਰੋਕਿਆ, ਫਿਰ ਖਤਮ ਕੀਤਾ। ਹਮਲਾਵਰ ਅਫਜ਼ਲ ਖਾਨ ਨੂੰ ਕਾਬੂ ਕਰਨਾ ਤੇ ਫਿਰ ਕਤਲ ਕਰਨਾ ਨਿਹਾਇਤ ਜ਼ਰੂਰੀ ਸੀ, ਨਹੀਂ ਤਾਂ ਖੁਦ ਖਤਮ ਹੋ ਜਾਣਾ ਸੀ। ਸ਼ਿਵਾਜੀ, ਰਾਣਾ ਪ੍ਰਤਾਪ ਤੇ ਗੁਰੂ ਗੋਬਿੰਦ ਸਿੰਘ ਵਰਗੇ ਬੁਲੰਦ ਜੰਗਬਾਜ਼ਾਂ ਨੂੰ ਭਟਕੇ ਦੇਸ਼ ਭਗਤ ਕਹਿਣ ਨਾਲ ਗਾਂਧੀ ਅੰਦਰਲੀ ਗਲਤ ਧਾਰਨਾ ਜੱਗ ਜ਼ਾਹਰ ਹੋ ਗਈ। ਲੱਗੇਗਾ ਵਿਰੋਧਾਭਾਸ ਪਰ ਗਾਂਧੀ ਹਿੰਸਕ ਸ਼ਾਂਤੀ ਦੂਤ ਸੀ ਜਿਸ ਦੇ ਸੱਚ ਅਤੇ ਅਹਿੰਸਾ ਸਦਕਾ ਦੇਸ਼ ਵਾਸੀ ਅਣਕਹੀਆਂ ਮੁਸੀਬਤਾਂ ਦਾ ਸ਼ਿਕਾਰ ਹੋਏ ਜਦਕਿ ਰਾਣਾ ਪ੍ਰਤਾਪ, ਸ਼ਿਵਾਜੀ ਅਤੇ ਗੁਰੂ ਜੀ ਹਮੇਸ਼ਾ ਦਿਲਾਂ ਵਿਚ ਵਸਦੇ ਰਹਿਣਗੇ ਜਿਨ੍ਹਾਂ ਸਦਕਾ ਗੁਲਾਮਾਂ ਨੂੰ ਆਜ਼ਾਦੀ ਮਿਲੀ।

ਬੱਤੀ ਸਾਲਾਂ ਦੀ ਉਕਸਾਹਟ ਉਦੋਂ ਸਿਖਰ 'ਤੇ ਪੁੱਜੀ ਜਦੋਂ ਮੁਸਲਮਾਨਾਂ ਦੇ ਹੱਕ ਵਿਚ ਗਾਂਧੀ ਨੇ ਵਰਤ ਰੱਖ ਲਿਆ। ਮੈਂ ਇਸ ਨਤੀਜੇ 'ਤੇ ਪੁੱਜਾ ਕਿ ਇਹ ਤਮਾਸ਼ਾ ਬੰਦ ਹੋਣਾ ਚਾਹੀਦਾ ਹੈ। ਦੱਖਣੀ ਅਫਰੀਕਾ ਵਿਚ ਭਾਰਤੀਆਂ ਦੇ ਭਲੇ ਵਾਸਤੇ ਗਾਂਧੀ ਨੇ ਕਾਫੀ ਕੰਮ ਕੀਤਾ ਪਰ ਜਦੋਂ ਉਹ ਭਾਰਤ ਪਰਤਿਆ ਉਸ ਅੰਦਰ ਭਰਮ ਕਾਇਮ ਹੋ ਗਿਆ ਕਿ ਗਲਤ ਅਤੇ ਸਹੀ ਦਾ ਫੈਸਲਾ ਕਰਨ ਵਾਲਾ ਜੱਜ ਉਹ ਖੁਦ ਇਕੱਲਾ ਹੈ। ਦੇਸ਼ ਨੂੰ ਉਸ ਦੀ ਅਗਵਾਈ ਚਾਹੀਦੀ ਹੈ ਤਾਂ ਮੰਨਣਾ ਪਵੇਗਾ ਕਿ ਉਹ ਅਭੁੱਲ ਹੈ, ਜੇ ਨਹੀਂ ਮੰਨਦੇ, ਉਹ ਕਾਂਗਰਸ ਤੋਂ ਵੱਖ ਰਹਿ ਕੇ ਆਪਣਾ ਰਸਤਾ ਤੈਅ ਕਰੇਗਾ। ਇਸ ਵਤੀਰੇ ਵਿਚ ਕਿਸੇ ਸੋਧ ਸੁਧਾਰ ਦੀ ਗੁੰਜਾਇਸ਼ ਨਹੀਂ ਸੀ। ਕਾਂਗਰਸ ਉਸ ਅੱਗੇ ਆਤਮ ਸਮਰਪਣ ਕਰੇ, ਉਸ ਦੇ ਇਸ਼ਾਰਿਆਂ 'ਤੇ ਨੱਚੇ, ਉਸ ਦੇ ਆਦਿਵਾਸੀ ਫਲਸਫੇ, ਪਾਗਲਪਣ ਤੇ ਪਿਛਾਖੜੀ ਨਜ਼ਰੀਏ ਨੂੰ ਸੱਤ ਕਰਕੇ ਜਾਣੇ, ਨਹੀਂ ਫਿਰ ਉਸ ਬਗੈਰ ਕੰਮ ਚਲਾ ਕੇ ਦੇਖ ਲਏ।

ਹਰ ਮਸਲੇ ਦਾ ਜੱਜ ਉਹੀ ਸੀ ਕੇਵਲ। ਸਿਵਲ ਨਾਫਰਮਾਨੀ ਕਿਵੇਂ ਚਲਾਉਣੀ ਹੈ, ਉਹ ਦੱਸੇਗਾ, ਹੋਰ ਕਿਸੇ ਨੂੰ ਪਤਾ ਨਹੀਂ, ਕਦੋਂ ਅੰਦੋਲਨ ਸ਼ੁਰੂ ਕਰੇ, ਕਦੋਂ ਮੁਕਾਏ, ਬੇਸ਼ਕ ਸਫਲ ਹੋਏ ਜਾਂ ਫੇਲ੍ਹ, ਲੋਕਾਂ ਦਾ ਘਾਣ ਹੋਏ ਜਾਂ ਸਿਆਸੀ ਨੁਕਸਾਨ, ਇਨ੍ਹਾਂ ਗੱਲਾਂ ਦਾ ਮਹਾਤਮਾ ਉਪਰ ਕੋਈ ਅਸਰ ਨਹੀਂ ਕਿਉਂਕਿ ਉਹ ਅਭੁੱਲ ਹੈ। ਆਪਣੇ ਆਪ ਨੂੰ ਅਭੁੱਲ ਸਾਬਤ ਕਰਨ ਲਈ ਉਸ ਨੇ ਨਾਹਰਾ ਘੜਿਆ, 'ਸਤਿਆਗ੍ਰਹਿ ਕਦੀ ਫੇਲ੍ਹ ਨਹੀਂ ਹੁੰਦਾ।' ਸਤਿਆਗ੍ਰਹਿ ਹੁੰਦਾ ਕੀ ਹੈ? ਇਸ ਬਾਰੇ ਕੇਵਲ ਉਹੀ ਜਾਣਦਾ ਹੈ, ਹੋਰ ਕਿਸੇ ਨੂੰ ਪਤਾ ਨਹੀਂ। ਇਉਂ ਮਹਾਤਮਾ ਆਪਣੇ ਮੁਕੱਦਮੇ ਦਾ ਜੱਜ ਆਪ ਬਣ ਗਿਆ। ਬਚਗਾਨਾ ਪਾਗਲਪਣ ਤੇ ਸਖਤ ਆਤਮ-ਸੰਜਮ ਇਕੱਠੇ ਹੋ ਗਏ ਜਿਸ ਨਾਲ ਉਹ ਅਮੋੜ ਅਤੇ ਅਪਹੁੰਚ ਹੋ ਗਿਆ।

ਬਹੁਤ ਲੋਕ ਜਾਣਦੇ ਸਨ ਕਿ ਉਸ ਦੀ ਸਿਆਸਤ ਤਰਕ ਵਿਹੂਣੀ ਹੈ, ਜਾਂ ਉਹ ਕਾਂਗਰਸ ਵਿਚੋਂ ਨਿਕਲ ਜਾਣ ਜਾਂ ਫਿਰ ਸਿਰ ਸੁੱਟ ਕੇ ਆਪਣੀ ਅਕਲ ਉਸ ਦੇ ਕਦਮਾਂ ਵਿਚ ਅਰਪਣ ਕਰਨ, ਉਹ ਜਿਵੇਂ ਚਾਹੇ ਵਰਤੇ। ਅਨੰਤ ਗੈਰਜ਼ਿੰਮੇਵਾਰੀ ਦੇ ਸਿਖਰ ਉਪਰ ਪੁੱਜ ਕੇ ਉਸ ਨੇ ਕਦਮ ਕਦਮ 'ਤੇ ਗਲਤੀਆਂ ਕਰਨ ਦਾ ਅਪਰਾਧ ਕੀਤਾ, ਅਸਫਲਤਾ-ਦਰ-ਅਸਫਲਤਾ, ਬਰਬਾਦੀ-ਦਰ-ਬਰਬਾਦੀ।

ਭਾਰਤ ਦੀ ਰਾਸ਼ਟਰੀ ਭਾਸ਼ਾ ਦੇ ਮਸਲੇ ਸਮੇਂ ਜਦੋਂ ਉਹ ਮੁਸਲਿਮ ਪੱਖੀ ਹੋ ਗਿਆ, ਉਦੋਂ ਉਸ ਦੇ ਘਟੀਆ ਰਵੱਈਏ ਦੀ ਸਮਝ ਆ ਗਈ। ਹਿੰਦੀ ਨੂੰ ਪ੍ਰਥਮ ਸਥਾਨ ਕਿਉਂ ਨਾ ਮਿਲੇ? ਸ਼ੁਰੂ ਵਿਚ ਉਹ ਹਿੰਦੀ ਦਾ ਹਮਾਇਤੀ ਸੀ ਪਰ ਜਦੋਂ ਦੇਖਿਆ ਮੁਸਲਮਾਨਾਂ ਨੂੰ ਹਿੰਦੀ ਪਸੰਦ ਨਹੀਂ, ਉਹ ਹਿੰਦੁਸਤਾਨੀ ਦੇ ਹੱਕ ਵਿਚ ਹੋ ਗਿਆ। ਹਰ ਭਾਰਤੀ ਨੂੰ ਪਤਾ ਹੈ ਹਿੰਦੁਸਤਾਨੀ ਨਾਮ ਦੀ ਕੋਈ ਭਾਸ਼ਾ ਨਹੀਂ। ਇਸ ਦੀ ਕੋਈ ਵਿਆਕਰਣ ਨਹੀਂ, ਸ਼ਬਦਾਵਲੀ ਨਹੀਂ। ਇਹ ਉਪ ਭਾਸ਼ਾ ਹੈ ਜੋ ਕੇਵਲ ਬੋਲੀ ਜਾਂਦੀ ਹੈ, ਲਿਖੀ ਨਹੀਂ ਜਾਂਦੀ। ਹਿੰਦੀ-ਉਰਦੂ ਮਿਲਾਪ ਤੋਂ ਬਣੀ ਇਹ ਦੋਗਲੀ ਬੋਲੀ ਹੈ ਜਿਸ ਨੂੰ ਮਹਾਤਮਾ ਦੀ ਸਿਆਣਪ ਵੀ ਹਰਮਨ ਪਿਆਰੀ ਨਹੀਂ ਬਣਾ ਸਕੀ। ਮੁਸਲਮਾਨਾਂ ਨੂੰ ਖੁਸ਼ ਰੱਖਣ ਦੀ ਮਨਸ਼ਾ ਨਾਲ ਉਸ ਨੇ ਚਾਹਿਆ, ਹਿੰਦੁਸਤਾਨੀ ਸਾਰੇ ਭਾਰਤ ਦੀ ਕੌਮੀ ਜ਼ਬਾਨ ਹੋਵੇ। ਉਸ ਦੇ ਅੰਨ੍ਹੇ ਮੁਰੀਦਾਂ ਨੇ ਉਸ ਦੀ ਮੰਨਣੀ ਹੀ ਸੀ, ਦੋਗਲੀ ਬੋਲੀ ਉਹ ਵੀ ਬੋਲਣ ਲਗ ਪਏ। ਹਿੰਦੀ ਦੀ ਸੁੰਦਰਤਾ ਅਤੇ ਪਾਕੀਜ਼ਗੀ ਕੋਠੇ 'ਤੇ ਬਿਠਾ ਦਿੱਤੀ ਤਾਂ ਕਿ ਮੁਸਲਮਾਨ ਖੁਸ਼ ਹੋ ਜਾਣ। ਉਸ ਨੇ ਆਪਣੇ ਸਾਰੇ ਤਜਰਬੇ ਹਿੰਦੂਆਂ ਦੀ ਕੀਮਤ ਤਾਰ ਕੇ ਕੀਤੇ।



*ਮਹਾਤਮਾ ਗਾਂਧੀ ਅਤੇ ਨੱਥੂ ਰਾਮ ਗੋਡਸੇ।*

ਅਗਸਤ 1946 ਤੋਂ ਪਿਛੋਂ ਮੁਸਲਮਾਨਾਂ ਦੀਆਂ ਪ੍ਰਾਈਵੇਟ ਫੌਜਾਂ ਨੇ ਹਿੰਦੂਆਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਤਤਕਾਲੀ ਵਾਇਸਰਾਏ ਲਾਰਡ ਵੇਵਿਲ, ਗੌਰਮੈਂਟ ਆਫ ਇੰਡੀਆ ਐਕਟ 1935 ਲਾਗੂ ਕਰ ਕੇ ਬਲਾਤਕਾਰ, ਕਤਲ ਅਤੇ ਲੁਟਖੋਰ ਰੋਕ ਸਕਦਾ ਸੀ, ਨਹੀਂ ਰੋਕੇ। ਬੰਗਾਲ ਤੋਂ ਕਰਾਚੀ ਤੱਕ ਹਿੰਦੂ ਖੂਨ ਵਗਿਆ ਭਾਵੇਂ ਕਿਤੇ ਕਿਤੇ ਹਿੰਦੂਆਂ ਨੇ ਮੁਕਾਬਲਾ ਵੀ ਕੀਤਾ। ਸਤੰਬਰ ਵਿਚ ਅੰਤ੍ਰਿਮ ਸਰਕਾਰ ਬਣੀ ਜਿਸ ਨੂੰ ਸਰਕਾਰ ਦੇ ਹੀ ਮੁਸਲਿਮ ਲੀਗੀ ਮੈਂਬਰ ਨੇ ਸਾਬੋਤਾਜ ਕਰ ਦਿੱਤਾ। ਜਿਉਂ ਜਿਉਂ ਮੁਸਲਮਾਨ, ਸਰਕਾਰ ਨਾਲ ਦਗਾ ਕਰਦੇ ਗਏ, ਗਾਂਧੀ ਦਾ ਉਨ੍ਹਾਂ ਪ੍ਰਤੀ ਹੇਜ ਵਧਦਾ ਗਿਆ। ਲਾਰਡ ਵੇਵਿਲ ਕੋਈ ਹੱਲ ਨਾ ਕੱਢ ਸਕਿਆ ਤਾਂ ਅਸਤੀਫਾ ਦੇ ਗਿਆ ਤੇ ਲਾਰਡ ਮਾਊਂਟਬੈਟਨ ਆ ਗਿਆ। ਬਾਬਾ ਮਰਿਆ ਗੁਲਾਬੋ ਜੰਮੀ।



*27 ਮਈ 1948 ਨੂੰ ਗਾਂਧੀ ਕਤਲ ਕੇਸ ਸ਼ੁਰੂ ਹੋਣ ਮੌਕੇ ਨੱਥੂ ਰਾਮ ਗੋਡਸੇ (ਖੱਬੇ) ਅਤੇ ਵਕੀਲ ਸਫਾਈ ਐਲ.ਬੀ. ਭੋਪਾਟਕਰ।*


ਰਾਸ਼ਟਰਵਾਦ ਤੇ ਸਮਾਜਵਾਦ ਦਾ ਢੰਡੋਰਾ ਪਿੱਟਣ ਵਾਲੀ ਕਾਂਗਰਸ ਨੇ ਅੰਦਰਖਾਤੇ ਪਾਕਿਸਤਾਨ ਦੇਣਾ ਮੰਨ ਲਿਆ, ਯਾਨਿ ਜਿਨਾਹ ਦੇ ਨੇਜ਼ੇ ਅਗੇ ਗੋਡੇ ਟੇਕ ਦਿੱਤੇ। ਭਾਰਤ ਦਾ ਜਿਉਂਦਾ ਵਸਦਾ ਤੀਜਾ ਹਿੱਸਾ ਕੱਟ ਵੱਢ ਕੇ 15 ਅਗਸਤ 1947 ਨੂੰ ਸਾਡੇ ਵਾਸਤੇ ਪਰਦੇਸ ਕਰ ਦਿੱਤਾ।

ਕਾਂਗਰਸ ਨੇ ਕਿਹਾ ਕਿ ਮਾਊਂਟਬੈਟਨ ਵਰਗਾ ਮਹਾਨ ਵਾਇਸਰਾਏ ਭਾਰਤ ਵਿਚ ਪਹਿਲਾਂ ਕਦੀ ਨਹੀਂ ਆਇਆ। ਭਾਰਤ ਨੂੰ ਸੱਤਾ ਸੌਂਪਣ ਦੀ ਤਰੀਕ 30 ਜੂਨ 1948 ਮਿਥੀ ਗਈ ਪਰ ਮਾਊਂਟਬੈਟਨ ਨੇ ਆਪ੍ਰੇਸ਼ਨ ਕਰ ਕੇ ਵਢਿਆ ਭਾਰਤ ਦਸ ਮਹੀਨੇ ਪਹਿਲਾਂ ਸੌਂਪ ਦਿੱਤਾ। ਇਹ ਹੈ ਉਹ ਤੋਹਫਾ, ਜਿਹੜਾ ਤੀਹ ਸਾਲ ਦੀ ਤਾਨਾਸ਼ਾਹੀ ਕਰਨ ਮਗਰੋਂ ਗਾਂਧੀ ਨੇ ਹਾਸਲ ਕੀਤਾ, ਇਸ ਨੂੰ ਕਾਂਗਰਸ ਆਜ਼ਾਦੀ ਆਖਦੀ ਹੈ, 'ਸੱਤਾ ਦਾ ਸ਼ਾਂਤਮਈ ਤਬਾਦਲਾ।' ਹਿੰਦੂ-ਮੁਸਲਿਮ ਏਕਤਾ ਦਾ ਬੁਲਬੁਲਾ ਆਖਰ ਫਟ ਗਿਆ। ਨਹਿਰੂ ਅਤੇ ਉਸ ਦੀ ਜੁੰਡਲੀ ਦੀ ਪ੍ਰਵਾਨਗੀ ਨਾਲ ਤਾਨਾਸ਼ਾਹ ਸਟੇਟ ਦਾ ਜਨਮ ਹੋਇਆ ਜਿਸ ਨੂੰ ਇਹ ਆਖਦੇ ਹਨ, ਅਸੀਂ ਕੁਰਬਾਨੀਆਂ ਨਾਲ ਆਜ਼ਾਦੀ ਲਈ ਹੈ। ਕਿਸ ਦੀਆਂ ਕੁਰਬਾਨੀਆਂ ਨਾਲ? ਗਾਂਧੀ ਦੀ ਸੰਮਤੀ ਨਾਲ ਕਾਂਗਰਸ ਦੇ ਸਿਖਰਲੇ ਲੀਡਰਾਂ ਨੇ ਜਦੋਂ ਉਹ ਦੇਸ਼ ਵੱਢ ਦਿੱਤਾ ਜਿਸ ਨੂੰ ਅਸੀਂ ਪੂਜਦੇ ਹਾਂ, ਮੇਰੇ ਮਨ ਵਿਚ ਪੂਰਨ ਕਰੋਧ ਜਾਗਿਆ।

ਹਿੰਦੂ ਰਿਫਿਊਜੀਆਂ ਨੇ ਦਿੱਲੀ ਦੀ ਇਕ ਮਸਜਿਦ ਵਿਚ ਟਿਕਾਣਾ ਕਰ ਲਿਆ ਤਾਂ ਗਾਂਧੀ ਨੇ ਮਰਨ ਵਰਤ ਰੱਖ ਲਿਆ। ਵਰਤ ਛੱਡਣ ਵਾਸਤੇ ਜੋ ਸ਼ਰਤਾਂ ਰੱਖੀਆਂ, ਉਨ੍ਹਾਂ ਵਿਚ ਇਕ, ਇਸ ਮਸਜਿਦ ਨੂੰ ਖਾਲੀ ਕਰਨਾ ਵੀ ਸੀ, ਪਰ ਜਦੋਂ ਪਾਕਿਸਤਾਨ ਵਿਚ ਹਿੰਦੂਆਂ ਖਿਲਾਫ ਹਿੰਸਾ ਭੜਕੀ, ਗਾਂਧੀ ਨੇ ਪਾਕਿਸਤਾਨ ਸਰਕਾਰ ਜਾਂ ਮੁਸਲਮਾਨਾਂ ਖਿਲਾਫ ਇਕ ਸ਼ਬਦ ਨਹੀਂ ਉਚਾਰਿਆ ਕਿ ਜ਼ੁਲਮ ਰੁਕੇ। ਮਰਨ ਵਰਤ ਛੱਡਣ ਵਾਸਤੇ ਕੋਈ ਸ਼ਰਤ ਉਸ ਨੇ ਮੁਸਲਮਾਨਾਂ ਉਪਰ ਨਹੀਂ ਲਾਈ, ਕਿਉਂਕਿ ਗਾਂਧੀ ਇੰਨਾ ਚਤੁਰ ਸੀ, ਜਾਣਦਾ ਸੀ ਮੁਸਲਮਾਨਾਂ ਨੂੰ ਉਸ ਦੀ ਮੌਤ ਦਾ ਕੋਈ ਅਫਸੋਸ ਨਹੀਂ ਹੋਣਾ। ਪਾਕਿਸਤਾਨੀ ਮੁਸਲਮਾਨਾਂ 'ਤੇ ਸ਼ਰਤਾਂ ਠੋਸਣ ਤੋਂ ਹੁਸ਼ਿਆਰੀ ਸਦਕਾ ਟਲ ਜਾਂਦਾ ਸੀ। ਤਜਰਬੇ ਤੋਂ ਜਾਣ ਗਿਆ ਸੀ ਕਿ ਜਿਨਾਹ ਉਪਰ ਵਰਤਾਂ ਦਾ ਅਸਰ ਨਹੀਂ ਹੁੰਦਾ, ਮੁਸਲਿਮ-ਲੀਗ ਗਾਂਧੀ ਦੀ ਅੰਤਰ-ਆਤਮਾ ਬਾਰੇ ਲਾਪ੍ਰਵਾਹ ਸੀ।

ਹੁਣ ਗਾਂਧੀ ਨੂੰ ਰਾਸ਼ਟਰ ਪਿਤਾ ਕਿਹਾ ਜਾਣ ਲੱਗਾ ਹੈ। ਜੇ ਉਹ ਰਾਸ਼ਟਰ ਪਿਤਾ ਹੁੰਦਾ, ਦੇਸ਼ ਵੰਡ ਵਾਸਤੇ ਸਹਿਮਤੀ ਦੇ ਕੇ ਧੋਖਾਧੜੀ ਕਿਉਂ ਕਰਦਾ? ਮੈਂ ਆਪਣੇ ਕਥਨ ਉਪਰ ਕਾਇਮ ਹਾਂ ਕਿ ਗਾਂਧੀ ਨੇ ਫਰਜ਼ ਨਿਭਾਉਣ ਤੋਂ ਕੋਤਾਹੀ ਕੀਤੀ। ਉਸ ਨੇ ਸਾਬਤ ਕੀਤਾ, ਉਹ ਪਾਕਿਸਤਾਨ ਦਾ

*(ਬਾਕੀ ਅਗਲੇ ਸਫੇ 'ਤੇ)*



*ਵੀਰ ਸਾਵਰਕਰ ਜਿਸ ਨੂੰ ਸਬੂਤਾਂ ਦੀ ਘਾਟ ਕਾਰਨ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ।*

ਦੇਵਿੰਦਰ ਸਤਿਆਰਥੀ-2



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਮਹਾਂਰਿਸ਼ੀ ਦੇ ਪਹਿਲੇ ਦਰਸ਼ਨ

*ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਉਨ੍ਹਾਂ ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤਾ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਗੁਰਬਚਨ ਸਿੰਘ ਭੁੱਲਰ ਹੋਰਾਂ ਦੀ 'ਸਤਿਯੁਗੀ ਬੰਦੇ' ਨਾਂ ਦੀ ਲੇਖ ਲੜੀ ਵਿਚ ਇਕ ਲੇਖ ਪਾਠਕ ਪਹਿਲਾਂ ਪੜ੍ਹ ਚੁਕੇ ਹਨ। ਭੁੱਲਰ ਹੋਰਾਂ ਮਰਹੂਮ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਸੀ, ਮੇਰੇ ਸਵੈਵਿਸ਼ਵਾਸ ਵਿਚ ਵਾਧਾ ਕਰਨ ਵਾਲੀ ਇਕ ਗੱਲ ਇਹ ਵੀ ਸੀ ਕਿ ਮੈਂ ਦੇਵਿੰਦਰ ਸਤਿਆਰਥੀ ਦੇ ਪਿੰਡਾਂ ਦਾ ਹਾਂ। ਕਈ ਸਾਲਾਂ ਮਗਰੋਂ ਮੈਂ ਸੋਵੀਅਤ ਯੂਨੀਅਨ ਦੇ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਕੰਮ ਕਰਨ ਵਾਸਤੇ ਦਿੱਲੀ ਜਾ ਪਹੁੰਚਿਆ ਜਿਥੇ ਸਾਹਿਤ ਅਤੇ ਸੜਕਾਂ ਉਤੇ ਸਤਿਆਰਥੀ ਜੀ ਦੀ ਮਾਲਕੀ ਸੀ। ਮੇਰਾ ਰੂਸੀ ਰਸਾਲਾ ਭਾਪਾ ਪ੍ਰੀਤਮ ਸਿੰਘ ਦੇ ਨਵਯੁਗ ਪ੍ਰੈਸ ਵਿਚ ਛਪਦਾ ਸੀ ਜਿਸ ਕਰਕੇ ਮੇਰਾ ਉਥੇ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਸਤਿਆਰਥੀ ਜੀ ਦੇ ਪਹਿਲੀ ਵਾਰ ਦਰਸ਼ਨ ਉਥੇ ਹੀ ਹੋਏ। ਉਨ੍ਹਾਂ ਨੂੰ ਨੇੜਿਉਂ ਦੇਖ ਕੇ ਇਉਂ ਲਗਿਆ ਜਿਵੇਂ ਗੁਰੂਦੇਵ ਰਾਬਿੰਦਰਨਾਥ ਟੈਗੋਰ ਹੁਣੇ-ਹੁਣੇ ਸ਼ਾਂਤੀ ਨਿਕੇਤਨ ਤੋਂ ਪੈਦਲ ਤੁਰ ਕੇ ਆਏ ਹੋਣ—ਘਸੇ ਹੋਏ ਬੂਟ, ਲੰਮੇ ਸਫ਼ਰ ਤੋਂ ਆਇਆਂ ਵਰਗੇ ਕਪੜੇ, ਦਾੜ੍ਹੀ ਉਤੇ ਧੂੜ, ਪਰ ਕੁਝ-ਕੁਝ ਵਿਰਲੇ ਰੇਸ਼ਮੀ ਕੇਸਾਂ ਦੀ ਝਾਲਰ ਹੇਠ ਚੌੜਾ ਨੂਰਾਨੀ ਮੱਥਾ!

ਲਾਹੌਰ ਵੇਲੇ ਦੀ ਗੱਲ ਹੈ। ਦੁੱਧ-ਚਿੱਟੀ ਰੇਸ਼ਮੀ ਦਾੜ੍ਹੀ ਵਾਲੇ ਟੈਗੋਰ ਨਾਲ ਉਹੋ ਜਿਹੀ ਕਾਲੀ ਦਾੜ੍ਹੀ ਵਾਲੇ ਸਤਿਆਰਥੀ ਦੀ ਤਸਵੀਰ ਦੇਖ ਕੇ ਪਿਤਰਸ ਬੁਖਾਰੀ ਨੇ ਕਿਹਾ ਸੀ, "ਖਿਜ਼ਾਬ ਤੋਂ ਪਹਿਲਾਂ, ਖਿਜ਼ਾਬ ਤੋਂ ਪਿੱਛੋਂ।" ਪਰ ਹੁਣ ਇਹ ਵੀ ਗੁਰੂਦੇਵ ਵਾਂਗ "ਖਿਜ਼ਾਬ ਤੋਂ ਪਹਿਲਾਂ" ਹੋ ਚੁਕੇ ਸਨ। ਇਸ ਇਕਰੂਪਤਾ ਕਰਕੇ ਹੀ ਤਾਂ ਟੈਗੋਰ-ਸ਼ਤਾਬਦੀ ਦੇ ਮੌਕੇ ਉਤੇ ਕਲਕੱਤੇ ਦੇ ਇਕ ਟੈਕਸੀ ਵਾਲੇ ਨੇ ਸਤਿਆਰਥੀ ਜੀ ਨੂੰ ਤੁਰਿਆ ਜਾਂਦਾ ਦੇਖ ਕੇ ਆਪਣੇ ਸਾਥੀ ਨੂੰ ਕਿਹਾ ਸੀ, "ਵੇਖ ਓਏ ਨਰੈਣ ਸਿਆਂ, ਸ਼ਤਾਬਦੀ ਵਿਚ ਤਾਂ ਹਾਲੇ ਸੱਤ ਮਹੀਨੇ ਪਏ ਨੇ, ਗੁਰੂਦੇਵ ਪਹਿਲਾਂ ਹੀ ਆ ਪਹੁੰਚੇ।"


ਭਾਪਾ ਜੀ ਨੇ ਉਨ੍ਹਾਂ ਨੂੰ ਮੇਰੇ ਬਾਰੇ ਦੱਸਿਆ ਤਾਂ ਦੋਵਾਂ ਦੇ ਪਿੰਡਾਂ ਦੀ ਨੇੜਤਾ ਸੁਣ ਕੇ ਉਹ ਗਦਗਦ ਹੋ ਗਏ, "ਲਓ ਜੀ, ਪਿਥੋ ਤਾਂ ਸਾਡੇ ਭਦੌੜ ਦਾ ਇਕ ਅਗਵਾੜ ਹੀ ਸਮਝੋ। ਭਾਪਾ ਜੀ, ਇਹਨੂੰ ਮੇਰੇ ਗੁਆਂਢੀ ਪਿੰਡ ਦਾ ਨਾ ਕਹੋ, ਮੇਰੇ ਪਿੰਡ ਦਾ ਹੀ ਕਹੋ।"

ਭਾਪਾ ਜੀ ਆਪਣੇ ਮੇਜ਼ ਉਤੇ ਕੰਮ ਖਿਲਾਰੀ ਬੈਠੇ ਸਨ। ਕੁਝ ਕੁਝ ਸ਼ਰਾਰਤੀ ਲਹਿਜ਼ੇ ਵਿਚ ਬੋਲੇ, "ਜੇ ਇਹ ਗੱਲ ਹੈ ਤਾਂ ਭੁੱਲਰ ਨੂੰ ਕਿਤੇ ਲਿਜਾ ਕੇ ਚਾਹ ਵੀ ਪਿਆਓ ਤੇ ਨਾਲ ਕੋਈ ਰਚਨਾ ਵੀ ਸੁਣਾਓ।"

ਰਚਨਾ ਸੁਣਾਉਣ ਦੀ ਸਤਿਆਰਥੀ ਜੀ ਦੀ ਮਸ਼ਹੂਰ ਤੇ ਬਹੁਚਰਚਿਤ ਆਦਤ ਬਾਰੇ ਮੈਨੂੰ ਅਜੇ ਕੋਈ ਇਲਮ ਨਹੀਂ ਸੀ। ਮੈਂ ਤਾਂ ਪਿੰਡ ਤੋਂ ਗਿਆ ਸੀ ਅਤੇ ਅਜਿਹੇ ਵੱਡੇ ਲੇਖਕਾਂ ਨਾਲ ਅਜੇ ਮੇਰਾ ਵਾਹ ਪੈਣਾ ਸੀ। ਵਾਹ ਪੈਣ ਨਾਲ ਹੀ ਉਨ੍ਹਾਂ ਦੀਆਂ ਆਦਤਾਂ ਦਾ ਪਤਾ ਲੱਗਣਾ ਸੀ। ਇਸ ਪਹਿਲੀ ਮਿਲਣੀ ਵਿਚ ਹੀ ਉਹ ਮੈਨੂੰ ਚਾਂਦਨੀ ਚੌਕ ਦੀ ਇਕ ਭੀੜੀ ਜਿਹੀ ਵੀਹੀ ਵਿਚਲੇ ਇਕ ਅੱਧ-ਹਨੇਰੇ ਤੇ ਥਿੰਧੇ ਜਿਹੇ ਚਾਹ-ਖ਼ਾਨੇ ਵਿਚ ਲੈ ਗਏ ਅਤੇ 'ਛੋਟੀ ਜਿਹੀ ਰਚਨਾ' ਆਖ ਕੇ ਸਾਰਾ 'ਸੂਈ ਬਾਜ਼ਾਰ' ਸੁਣਾ ਛੱਡਿਆ।

ਉਸ ਪਿੱਛੋਂ ਦੇ ਲੰਮੇ ਸਾਲਾਂ ਵਿਚ ਪਤਾ ਨਹੀਂ ਕਿੰਨੀ ਵਾਰ ਮੁਲਾਕਾਤ ਹੋਈ ਹੋਵੇਗੀ, ਪਰ ਇਕ ਵਾਰ ਉਨ੍ਹਾਂ ਨੂੰ ਇਕ ਸਾਹਿਤਕ ਸਨਮਾਨ ਦੇਣ ਵਾਲੀ ਸੰਸਥਾ ਨੇ ਮੈਨੂੰ ਉਨ੍ਹਾਂ ਬਾਰੇ ਲੇਖ ਤੁਰਤ ਲਿਖਣ ਲਈ ਕਿਹਾ ਤਾਂ ਉਨ੍ਹਾਂ ਨਾਲ ਲੰਮੀ ਮੁਲਾਕਾਤ ਦੀ ਲੋੜ ਮਹਿਸੂਸ ਹੋਈ। ਤਦ ਸਵਾਲ ਪੈਦਾ ਹੋਇਆ, ਲੱਭਿਆ ਕਿਥੇ ਜਾਵੇ? ਉਨ੍ਹਾਂ ਦੇ ਬਾਲਪਣ ਵਿਚ, ਹਰ ਮਾਂ ਵਾਂਗ, ਉਨ੍ਹਾਂ ਦੀ ਮਾਂ ਉਨ੍ਹਾਂ ਦੀ ਤਲੀ ਉਤੇ ਉਂਗਲ ਫੇਰ ਕੇ ਗਾਉਂਦੀ ਹੁੰਦੀ ਸੀ, ਆਲੀਓ-ਪਾਲੀਓ, ਇਕ ਕੱਟਾ ਸੀ, ਇਕ ਵੱਛਾ ਸੀ, ਸਾਡਾ ਦੇਵ ਚਾਰਨ ਗਿਆ, ਹੱਥ ਖੂੰਡੀ ਸੀ, ਸਿਰ ਭੂੰਗੀ ਸੀ, ਕਿਸੇ ਨੇ ਵੇਖਿਆ ਹੋਵੇ, ਆਹ ਜਾਂਦੀ ਪੈੜ, ਆਹ ਜਾਂਦੀ ਪੈੜ...। ਤੇ ਫੇਰ ਉਹ ਕੱਛ ਵਿਚ ਕੁਤਕੁਤਾੜੀ ਕੱਢ ਕੇ ਖਿੜ-ਖਿੜ ਹੱਸ ਪੈਂਦੀ ਸੀ, "ਥਿਆ ਗਿਆ, ਥਿਆ ਗਿਆ, ਥਿਆ ਗਿਆ।" ਉਨ੍ਹਾਂ ਦੀਆਂ ਪੈੜਾਂ ਤਾਂ ਦਿੱਲੀ ਦੀ ਹਰੇਕ ਸੜਕ ਉਤੇ, ਪਾਰਕਾਂ ਵਿਚ, ਕਾਫੀ ਹਾਊਸਾਂ ਤੇ ਚਾਹ-ਖ਼ਾਨਿਆਂ ਵਿਚ, ਆਰਟ ਗੈਲਰੀਆਂ ਤੇ ਪ੍ਰਦਰਸ਼ਨੀਆਂ ਵਿਚ, ਸਭਾਵਾਂ ਵਿਚ ਤੇ ਗੋਸ਼ਟੀਆਂ ਵਿਚ, ਨਵਯੁਗ ਤੇ ਜਨਤਕ ਪ੍ਰੈਸ ਵਿਖੇ, ਅਨੇਕ ਥਾਂਵਾਂ ਉਤੇ ਹਨ, ਪਰ "ਥਿਆ ਗਿਆ, ਥਿਆ ਗਿਆ" ਕਿਥੇ ਹੋਵੇ?

ਉਨ੍ਹਾਂ ਦੀ ਸੌਖ ਵਾਲੀ ਇਕ ਥਾਂ ਮਿਲਣ ਦਾ ਸੁਨੇਹਾ ਦਿੱਤਾ, ਪਰਵਾਨਗੀ ਵੀ ਆਈ, ਪਰ ਉਡੀਕਦਿਆਂ ਸ਼ਾਮ ਹੋ ਗਈ। ਕੁਝ ਦਿਨਾਂ ਮਗਰੋਂ



*ਦੇਵਿੰਦਰ ਸਤਿਆਰਥੀ*

ਭਾਪਾ ਜੀ ਹੱਥ ਉਨ੍ਹਾਂ ਦਾ ਸੁਨੇਹਾ ਮੇਰੇ ਘਰ ਆਉਣ ਦਾ ਆ ਗਿਆ। ਭਾਪਾ ਜੀ ਨੂੰ ਕਹਿੰਦੇ, "ਜੀ ਉਸ ਦਿਨ ਮੈਂ ਭੁੱਲਰ ਨੂੰ ਮਿਲਣ ਦਾ ਇਕਰਾਰ ਕਰ ਕੇ ਉਡੀਕਦਾ ਰਖਿਆ, ਹੁਣ ਪਸ਼ਚਾਤਾਪ ਵਜੋਂ ਮੈਂ ਆਪ ਉਹਦੇ ਘਰ ਜਾਵਾਂਗਾ।" ਆਏ ਤਾਂ ਕੱਛੇ ਮਾਰੀ ਹੋਈ ਫ਼ਾਈਲ ਨਾਲ ਇਕ ਬਹੁਤ ਮੋਟਾ ਖਰੜਾ ਵੀ ਸੀ। ਚਾਹ-ਪਾਣੀ ਮਗਰੋਂ ਗੱਲਾਂ ਕਰਨ ਲਗੇ ਤਾਂ ਵਿਚ-ਵਿਚ ਮੇਰੀ ਨਜ਼ਰ ਸੁਤੇਸਿਧ ਹੀ ਉਸ ਖਰੜੇ ਉਤੇ ਵੀ ਪੈਂਦੀ ਰਹੀ। ਹੁਣ ਤੱਕ ਹਰ ਹੱਥ ਆਏ ਬੰਦੇ ਨੂੰ, ਉਹ ਪੜ੍ਹਿਆ ਹੋਵੇ ਜਾਂ ਅਨਪੜ੍ਹ, ਉਹਨੂੰ ਸਾਹਿਤਕ ਮੱਸ ਹੋਵੇ ਭਾਵੇਂ ਨਾ, ਉਨ੍ਹਾਂ ਦੀ ਖਰੜਾ ਸੁਣਾਉਣ ਦੀ ਲਤ ਬਾਰੇ ਮੈਂ ਚੰਗੀ ਤਰ੍ਹਾਂ ਜਾਣ ਚੁੱਕਿਆ ਸੀ। ਲੋਕ-ਗੀਤਾਂ ਦੇ ਮਹਾਂਰਥੀ ਬਾਰੇ ਜਿਹੜੇ ਲੋਕ-ਲਤੀਫ਼ੇ ਤੇ ਲੋਕ-ਅਖਾਣ ਜੁੜੇ ਹਨ, ਉਨ੍ਹਾਂ ਵਿਚੋਂ ਅਨੇਕ ਉਨ੍ਹਾਂ ਦੇ ਖਰੜਾ ਸੁਣਾਉਣ ਬਾਰੇ ਹੀ ਹਨ।

ਕਹਿੰਦੇ ਹਨ ਕਿ ਇਕ ਵਾਰ ਸਾਹਿਤ ਤੇ ਸਭਿਆਚਾਰ ਦੇ ਕੁਝ ਪ੍ਰੇਮੀਆਂ ਨੇ ਭਾਰਤ-ਪਾਕਿ ਸਦਭਾਵਨਾ ਵਧਾਉਣ ਬਾਰੇ ਕੁਝ ਕਰਨ ਦੀ ਵਿਉਂਤ ਬਣਾਈ। ਉਨ੍ਹਾਂ ਨੇ ਦੋਵਾਂ ਸਰਕਾਰਾਂ ਤੋਂ ਸਾਹਿਤਕ-ਸਭਿਆਚਾਰਕ ਸਬੰਧਾਂ ਦੇ ਵਾਧੇ ਦੀ ਮੰਗ ਕਰਦਾ ਹੋਇਆ ਇਕ ਬਿਆਨ ਤਿਆਰ ਕੀਤਾ ਅਤੇ ਉਸ ਉਤੇ ਲੇਖਕਾਂ, ਕਲਾਕਾਰਾਂ ਤੇ ਹੋਰ ਸਭਿਆਚਾਰਕ ਕਾਮਿਆਂ ਦੇ ਦਸਤਖ਼ਤ ਕਰਾਉਣੇ ਸ਼ੁਰੂ ਕਰ ਦਿੱਤੇ। ਅਜਿਹੇ ਬਿਆਨ ਉਤੇ ਸਤਿਆਰਥੀ ਜੀ ਨੇ ਤਾਂ ਦਸਤਖ਼ਤ ਕਰਨੇ ਹੀ ਹੋਏ ਜਿਨ੍ਹਾਂ ਵਾਸਤੇ ਪਾਕਿਸਤਾਨ ਦੇ ਲੋਕ ਵੀ ਓਨੇ ਹੀ ਆਪਣੇ ਸਨ ਜਿੰਨੇ ਹਿੰਦੋਸਤਾਨ ਦੇ। ਕੁਝ ਦਿਨਾਂ ਮਗਰੋਂ ਸੀ.ਆਈ.ਡੀ. ਦਾ ਇਕ ਅਧਿਕਾਰੀ ਨਵੀਂ ਫ਼ਾਈਲ ਵਿਚ ਇਕ ਕੋਰੇ ਕਾਗਜ਼ ਉਤੇ ਇਕ ਅਖ਼ਬਾਰੀ ਖ਼ਬਰ ਦੀ ਕਤਰਨ ਚੇਪ ਕੇ ਆ ਗਿਆ ਜਿਸ ਵਿਚ ਉਸ ਬਿਆਨ ਦਾ ਅਤੇ ਉਸ ਉਤੇ ਦਸਤਖ਼ਤ ਕਰਨ ਵਾਲੇ ਮੋਟੇ ਮੋਟੇ ਨਾਂਵਾਂ ਦਾ ਜ਼ਿਕਰ ਸੀ। ਉਹ ਇਕ ਇਕ ਕਰ ਕੇ ਅਨੇਕ ਸਵਾਲ ਪੁੱਛੀ ਗਿਆ, "ਬਿਆਨ ਦੇ ਪਿਛੇ ਕੌਣ ਹੈ? ਕਿਉਂ ਦਿੱਤਾ ਹੈ? ਅਸਲ ਮਨੋਰਥ ਕੀ ਹੈ? ਪਾਕਿਸਤਾਨ ਨਾਲ ਦੋਸਤੀ ਤੋਂ ਤੁਸੀਂ ਲੋਕਾਂ ਨੇ ਕੀ ਲੈਣਾ ਹੈ?" ਖ਼ਾਨਾਪੂਰੀ ਕਰਨ ਮਗਰੋਂ ਫ਼ਾਈਲ ਬੰਦ ਕਰ ਕੇ ਉਹ ਜਾਣ ਲਈ ਤਿਆਰ ਹੋਇਆ।

ਤੁਰਨ ਲਗੇ ਅਧਿਕਾਰੀ ਨੂੰ ਸਤਿਆਰਥੀ ਜੀ ਬੋਲੇ, "ਹਜ਼ੂਰ, ਇਹ ਜੋ ਤੁਹਾਡੇ ਸਵਾਲਾਂ ਦੇ ਜਵਾਬ ਮੈਂ ਦਿੱਤੇ ਹਨ, ਉਹ ਜੀ ਇਕ ਤਰ੍ਹਾਂ ਨਾਲ ਅਧੂਰੇ ਹਨ। ਤੁਸੀਂ ਤਾਂ ਕਿਸੇ ਸਵਾਲ ਦਾ ਜਵਾਬ ਮੈਨੂੰ ਪੂਰਾ ਦੇਣ ਹੀ ਨਹੀਂ ਦਿੱਤਾ। ਮੈਨੂੰ ਤੁਸੀਂ ਵਿਚੋਂ ਹੀ ਟੋਕ ਟੋਕ ਕੇ ਚੁੱਪ ਕਰਾਉਂਦੇ ਰਹੇ। ਇਕ ਛੋਟੀ ਜਿਹੀ ਰਚਨਾ ਸੁਣਦੇ ਜਾਵੋ ਜੋ ਤੁਹਾਨੂੰ ਸਰਕਾਰੀ ਟਿੱਪਣੀ ਪੂਰੀ ਤੇ ਸਹੀ ਲਿਖਣ ਵਿਚ ਜ਼ਰੂਰ ਸਹਾਈ ਹੋਵੇਗੀ!"

ਉਹ ਖ਼ੁਸ਼ ਹੋ ਕੇ ਥਾਂਏਂ ਬੈਠ ਗਿਆ। ਸਤਿਆਰਥੀ ਜੀ ਨੇ ਚੇਪੀਆਂ ਲਗੀਆਂ ਵਾਲਾ ਇਕ ਮੋਟਾ ਖਰੜਾ ਖੋਲ੍ਹਿਆ ਅਤੇ ਪਾਠ ਅਰੰਭ ਕਰ ਦਿੱਤਾ। ਇਹ ਸਪੱਸ਼ਟ ਕਰਨ ਦੀ ਤਾਂ ਕੋਈ ਲੋੜ ਹੀ ਨਹੀਂ ਕਿ ਰਚਨਾ ਦਾ ਭਾਰਤ-ਪਾਕਿ ਸਬੰਧਾਂ ਨਾਲ ਦੂਰ ਦੂਰ ਦਾ ਵੀ ਕੋਈ ਵਾਸਤਾ ਨਹੀਂ ਸੀ। ਕੁਝ ਚਿਰ ਪਿਛੋਂ ਅਧਿਕਾਰੀ ਨੇ ਬੇਚੈਨੀ ਮਹਿਸੂਸ ਕਰਨੀ ਸ਼ੁਰੂ ਕਰ ਦਿੱਤੀ। ਫੇਰ ਉਹ ਸਿਰ ਖੁਰਕਣ ਲੱਗ ਪਿਆ। ਆਖ਼ਰ ਉਹਨੇ ਖੜ੍ਹਾ ਹੋ ਕੇ ਜਾਣ ਲਈ ਹੱਥ ਜੋੜੇ। ਇਨ੍ਹਾਂ ਨੇ ਉਹਦੇ ਜੋੜੇ ਹੋਏ ਹੱਥ ਫੜੇ ਅਤੇ "ਬੱਸ ਜੀ, ਥੋੜ੍ਹਾ ਜਿਹਾ ਰਹਿ ਗਿਆ" ਆਖਦਿਆਂ ਉਹਨੂੰ ਕੁਰਸੀ ਉਤੇ ਇਕ ਤਰ੍ਹਾਂ ਨਾਲ ਸੁੱਟ ਹੀ ਲਿਆ। ਉਹ ਕੁਝ ਮਿੰਟਾਂ ਮਗਰੋਂ ਉਠਣ ਦੀ ਕੋਸ਼ਿਸ਼ ਕਰੇ, ਇਹ ਫੜ ਕੇ ਫੇਰ ਬਿਠਾ ਲੈਣ।

ਆਖ਼ਰ ਜਦੋਂ ਇਨ੍ਹਾਂ ਨੇ ਆਖ਼ਰੀ ਸਤਰਾਂ ਪੜ੍ਹ ਕੇ ਫ਼ਾਈਲ ਸੰਤੋਖੀ, ਤ੍ਰੇਲੀਓ-ਤ੍ਰੇਲੀ ਹੋਏ ਅਧਿਕਾਰੀ ਨੇ ਪੈਰੀਂ ਡਿਗ ਕੇ ਰੋਣਹਾਕੀ ਆਵਾਜ਼ ਵਿਚ ਕਿਹਾ, "ਗੁਰੂ ਜੀ, ਜੋ ਬਿਆਨ ਮਰਜ਼ੀ ਦੇਵੋ। ਲੇਖਕਾਂ ਦੇ ਤਾਂ ਕੀ, ਭਾਵੇਂ ਪਾਕਿਸਤਾਨ ਦੀ ਫ਼ੌਜ ਦੇ ਪੱਖ ਵਿਚ ਬੋਲੋ। ਮੈਨੂੰ ਹੁਣ ਸਰਕਾਰ ਨੌਕਰੀਉਂ ਤਾਂ ਭਾਵੇਂ ਕੱਢ ਦੇਵੇ, ਮੈਂ ਪੁੱਛਗਿੱਛ ਕਰਨ ਤੁਹਾਡਾ ਬੂਹਾ ਤਾਂ ਅਗੇ ਤੋਂ ਵੜਨੋਂ ਰਿਹਾ!" ਤੇ ਉਹ ਫੇਰ ਕਦੀ ਸਤਿਆਰਥੀ ਜੀ ਦੇ ਘਰ ਵਾਲੀ ਗਲੀ ਤਾਂ ਕੀ, ਘਰ ਦੇ ਨੇੜਿਉਂ ਲੰਘਦੀ ਵੱਡੀ ਸੜਕ, ਰੋਹਤਕ ਰੋਡ ਦੇ ਨੇੜੇ-ਤੇੜੇ ਵੀ ਦਿਖਾਈ ਨਹੀਂ ਦਿੱਤਾ।

ਇਕ ਦਿਨ ਮੈਂ ਆਪਣੇ ਰੂਸੀ ਦਫ਼ਤਰੋਂ ਆ ਕੇ ਕਨਾਟ ਪਲੇਸ ਦੇ ਪਲਾਜ਼ਾ ਸਿਨਮੇ ਕੋਲੋਂ ਚਾਂਦਨੀ ਚੌਕ ਵਾਲੇ ਫਟਫਟੇ ਉਤੇ ਚੜ੍ਹਨ ਲਗਿਆ। ਨੇੜੇ ਹੀ ਖਲੋਤੇ ਸਤਿਆਰਥੀ ਜੀ ਕਿਸੇ ਨੂੰ ਰਚਨਾ ਸੁਣਾ ਰਹੇ ਸਨ। ਸਰੋਤਾ ਤਪੀ ਹੋਈ ਧਰਤੀ ਉਤੇ ਖਲੋਤਿਆਂ ਵਾਂਗ ਕਦੀ ਖੱਬਾ ਪੈਰ ਚੁਕ ਲਵੇ, ਕਦੀ ਸੱਜਾ। ਉਹਦੇ ਚਿਹਰੇ ਉਤੋਂ ਪਰੇਸ਼ਾਨੀ ਮੁੜ੍ਹਕਾ ਬਣ-ਬਣ ਚੋ ਰਹੀ ਸੀ। ਨਵਯੁਗ ਚਲਣ ਦੇ ਸੱਦੇ ਦੇ ਜਵਾਬ ਵਿਚ ਉਹ ਬੋਲੇ, "ਮੇਰੇ ਲਈ ਇਕ ਸੀਟ ਰੱਖ ਛੱਡਣੀ" ਅਤੇ ਫੇਰ ਖਰੜੇ ਦੇ ਪਾਠ ਵਿਚ ਮਗਨ ਹੋ ਗਏ। ਇਕ-ਇਕ ਕਰ ਕੇ ਸਵਾਰੀਆਂ ਆਉਂਦੀਆਂ ਗਈਆਂ। ਜਦੋਂ ਆਖ਼ਰੀ ਸੀਟ ਰਹਿ ਗਈ, ਮੇਰੇ ਆਵਾਜ਼ ਦਿੱਤਿਆਂ ਉਹ ਮੂੰਹ ਵਿਚਲੇ ਸ਼ਬਦ ਨਾਲ ਹੀ ਭੋਗ ਪਾ ਕੇ ਤੁਰ ਪਏ ਅਤੇ ਬਦਕਿਸਮਤ ਸਰੋਤਾ ਟੋਕਰੇ ਹੇਠੋਂ ਛੁੱਟੇ ਕਾਂ ਵਾਂਗ ਪਤਾ ਹੀ ਨਹੀਂ ਕਿਧਰ ਉਡਾਰੀ ਲਾ ਗਿਆ।

ਆ ਕੇ ਮੇਰੇ ਨਾਲ ਦੀ ਸੀਟ ਉਤੇ ਬੈਠੇ ਤਾਂ ਮੈਂ ਪੁਛਿਆ, "ਸਤਿਆਰਥੀ ਜੀ, ਤੁਹਾਡਾ ਇਹ ਸਰੋਤਾ ਕੌਣ ਸੀ?" ਬੋਲੇ, "ਪਤਾ ਨਹੀਂ ਜੀ ਕੌਣ ਸੀ। ਦਰਅਸਲ ਜੀ ਉਹਨੇ ਮੈਥੋਂ ਰੀਗਲ ਥੇਟਰ ਦਾ ਰਾਹ ਪੁੱਛਿਆ ਸੀ। ਮੈਂ ਕਿਹਾ, ਰੀਗਲ ਦਾ ਰਾਹ ਵੀ ਦਸਦੇ ਹਾਂ, ਪਹਿਲਾਂ ਇਹ ਦੋ ਕੁ ਪੰਨੇ ਤਾਂ ਸੁਣੋ!"

ਤੇ ਫੇਰ ਉਹ ਪ੍ਰਸਿੱਧ ਘਟਨਾ, ਜਦੋਂ ਲਾਲ ਕਿਲੇ ਦੇ ਸਾਹਮਣੇ ਵਾਲੇ ਘਾਹ ਉਤੇ ਉਨ੍ਹਾਂ ਨੇ ਇਕ ਸਰੋਤਾ ਲੱਭ ਲਿਆ ਸੀ। ਧਿਆਨ ਖਰੜੇ ਵਲ ਲਗਿਆ ਦੇਖ ਸਰੋਤੇ ਦਾ ਖਿਸਕ ਜਾਣਾ ਰੋਕਣ ਲਈ ਇਨ੍ਹਾਂ ਨੇ ਉਹਦੀ ਜਾਕਟ ਦਾ ਬਟਨ ਘੁੱਟ ਕੇ ਫੜ ਲਿਆ। ਨਿਸ਼ਚਿੰਤ ਹੋ ਕੇ, ਮਚਾਕੇ ਲਾ-ਲਾ ਕੇ ਪਾਠ ਮੁਕਾਇਆ ਤਾਂ ਦੇਖਿਆ ਸਰੋਤਾ ਪਤਾ ਨਹੀਂ ਕਦੋਂ ਜਾਨ ਬਚਾ ਕੇ ਭੱਜ ਗਿਆ ਸੀ। ਸਤਿਆਰਥੀ ਜੀ ਦੇ ਖਰੜਾ-ਪਾਠ ਤੋਂ ਬਚਣ ਲਈ ਨੇੜੇ ਹੀ ਰੇੜ੍ਹੀ ਲਾ ਕੇ ਖਲੋਤੇ ਅਮਰੂਦ ਵੇਚਣ ਵਾਲੇ ਤੋਂ ਚਾਕੂ ਲੈ ਕੇ ਉਹਨੇ ਆਪਣੀ ਜਾਕਟ ਦੀ ਟਾਕੀ ਹੀ ਲਾਹ ਛੱਡੀ ਸੀ ਅਤੇ ਵਢੀ ਹੋਈ ਉਹ ਗਿੱਠ-ਭਰ ਟਾਕੀ ਸਤਿਆਰਥੀ ਜੀ ਦੇ ਹੱਥ ਵਿਚ ਫੜੇ ਹੋਏ ਬਟਨ ਨਾਲ ਲਾਲ ਕਿਲੇ ਦੇ ਝੰਡੇ ਵਾਂਗ ਝੂਲ ਰਹੀ ਸੀ।

ਖਰੜਾ ਸੁਣਾਉਣ ਦੀ ਉਨ੍ਹਾਂ ਦੀ ਆਦਤ ਦੀਆਂ ਅਨੇਕ ਕਹਾਣੀਆਂ ਹਨ ਅਤੇ ਹਰ ਕਹਾਣੀ ਪਹਿਲੀ ਤੋਂ ਵੱਧ ਦਿਲਚਸਪ ਤੇ ਹੈਰਾਨਕੁਨ ਹੈ। ਜ਼ਰੂਰੀ ਨਹੀਂ ਸੀ ਕਿ ਉਹ ਰਚਨਾ ਸੁਣਾਉਣੀ ਮੁੱਢੋਂ ਹੀ ਸ਼ੁਰੂ ਕਰਦੇ। ਜਿਥੋਂ ਖਰੜਾ ਖੁੱਲ੍ਹ ਗਿਆ, ਉਥੋਂ ਹੀ ਠੀਕ ਸੀ। ਜੇ ਸਰੋਤਾ ਕੋਈ ਬਹਾਨਾ ਬਣਾ ਕੇ ਜਾਂ ਤਰਲਾ-ਮਿੰਨਤ ਕਰ ਕੇ ਵਿਦਾ ਹੋਣ ਵਿਚ ਸਫਲ ਹੋ ਜਾਵੇ ਜਾਂ ਇਨ੍ਹਾਂ ਨੂੰ ਹੀ ਕਿਸੇ ਕਾਰਨ ਉਥੋਂ ਤੁਰਨਾ ਪੈ ਜਾਵੇ ਤਾਂ ਪੰਨਾ ਜਾਂ ਪੈਰਾ ਮੁਕਾਉਣਾ ਵੀ ਕੋਈ ਜ਼ਰੂਰੀ ਨਹੀਂ ਸੀ ਹੁੰਦਾ। ਜੋ ਸ਼ਬਦ ਮੂੰਹ ਵਿਚ ਹੈ, ਉਥੇ ਹੀ ਸ਼ੁਭ-ਸਮਾਪਤੀ!

# ਗਾਂਧੀ ਨੂੰ ਮੈਂ ਕਿਉਂ ਕਤਲ ਕੀਤਾ?

*(ਪਿਛਲੇ ਸਫੇ ਦੀ ਬਾਕੀ)*

ਪਿਤਾਮਾ ਹੈ। ਉਸ ਦੀ ਜ਼ਮੀਰ ਦੀ ਆਵਾਜ਼, ਰੂਹਾਨੀ ਤਾਕਤ, ਅਹਿੰਸਾ ਦਾ ਫਲਸਫਾ ਜਿਸ ਬਾਰੇ ਬਥੇਰਾ ਬਾਤ ਦਾ ਬਤੰਗੜ ਬਣਾਇਆ ਗਿਆ, ਜਿਨਾਹ ਦੇ ਫੌਲਾਦੀ ਇਰਾਦੇ ਅੱਗੇ ਸ਼ਕਤੀਹੀਣ ਹੋ ਗਏ, ਚੂਰ ਚੂਰ ਹੋ ਗਏ।

ਗਾਂਧੀ ਨੂੰ ਕਤਲ ਕਰਨ ਬਾਰੇ ਜਦੋਂ ਮੈਂ ਸੋਚਿਆ, ਮੈਨੂੰ ਮਹਿਸੂਸ ਹੋਇਆ, ਲੋਕ ਮੈਨੂੰ ਨਫਰਤ ਕਰਨ ਲੱਗ ਜਾਣਗੇ; ਆਤਮ ਸਨਮਾਨ ਜਾਨ ਤੋਂ ਪਿਆਰਾ ਹੁੰਦਾ ਹੈ, ਖੁੱਸ ਜਾਏਗਾ। ਉਸੇ ਵਕਤ ਮੈਨੂੰ ਇਹ ਵੀ ਲੱਗਾ ਕਿ ਗਾਂਧੀ ਨਾ ਰਿਹਾ ਤਾਂ ਭਾਰਤੀ ਸਿਆਸਤ ਵਧੀਕ ਸਮਰੱਥਾਵਾਨ ਹੋਵੇਗੀ, ਦੁਸ਼ਮਣ ਦਾ ਮੁਕਾਬਲਾ ਕਰ ਸਕੇਗੀ, ਹਥਿਆਰਬੰਦ ਸੈਨਾ ਨਾਲ ਲੈਸ ਹੋਵੇਗੀ। ਮੇਰਾ ਭਵਿੱਖ ਪੂਰਨ ਤੌਰ 'ਤੇ ਖਤਮ ਹੋ ਜਾਏਗਾ ਪਰ ਮੇਰੀ ਸਟੇਟ ਪਾਕਿਸਤਾਨ ਦੇ ਸਹਿਮ ਤੋਂ ਮੁਕਤ ਹੋ ਜਾਏਗੀ। ਹੋ ਸਕਦਾ, ਲੋਕ ਮੈਨੂੰ ਗਾਲਾਂ ਦੇਣ, ਅਕਲ ਤੋਂ ਸੱਖਣਾ ਸਿਰ ਫਿਰਿਆ ਕਹਿਣ ਪਰ ਰਾਸ਼ਟਰ ਮਜ਼ਬੂਤੀ ਨਾਲ ਸੁਤੰਤਰ ਹੋ ਕੇ ਉਸ ਰਾਹ 'ਤੇ ਚਲੇਗਾ ਜਿਹੜਾ ਤਰਕਸੰਗਤ ਹੈ, ਇਸੇ ਦੀ ਜ਼ਰੂਰਤ ਹੈ।

ਸਾਰੀ ਉਧੇੜ-ਬੁਣ ਕਰਨ ਪਿਛੋਂ ਮੈਂ ਆਖਰ ਫੈਸਲੇ ਉਪਰ ਪੁੱਜ ਗਿਆ ਪਰ ਮੈਂ ਕਿਸੇ ਨੂੰ ਆਪਣੇ ਇਰਾਦੇ ਦੀ ਭਿਣਕ ਨਹੀਂ ਪੈਣ ਦਿੱਤੀ। ਮੈਂ ਆਪਣੇ ਹੱਥਾਂ ਨੂੰ ਹੌਸਲਾ ਦੇ ਕੇ 30 ਜਨਵਰੀ 1948 ਨੂੰ ਬਿਰਲਾ ਭਵਨ ਦੀ ਪ੍ਰਾਰਥਨਾ ਸਭਾ ਵਿਚ ਗਾਂਧੀ ਉਪਰ ਗੋਲੀਆਂ ਦਾਗ ਦਿੱਤੀਆਂ। ਉਸ ਬੰਦੇ ਉਪਰ ਗੋਲੀਆਂ ਦਾਗੀਆਂ ਜਿਸ ਦੀ ਨੀਤੀ ਸਦਕਾ ਲੱਖਾਂ ਹਿੰਦੂ ਬਰਬਾਦ ਹੋਏ। ਇਹੋ ਜਿਹੇ ਮੁਜਰਿਮ ਨੂੰ ਸਬਕ ਸਿਖਾਉਣ ਵਾਸਤੇ ਕੋਈ ਕਾਨੂੰਨੀ ਮਸ਼ੀਨਰੀ ਨਾ ਹੋਣ ਕਾਰਨ ਮੈਂ ਘਾਤਕ ਗੋਲੀਆਂ ਚਲਾਈਆਂ। ਕਿਸੇ ਬੰਦੇ ਪ੍ਰਤੀ ਮੇਰੇ ਮਨ ਵਿਚ ਦੁਸ਼ਮਣੀ ਨਹੀਂ ਪਰ ਮੇਰੇ ਮਨ ਵਿਚ ਉਸ ਸਰਕਾਰ ਬਾਰੇ ਕੋਈ ਸਤਿਕਾਰ ਨਹੀਂ ਜਿਸ ਦੀ ਪਾਲਿਸੀ ਮੁਸਲਮਾਨਾਂ ਦੇ ਨਾਜਾਇਜ਼ ਹਿਤ ਪੂਰੇ ਕਰੇ। ਸਾਫ ਦਿਸ ਰਿਹਾ ਸੀ, ਸਰਕਾਰ ਦੀ ਇਹ ਪਾਲਿਸੀ ਗਾਂਧੀ ਦੀ ਮੌਜੂਦਗੀ ਕਾਰਨ ਸੀ।

ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਹਿਰੂ ਗਾਹੇ-ਬਗਾਹੇ ਕਹਿੰਦਾ ਰਹਿੰਦਾ ਹੈ ਕਿ ਭਾਰਤ ਧਰਮ ਨਿਰਪੱਖ ਸਟੇਟ ਹੈ ਪਰ ਪਾਕਿਸਤਾਨ ਦੀ ਮਜ਼੍ਹਬੀ ਸਟੇਟ ਬਣਾਉਣ ਵਾਸਤੇ ਨਹਿਰੂ ਨੇ ਲੀਡਿੰਗ ਰੋਲ ਅਦਾ ਕੀਤਾ ਤੇ ਗਾਂਧੀ ਦੀ ਮੁਸਲਿਮ ਹਿਤੈਸ਼ੀ ਪਾਲਿਸੀ ਨੇ ਉਸ ਦਾ ਕੰਮ ਸੌਖਾ ਕਰ ਦਿੱਤਾ। ਜੋ ਮੈਂ ਕੀਤਾ, ਉਸ ਦੀ ਪੂਰੀ ਜ਼ਿਮੇਵਾਰੀ ਕਬੂਲਦਾ ਹੋਇਆ ਮੈਂ ਅਦਾਲਤ ਸਾਹਮਣੇ ਖਲੋਤਾ ਹਾਂ, ਜੱਜ ਮੇਰੇ ਬਾਰੇ ਫੈਸਲਾ ਸੁਣਾਉਣ, ਯੋਗ ਸਜ਼ਾ ਦੇਣ। ਮੇਰੇ ਬਾਰੇ ਰਹਿਮ ਦਿਲ ਨਾ ਹੋਣ, ਨਾ ਮੈਂ ਕਿਸੇ ਹੋਰ ਨੂੰ ਰਹਿਮ ਦੀ ਅਪੀਲ ਕਰਨ ਦਿਆਂਗਾ। ਸਾਰੇ ਪਾਸਿਓਂ ਮੇਰੀ ਆਲੋਚਨਾ ਹੋਈ ਹੈ, ਤਾਂ ਵੀ ਜੋ ਮੈਂ ਕੀਤਾ, ਉਸ ਬਾਰੇ ਥਿੜਕਿਆ ਨਹੀਂ। ਕੋਈ ਸ਼ੱਕ ਨਹੀਂ, ਇਮਾਨਦਾਰ ਇਤਿਹਾਸਕਾਰ ਮੇਰੇ ਕਾਰਜ ਦਾ ਲੇਖਾ-ਜੋਖਾ ਕਰਨਗੇ ਤੇ ਭਵਿੱਖ ਵਿਚ ਕਦੀ ਸਹੀ ਕੀਮਤ ਪਾਉਣਗੇ। ਹੁਣ ਤੁਸੀਂ ਦੇਖੋ ਇਤਿਹਾਸ ਮੇਰੇ ਬਾਰੇ ਕੀ ਫੈਸਲਾ ਸੁਣਾਏਗਾ। ਜੈ ਹਿੰਦ।

## ਸੰਪਾਦਕ ਦੀ ਡਾਕ

# ਪੰਜਾਬ ਦੇ ਸਿੱਖੀ ਸਰੂਪ ਦਾ ਸਵਾਲ

**ਸੰਪਾਦਕ ਜੀ,**

ਸਭ ਤੋਂ ਪਹਿਲਾਂ ਤਾਂ ਮੈਂ ਪੰਜਾਬ ਟਾਈਮਜ਼ ਦੀ ਇਸ ਗੱਲੋਂ ਤਾਰੀਫ ਕਰਨੀ ਚਾਹਾਂਗਾ ਕਿ ਇਸ ਪਰਚੇ ਦੇ ਜ਼ਰੀਏ ਮਿਆਰੀ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। 30 ਮਈ ਦੇ ਅੰਕ ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ ਦਾ ਲੇਖ 'ਪੰਜਾਬ ਦੇ ਸਿੱਖੀ ਸਰੂਪ ਨੂੰ ਸਰਾਪ ਦਾ ਸਵਾਲ' ਪੜ੍ਹਿਆ ਜਿਸ ਵਿਚ ਉਨ੍ਹਾਂ ਨੇ ਬਾਹਰਲੇ ਦੇਸ਼ਾਂ, ਗੁਆਂਢੀ ਸੂਬਿਆਂ-ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਅਤੇ ਪੰਜਾਬ ਦੀ ਸਿੱਖੀ ਦਾ ਹਾਲ ਬਾਖੂਬੀ ਵਰਣਨ ਕੀਤਾ ਹੈ।

ਜੰਮੂ ਕਸ਼ਮੀਰ ਵਿਚ 70-80 ਹਜ਼ਾਰ ਸਿੱਖ ਵੱਸਦੇ ਹਨ। ਪੰਜਾਬ ਦੇ ਬਿਜਲੀ ਮਹਿਕਮੇ ਵਿਚ ਦਲੀਪ ਸਿੰਘ ਨਾਂ ਦਾ ਇਕ ਸਿੱਖ ਅਟਾਰੀ ਸਬ ਡਵੀਜ਼ਨ ਵਿਚ ਜੇ.ਈ. ਲੱਗਾ ਹੋਇਆ ਸੀ। ਉਹ ਸਾਡੇ ਪਿੰਡ ਡਿਊਟੀ ਕਰਨ ਅਕਸਰ ਆਉਂਦਾ ਰਹਿੰਦਾ। ਉਸ ਦਾ ਕਹਿਣਾ ਸੀ ਕਿ ਤੁਹਾਡੇ ਇਧਰ ਪੰਜਾਬ ਵਿਚ ਸਿੱਖ ਦਾੜ੍ਹੀ-ਕੇਸਾਂ ਦੀ ਬੇਅਦਬੀ ਕਰਦੇ ਹਨ ਪਰ ਸਾਡੇ ਕਸ਼ਮੀਰ ਵਿਚ ਦਾੜ੍ਹੀ-ਕੇਸਾਂ ਦੀ ਬੇਅਦਬੀ ਨੂੰ ਬਹੁਤ ਮਾੜਾ ਸਮਝਦੇ ਹਨ। ਕੋਈ ਵੀ ਕਸ਼ਮੀਰੀ ਸਿੱਖ ਤੁਹਾਨੂੰ ਪਤਿਤ ਨਹੀਂ ਦਿਸੇਗਾ।

ਨਵੰਬਰ 1998 ਵਿਚ ਮੈਂ ਪਾਕਿਸਤਾਨ ਗੁਰੂ ਨਾਨਕ ਗੁਰਪੁਰਬ 'ਤੇ ਨਨਕਾਣਾ ਸਾਹਿਬ ਗਿਆ। ਉਥੇ ਮੈਨੂੰ 13-14 ਸਾਲਾਂ ਦਾ ਸਾਬਤ ਸੂਰਤ ਇਕ ਪਸ਼ੌਰੀ ਮੁੰਡਾ ਮਿਲਿਆ। ਉਸ ਦੇ ਛੋਟੇ ਭਰਾ ਜਿਸ ਦੀ ਉਮਰ 7-8 ਸਾਲ ਹੋਵੇਗੀ, ਨੇ ਅੰਮ੍ਰਿਤ ਛਕਿਆ ਹੋਇਆ ਸੀ। ਮੈਂ ਉਸ ਮੁੰਡੇ ਨੂੰ ਪੁਛਿਆ ਕਿ ਸਰਹੱਦੀ ਸੂਬੇ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ, ਮੁਸਲਮਾਨ ਤੁਹਾਡੇ ਨਾਲ ਵਿਤਕਰਾ ਨਹੀਂ ਕਰਦੇ? ਉਸ ਦਾ ਜਵਾਬ ਸੀ, ਬਿਲਕੁਲ ਨਹੀਂ। ਉਸ ਨੇ ਗੱਲ ਸੁਣਾਈ ਕਿ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਵਿਚ ਸਿੱਖਾਂ ਦੇ ਦੋ ਗੁੱਟਾਂ ਵਿਚ ਲੜਾਈ ਹੋ ਗਈ। ਸਰਕਾਰ ਨੇ ਗੁਰਦੁਆਰੇ ਨੂੰ ਤਾਲਾ ਲਾ ਦਿੱਤਾ। ਮੈਂ ਗੁਰਦੁਆਰੇ ਮੱਥਾ ਟੇਕੇ ਬਿਨਾ ਰੋਟੀ ਨਹੀਂ ਸਾਂ ਖਾਂਦਾ, 8 ਦਿਨ ਗੁਰਦੁਆਰੇ ਦੇ ਬਾਹਰ ਭੁੱਖਾ ਹੀ ਬੈਠਾ ਰਿਹਾ। ਜਦ ਮੇਰੀ ਹਾਲਤ ਖਰਾਬ ਹੋਈ ਤਾਂ ਗੁਰਦੁਆਰੇ ਦਾ ਬੂਹਾ ਖੋਲ੍ਹ ਦਿਤਾ ਗਿਆ। ਮੈਂ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਪਾਠ ਕੀਤਾ ਤੇ ਘਰ ਆ ਕੇ ਰੋਟੀ ਖਾਧੀ।


ਸ. ਦੁਪਾਲਪੁਰ ਦੀ ਇਸ ਗੱਲ ਨਾਲ ਮੈਂ ਬਿਲਕੁਲ ਸਹਿਮਤ ਹਾਂ ਕਿ ਸਿੱਖੀ ਦੇ ਸੋਮੇ ਸਿਆਸਤ ਦੇ ਜੂਲੇ ਥੱਲੇ ਨਪੀੜੇ ਗਏ ਹਨ। ਅੱਜ ਸਿੱਖ ਧਰਮ ਭਾਈ ਲਾਲੋਆਂ ਦੇ ਹੱਥਾਂ 'ਚੋਂ ਨਿਕਲ ਕੇ ਮਲਕ ਭਾਗੋਆਂ ਦੀ ਗ੍ਰਿਫਤ ਵਿਚ ਆ ਚੁਕਾ ਹੈ। ਅਸੀਂ 'ਸਚੋਂ ਓਰੇ ਸਭ ਕੋ, ਊਪਰ ਸਚ ਆਚਾਰ' ਦੇ ਸੁਨਹਿਰੀ ਅਸੂਲ ਨੂੰ ਭੁੱਲ ਗਏ ਹਾਂ।

*-ਜਸਵੰਤ ਸਿੰਘ ਸੰਧੂ (ਘਰਿੰਡਾ)*
*ਯੂਨੀਅਨ ਸਿਟੀ, ਕੈਲੀਫੋਰਨੀਆ।*
*ਫੋਨ: 510-516-5971*

## ਭਰਾਵਾਂ ਦਾ ਮਾਣ-1

# ਭਰਾਵਾਂ ਦਾ ਸੰਗ-ਸਾਥ

*ਪੰਜਾਬੀ ਕਥਾ ਜਗਤ ਦੇ ਮਿਸਾਲੀ ਹਸਤਾਖਰ ਵਰਿਆਮ ਸਿੰਘ ਸੰਧੂ ਨੇ ਆਪਣੀਆਂ ਯਾਦਾਂ ਦੇ ਭਰੇ-ਭੁਕੰਨੇ ਬੋਹੀਏ ਵਿਚੋਂ ਕੁਝ ਯਾਦਾਂ 'ਭਰਾਵਾਂ ਦਾ ਮਾਣ' ਨਾਂ ਦੀ ਲੜੀ ਵਿਚ ਪਰੋਈਆਂ ਹਨ। ਇਨ੍ਹਾਂ ਯਾਦਾਂ ਦਾ ਬਿਰਤਾਂਤ ਕਹਾਣੀ ਰਸ ਦੇ ਵਲਟੋਹੇ ਤਾਂ ਵਰਤਾਉਂਦਾ ਹੀ ਹੈ, ਨਾਲ ਦੀ ਨਾਲ ਸਰੋਕਾਰਾਂ ਅਤੇ ਸੁਨੇਹਿਆਂ ਦਾ ਝੰਡਾ ਵੀ ਬੁਲੰਦ ਕਰਦਾ ਹੈ। ਵਰਿਆਮ ਦੀ ਹਰ ਰਚਨਾ ਬਹੁ-ਪਾਸਾਰੀ ਹੁੰਦੀ ਹੈ, ਇਸੇ ਕਰ ਕੇ ਹੀ ਪਾਠਕ ਨੂੰ ਉਹ ਸਹਿਜੇ ਹੀ ਆਪਣੇ ਨਾਲ ਤੋਰੀ ਰੱਖਦਾ ਹੈ। ਇਸ ਲੇਖ ਲੜੀ ਦੀ ਪਹਿਲੀ ਕੜੀ 'ਭਰਾਵਾਂ ਦਾ ਸੰਗ-ਸਾਥ' ਵਿਚ ਉਹਨੇ ਆਪਣੇ ਸਾਥੀਆਂ ਦੇ ਸੰਗ-ਸਾਥ ਅਤੇ ਏਕੇ ਦਾ ਨਕਸ਼ਾ ਖਿੱਚਿਆ ਹੈ। ਇਸ ਨਕਸ਼ੇ ਵਿਚ ਉਹਦਾ ਪਿੰਡ, ਪਿੰਡ ਵਿਚ ਵਸਦੇ ਜੀਅ ਅਤੇ ਇਨ੍ਹਾਂ ਜੀਆਂ ਦੀਆਂ ਤਾਂਘਾਂ, ਤੱਦੀਆਂ ਤੇ ਤੌਖਲੇ ਹਰ ਮੋੜ 'ਤੇ ਖੜ੍ਹੇ ਆਪਣੀ ਕਹਾਣੀ ਆਪ ਸੁਣਾ ਰਹੇ ਜਾਪਦੇ ਹਨ। ਵਰਿਆਮ ਨੇ ਪਿੰਡ ਦੇ ਜੀਆਂ ਅਤੇ ਹੋਰ ਸੰਗੀ-ਸਾਥੀਆਂ ਦੇ ਸਿਰ ਉਤੇ ਕੀਤੀ ਸਰਗਰਮੀ ਦੀ ਇਹ ਕਹਾਣੀ ਪੂਰੀ ਰੀਝ ਨਾਲ ਸੁਣਾਈ ਹੈ। -ਸੰਪਾਦਕ*



*ਸਰੋਤੇ ਸੁਣਨਾ ਤੇ ਜਾਣਨਾ ਚਾਹੁੰਦੇ ਸਨ ਕਿ ਪਾਸ਼ ਕੀ ਬੋਲਦਾ ਹੈ। ਪਾਸ਼ ਨੇ ਕੋਈ ਭਾਸ਼ਨ ਨਹੀਂ ਕੀਤਾ। ਕੋਈ ਕਵਿਤਾ ਨਹੀਂ ਸੁਣਾਈ। ਉਸ ਨੇ ਅਸਮਾਨ ਵੱਲ ਬਾਂਹ ਉਚੀ ਚੁੱਕੀ ਤੇ ਗਰਜਵੀਂ ਆਵਾਜ਼ ਵਿਚ ਪੁਲਿਸ ਵਾਲਿਆਂ ਨੂੰ ਸੁਣਾ ਕੇ ਸਿਰਫ਼ ਇੰਨਾ ਹੀ ਕਿਹਾ:
ਗਾਲ੍ਹਾਂ ਕੱਢੀਆਂ ਗਲੀ ਵਿਚ ਖੜ੍ਹ ਕੇ,
ਮਾਣ ਭਰਾਵਾਂ ਦੇ।
ਇੰਨੀ ਆਖ ਕੇ ਉਹ ਸਟੇਜ ਤੋਂ ਉਤਰ ਆਇਆ। ਤਾੜੀਆਂ ਦੀ ਗੜਗੜਾਹਟ ਨਾਲ ਮੈਦਾਨ ਤੇ ਅਸਮਾਨ ਗੂੰਜ ਉਠਿਆ। ਇਕੋ ਗੱਲ ਵਿਚ ਸਾਰੀ ਗੱਲ ਆਖੀ ਗਈ ਸੀ। ਭਰਾਵਾਂ ਦਾ ਮਾਣ ਤੇ ਲੋਕਾਂ ਦੀ ਤਾਕਤ ਪਿੱਠ ਪਿੱਛੇ ਹੋਵੇ ਤਾਂ ਬੰਦਾ ਆਪਣੇ ਹਿੱਸੇ ਦੀ ਲੜਾਈ ਬੁਲੰਦ ਇਰਾਦਿਆਂ ਨਾਲ ਲੜ ਸਕਦਾ ਹੈ।*

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਨਿੱਕਾ ਜਿਹਾ ਬਿਰਤਾਂਤ ਹਾਜ਼ਰ ਹੈ।

1971-72 ਦਾ ਸਾਲ ਸੀ ਸ਼ਾਇਦ। ਨਕੋਦਰ ਵਿਚ 'ਕ੍ਰਾਂਤੀਕਾਰੀ ਲੇਖਕਾਂ' ਵੱਲੋਂ ਕਾਨਫਰੰਸ ਕੀਤੀ ਗਈ। ਪਰਚੇ ਪੜ੍ਹੇ ਗਏ, ਗਰਮਾ-ਗਰਮ ਤਕਰੀਰਾਂ ਹੋਈਆਂ। ਸਰਕਾਰ ਦੀਆਂ ਨੀਤੀਆਂ ਤੇ ਪੁਲਿਸ ਦੀਆਂ ਵਧੀਕੀਆਂ ਖ਼ਿਲਾਫ਼ ਰੋਹਦਾਰ ਆਵਾਜ਼ ਬੁਲੰਦ ਹੋਈ। ਫਿਰ ਨਕੋਦਰ ਦੇ ਬਜ਼ਾਰਾਂ ਵਿਚ ਜੋਸ਼ੀਲੇ ਨਾਅਰੇ ਲਾਉਂਦਾ ਲੇਖਕਾਂ ਦਾ ਜਲੂਸ ਨਿਕਲਿਆ। ਰਾਤ ਨੂੰ ਕਵੀ ਦਰਬਾਰ ਸੀ। ਸਵੇਰ ਵਾਲੀ ਕਾਨਫਰੰਸ ਤੇ ਰਾਤ ਵਾਲੇ ਕਵੀ ਦਰਬਾਰ ਦੀ ਸਟੇਜ ਨਕੋਦਰ ਦੇ ਥਾਣੇ ਨਾਲ ਲੱਗਵੀਂ ਕੰਧ ਨਾਲ ਬਣੀ ਹੋਈ ਸੀ। ਕਵੀਆਂ ਦੀਆਂ ਕਵਿਤਾਵਾਂ ਵੀ ਰੋਹ ਤੇ ਰੰਜ ਨਾਲ ਭਰੀਆਂ ਹੋਈਆਂ ਸਨ। ਮੈਂ ਪਹਿਲੀ ਵਾਰ ਕਿਸੇ ਕਵੀ ਦਰਬਾਰ ਵਿਚ ਆਪਣਾ ਗੀਤ ਗਾ ਕੇ ਪੜ੍ਹਿਆ।

ਇਸ ਕਾਨਫਰੰਸ ਦੇ ਮੁੱਖ ਕਰਨਧਾਰਾਂ ਵਿਚ ਪਾਸ਼ ਵੀ ਸੀ। ਉਹ ਕੁਝ ਚਿਰ ਹੋਇਆ ਜੇਲ੍ਹ ਵਿਚੋਂ ਰਿਹਾ ਹੋ ਕੇ ਆਇਆ ਸੀ। ਉਨ੍ਹੀਂ ਦਿਨੀਂ ਉਹਦੀ ਬੜੀ ਚੜ੍ਹਤ ਸੀ। ਕਈ ਲੇਖਕਾਂ ਨੇ ਤਾਂ ਉਹਨੂੰ ਪਹਿਲੀ ਵਾਰ ਵੇਖਿਆ ਸੀ। ਉਹ ਸਵੇਰ ਦੇ ਪ੍ਰੋਗਰਾਮ ਵਿਚ ਬੋਲਿਆ ਨਹੀਂ ਸੀ। ਸਾਰੇ ਸਮਝਦੇ ਸਨ ਕਿ ਰਾਤ ਦੇ ਕਵੀ ਦਰਬਾਰ ਵਿਚ ਉਹ ਆਪਣੀ ਕਵਿਤਾ ਸੁਣਾਏਗਾ; ਆਪਣੇ ਅਨੁਭਵ ਸਾਂਝੇ ਕਰੇਗਾ। ਕਵੀ ਦਰਬਾਰ ਸਮਾਪਤੀ 'ਤੇ ਪੁੱਜਾ ਤਾਂ ਸਟੇਜ ਸਕੱਤਰ ਨੇ ਪਾਸ਼ ਦਾ ਨਾਂ ਲਿਆ। ਪਾਸ਼ ਥਾਣੇ ਦੀ ਕੰਧ ਨਾਲ ਲੱਗੀ ਸਟੇਜ 'ਤੇ ਖੜ੍ਹਾ ਹੋਇਆ। ਇਹੋ ਥਾਣਾ ਸੀ ਜਿਸ ਵਿਚ ਉਹਨੂੰ ਕਦੀ ਗ੍ਰਿਫ਼ਤਾਰ ਕਰ ਕੇ ਲਿਆਂਦਾ ਗਿਆ ਸੀ। ਉਸ ਨਾਲ ਜ਼ਿਆਦਤੀ ਕੀਤੀ ਗਈ ਸੀ। ਝੂਠਾ ਕਤਲ ਕੇਸ ਉਹਦੇ ਨਾਂ ਮੜ੍ਹਿਆ ਗਿਆ ਸੀ। ਸਪੀਕਰ ਦਾ ਮੂੰਹ ਵੀ ਥਾਣੇ ਵੱਲ ਸੀ। ਜ਼ਾਹਿਰ ਹੈ, ਸਵੇਰ ਤੋਂ ਹੁਣ ਤੱਕ ਥਾਣੇ ਵਾਲੇ ਸਭ ਕੁਝ ਸੁਣਦੇ ਰਹੇ ਸਨ।



**ਵਰਿਆਮ ਸੰਧੂ**
e-mail: waryamsandhu2@gmail.com

ਹੁਣ ਸਰੋਤੇ ਸੁਣਨਾ ਤੇ ਜਾਣਨਾ ਚਾਹੁੰਦੇ ਸਨ ਕਿ ਪਾਸ਼ ਕੀ ਬੋਲਦਾ ਹੈ। ਪਾਸ਼ ਨੇ ਕੋਈ ਭਾਸ਼ਨ ਨਹੀਂ ਕੀਤਾ। ਕੋਈ ਕਵਿਤਾ ਨਹੀਂ ਸੁਣਾਈ। ਉਸ ਨੇ ਅਸਮਾਨ ਵੱਲ ਬਾਂਹ ਉਚੀ ਚੁੱਕੀ ਤੇ ਗਰਜਵੀਂ ਆਵਾਜ਼ ਵਿਚ ਪੁਲਿਸ ਵਾਲਿਆਂ ਨੂੰ ਸੁਣਾ ਕੇ ਸਿਰਫ਼ ਇੰਨਾ ਹੀ ਕਿਹਾ:

ਗਾਲ੍ਹਾਂ ਕੱਢੀਆਂ ਗਲੀ ਵਿਚ ਖੜ੍ਹ ਕੇ,
ਮਾਣ ਭਰਾਵਾਂ ਦੇ।

ਇੰਨੀ ਆਖ ਕੇ ਉਹ ਸਟੇਜ ਤੋਂ ਉਤਰ ਆਇਆ। ਤਾੜੀਆਂ ਦੀ ਗੜਗੜਾਹਟ ਨਾਲ ਮੈਦਾਨ ਤੇ ਅਸਮਾਨ ਗੂੰਜ ਉਠਿਆ। ਇਕੋ ਗੱਲ ਵਿਚ ਸਾਰੀ ਗੱਲ ਆਖੀ ਗਈ ਸੀ। ਭਰਾਵਾਂ ਦਾ ਮਾਣ ਤੇ ਲੋਕਾਂ ਦੀ ਤਾਕਤ ਪਿੱਠ ਪਿੱਛੇ ਹੋਵੇ ਤਾਂ ਬੰਦਾ ਆਪਣੇ ਹਿੱਸੇ ਦੀ ਲੜਾਈ ਬੁਲੰਦ ਇਰਾਦਿਆਂ ਨਾਲ ਲੜ ਸਕਦਾ ਹੈ। ਦੁਸ਼ਮਣ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਲਲਕਾਰ ਸਕਦਾ ਹੈ। ਭਰਾ ਨਾਲ ਨਾ ਹੋਣ ਤਾਂ ਮਿਰਜ਼ੇ ਵਰਗੇ ਜਵਾਨ ਦੀ ਵੀ ਦੁਸ਼ਮਣਾਂ ਦੇ ਵਾਰ ਸਹਿੰਦਿਆਂ ਧਾਹ ਨਿਕਲ ਜਾਂਦੀ ਹੈ, "ਜੱਟ ਬਾਝ ਭਰਾਵਾਂ ਮਾਰਿਆ, ਕੋਈ ਨਾ ਮਿਰਜ਼ੇ ਸੰਗ।"

***

ਉਨ੍ਹੀਂ ਦਿਨੀਂ ਮੈਂ ਵੀ ਭਰਾਵਾਂ ਦੇ ਸੰਗ-ਸਾਥ ਵਿਚ ਵਿਚਰ ਰਿਹਾ ਸਾਂ।

ਉਂਜ ਲੋਕਾਂ ਦੇ ਸੰਗ-ਸਾਥ ਵਿਚ ਜੀ-ਵਿਚਰ ਕੇ ਕੁਝ ਚੰਗਾ ਕਰਨ ਦੀ ਤਾਂਘ ਮੇਰੇ ਮਨ ਵਿਚ ਮੁੱਢ ਤੋਂ ਸੀ। 16-17 ਸਾਲਾਂ ਦੀ ਉਮਰ ਵਿਚ ਮੈਂ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਪਿੰਡ ਦੇ ਗਦਰੀ ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਵਿਚ 'ਦੇਸ਼ ਭਗਤ ਯਾਦਗਾਰ ਲਾਇਬਰੇਰੀ' ਸਥਾਪਤ ਕੀਤੀ। ਕਮਰਾ ਕਿਰਾਏ 'ਤੇ ਲੈ ਕੇ ਉਸ ਵਿਚ ਫਰਨੀਚਰ ਰਖਵਾਇਆ। ਕਿਤਾਬਾਂ ਖ਼ਰੀਦੀਆਂ। ਅਖ਼ਬਾਰਾਂ ਤੇ ਰਸਾਲੇ ਮੰਗਵਾਉਣੇ ਸ਼ੁਰੂ ਕੀਤੇ। ਲਾਇਬਰੇਰੀ ਦੀ ਆਪ ਹੀ ਦੇਖ ਭਾਲ ਕਰਦਾ। ਲੋਕ ਆਉਂਦੇ, ਲਾਇਬਰੇਰੀ ਵਿਚ ਬੈਠ ਕੇ ਪੜ੍ਹਦੇ। ਮੇਰੇ ਮਨ ਨੂੰ ਠੰਢ ਪੈਂਦੀ। ਪਿੰਡ ਵਿਚ ਆਪ ਹੀ ਅਦਾਕਾਰੀ ਕਰ ਕੇ ਡਰਾਮੇ ਕਰਨ ਦੀ ਰਵਾਇਤ ਮੇਰੇ ਸੀਨੀਅਰਾਂ ਨੇ ਸ਼ੁਰੂ ਕੀਤੀ ਸੀ। ਇਹ ਡਰਾਮੇ ਸਾਰਾ ਪਿੰਡ ਹੁੰਮ-ਹੁਮਾ ਕੇ ਵੇਖਦਾ। ਮੈਂ ਇਸ ਰੀਤ ਨੂੰ ਆਪਣੇ ਸਾਥੀਆਂ ਨਾਲ ਮਿਲ ਕੇ ਅੱਗੇ ਤੋਰਿਆ। ਫਿਰ ਕੁਝ ਸਾਲਾਂ ਬਾਅਦ 'ਗੁਰੂ ਨਾਨਕ ਮਿੱਤਰ-ਮੰਡਲ' ਨਾਂ ਦੀ ਜਥੇਬੰਦੀ ਕਾਇਮ ਕੀਤੀ। ਪਿੰਡ ਸੁਧਾਰ ਦੇ ਕੰਮ ਕਰਨੇ ਸ਼ੁਰੂ ਕੀਤੇ। ਹਫ਼ਤੇ ਦੇ ਹਫ਼ਤੇ ਪਿੰਡ ਦੀਆਂ ਗਲੀਆਂ ਬਾਜ਼ਾਰ ਸਾਫ਼ ਕਰਦੇ। ਇਸ ਵਿਚ ਮੇਰੇ ਸਾਥੀ ਮੈਥੋਂ ਵੱਡੀ ਉਮਰ ਦੇ ਲੋਕ ਵੀ ਹੁੰਦੇ, ਸਰਕਾਰੀ ਮੁਲਾਜ਼ਮ ਵੀ ਹੁੰਦੇ। ਇਨ੍ਹੀਂ ਦਿਨੀਂ ਹੀ ਯੁਵਕ ਕੇਂਦਰ ਦੇ ਸਾਥੀਆਂ ਦੇ ਸੰਪਰਕ ਵਿਚ ਆਇਆ। ਅਸੀਂ ਆਸ ਪਾਸ ਦੇ ਪਿੰਡਾਂ ਵਿਚ ਲੱਗਦੇ ਮੇਲਿਆਂ ਜਾਂ ਇਕੱਠਾਂ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਲਾਉਂਦੇ। ਆਪਣੇ ਇਨਕਲਾਬੀ ਇਤਿਹਾਸ ਬਾਰੇ ਲੋਕਾਂ ਨੂੰ ਜਾਣੂ ਕਰਵਾਉਂਦੇ।

ਦੇਸ਼ ਵਿਚ ਨਵੀਂ ਇਨਕਲਾਬੀ ਤਹਿਰੀਕ ਚੱਲੀ ਤਾਂ ਮੈਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦਾ ਹਮਦਰਦ ਬਣ ਗਿਆ। ਇਨਕਲਾਬੀ ਸਾਥੀਆਂ ਨੂੰ ਸਾਂਭਦਾ, ਸੇਵਾ-ਪਾਣੀ ਕਰਦਾ, ਮੀਟਿੰਗਾਂ ਕਰਵਾਉਂਦਾ, ਇਸ਼ਤਿਹਾਰ ਲਵਾਉਂਦਾ, ਹੋਰ ਸਾਥੀਆਂ ਨੂੰ ਨਾਲ ਜੋੜਦਾ, ਪਰ ਛੇਤੀ ਹੀ ਮਹਿਸੂਸ ਹੋਇਆ ਕਿ ਲਹਿਰ ਦੇ ਰੂਪੋਸ਼ ਹੋਣ ਨਾਲ ਲੋਕਾਂ ਨਾਲ ਸਿੱਧੇ ਸੰਪਰਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਪਿੰਡ ਦੇ ਜਿਹੜੇ ਲੋਕ ਪਹਿਲਾਂ ਮੈਨੂੰ ਅਗਾਂਹਵਧੂ ਨੌਜਵਾਨ ਵਜੋਂ ਜਾਣਦੇ-ਪਛਾਣਦੇ ਸਨ; ਮੈਨੂੰ ਪਿਆਰ ਦਿੰਦੇ ਸਨ; ਹੁਣ ਕੁਝ ਕੁਝ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੇ। ਮੈਂ ਲਹਿਰ ਤੋਂ ਕਿਨਾਰਾਕਸ਼ੀ ਕਰਨ ਲੱਗਾ ਤਾਂ ਨਾਗੀ ਰੈਡੀ ਗਰੁਪ ਵਾਲੇ ਸਾਥੀਆਂ ਨੇ ਜਨਤਕ ਜਥੇਬੰਦੀਆਂ ਬਣਾ ਕੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਆਪਣੇ ਨਾਲ ਤੋਰਨ ਦੀ ਨੀਤੀ ਦਾ ਐਲਾਨ ਕੀਤਾ। ਲੋਕਾਂ ਵਿਚ ਕੰਮ ਕਰ ਕੇ ਉਨ੍ਹਾਂ ਨੂੰ ਨਾਲ ਜੋੜਨ ਦੀ ਨੀਤੀ ਮੇਰੇ ਮਾਫ਼ਕ ਸੀ। ਮੈਂ ਅਧਿਆਪਕ ਯੂਨੀਅਨ ਵਿਚ ਕੰਮ ਕਰਨ ਲੱਗਾ। ਨਾਲ ਦੀ ਨਾਲ 'ਨੌਜਵਾਨ ਭਾਰਤ ਸਭਾ' ਦੇ ਝੰਡੇ ਹੇਠਾਂ ਹੋਣ ਵਾਲੀਆਂ ਸਰਗਰਮੀਆਂ ਨਾਲ ਸਰਗਰਮ ਨਾਤਾ ਜੋੜ ਲਿਆ। ਪਿੰਡ ਵਿਚ 'ਨੌਜਵਾਨ ਭਾਰਤ ਸਭਾ' ਦੀ ਬਰਾਂਚ ਕਾਇਮ ਕੀਤੀ।

ਮੈਂ ਪਿੰਡ ਦੇ ਨੌਜਵਾਨਾਂ ਨਾਲ ਮਿਲ ਕੇ ਸਲਾਹ ਕੀਤੀ ਕਿ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਪਿੰਡ ਸੁਧਾਰ ਤੇ ਸਮਾਜ ਸੁਧਾਰ ਦੇ ਕੁਝ ਅਜਿਹੇ ਕੰਮ ਕੀਤੇ ਜਾਣ ਜਿਨ੍ਹਾਂ ਸਦਕਾ ਆਮ ਪਿੰਡ ਵਾਸੀ ਸਾਨੂੰ ਆਪਣੀ ਧਿਰ ਸਮਝਣ ਤੇ ਸਾਡੇ ਬਾਰੇ ਉਨ੍ਹਾਂ ਦਾ ਸ਼ੱਕ-ਸ਼ੁਬ੍ਹੇ ਵਾਲਾ ਰਵੱਈਆ ਤਬਦੀਲ ਹੋ ਜਾਵੇ। ਮੈਂ ਪਿਛਲੇ ਸਾਲਾਂ ਵਿਚ ਪਿੰਡ ਦੇ ਲੋਕਾਂ ਵਿਚ ਕੰਮ ਕਰ ਕੇ ਆਪਣੀ ਮਾੜੀ-ਮੋਟੀ ਪੈਂਠ ਬਣਾਈ ਹੋਈ ਸੀ। ਹੁਣ ਵੀ ਅਸੀਂ ਇਹੋ ਜਿਹੇ ਕੰਮ ਕਰ ਰਹੇ ਸਾਂ ਜਿਸ ਨਾਲ ਲੋਕਾਂ ਦਾ ਸਾਡੇ ਵਿਚ ਵਿਸ਼ਵਾਸ ਵਧ ਰਿਹਾ ਸੀ।

ਉਨ੍ਹਾਂ ਦਿਨਾਂ ਵਿਚ ਝੋਨੇ ਦੀ ਫ਼ਸਲ ਵਿਚ ਪਾਉਣ ਲਈ ਖਾਦ ਮਿਲਣੀ ਮੁਸ਼ਕਿਲ ਹੋ ਗਈ ਸੀ। ਖਾਦ ਦੀ ਨਕਲੀ ਥੋੜ ਦਾ ਢਕਵੰਜ ਰਚ ਕੇ ਆੜ੍ਹਤੀਏ ਤੇ ਦੁਕਾਨਦਾਰ ਖਾਦ ਬਲੈਕ ਵਿਚ ਵੇਚ ਰਹੇ ਸਨ। ਦੋ-ਦੋ ਚਾਰ-ਚਾਰ ਬੋਰੀਆਂ ਲੈਣ ਵਾਲੇ ਛੋਟੇ ਕਿਸਾਨ ਤਾਂ ਲਿਲਕੜੀਆਂ ਲੈਂਦੇ ਫਿਰਦੇ ਸਨ ਪਰ ਤਕੜੇ ਲੋਕ ਬਲੈਕ ਵਿਚ ਖਾਦ ਲੈ ਕੇ ਫ਼ਸਲਾਂ ਨੂੰ ਪਾ ਰਹੇ ਸਨ। ਕਾਲੀ ਭਾਅ ਮਾਰਦੇ ਉਨ੍ਹਾਂ ਦੇ ਝੋਨੇ ਹੱਸਣ ਲੱਗੇ। ਛੋਟੇ ਕਿਸਾਨਾਂ ਦੀ ਫ਼ਸਲ ਉਨ੍ਹਾਂ ਦੇ ਚਿਹਰਿਆਂ ਵਾਂਗ ਪੀਲੀ ਪੈ ਗਈ। ਛੋਟੇ ਕਿਸਾਨਾਂ ਨਾਲ ਇਹ ਬੇਇਨਸਾਫ਼ੀ ਸੀ। ਸਾਨੂੰ ਪਤਾ ਲੱਗਾ ਕਿ ਆੜ੍ਹਤੀ ਤੇ ਦੁਕਾਨਦਾਰ ਵੱਡੇ ਕਿਸਾਨਾਂ ਨੂੰ ਰਾਤ-ਬਰਾਤੇ ਬਲੈਕ ਦੀ ਖਾਦ ਪਹੁੰਚਾਉਂਦੇ ਸਨ। ਅਸੀਂ ਰਾਤ ਨੂੰ ਪਿੰਡ ਦੇ ਰਾਹਵਾਂ 'ਤੇ ਲੁਕਵੇਂ ਨਾਕੇ ਲਾਉਣੇ ਸ਼ੁਰੂ ਕਰ ਦਿੱਤੇ। ਇਕ ਰਾਤ ਪਿੰਡ ਦੀ ਪਹੁੰਚ-ਸੜਕ 'ਤੇ ਖਾਦ ਦਾ ਲੱਦਿਆ ਰੇੜ੍ਹਾ ਅਸੀਂ ਹੱਥ ਦੇ ਕੇ ਰੋਕ ਲਿਆ। ਰੇੜ੍ਹੇ 'ਤੇ ਬੈਠਾ ਆੜ੍ਹਤੀਆ ਸਾਰੀ ਗੱਲ ਸਮਝ ਕੇ ਰੇੜ੍ਹਾ ਛੱਡ ਕੇ ਦੌੜ ਗਿਆ। ਬੰਦਾ ਅਸੀਂ ਪਛਾਣ ਲਿਆ ਸੀ। ਰੇੜ੍ਹੇ ਵਾਲੇ ਨੂੰ ਅਸੀਂ ਕਿਹਾ ਕਿ ਉਹ ਬਲੈਕ ਦੀ ਖਾਦ ਢੋਅ ਕੇ ਗ਼ੈਰ-ਕਾਨੂੰਨੀ ਕੰਮ ਕਰ ਰਿਹਾ ਹੈ। ਉਹ ਤਰਲੇ ਲੈਣ ਲੱਗਾ। ਅਸੀਂ ਉਹਨੂੰ ਕਿਹਾ ਕਿ ਜਿਸ ਥਾਂ ਖਾਦ ਪਹੁੰਚਾਉਣ ਲਈ ਕਿਹਾ ਗਿਆ ਹੈ, ਉਹ ਉਥੇ ਰੇੜ੍ਹਾ ਲੈ ਚੱਲੇ, ਅਸੀਂ ਉਹਨੂੰ ਕੁਝ ਨਹੀਂ ਕਹਿੰਦੇ। ਕੁਝ ਨੌਜਵਾਨ ਅਸੀਂ ਉਸ ਨਾਲ ਤੋਰ ਦਿੱਤੇ ਤੇ ਮੈਂ ਪੁਲਿਸ ਵੱਲ ਚਲਾ ਗਿਆ। ਪੁਲਿਸ ਸਾਡਾ ਭੈਅ ਮੰਨਦੀ ਸੀ। ਛੋਟਾ ਥਾਣੇਦਾਰ ਸਾਡੇ ਨਾਲ ਦੋ ਸਿਪਾਹੀ ਲੈ ਕੇ ਤੁਰ ਪਿਆ।

ਅਸੀਂ ਉਸ ਹਵੇਲੀ ਵਿਚ ਜਾ ਪੁੱਜੇ ਜਿੱਥੇ ਖਾਦ ਰਖਵਾਈ ਗਈ ਸੀ। ਖਾਦ ਵਾਲਾ ਕਿਸਾਨ ਆਖੇ, "ਜੀ; ਸਾਡਾ ਕੀ ਕਸੂਰ! ਅਸੀਂ ਨਾਲੇ ਬਲੈਕ ਵਿਚ ਖ਼ਰੀਦੀਏ ਤੇ ਨਾਲੇ ਗੁਨਾਹਗਾਰ ਅਖਵਾਈਏ। ਹੁਣ ਖਾਦ ਤਾਂ ਪੌਣੀ ਏ ਨਾ ਜੀ ਫ਼ਸਲ ਨੂੰ। ਸਮੇਂ ਮਾਰ ਤਾਂ ਨਹੀਂ ਨਾ ਕਰਨੀ।" ਅਸੀਂ ਆਖਿਆ, "ਤੁਹਾਡਾ ਕਸੂਰ ਨਾ ਸਹੀ, ਪਰ ਜਿਨ੍ਹਾਂ ਨੂੰ ਖਾਦ ਮਿਲਦੀ ਈ ਨਹੀਂ, ਉਨ੍ਹਾਂ ਦਾ ਵੀ ਕੀ ਕਸੂਰ? ਜੇ ਇਹ ਕੰਮ ਠੀਕ ਹੁੰਦਾ ਤਾਂ ਖਾਦ ਲਿਆਉਣ ਵਾਲਾ ਭੱਜਦਾ ਕਿਉਂ?"

ਮੁੱਕਦੀ ਗੱਲ, ਅਸੀਂ ਉਹ ਖਾਦ ਕਬਜ਼ੇ ਵਿਚ ਲੈ ਲਈ ਤੇ ਸਵੇਰੇ ਪੁਲਿਸ ਚੌਕੀ ਕੋਲ ਬੈਠ ਕੇ ਛੋਟੇ ਕਿਸਾਨਾਂ ਨੂੰ ਦੋ ਦੋ ਬੋਰੀਆਂ ਖਾਦ ਲਾਗਤ ਮੁੱਲ 'ਤੇ ਵੇਚੀ। ਕੁਝ ਦਿਨਾਂ ਬਾਅਦ ਅਸੀਂ ਖਾਦ ਦਾ ਭਰਿਆ ਟਰੱਕ ਕਾਬੂ ਕਰ ਲਿਆ। ਪਿੰਡ ਵਿਚ ਢੋਲ ਵਜਵਾ ਦਿੱਤਾ ਕਿ ਜਿਹੜਾ ਜਦੋਂ ਆ ਕੇ ਨਾਂ ਲਿਖਵਾ ਦੇਵੇਗਾ, ਉਹਨੂੰ ਉਹਦੇ ਨਾਂ ਦੀ ਤਰਤੀਬ ਅਨੁਸਾਰ ਲਾਗਤ ਮੁੱਲ 'ਤੇ ਖਾਦ ਮਿਲੇਗੀ। ਨਾਂਵਾਂ ਦੀ ਤਰਤੀਬ ਅਨੁਸਾਰ ਲੰਮੀ ਲਾਈਨ ਲੱਗ ਗਈ। ਵਾਰੀ 'ਤੇ ਬੰਦਾ ਆਉਂਦਾ ਜਾਵੇ, ਸਾਨੂੰ ਪੈਸੇ ਜਮ੍ਹਾਂ ਕਰਵਾਏ ਤੇ ਦੋ ਦੋ ਬੋਰੀ ਖਾਦ ਚੁੱਕੀ ਜਾਵੇ। ਛੋਟੇ ਕਿਸਾਨਾਂ ਲਈ ਇੰਨਾ ਹੀ ਬਹੁਤ ਸੀ। ਕੁਝ ਨਾ ਮਿਲਣ ਨਾਲੋਂ ਕੁਝ ਤਾਂ ਮਿਲ ਰਿਹਾ ਸੀ। ਲੋਕ ਆਖਣ, "ਉਏ ਭਾਊ! ਨਹੀਂ ਰੀਸਾਂ ਤੁਹਾਡੀਆਂ। ਤੁਸੀਂ ਤਾਂ ਤੇਰਾਂ ਤੇਰਾਂ ਤੋਲ'ਤਾ।"

ਸਾਡੇ ਏਕੇ ਅਤੇ ਵਜ਼ੂਕੇ ਕਰ ਕੇ ਪੁਲਿਸ ਆੜ੍ਹਤੀਆਂ, ਦੁਕਾਨਦਾਰਾਂ ਤੇ ਧਨੀ ਕਿਸਾਨਾਂ ਦੀ ਹਮਾਇਤ ਕਰਨਾ ਚਾਹੁੰਦੀ ਹੋਈ ਵੀ ਸਾਡਾ ਸਾਥ ਦੇਣ ਲਈ ਮਜਬੂਰ ਸੀ। ਲੋਕਾਂ ਦਾ ਸਮੂਹ ਸਾਡੇ ਹੱਕ ਵਿਚ ਵੇਖ ਕੇ ਉਨ੍ਹਾਂ ਦਾ ਕੋਈ ਚਾਰਾ ਨਹੀਂ ਸੀ ਚੱਲਦਾ। ਆੜ੍ਹਤੀਏ ਤੇ ਧਨੀ ਕਿਸਾਨ ਵੀ ਸਾਡੇ ਜਾਣੂ ਹੀ ਸਨ। ਅਸੀਂ ਇੰਨਾ ਕੁ ਰਾਹ ਰੱਖ ਲੈਂਦੇ ਕਿ ਉਨ੍ਹਾਂ ਉਤੇ ਮੁਕੱਦਮਾ ਦਰਜ ਕਰਨ 'ਤੇ ਬਹੁਤਾ ਜ਼ੋਰ ਨਾ ਦਿੰਦੇ। ਇੰਜ ਪੁਲਿਸ ਦਾ ਵੀ ਉਨ੍ਹਾਂ ਅੱਗੇ ਓਹਲਾ ਰਹਿ ਜਾਂਦਾ ਕਿ ਵੇਖੋ! ਅਸੀਂ ਤੁਹਾਡੇ 'ਤੇ ਕੇਸ ਨਹੀਂ ਬਣਾਇਆ। ਅਸੀਂ ਵੇਚੀ ਖਾਦ ਦੇ ਪੈਸੇ ਪੁਲਿਸ ਦੀ ਹਾਜ਼ਰੀ ਵਿਚ ਮਾਲਕ ਨੂੰ ਦੇ ਕੇ ਦਸਤਖ਼ਤ ਕਰਵਾ ਲੈਂਦੇ। ਪੁਲਿਸ ਦੀ ਗਵਾਹੀ ਨਾਲ ਹੁੰਦੀ। ਆੜ੍ਹਤੀਆ ਜਾਂ ਦੁਕਾਨਦਾਰ ਇੰਨੇ ਨਾਲ ਹੀ ਸੰਤੁਸ਼ਟ ਹੋ ਜਾਂਦਾ ਕਿ ਉਸ 'ਤੇ ਕੇਸ ਨਹੀਂ ਬਣਿਆ। ਅੰਦਰੋਂ ਸਾਡੇ ਨਾਲ ਨਾਰਾਜ਼ ਹੋਣ ਦੇ ਬਾਵਜੂਦ ਉਹ ਉਤੋਂ ਉਤੋਂ ਸਾਡੇ ਧੰਨਵਾਦੀ ਹੀ ਹੁੰਦੇ।

ਲੋਕ ਭਲਾਈ ਦਾ ਇਹ ਪੈਂਤੜਾ ਸਾਡੇ ਕੰਮ ਆ ਰਿਹਾ ਸੀ। ਮੇਰਾ ਆਗੂ ਰੋਲ ਹੋਣ ਕਰ ਕੇ ਪਿੰਡ ਦੇ ਆਮ ਲੋਕ ਬਹੁਤ ਪਿਆਰ ਤੇ ਸਤਿਕਾਰ ਦੇਣ ਲੱਗ ਪਏ ਸਨ। ਪਿੰਡ ਦੇ ਕਹਿੰਦੇ ਕਹਾਉਂਦੇ ਬੰਦੇ, ਅੰਦਰੋਂ ਜੋ ਮਰਜ਼ੀ ਸੋਚਦੇ ਹੋਣ, ਪਰ ਮੂੰਹ ਉਤੇ ਮੇਰੀ ਵਡਿਆਈ ਕਰਨੋਂ ਨਾ ਉਕਦੇ। ਪਿੰਡ ਵਾਲੇ ਮੇਰਾ ਇੰਨਾ ਮਾਣ ਕਰਨ ਲੱਗੇ ਕਿ ਕੋਈ ਮੁੱਖ ਮੰਤਰੀ ਜਾਂ ਮੰਤਰੀ ਸਾਡੇ ਪਿੰਡ ਆਉਂਦਾ ਤਾਂ ਉਸ ਅੱਗੇ ਪਿੰਡ ਦੀਆਂ ਮੰਗਾਂ ਪਿੰਡ ਦਾ ਸਰਪੰਚ ਨਹੀਂ ਸੀ ਰੱਖਦਾ; ਮੰਗਾਂ ਰੱਖਣ ਤੇ ਪਿੰਡ ਦੀ ਮਹੱਤਤਾ ਬਾਰੇ ਬੋਲਣ ਲਈ ਮੈਨੂੰ ਹੀ ਕਿਹਾ ਜਾਂਦਾ। ਪੰਚਾਇਤ ਵੀ ਇਹ ਮਾਣ ਮੈਨੂੰ ਦੇ ਕੇ ਖ਼ੁਸ਼ ਹੁੰਦੀ। ਮੈਂ ਸਭ ਦਾ ਸਾਂਝਾ ਤੇ ਉਨ੍ਹਾਂ ਦਾ ਆਪਣਾ ਸਾਂ।



*ਇਤਿਹਾਸਕ ਪਿੰਡ ਸੁਰਸਿੰਘਵਾਲਾ ਦੇ ਬਾਹਰਵਾਰ ਖਲੋ ਕੇ ਖਿੱਚੀ ਤਸਵੀਰ ਜੋ ਸਮੁੱਚੇ ਪਿੰਡ ਦਾ ਨਜ਼ਾਰਾ ਪੇਸ਼ ਕਰ ਰਹੀ ਹੈ।*

ਆਪਣੀ ਵਧਦੀ ਸਾਖ ਕਾਰਨ ਅਸੀਂ ਥੋੜਾ ਹੋਰ ਉਤਸ਼ਾਹ ਵਿਚ ਆ ਗਏ। ਸੋਚਿਆ; ਕੁਝ ਪਿੰਡ ਸੁਧਾਰ ਦੇ ਕੰਮ ਸ਼ੁਰੂ ਕੀਤੇ ਜਾਣ। ਕੰਮ ਸੌਖਾ ਨਹੀਂ ਸੀ। ਦਸਾਂ ਪਿੰਡਾਂ ਜਿੱਡਾ ਤਾਂ ਪਿੰਡ ਸੀ। ਬਾਰਾਂ ਪੱਤੀਆਂ ਵਾਲਾ ਵੱਡਾ ਪਿੰਡ ਹੋਣ ਕਰ ਕੇ ਵਣ-ਵਣ ਦੀ ਲੱਕੜੀ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਣਾ ਸੌਖਾ ਨਹੀਂ ਸੀ। ਇਕ ਜਣਾ ਜਾਂ ਇਕ ਧਿਰ ਕੋਈ ਗੱਲ ਕਰੇ ਤਾਂ ਵਿਰੋਧੀ ਧਿਰ ਉਸ ਦੇ ਖ਼ਿਲਾਫ਼ ਪੈਂਤੜਾ ਮੱਲਣ ਨੂੰ ਪਹਿਲਾਂ ਲੰਗੋਟਾ ਕੱਸੀ ਖੜ੍ਹੋਤੀ ਹੁੰਦੀ। ਵਿਰੋਧ ਕਰਨ ਵਾਲੇ ਕੀਤੀ ਗੱਲ ਦਾ ਮਹੱਤਵ ਨਾ ਸਮਝਦੇ। ਉਨ੍ਹਾਂ ਤਾਂ ਬੱਸ ਵਿਰੋਧ ਕਰਨਾ ਹੁੰਦਾ। ਵਿਰੋਧ ਨਿਜੀ ਵੀ ਹੁੰਦੇ ਤੇ ਰਾਜਸੀ ਵੀ। ਚੌਧਰੀ ਕਿਸਮ ਦੇ ਲੋਕ ਤਾਂ ਪਹਿਲਾਂ ਹੀ ਸੋਚਦੇ ਸਨ ਕਿ ਅਸੀਂ ਪੰਚਾਇਤ ਤੇ ਪਿੰਡ ਦੇ ਮੁਖੀਆਂ ਦੇ ਉਤੋਂ ਵਗਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡਾ ਰਾਹ ਸੌਖਾ ਨਹੀਂ ਸੀ, ਪਰ ਅਸੀਂ ਉਦਮ ਕਰਨਾ ਜ਼ਰੂਰੀ ਸਮਝਿਆ। ਸਾਡੀ ਸਕੀਮ ਨੂੰ ਸਮੂਹਕ ਪ੍ਰਵਾਨਗੀ ਮਿਲ ਸਕੇ, ਇਸ ਮਕਸਦ ਲਈ ਮੈਂ ਤੇ ਮੇਰੇ ਸਾਥੀਆਂ ਨੇ ਪਿੰਡ ਦੇ ਪਤਵੰਤੇ ਸੱਜਣਾਂ ਨੂੰ ਘਰ-ਘਰ ਜਾ ਕੇ ਮਿਲਣਾ ਸ਼ੁਰੂ ਕੀਤਾ। ਮਿਲਣੀਆਂ ਦਾ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਕੀਤੇ ਜਾਣ ਵਾਲੇ ਸੁਧਾਰਾਂ ਬਾਰੇ ਪਤਵੰਤਿਆਂ ਨੂੰ ਜਾਣਕਾਰੀ ਦਿੰਦੇ। ਪਿੰਡ ਦੇ ਤਤਕਾਲੀ ਸਰਪੰਚ, ਪੰਚਾਂ ਤੇ ਰਹਿ ਚੁੱਕੇ ਪਹਿਲੇ ਸਰਪੰਚਾਂ ਤੋਂ ਇਲਾਵਾ ਹੋਰ ਵੀ ਕਹਿੰਦੇ ਕਹਾਉਂਦੇ ਬਜ਼ੁਰਗਾਂ ਤੇ ਵਿਭਿੰਨ ਸਿਆਸੀ ਵਿਚਾਰਾਂ ਵਾਲੇ ਕਾਰਕੁਨਾਂ ਨੂੰ ਮੈਂ ਤੇ ਮੇਰੇ ਸਾਥੀਆਂ ਨੇ ਮਿਲ ਮਿਲ ਕੇ ਆਪਣਾ ਏਜੰਡਾ ਦੱਸਿਆ ਤੇ ਉਨ੍ਹਾਂ ਨੂੰ ਸਾਥ ਦੇਣ ਦੀ ਬੇਨਤੀ ਕੀਤੀ। ਅਸੀਂ ਨਹੀਂ ਸਾਂ ਚਾਹੁੰਦੇ ਕਿ ਕੋਈ ਅਜਿਹੀ ਗੱਲ ਕਰੀਏ ਜਿਸ ਨਾਲ ਪਿੰਡ ਦੇ ਕਿਸੇ ਬੰਦੇ ਨੂੰ ਲੱਗੇ ਕਿ 'ਮੱਛਰੀ ਹੋਈ ਮੁੰਡ੍ਹੀਰ ਹਿੱਕ ਦੇ ਧੱਕੇ ਨਾਲ ਮਨਵਾਈਆਂ ਕਰਨ ਲੱਗੀ ਹੈ।'

ਇਕੱਲੇ ਇਕੱਲੇ ਜਣੇ ਨੂੰ ਕੀਤੀ ਬੇਨਤੀ ਕਾਰਨ ਹਰ ਬੰਦਾ ਆਪਣੇ ਆਪ ਨੂੰ ਅਹਿਮ ਸਮਝਦਾ। ਇਸ ਯੋਜਨਾ ਨੂੰ ਠੀਕ ਢੰਗ ਨਾਲ ਸਿਰੇ ਚਾੜ੍ਹਨ ਲਈ ਅਸੀਂ ਸੁਹਿਰਦਤਾ ਨਾਲ ਉਸ ਦੀ ਸਲਾਹ ਵੀ ਲੈਂਦੇ। ਉਸ ਦੀ ਸਲਾਹ 'ਤੇ ਅਮਲ ਕਰਨ ਦਾ ਵਚਨ ਵੀ ਦਿੰਦੇ। ਉਸ ਦੀ ਰਾਇ ਨੂੰ ਮਹੱਤਵ ਦਿੱਤੇ ਜਾਣ ਕਰ ਕੇ ਉਹ ਅੰਦਰੇ ਅੰਦਰ

(ਬਾਕੀ ਅਗਲੇ ਸਫ਼ੇ 'ਤੇ)

# ਜੀਅ ਦੀ ਜੀਵਨੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਜੀਅ ਚਾਹੇ ਪੰਛੀ ਹੋ ਜਾਵਾਂ
ਉਡਦਾ ਜਾਵਾਂ, ਗਾਉਂਦਾ ਜਾਵਾਂ
ਅਣ-ਛੁਹ ਸਿਖਰਾਂ ਨੂੰ ਛੋਹ ਪਾਵਾਂ
ਇਸ ਦੁਨੀਆਂ ਦੀਆਂ ਰਾਹਵਾਂ ਭੁੱਲ ਕੇ
ਫੇਰ ਕਦੇ ਵਾਪਸ ਨਾ ਆਵਾਂ...।

ਸ਼ਿਵ ਕੁਮਾਰ ਜਿਹੇ ਰੁਮਾਂਸਵਾਦੀ ਕਵੀ ਦਾ ਹੀ ਨਹੀਂ, ਹਰ ਇਕ ਦਾ ਜੀਅ ਕਰਦਾ ਹੈ ਕਠੋਰ ਧਰਤੀ ਦੇ ਜੀਅ ਜੰਜਾਲਾਂ ਤੋਂ ਪੰਛੀ ਦੀ ਤਰ੍ਹਾਂ ਮੁਕਤ ਹੋ ਜਾਣ ਨੂੰ। ਸੱਚ-ਮੁੱਚ ਬੜਾ ਹੀ ਚੰਚਲ ਹੈ ਮਨੁੱਖ ਦਾ ਜੀਅ। ਗੁਰਬਾਣੀ ਵਿਚ ਵੀ ਆਇਆ ਹੈ, "ਪਤਾ ਨਹੀਂ ਕਾਹੇ ਜੀਅ ਕਰਹਿ ਚਤਰਾਈ॥" ਇਹ ਜੀਅ ਅਕਸਰ ਡੋਲਦਾ ਤੇ ਮਚਲਦਾ ਹੀ ਰਹਿੰਦਾ ਹੈ। ਕਦੇ ਲਗਦਾ ਹੈ, ਕਦੇ ਨਹੀਂ ਲਗਦਾ; ਕਦੇ ਲਾਉਣਾ ਪੈਂਦਾ ਹੈ ਤੇ ਕਦੇ ਰੱਖਣਾ। ਕਦੇ ਕਿਸੇ 'ਤੇ ਆ ਜਾਂਦਾ ਹੈ, ਕਦੇ ਕਿਸੇ ਤੋਂ ਉਕਤਾ ਜਾਂਦਾ ਹੈ। ਅਕਸਰ ਹੀ ਕੰਮ ਤੋਂ ਟਲਣ ਲਗਦਾ ਹੈ, ਫਿਰ ਅਚਾਨਕ ਵਣ ਦੇ ਮੋਰ ਵਾਂਗ ਝੂਮਣ ਲਗਦਾ ਹੈ। ਕਦੇ ਕੱਚਾ ਹੋਣ ਲਗਦਾ, ਕਦੇ ਕੱਚਾ-ਕੱਚਾ, ਖੱਟਾ ਤਾਂ ਹੋਇਆ ਹੀ ਰਹਿੰਦਾ ਹੈ। ਅਜੇ ਕੁਝ ਕਰਨ ਕਰਨ ਨੂੰ ਹੀ ਕਰਦਾ ਹੈ ਕਿ ਫਿਰ ਕਤਰਾਉਣਾ ਸ਼ੁਰੂ ਹੋ ਜਾਂਦਾ ਹੈ। ਕਦੇ ਥੋੜ੍ਹਾ ਹੋ ਜਾਂਦਾ ਹੈ, ਕਦੇ ਭਰ ਜਾਂਦਾ ਹੈ। ਕਦੇ ਘਟ ਜਾਂਦਾ ਹੈ, ਕਦੇ ਖੁਲ੍ਹ ਜਾਂਦਾ ਹੈ। ਕਦੇ ਕਾਹਲਾ ਪੈ ਜਾਂਦਾ ਹੈ, ਕਦੇ ਹੌਲਾ। ਗੁਰੂ ਅਮਰ ਦਾਸ ਸਾਹਿਬ ਫਰਮਾਉਂਦੇ ਹਨ, "ਲਖ ਚਉਰਾਸੀਹ ਜੀਅ ਉਪਾਏ॥" ਭਾਵੇਂ ਇਥੇ ਗੁਰੂ ਸਾਹਿਬ ਨੇ ਜੂਨਾਂ ਦੀ ਗਿਣਤੀ ਦੱਸੀ ਹੈ ਪਰ ਮੈਨੂੰ ਤਾਂ ਲਗਦਾ ਹੈ ਉਹ ਜੀਅ ਸ਼ਬਦ ਦੀ ਖਾਸੀਅਤ ਦੱਸ ਰਹੇ ਹਨ। ਇਸ ਸ਼ਬਦ ਦੇ ਕਈ ਰੁਪਾਂਤਰ ਹਨ ਜਿਨ੍ਹਾਂ ਦੇ ਕੁਝ ਵੱਖਰੇ ਵੱਖਰੇ ਅਰਥ ਵੀ ਹਨ: ਜੀਵ (ਅਚਰਜ ਭਇਆ ਜੀਵ ਤੇ ਸੀਉ-ਭਗਤ ਕਬੀਰ); ਜੀਅ (ਜੇਤੇ ਜੀਅ ਜੀਵਹਿ ਲੈ ਸਾਹਾ-ਗੁਰੂ ਨਾਨਕ ਦੇਵ); ਜੀ (ਗੁਰਮਤੀ ਪਰਗਾਸੁ ਹੋਆ ਜੀ-ਗੁਰੂ ਅਮਰ ਦਾਸ); ਜੀਆ (ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ-ਗੁਰੂ ਨਾਨਕ ਦੇਵ); ਜੀਅਰਾ (ਹਰਿ ਬਿਨੁ ਅੰਤਰਿ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ-ਗੁਰੂ ਰਾਮ ਦਾਸ); (ਪਾਪੀ ਜੀਅਰਾ ਲੋਭ ਕਰਤ ਹੈ-ਭਗਤ ਕਬੀਰ); ਜੀਅੜਾ (ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ-ਗੁਰੂ ਨਾਨਕ ਦੇਵ); ਜੀਵੜਾ (ਆਹ ਕਰੂੰ ਤੋ ਜਗ ਜਲੇ ਔਰ ਜੰਗਲ ਭੀ ਜਲ ਜਾਏ ਪਾਪੀ ਜੀਵੜਾ ਨਾ ਜਲੇ ਜਿਸ ਮੇ ਆਹ ਸਮਾਏ); ਜੀਓ, (ਜੀਓ ਦਾ ਰੋਗ ਵਲਾਂਵਦਾ ਈ-ਵਾਰਿਸ ਸ਼ਾਹ); ਜਿਉੜਾ (ਸਣੇ ਪਲੰਘ ਦੇ ਹੀਰ ਹੁਣ ਹੋਈ ਤੇਰੀ, ਘੋਲ ਘਤੀਆਂ ਜਿਉੜਾ ਵਾਰਿਆ ਈ-ਵਾਰਿਸ ਸ਼ਾਹ)।

ਜੀਅ ਇਕ ਧੁਰੇ ਦੀ ਨਿਆਈ ਹੈ ਜਿਸ ਤੋਂ ਬਿਨਾ ਮਨੁੱਖੀ ਜੀਵਨ ਚੱਲ ਨਹੀਂ ਸਕਦਾ। ਕਿੰਨੇ ਰੰਗ ਲਾਏ ਹਨ, ਇਸ ਜੀਅ ਨੇ। ਫਰੋਲੀਏ ਜ਼ਰਾ ਇਸ ਦੀ ਜੀਵਨੀ। ਇਸ ਸ਼ਬਦ ਦਾ ਮੁਢਲਾ ਰੂਪ ਹੈ ਜੀਵ। 'ਵ' ਧੁਨੀ ਅਕਸਰ ਹੀ ਸਵਰ ਵਿਚ ਬਦਲ ਜਾਂਦੀ ਹੈ, ਉਂਜ ਇਹ ਧੁਨੀ ਆਪ ਵੀ ਇਕ ਅਰਧ ਸਵਰ ਹੀ ਹੈ। ਮਿਸਾਲ ਵਜੋਂ ਸਵਭਾਵ 'ਸੁਭਾਅ' ਬਣ ਗਿਆ, ਜਵਾਰ 'ਜੁਆਰ' ਤੇ ਭਾਵ 'ਭਾਅ ਜਾਂ ਭਾਉ'। ਇਸ ਧੁਨੀ ਪਰਿਵਰਤਨ ਕਾਰਨ ਜੀਵ ਜੀਅ ਜਾਂ ਜੀਉ ਬਣ ਗਿਆ। ਜੀਅ ਤੇ ਜੀ ਦਾ ਉਚਾਰਣ ਇਕੋ ਹੀ ਹੈ, ਬੱਸ ਅਸੀਂ ਸ਼ਬਦ-ਜੋੜ ਪ੍ਰਮਾਣਿਕ ਨਹੀਂ ਬਣਾ ਸਕੇ। ਸ਼ਬਦ ਦੇ ਹੋਰ ਰੁਪਾਂਤਰ ਕਾਵਿਕ ਜਿਹੇ ਹਨ। ਜੀਵ ਵਿਚ ਜਿਉਣ,



ਜ਼ਿੰਦਾ ਰਹਿਣ ਦੇ ਭਾਵ ਹਨ। ਸੋ ਜੀਵ ਨਾਂਵ ਦਾ ਮੁਖ ਅਰਥ ਹੈ, ਜੋ ਜਿਉਂਦਾ ਹੈ। ਅਸਲ ਵਿਚ ਜੀਵ ਸ਼ਬਦ ਦੇ ਦੋ ਮੁਖ ਅਰਥ ਹਨ- 1. ਪਦਾਰਥਵਾਚਕ: ਜੋ ਜਿਉਂਦਾ ਹੈ ਅਰਥਾਤ ਜਾਨਵਰ; 2. ਭਾਵਵਾਚਕ: ਜਿਉਂਦੇ ਪ੍ਰਾਣੀ ਦਾ ਜੀਵਨਮਈ ਤੱਤ। ਇਨ੍ਹਾਂ ਦੋਹਾਂ ਮੁਖ ਅਰਥਾਂ ਤੋਂ ਅੱਗੇ ਹੋਰ ਅਰਥ ਪ੍ਰਛਾਈਆਂ ਫੁੱਟਦੀਆਂ ਹਨ। ਪਹਿਲੇ ਅਰਥ ਤੋਂ ਇਹ ਸਾਰੀ ਕਾਇਨਾਤ ਦੇ ਪ੍ਰਾਣੀਆਂ ਦਾ ਸੂਚਕ ਬਣਦਾ ਹੈ ਜਿਵੇਂ ਉਪਰ ਚੌਰਾਸੀ ਲੱਖ ਵਾਲੀ ਮਿਸਾਲ ਦਿੱਤੀ ਗਈ ਹੈ। ਪਰ ਸ਼ਬਦਾਂ ਦਾ ਅਰਥ-ਸੰਕੁਚਨ ਵੀ ਹੁੰਦਾ ਹੈ, ਮਤਲਬ ਛੋਟੇ ਦਾਇਰੇ ਤੱਕ ਸੀਮਿਤ ਹੋ ਜਾਂਦਾ ਹੈ। ਇਸ ਤਰ੍ਹਾਂ ਜੀਅ ਦਾ ਇਕ ਅਰਥ ਕਿਸੇ ਪਰਿਵਾਰ ਆਦਿ ਦੇ ਮੈਂਬਰਾਂ ਲਈ ਵੀ ਵਰਤਿਆ ਜਾਂਦਾ ਹੈ ਜਿਵੇਂ "ਕਿੰਨੇ ਜੀਅ ਹਨ ਤੁਹਾਡੇ ਘਰ ਦੇ?" "ਜੀਅ ਪ੍ਰਤੀ ਆਮਦਨ।" ਹੋਰ ਅੱਗੋਂ ਪਰਿਵਾਰ ਦੇ ਬੱਚਿਆਂ ਨੂੰ ਵੀ ਜੀਅ ਕਿਹਾ ਜਾਂਦਾ ਹੈ, "ਜੋ ਜੀਅ ਆਵੇ ਸੋ ਰਾਜ਼ੀ ਜਾਵੇ।" ਜੀਵ ਜਾਂ ਜੀਅ ਸ਼ਬਦ ਛੋਟੇ ਕਿਟਾਣੂਆਂ, ਕੀੜੇ-ਮਕੌੜਿਆਂ ਲਈ ਵੀ ਵਰਤਿਆ ਜਾਂਦਾ ਹੈ, "ਜੀਅ ਪੈ ਕੇ ਮਰੇਂ ਤੂੰ", "ਨਾਲੀ ਵਿਚ ਜੀਅ ਪੈ ਗਏ ਹਨ।" ਗੁਰਬਾਣੀ ਵਿਚ ਜੀਵ ਦਾ ਇਕ ਅਰਥ ਪਾਣੀ ਵੀ ਹੋ ਗਿਆ ਹੈ ਕਿਉਂਕਿ ਜੀਵ ਇਸ 'ਤੇ ਨਿਰਭਰ ਹਨ, "ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ" (ਗੁਰੂ ਅਰਜਨ ਦੇਵ), "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥" (ਗੁਰੂ ਨਾਨਕ ਦੇਵ), "ਜੀਵ ਗਯੋ ਘਟ ਮੇਘਨ ਕੋ॥" (ਕ੍ਰਿਸਨਾਵ)। ਸੰਸਕ੍ਰਿਤ ਵਿਚ ਜੀਵ ਦੇ ਅਰਥ ਵਿਸ਼ਨੂੰ, ਬ੍ਰਹਸਪਤੀ ਵੀ ਹਨ। ਭਾਵੇਂ ਵਿਗਿਆਨਕ ਤੌਰ 'ਤੇ ਬਨਸਪਤੀ ਵੀ ਜੀਵ ਹੀ ਹੈ ਪਰ ਆਮ ਸਮਝ ਅਨੁਸਾਰ ਬਨਸਪਤੀ ਜੀਵ ਦੀ ਕੋਟੀ ਵਿਚ ਨਹੀਂ ਆਉਂਦੀ ਕਿਉਂਕਿ ਇਹ ਗਤੀਸ਼ੀਲ ਨਹੀਂ। ਉਂਜ ਪੰਜਾਬੀ ਵਿਚ ਅੰਗਜਰੇਜ਼ੀ ਸ਼ਬਦ ਬਾਇਆਲੋਜੀ ਲਈ ਜੀਵ-ਵਿਗਿਆਨ ਸ਼ਬਦ ਘੜਿਆ ਗਿਆ ਹੈ।

ਇਸ ਸ਼ਬਦ ਦਾ ਭਾਵਵਾਚੀ ਪਸਾਰ ਬਹੁਤ ਹੋਇਆ ਹੈ। ਇਹ ਇਕ ਤਰ੍ਹਾਂ ਮਨੁੱਖ ਦੇ ਅੰਦਰਲਾ ਮਨੁੱਖ ਹੈ ਭਾਵ ਉਸ ਦਾ ਜੀਵਨਮਈ ਅੰਸ਼। ਬੋਲਚਾਲ ਵਿਚ ਇਹ ਚਿੱਤ, ਮਨ, ਦਿਲ, ਮੂਡ ਦੇ ਅਰਥਾਂ ਵਿਚ ਆਮ ਹੀ ਵਰਤਿਆ ਜਾਂਦਾ ਹੈ ਕਿਉਂਕਿ ਇਹ ਸਭ ਕੁਝ ਜੀਵਨ ਦੀ ਨਿਸ਼ਾਨੀ ਹਨ, ਮਨੁੱਖ ਦਾ ਆਪਾ ਹੈ। ਕੁਝ ਮਿਸਾਲਾਂ ਦਿੰਦੇ ਹਾਂ: ਜੀਅ ਬੈਠ ਗਿਆ; ਜੀਅ ਖਰਾਬ ਹੋ ਗਿਆ; ਜੀਅ ਨਹੀਂ ਲਗਦਾ, ਜੀਅ ਦਾ ਜੰਜਾਲ, ਜੀਅ ਨਹੀਂ ਮੰਨਦਾ। ਦਰਅਸਲ ਜੀਅ ਜਾਂ ਜੀਵ ਜਿਉਣ ਵੱਲ ਹੀ ਲਿਜਾਂਦੇ ਹਨ। ਜੀਣਾ, ਜਿਉਣਾ, ਜੀਵਣਾ ਇਸੇ ਸ਼ਬਦ ਦੇ ਕਿਰਿਆ ਰੂਪ ਹਨ। ਇਸ ਸ਼ਬਦ ਦੀ ਅਧਿਆਤਮਕ ਸੰਦਰਭ ਵਿਚ ਵੀ ਵਰਤੋਂ ਹੋਈ ਹੈ। ਭਾਰਤੀ ਅਧਿਆਤਮਕਤਾ ਅਨੁਸਾਰ ਇਹ ਮਨੁੱਖ ਵਿਚ ਪਰਮਾਤਮਾ (ਪਰਮ ਆਤਮਾ) ਦਾ ਅੰਸ਼ ਹੈ ਜੋ ਉਸ ਤੋਂ ਵਿਛੜ ਕੇ ਆਇਆ ਹੈ ਤੇ ਉਸੇ ਵਿਚ ਸਮਾ ਜਾਣਾ ਹੈ ਭਾਵੇਂ ਵਿਗਿਆਨਕ ਤੌਰ 'ਤੇ ਇਸ ਨੂੰ ਇਸ ਤਰ੍ਹਾਂ ਨਿਖੇੜਨਾ ਬੇਥਵੀ ਗੱਲ ਹੋਵੇਗੀ। ਅਧਿਆਤਮਕ ਸੰਦਰਭ ਵਿਚ ਅਜਿਹਾ ਹੀ ਹੁੰਦਾ ਹੈ, "ਈਸ਼ਵਰ ਜੀਵ ਏਕ ਇਮ ਜਾਨਹੁ॥" ਜਦ ਜੰਤੂ 'ਚੋਂ ਜੀਵ ਨਿਕਲ ਜਾਂਦਾ ਹੈ ਤਾਂ ਮੌਤ ਹੋ ਜਾਂਦੀ ਹੈ। ਇਸ ਤਰ੍ਹਾਂ ਇਥੇ ਜੀਵ ਇਕ ਤਰ੍ਹਾਂ ਆਤਮਾ ਜਾਂ ਰੂਹ ਦੇ ਅਰਥਾਂ 'ਚ ਵਰਤਿਆ ਜਾਂਦਾ ਹੈ, "ਕਾਹੇ ਜੀਅ ਕਰਹਿ ਚਤਰਾਈ॥" ਧਿਆਨ ਦਿਉ ਕਿ ਅਜਿਹੇ ਵਾਕ ਵਿਚ ਜੀਅ ਦਾ ਆਮ ਅਰਥ ਚਿੱਤ ਜਾਂ ਮਨ ਲਿਆ ਜਾਵੇਗਾ ਪਰ ਅਧਿਆਤਮਵਾਦੀ ਇਸ ਦਾ ਅਰਥ ਆਤਮਾ ਕਰਨਗੇ, "ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ॥" ਗੁਰਬਾਣੀ ਵਿਚ ਇਸ ਦੇ ਰੂਪ ਜੀਅਰਾ\ਜੀਅੜਾ ਦੀ ਅਜਿਹੇ ਅਰਥਾਂ ਵਿਚ ਕਾਫੀ ਵਰਤੋਂ ਮਿਲਦੀ ਹੈ, "ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥" (ਗੁਰੂ ਨਾਨਕ ਦੇਵ)

ਭਾਰਤੀ ਅਧਿਆਤਮਵਾਦ ਅਨੁਸਾਰ ਜੀਵ/ਜੀਅ, ਆਤਮਾ ਅਮਰ ਹੈ। ਇਸੇ ਲਈ ਇਸ ਨੂੰ ਜੀਵਆਤਮਾ ਵੀ ਕਿਹਾ ਜਾਂਦਾ ਹੈ। ਗੁਰੂਆਂ ਨੇ ਇਸ ਲਈ ਜੀਅ ਪਰਾਣ ਸ਼ਬਦ ਜੁੱਟ ਵੀ ਵਰਤਿਆ ਹੈ, "ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥" ਭਗਤੀ ਸਾਹਿਤ ਦੇ ਸੰਦਰਭ ਵਿਚ 'ਜੀਵ ਇਸਤਰੀ' ਪਦ ਇਸਤਰੀ ਰੂਪ ਵਿਚ ਪਰਮਾਤਮਾ ਨੂੰ ਲੋਚਦੀ ਆਤਮਾ (ਜੀਵ) ਲਈ ਵਰਤਿਆ ਜਾਂਦਾ ਹੈ।

ਜੀਵ ਆਦਿ ਸ਼ਬਦਾਂ ਤੋਂ ਹੋਰ ਬਹੁਤ ਸਾਰੇ ਸ਼ਬਦ ਬਣੇ ਹਨ, ਜਿਵੇਂ ਜੀਵਨ, ਜੀਵਨੀ, ਜੈਵਿਕ, ਸੁਜੀਵ, ਸੰਜੀਵਨੀ (ਬੂਟੀ), ਨਿਰਜੀਵ, ਜੀਵੰਤ, ਜੈਵਿਕ, ਉਪਜੀਵਕਾ, ਜੀਵਾਣੂੰ, ਜਗਜੀਵਨ, ਮਰਜੀਵੜੇ ਆਦਿ। ਬਹੁਤ ਸਾਰੇ ਸ਼ਬਦ-ਜੁੱਟ ਵੀ ਬਣੇ ਹਨ ਜਿਵੇਂ ਜੀਵ-ਜੰਤੂ, ਜੀਆ ਪੋਤਾ, ਜੀਆ ਘਾਤ, ਜੀਵ ਹੱਤਿਆ, ਜੀਅ ਜਾਨ, ਜੀਅ ਤੋੜ ਆਦਿ। ਮੁਹਾਵਰੇ ਜੀਓ ਤੇ ਜੀਣ ਦਿਓ, ਜੀ ਭਿਆਣੇ ਹੋਣਾ, ਜੀਅ ਮਾਰਨਾ। 'ਜੀਅ ਪੈਣਾ' ਦੇ ਦੋ ਅਰਥ ਹਨ- ਮੁਰਦੇ ਦਾ ਦੁਬਾਰਾ ਜੀਵਿਤ ਹੋ ਜਾਣਾ ਅਤੇ ਸਰੀਰ ਆਦਿ ਵਿਚ ਕਿਰਮ ਪੈ ਜਾਣੇ। ਇਥੇ ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਸਨਮਾਨਬੋਧਕ ਸ਼ਬਦ 'ਜੀ' ਜਿਵੇਂ "ਮੈ ਜੀ ਨਾਮਾ ਹੋ ਜੀ॥" (ਭਗਤ ਨਾਮਦੇਵ); "ਮੇਰੇ ਮਾਧਉ ਜੀ ਸਤਸੰਗਤਿ ਮਿਲੈ ਸੁ ਤਰਿਆ॥" (ਗੁਰੂ ਅਰਜਨ ਦੇਵ) ਜੀਵ ਧਾਤੁ ਨਾਲ ਸਬੰਧਤ ਨਹੀਂ। ਇਸ ਸ਼ਬਦ ਦਾ ਖੁਰਾ ਵੀ 'ਆਰਯ' ਸ਼ਬਦ ਵਿਚ ਹੈ ਤੇ ਇਸ ਦੀ ਵਿਆਖਿਆ "ਆਰੀਆ ਦੇ ਆੜੀ" ਕਾਲਮ ਵਿਚ ਹੋ ਚੁੱਕੀ ਹੈ। ਬਹੁਤ ਸਾਰੇ ਕੋਸ਼ਕਾਰ ਇਸ ਨੂੰ ਚਰਚਿਤ ਜੀਵ ਨਾਲ ਹੀ ਜੋੜਦੇ ਹਨ। ਇਸੇ ਤਰ੍ਹਾਂ ਮੰਜੇ ਦਾ ਜੀਅ ਵੀ ਇਥੇ ਸਬੰਧਤ ਨਹੀਂ, ਇਹ ਜਾਨਣ ਲਈ ਪੜ੍ਹੋ ਕਾਲਮ "ਮੰਜੇ ਦਾ ਜੀਅ ਤੇ ਸਾਈਨ ਥੀਟਾ।"

ਸ਼ਬਦ ਮਾਹਿਰਾਂ ਅਨੁਸਾਰ ਜੀਵ ਸ਼ਬਦ ਭਾਰੋਪੀ ਖਾਸੇ ਵਾਲਾ ਹੈ। ਅਸੀਂ ਪਿਛੇ ਬਾਇਆਲੋਜੀ (Biology) ਵਿਸ਼ੇ ਲਈ ਪੰਜਾਬੀ ਵਿਚ ਘੜੇ ਸ਼ਬਦ 'ਜੀਵ-ਵਿਗਿਆਨ' ਦਾ ਜ਼ਿਕਰ ਕੀਤਾ ਸੀ। Biology ਸ਼ਬਦ ਵਿਚਲਾ ਘਟਕ 'bio' ਜੀਵ ਦਾ ਸੁਜਾਤੀ ਦੱਸਿਆ ਜਾਂਦਾ ਹੈ। ਗਰੀਕ bio ਦਾ ਅੱਖਰੀ ਅਰਥ ਹੁੰਦਾ ਹੈ, ਮਨੁੱਖ ਦਾ 'ਆਪਣਾ ਜੀਵਨ ਜਾਂ ਜੀਵਨੀ', ਜ਼ਿੰਦਗੀ, ਜੀਵਨ ਕਾਲ। Biography (ਜੀਵਨੀ) ਵਿਚਲਾ ਬਇਓ ਵੀ ਇਹੋ ਹੈ। ਇਕ ਭਾਰੋਪੀ ਮੂਲ ਹੈ 'Gweie' ਜਿਸ ਦਾ ਅਰਥ ਹੈ, ਜਿਉਣਾ। ਇਸ ਮੂਲ ਤੋਂ ਭਾਰੋਪੀ ਭਾਸ਼ਾਵਾਂ ਵਿਚ ਕਈ ਸ਼ਬਦ ਵਿਕਸਿਤ ਹੋਏ ਹਨ। ਸੰਸਕ੍ਰਿਤ ਦਾ 'ਜੀਵ' ਇਸੇ ਦਾ ਸੁਜਾਤੀ ਹੈ। ਇਸ ਮੂਲ ਤੋਂ ਬਣੇ ਅੰਗਰੇਜ਼ੀ ਸ਼ਬਦ ਹਨ- Quick, Vivid, Vitamin, Whiskey, Amphibious, Microbe, Hygiene. ਕੁਝ ਇਕ ਦੀ ਵਿਆਖਿਆ ਕਰਦੇ ਹਾਂ। ਪੁਰਾਣੀ ਅੰਗਰੇਜ਼ੀ ਵਿਚ ਇਸ ਤੋਂ ਸ਼ਬਦ ਬਣਿਆ Cwic ਜਿਸ ਦਾ ਮਤਲਬ ਹੁੰਦਾ ਹੈ ਜਿਉਂਦਾ, ਸਜੀਵ। ਇਸੇ ਤੋਂ ਅਜੋਕੀ ਅੰਗਰੇਜ਼ੀ ਦਾ ਸ਼ਬਦ Quick ਬਣਿਆ। ਨਾਂਵ ਦੇ ਤੌਰ 'ਤੇ ਇਸ ਸ਼ਬਦ ਦਾ ਅਰਥ ਹੁੰਦਾ ਹੈ, ਜਿਉਂਦਾ ਮਨੁੱਖ ਤੇ ਵਿਸ਼ੇਸ਼ਣ ਦੇ ਤੌਰ 'ਤੇ ਤੇਜ਼, ਫੁਰਤੀਲਾ। ਤੇਜ਼ੀ ਜਾਂ ਫੁਰਤੀ ਵਿਚ ਜਿਉਂਦੇ ਹੋਣ ਦਾ ਗੁਣ ਹੈ। ਲਾਤੀਨੀ ਵਿਚ ਇਸ ਮੂਲ ਤੋਂ ਬਣਿਆ ਹੈ Vivus ਜਿਸ ਦਾ ਅਰਥ ਵੀ ਜਿਉਂਦਾ ਹੀ ਹੁੰਦਾ ਹੈ। Vivus ਤੋਂ ਅੱਗੇ ਅੰਗਰੇਜ਼ੀ ਦਾ Vivid (ਸੁਜੀਵ), Vitamin, Whiskey, Hygiene, Revive, Survive ਆਦਿ ਸ਼ਬਦ ਬਣੇ। ਸ਼ਰਾਬ ਪੀਣ ਵਾਲਿਆਂ ਲਈ ਸ਼ੁਭ ਖਬਰ ਹੈ ਕਿ ਵਿਸਕੀ ਦਾ ਸ਼ਾਬਦਿਕ ਅਰਥ ਹੁੰਦਾ ਹੈ, ਜੀਵਨ ਦਾ ਪਾਣੀ ਜਾਂ ਜੀਵਨਦਾਤਾ ਜਲ। ਹਾਈਜੀਨ ਦਾ ਸ਼ਾਬਦਿਕ ਅਰਥ ਹੁੰਦਾ ਹੈ, ਵਧੀਆ ਤਰ੍ਹਾਂ ਜੀਣਾ। Revive ਤੇ Survive ਵਿਚਲੇ Vive ਦਾ ਭਾਵ ਵੀ ਜਿਉਣਾ ਹੀ ਹੈ।

# ਭਰਾਵਾਂ ਦਾ ਸੰਗ-ਸਾਥ

*(ਪਿਛਲੇ ਸਫੇ ਦੀ ਬਾਕੀ)*

ਖ਼ੁਸ਼ ਵੀ ਹੁੰਦਾ ਤੇ ਸਾਡਾ ਸਾਥ ਦੇਣ ਦਾ ਵਾਅਦਾ ਵੀ ਕਰਦਾ। ਜਿਨ੍ਹਾਂ ਜਿਨ੍ਹਾਂ ਤੋਂ ਵਿਰੋਧ ਕੀਤੇ ਜਾਣ ਦੀ ਆਸ ਸੀ, ਅਸੀਂ ਉਨ੍ਹਾਂ ਨੂੰ ਮਿਲ ਕੇ ਵੀ ਜਦੋਂ ਉਨ੍ਹਾਂ ਦੀ ਹਉਂ ਨੂੰ ਤ੍ਰਿਪਤ ਕਰ ਲਿਆ ਤਾਂ ਇਕ ਐਤਵਾਰ ਨੂੰ ਪਿੰਡ ਦੇ ਸਾਰੇ ਉਨ੍ਹਾਂ ਅਹਿਮ ਬੰਦਿਆਂ ਦੀ ਮੀਟਿੰਗ ਪਿੰਡ ਦੇ ਸਕੂਲ ਵਿਚ ਬੁਲਾ ਲਈ। ਪੰਜਾਹ ਤੋਂ ਵੱਧ ਬੰਦੇ ਹੋਣਗੇ। ਮੈਂ ਉਠ ਕੇ ਉਨ੍ਹਾਂ ਨੂੰ 'ਜੀ ਆਇਆਂ' ਕਿਹਾ। ਉਨ੍ਹਾਂ ਦਾ ਪੇਸ਼ਗੀ ਧੰਨਵਾਦ ਕੀਤਾ ਕਿ ਨਿਜੀ ਗੱਲਬਾਤ ਵਿਚ ਉਨ੍ਹਾਂ ਨੇ ਸੁਧਾਰਾਂ ਦੀ ਯੋਜਨਾ ਦਾ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ। ਇਨ੍ਹਾਂ ਸੁਧਾਰਾਂ ਨਾਲ ਸਾਡਾ ਹੀ ਭਲਾ ਹੋਣਾ ਹੈ। ਸਾਰਿਆਂ ਨੇ ਇਕਮੱਤ ਨਾਲ ਸਾਡੀ ਯੋਜਨਾ ਨੂੰ ਸਿਰੇ ਚਾੜ੍ਹੇ ਜਾਣ ਲਈ ਹਾਮੀ ਭਰੀ।

ਹੁਣ ਅਸੀਂ ਇਕ ਇੱਕ ਮੁੱਦੇ ਨੂੰ ਲੈ ਕੇ ਚਰਚਾ ਕੀਤੀ। ਵਿਆਹ ਉਤੇ ਯਾਰਾਂ ਬੰਦਿਆਂ ਤੋਂ ਵੱਧ ਜੰਜ ਨਹੀਂ ਜਾਏਗੀ। ਦਾਜ ਦਾ ਵਿਖਾਲਾ ਨਾ ਪਾਇਆ ਜਾਏ। ਬਜ਼ੁਰਗਾਂ ਦੇ ਮਰਨੇ 'ਤੇ ਫ਼ਜ਼ੂਲ ਦੀਆਂ ਖ਼ਰਚੀਲੀਆਂ ਰਸਮਾਂ ਨਾ ਕੀਤੀਆਂ ਜਾਣ। ਪਿੰਡ ਵਿਚ ਗੰਦੇ ਅਸ਼ਲੀਲ ਰਿਕਾਰਡ ਵੱਜਣ ਦੀ ਮਨਾਹੀ ਹੋਵੇ। ਸ਼ਰਾਬ ਪੀ ਕੇ ਪਿੰਡ ਵਿਚ ਕੋਈ ਲਲਕਾਰਾ ਨਾ ਮਾਰੇ। ਅਸੀਂ ਅਜਿਹੇ ਕਈ ਮਤੇ ਸਰਬਸੰਮਤੀ ਨਾਲ ਪਾਸ ਕੀਤੇ। ਜਿਹੜਾ ਨਿਯਮਾਂ ਦੀ ਉਲੰਘਣਾ ਕਰੇ, ਉਹਦੇ ਲਈ ਜੁਰਮਾਨਾ ਵੀ ਰੱਖਿਆ ਗਿਆ।

ਨਿਯਮਾਂ ਦਾ ਠੀਕ ਪਾਲਣ ਹੋ ਰਿਹਾ ਵੇਖਣ/ਜਾਣਨ ਲਈ ਨਿਗਰਾਨੀ ਕੌਣ ਕਰੇਗਾ? ਇਨ੍ਹਾਂ ਨੂੰ ਲਾਗੂ ਕੌਣ ਕਰੇਗਾ? ਇਕੱਠ ਨੇ ਇਹ ਜ਼ਿੰਮੇਵਾਰੀ ਸਾਨੂੰ ਸੌਂਪ ਦਿਤੀ। ਉਨ੍ਹਾਂ ਅਨੁਸਾਰ ਕਿਸੇ ਹੋਰ ਕੋਲੋਂ ਇਹ ਕੰਮ ਨੇਪਰੇ ਨਹੀਂ ਚੜ੍ਹਨ ਲੱਗਾ। ਅਸੀਂ 'ਸਾਂਝੇ' ਬੰਦੇ ਸਭ ਨੂੰ ਮਨਜ਼ੂਰ ਸਾਂ। ਇਹ ਕਿਹਾ ਗਿਆ ਕਿ ਜਿਹੜਾ ਬੰਦਾ ਵੀ ਪਿੰਡ ਵਿਚ ਕਿਤੇ ਨਿਯਮ ਦੀ ਉਲੰਘਣਾ ਹੁੰਦੀ ਵੇਖੇ, ਉਹ 'ਵਰਿਆਮ ਸਿੰਘ ਨੂੰ ਸੂਚਿਤ ਕਰ ਦੇਵੇ।' ਸਭ ਦੇ ਰਜਿਸਟਰ ਉਤੇ ਦਸਤਖ਼ਤ ਕਰਵਾ ਲਏ ਗਏ।

ਅਸੀਂ ਖ਼ੁਸ਼ ਸਾਂ ਕਿ ਬੜੀ ਖ਼ੁਸ਼-ਅਸਲੂਬੀ ਨਾਲ ਸਾਰੀ ਸਕੀਮ ਸਿਰੇ ਚੜ੍ਹ ਗਈ ਸੀ। ਅਸੀਂ ਇਹ ਵੀ ਜਾਣਦੇ ਸਾਂ ਕਿ ਕਿਸੇ ਦਬਾਅ ਨਾਲ ਲੋਕਾਂ ਨੂੰ ਆਪਣੇ ਅਨੁਸਾਰੀ ਨਹੀਂ ਬਣਾਇਆ ਜਾ ਸਕਦਾ। ਜੁਰਮਾਨੇ ਕਰਨੇ ਜਾਂ ਜੁਰਮਾਨੇ ਉਗਰਾਹੁਣਾ ਸਾਡਾ ਮਕਸਦ ਨਹੀਂ ਸੀ। ਅਸੀਂ ਪਿਆਰ, ਸਮਝੌਤੀ ਤੇ ਆਪਸੀ ਭਰੱਪਣ ਨਾਲ ਹੀ ਨਿਯਮਾਂ ਨੂੰ ਲਾਗੂ ਕਰਨਾ ਚਾਹੁੰਦੇ ਸਾਂ। ਅਸੀਂ ਲੋਕਾਂ ਨੂੰ ਇਹ ਪ੍ਰਭਾਵ ਬਿਲਕੁਲ ਨਹੀਂ ਸਾਂ ਦੇਣਾ ਚਾਹੁੰਦੇ ਕਿ ਬਲਪੂਰਵਕ ਉਨ੍ਹਾਂ ਤੋਂ ਕੋਈ ਗੱਲ ਮਨਵਾਈ ਜਾ ਰਹੀ ਹੈ। ਅਸੀਂ ਤਾਂ ਇਹ ਅਹਿਸਾਸ ਦਿਵਾਈ ਰੱਖਣਾ ਚਾਹੁੰਦੇ ਸਾਂ ਕਿ ਨਿਯਮਾਂ ਦਾ ਪਾਲਣ ਸਭ ਦੇ ਆਪਣੇ ਹਿਤ ਵਿਚ ਹੈ। ਉਨ੍ਹਾਂ ਨੇ ਕਿਸੇ ਦੇ ਆਖਣ 'ਤੇ ਨਹੀਂ, ਸਗੋਂ ਆਪਣੇ ਮਨ ਦੇ ਆਖਣ 'ਤੇ ਹੀ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਹੈ।

ਹੋਏ ਫ਼ੈਸਲਿਆਂ ਦੀ ਸੂਚਨਾ ਦਿੰਦਾ ਢੋਲ ਪਿੰਡ ਵਿਚ ਵਜਵਾ ਦਿਤਾ। ਸਾਡੀ ਖ਼ੁਸ਼ੀ ਦੀ ਹੱਦ ਨਾ ਰਹੀ ਜਦੋਂ ਲੋਕਾਂ ਨੇ ਸਵੈ-ਬੰਧੇਜ ਦੇ ਤੌਰ 'ਤੇ ਨਿਯਮਾਂ ਨੂੰ ਮੰਨਣਾ ਤੇ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਦੀ ਸ਼ਿਕਾਇਤ ਕਰਨ ਦੀ ਥਾਂ ਲੋਕ ਆਪ ਆ ਕੇ ਇਹ ਦੱਸਣ ਤੇ ਆਖਣ ਲੱਗੇ ਕਿ ਉਨ੍ਹਾਂ ਦੇ ਪਰਿਵਾਰ ਵਿਚ ਫ਼ਲਾਂ ਸਮਾਗ਼ਮ ਹੋ ਰਿਹਾ ਹੈ; ਮੈਂ ਜਾਂ ਮੇਰਾ ਕੋਈ ਸਾਥੀ ਬੇਸ਼ੱਕ ਜਾ ਕੇ ਵੇਖ ਲਵੇ ਕਿ ਨਿਯਮ ਠੀਕ ਤਰ੍ਹਾਂ ਲਾਗੂ ਹੋ ਰਿਹਾ ਹੈ ਜਾਂ ਨਹੀਂ।

ਕਈ ਵਾਰ ਸਮਾਗਮ ਹੋ ਜਾਣ ਤੋਂ ਬਾਅਦ ਵੀ ਕੋਈ ਜਣਾ ਆ ਕੇ ਦੱਸਦਾ ਕਿ ਉਨ੍ਹਾਂ ਨੇ ਨਿਯਮਾਂ ਅਨੁਸਾਰ ਸਾਰਥ ਸਿਰੇ ਚਾੜ੍ਹਿਆ ਹੈ। ਸਾਡੀ ਇਹ ਕੋਈ ਮੰਗ ਨਹੀਂ ਸੀ ਕਿ ਅਗਲਾ ਸਾਨੂੰ ਆਪਣੇ ਘਰ ਵਿਚ ਹੋਣ ਵਾਲੇ ਸਮਾਗਮ ਤੋਂ ਪਹਿਲਾਂ ਜਾਂ ਪਿੱਛੋਂ ਆ ਕੇ ਕੋਈ ਸੂਚਨਾ ਦੇਵੇ। ਇਹ ਤਾਂ ਉਨ੍ਹਾਂ ਦੀ ਆਪਣੀ ਖ਼ੁਸ਼ੀ ਸੀ। ਇਨ੍ਹਾਂ ਸੁਧਾਰਕ ਨਿਯਮਾਂ ਮੁਤਾਬਕ ਵਿਚਰਨਾ ਉਨ੍ਹਾਂ ਨੂੰ ਚੰਗਾ ਚੰਗਾ ਲੱਗਣ ਲੱਗਾ ਸੀ। ਇਹ ਉਨ੍ਹਾਂ ਦੇ ਸਾਂਝੇ ਭਲੇ ਦੀ ਗੱਲ ਸੀ।

ਇਕ ਸ਼ਾਮ ਸਾਡਾ ਬਜ਼ੁਰਗ ਮਾਸਟਰ ਮੁਲਖ਼ ਰਾਜ ਮੇਰੇ ਘਰ ਆ ਗਿਆ। ਉਹ ਕੁਝ ਘਬਰਾਇਆ ਹੋਇਆ ਸੀ। ਜਦੋਂ ਮੇਰਾ ਪਿਤਾ ਮੈਨੂੰ ਪਹਿਲੇ ਦਿਨ ਸਕੂਲ ਦਾਖ਼ਲ ਕਰਵਾਉਣ ਗਿਆ ਸੀ, ਮਾਸਟਰ ਮੁਲਖ ਰਾਜ ਨੇ ਮੇਰੀ ਪਿੱਠ 'ਤੇ ਥਾਪੀ ਦਿੰਦਿਆਂ ਕਿਹਾ ਸੀ, "ਪੁੱਤਰਾ ਡਰਦਾ ਕਿਉਂ ਏਂ? ਮੈਂ ਤੇਰਾ ਦਾਦਾ ਆਂ। ਤੇਰਾ ਪਿਉ ਵੀ ਇਨ੍ਹਾਂ ਤੱਪੜਾਂ 'ਤੇ ਬਹਿ ਕੇ ਮੇਰੇ ਕੋਲੋਂ ਪੜ੍ਹਦਾ ਰਿਹੈ।"

ਗੱਲ ਠੀਕ ਸੀ; ਆਪਣੇ ਸੇਵਾ-ਕਾਲ ਦੇ ਪਹਿਲੇ ਦਿਨਾਂ ਵਿਚ ਉਹਨੇ ਮੇਰੇ ਪਿਤਾ ਨੂੰ ਵੀ ਪੜ੍ਹਾਇਆ ਸੀ। ਹੁਣ ਮੈਂ ਉਹਦਾ ਵਿਦਿਆਰਥੀ ਸਾਂ। ਦਿਲਚਸਪ ਗੱਲ ਇਹ ਕਿ ਜਦੋਂ ਮੈਂ ਜੇ.ਬੀ.ਟੀ. ਕਰ ਕੇ ਪੂਹਲਾ ਭਾਈ ਤਾਰੂ ਸਿੰਘ ਵਿਚ ਪ੍ਰਾਇਮਰੀ ਅਧਿਆਪਕ ਲੱਗਾ ਤਾਂ ਮੁਲਖ ਰਾਜ ਉਦੋਂ ਸਿੰਘਪੁਰੇ ਦੇ ਸਕੂਲ ਵਿਚ ਮਾਸਟਰ ਸੀ। ਪੂਹਲਿਆਂ ਨੂੰ ਸਿੰਘਪੁਰੇ ਵਿਚੋਂ ਲੰਘ ਕੇ ਜਾਈਦਾ ਸੀ। ਸਾਡੇ ਘਰ ਵੀ ਨੇੜੇ ਨੇੜੇ ਹੋਣ ਕਰ ਕੇ ਮੈਂ ਤੇ ਮੇਰਾ ਦਾਦਾ-ਗੁਰੂ ਇਕੱਠੇ ਹੀ ਸਕੂਲਾਂ ਨੂੰ ਤੁਰਦੇ। ਉਹ ਸਿੰਘਪੁਰੇ ਰੁਕ ਜਾਂਦਾ ਤੇ ਮੈਂ ਅਗਲੇ ਪਿੰਡ ਤੁਰ ਜਾਂਦਾ ਆਪਣੇ ਸਕੂਲੇ। ਸੈਂਟਰ ਮੀਟਿੰਗਾਂ 'ਤੇ ਵੀ ਇਕੱਠੇ ਜਾਂਦੇ। ਉਸ ਕੋਲ ਸਕੂਲ ਵਿਚ ਤਿੰਨਾਂ ਪਿੰਡਾਂ ਦੀ ਡਾਕ ਵੀ ਆਉਂਦੀ ਸੀ। ਉਹ ਪੂਹਲੇ ਡਾਕ ਵੰਡਣ ਆਉਂਦਾ ਤਾਂ ਸਕੂਲ ਵਿਚ ਮੇਰੇ ਕੋਲ ਆ ਜਾਂਦਾ। ਚਿੱਠੀਆਂ ਤਾਂ ਮੇਰੇ ਸਕੂਲ ਦੇ ਮੁੰਡਿਆਂ ਨੂੰ ਦੇ ਦਿੰਦਾ, ਪਰ ਜਿਸ ਘਰ ਮਨੀਆਰਡਰ ਆਇਆ ਹੁੰਦਾ, ਉਨ੍ਹਾਂ ਘਰ ਜਾਣ ਲਈ ਮੈਨੂੰ ਨਾਲ ਤੋਰ ਲੈਂਦਾ। ਉਹ ਪੂਹਲਿਆਂ ਦੀਆਂ ਮੁਟਿਆਰ ਕੁੜੀਆਂ ਵੱਲ ਇਸ਼ਾਰਾ ਕਰ ਕੇ ਗੱਲੀਂ ਬਾਤੀਂ ਮੈਨੂੰ ਵੀ ਛੇੜਦਾ ਰਹਿੰਦਾ ਤੇ ਮੈਂ ਵੀ ਕੁੜੀਆਂ ਦੀਆਂ ਮਾਂਵਾਂ ਦਾ ਨਾਂ ਲੈ ਕੇ ਉਸ ਨਾਲ ਹਾਸਾ-ਠੱਠਾ ਕਰ ਲੈਂਦਾ। ਇੰਜ ਅਸੀਂ, ਉਹਦੇ ਰਿਟਾਇਰ ਹੋਣ ਤੋਂ ਪਹਿਲਾਂ, ਕੁਝ ਸਮਾਂ ਸਹਿਕਰਮੀ, ਸਨੇਹੀ ਤੇ ਸੱਜਣਾਂ ਵਾਂਗ ਵੀ ਵਿਚਰਦੇ ਰਹੇ।

ਮਾਸਟਰ ਮੁਲਖ ਰਾਜ ਕਹਿੰਦਾ, "ਸਰਦਾਰ ਵਰਿਆਮ ਸਿਆਂ! ਬੜੀ ਮੁਸ਼ਕਿਲ 'ਚ ਫਸ ਗਏ ਆਂ ਯਾਰ! ਪੁੱਤ ਮੁੜ ਕੇ ਜੂ ਤੇਰੇ ਕੋਲ ਗੱਲ ਆਉਣੀ ਏਂ, ਤੂੰ ਹੁਣੇ ਈ ਕੋਈ ਹੱਲ ਕੱਢ ਖਾਂ ਯਾਰ!"

'ਸਰਦਾਰ', 'ਪੁੱਤ', ਤੇ 'ਯਾਰ' ਦੇ ਸੰਬੋਧਨ ਤੋਂ ਮੈਨੂੰ ਹਾਸਾ ਆ ਗਿਆ। ਮੈਂ ਉਸ ਦੇ ਗੋਡਿਆਂ ਨੂੰ ਘੁੱਟ ਲਿਆ।

"ਗੁਰੂ ਜੀ ਗੱਲ ਤਾਂ ਦੱਸੋ।"

ਗੱਲ ਇਹ ਸੀ ਕਿ ਸਵੇਰੇ ਉਸ ਦੇ ਪਿਛਲੀ ਉਮਰੇ ਹੋਏ ਸਭ ਤੋਂ ਛੋਟੇ 'ਪੇਟ-ਘਰੋੜੀ' ਦੇ ਮੁੰਡੇ ਦੀ ਜੰਜ ਜਾਣੀ ਸੀ। ਜੰਜ ਦੇ ਯਾਰਾਂ ਦੀ ਥਾਂ ਬਾਰਾਂ ਬੰਦੇ ਬਣਦੇ ਸਨ। ਹੁਣ ਇਹ ਤਾਂ ਯਾਦ ਨਹੀਂ ਕਿ ਰਿਸ਼ਤਾ ਕਿਹੜਾ ਸੀ, ਪਰ ਗੱਲ ਕੁਝ ਇੰਜ ਸੀ ਕਿ ਤਿੰਨ ਜਣੇ ਜੰਜ ਵਿਚ ਜਾਣ ਵਾਲੇ ਬਰਾਬਰ ਦੇ ਰਿਸ਼ਤੇ ਵਾਲੇ ਸਨ। ਜਾਂ ਤਾਂ ਤਿੰਨੇ ਜੰਜੇ ਜਾਣ ਜਾਂ ਕੋਈ ਵੀ ਨਾ ਜਾਵੇ। ਰਿਸ਼ਤਾ ਅਹਿਮ ਸੀ। ਛੱਡਿਆਂ ਵੀ ਗੁਜ਼ਾਰਾ ਨਹੀਂ ਸੀ। ਸਾਰਿਆਂ ਨੂੰ ਲਿਜਾਂਦੇ ਸਨ ਤਾਂ ਨਿਯਮ ਟੁੱਟਦਾ ਸੀ। ਜੇ ਉਨ੍ਹਾਂ ਵਿਚੋਂ ਇਕ ਨੂੰ ਵਾਧੂ ਸਮਝ ਕੇ ਛੱਡਦੇ ਸਨ; ਰਿਸ਼ਤਾ ਟੁੱਟਦਾ ਸੀ। ਅਗਲੇ ਆਖਣਾ ਸੀ, "ਫਿਰ ਮੈਂ ਹੀ ਮਾੜਾ ਹੋ ਗਿਆ ਨਾ!"

ਮੁਲਖ ਰਾਜ ਅਸੂਲੀ ਬੰਦਾ ਸੀ। ਉਹ ਦੋਵੇਂ ਪਾਸੇ ਰੱਖਣੇ ਚਾਹੁੰਦਾ ਸੀ। ਪਿੰਡ ਦੇ ਬਣੇ ਅਸੂਲ ਵੀ ਨਿਭਾਉਣਾ ਚਾਹੁੰਦਾ ਸੀ ਤੇ ਰਿਸ਼ਤੇਦਾਰੀ ਵੀ। ਮੇਰੇ ਹਿਸਾਬ ਨਾਲ ਮੁਲਖ ਰਾਜ ਦਾ ਮੇਰੇ ਕੋਲ 'ਸਮੱਸਿਆ' ਲੈ ਕੇ ਆਉਣਾ ਹੀ ਦੱਸਦਾ ਸੀ ਕਿ ਉਹ ਕਿੰਨੀ ਸੁਹਿਰਦਤਾ ਤੇ ਇਮਾਨਦਾਰੀ ਨਾਲ ਨਿਯਮਾਂ ਦਾ ਪਾਲਣ ਕਰਨ ਲਈ ਪਾਬੰਦ ਸੀ। ਮੈਂ ਕਲੱਕੜ ਨਹੀਂ ਸਾਂ। ਹੱਸ ਕੇ ਕਿਹਾ, "ਗੁਰੂ ਜੀ ਹੱਲ ਤਾਂ ਸੌਖਾ ਈ ਏ। ਜਦੋਂ ਜੰਜ ਚੜ੍ਹਨ ਲੱਗੇ ਤਾਂ ਬੰਦੇ ਯਾਰਾਂ ਹੀ ਹੋਣ। ਕਿਸੇ ਓਪਰੇ ਵੇਖਣ ਵਾਲੇ ਨੂੰ ਲੱਗੇ ਕਿ ਜੰਜ ਦੀ ਗਿਣਤੀ ਹਿਸਾਬ ਅਨੁਸਾਰ ਹੀ ਹੈ, ਪਰ ਕਿਸੇ ਆਪਣੇ ਇਕ ਅਸਲੋਂ ਨੇੜਲੇ ਬੰਦੇ ਨੂੰ ਕੁਝ ਚਿਰ ਪਹਿਲਾਂ ਪਿੰਡੋਂ ਬਾਹਰ ਜਾ ਕੇ ਓਹਲੇ ਜਿਹੇ ਖਲੋਣ ਲਈ ਆਖ ਛੱਡੋ। ਉਹਨੂੰ ਉਥੋਂ ਕਾਰ ਵਿਚ ਬਿਠਾ ਲਿਓ। ਮਸਲਾ ਹੱਲ ਹੋ ਗਿਆ।"

ਉਹ ਫਿੱਕਾ ਜਿਹਾ ਹੱਸਿਆ, "ਸੋਚਿਆ ਤਾਂ ਅਸੀਂ ਵੀ ਕੁਝ ਇੰਜ ਹੀ ਸੀ, ਪਰ ਤੇਰੇ ਨਾਲ ਧੋਖਾ ਕਰਨਾ ਚੰਗਾ ਨਹੀਂ ਸੀ ਲੱਗਦਾ।"

ਮੈਂ ਆਦਰ ਨਾਲ ਝੁਕ ਕੇ ਉਹਦੇ ਪੈਰਾਂ ਨੂੰ ਆਪਣੇ ਹੱਥਾਂ ਵਿਚ ਘੁੱਟ ਲਿਆ।

# ਰੁਸਤਮੇ ਹਿੰਦ ਤੇ ਹਿੰਦ ਕੇਸਰੀ-ਭਲਵਾਨ ਸੁਖਵੰਤ ਸਿੰਘ ਸਿੱਧੂ

ਪੱਧੀ ਜਗੀਰ ਵਾਲੇ ਸੁਖਵੰਤ ਸਿੰਘ ਸਿੱਧੂ ਦਾ ਨਾਂ ਉਨ੍ਹਾਂ ਭਲਵਾਨਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਸਾਂਝੇ ਪੰਜਾਬ ਦੇ ਕਿੱਕਰ ਸਿੰਘ ਅਤੇ ਗਾਮੇ ਵਰਗੇ ਭਲਵਾਨਾਂ ਦੇ ਕਦਮਾਂ 'ਤੇ ਚਲਦਿਆਂ ਭਾਰਤੀ ਭਲਵਾਨੀ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਉਹ ਮੇਹਰਦੀਨ ਦਾ ਸਾਥੀ ਬਣ ਕੇ ਅਖਾੜਿਆਂ ਵਿਚ ਚਮਕਿਆ।

ਸੁਖਵੰਤ ਸਿੰਘ ਦਾ ਜਨਮ 1944 ਵਿਚ ਚੱਕ ਨੰਬਰ 361, ਝੰਗ ਬ੍ਰਾਂਚ, ਟੋਭਾ ਟੇਕ ਸਿੰਘ, ਜਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਚ ਪਿਤਾ ਸ. ਭਗਤਗੋਬਿੰਦ ਸਿੰਘ ਅਤੇ ਮਾਤਾ ਹਰਕਿਸ਼ਨ ਕੌਰ ਦੇ ਘਰ ਹੋਇਆ। ਨਾਨਕੇ ਪਿੰਡ ਪੰਡੋਰੀ ਗੰਗਾ ਸਿੰਘ ਜਿਲ੍ਹਾ ਹੁਸ਼ਿਆਰਪੁਰ ਵਿਚ ਸਨ। ਨਾਨਾ ਮੋਤੀ ਸਿੰਘ ਇਲਾਕੇ ਦਾ ਜਾਣਿਆ-ਪਛਾਣਿਆ ਤੇ ਸਰਕਾਰੇ-ਦਰਬਾਰੇ ਉਚੀ ਪਹੁੰਚ ਰੱਖਣ ਵਾਲਾ ਵੱਡਾ ਜ਼ਿਮੀਦਾਰ ਸੀ। 1947 ਦੀ ਵੰਡ ਪਿਛੋਂ ਸੁਖਵੰਤ ਦੇ ਪਿਤਾ ਨੂੰ ਪੱਧੀ ਜਗੀਰ (ਨੇੜੇ ਗੁਰਾਇਆਂ) ਜ਼ਮੀਨ ਅਲਾਟ ਹੋ ਗਈ।



ਸੁਖਵੰਤ ਦਾ ਕੱਦ ਛੇ ਫੁੱਟ ਤਿੰਨ ਇੰਚ ਹੈ ਤੇ ਇੰਨੇ ਹੀ ਲੰਮੇ ਉਸ ਦੇ ਪਿਤਾ ਅਤੇ ਦਾਦਾ ਸ. ਉਧਮ ਸਿੰਘ ਸਨ। ਦਾਦੀ ਬਸੰਤ ਕੌਰ ਵੀ ਉਚੀ-ਲੰਮੀ ਸੀ। ਸੁਖਵੰਤ ਨੇ ਦਸਵੀਂ ਔਟੇ ਤੋਂ ਅਤੇ ਬੀ.ਏ. ਸਪੋਰਟਸ ਕਾਲਜ ਜਲੰਧਰ ਤੋਂ 1967 ਵਿਚ ਕੀਤੀ। ਕਾਲਜ ਵਿਚ ਖਿਡਾਰੀਆਂ ਨੂੰ ਹੀ ਦਾਖਲਾ ਦਿੱਤਾ ਜਾਂਦਾ ਸੀ।

ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਉਥੋਂ ਹੀ ਸੁਖਵੰਤ ਦੀਆਂ ਨਾਮੀ ਭਲਵਾਨਾਂ ਨਾਲ ਕੁਸ਼ਤੀਆਂ ਸ਼ੁਰੂ ਹੋ ਗਈਆਂ। ਕਾਲਜ ਪੜ੍ਹਦਿਆਂ ਪਹਿਲਾਂ ਯੂਨੀਵਰਸਿਟੀ ਅਤੇ ਫਿਰ ਭਾਰਤ ਦੇ ਵੱਡੇ ਮੱਲਾਂ ਨਾਲ ਟਾਕਰੇ ਸ਼ੁਰੂ ਹੋ ਗਏ। ਕਾਲਜ ਦੇ ਸਾਲਾਨਾ ਮੈਗਜ਼ੀਨ ਵਿਚ ਕਾਲਜ ਦੀਆਂ ਪ੍ਰਾਪਤੀਆਂ ਦਾ ਸਿਹਰਾ ਸੁਖਵੰਤ ਦੇ ਸਿਰ ਬੰਨ੍ਹਿਆ ਗਿਆ। ਉਸ ਵਰਗਾ ਕੋਈ ਫਰੀ-ਸਟਾਇਲ ਤੇ ਗਰੀਕੋ-ਰੋਮਨ ਚੈਂਪੀਅਨਸ਼ਿਪ ਕੁਸ਼ਤੀਆਂ ਵਿਚ ਮੰਨੇ-ਪ੍ਰਮੰਨੇ ਭਲਵਾਨਾਂ ਨੂੰ ਢਾਹੁਣ ਵਾਲਾ ਤੇ ਭਾਰਤੀ ਕੁਸ਼ਤੀ ਸੰਸਥਾ ਦਾ ਮੈਂਬਰ ਕਾਲਜ ਦਾ ਵਿਦਿਆਰਥੀ ਹੈ। ਇਹ ਮਾਣ ਸਿਰਫ਼ ਉਸੇ (ਸਪੋਰਟਸ ਕਾਲਜ) ਕਾਲਜ ਨੂੰ ਪ੍ਰਾਪਤ ਹੋਇਆ ਹੈ।

ਸੁਖਵੰਤ ਨੇ ਨਾਨਕੇ ਜਾਣਾ ਤਾਂ ਨਾਨਾ ਮੋਤੀ ਸਿੰਘ ਨੇ ਡੰਡ-ਬੈਠਕਾਂ ਕਢਾਉਣੀਆਂ। ਪਿਤਾ ਵੀ ਭਲਵਾਨੀ ਦਾ ਸ਼ੌਕੀਨ ਸੀ। ਸਾਂਝੇ ਪੰਜਾਬ ਸਮੇਂ ਉਹ ਜਲੰਧਰ ਪੰਜਾਬ ਪੁਲਿਸ ਵਿਚ ਸੀ ਅਤੇ ਪੰਜਾਬ ਪੁਲਿਸ ਦੀ ਰੱਸਾਕਸ਼ੀ ਟੀਮ ਦਾ ਕਪਤਾਨ ਵੀ ਸੀ। ਉਨ੍ਹਾਂ ਦਾ ਭਾਰ ਵੀ 140 ਕਿਲੋ ਸੀ (ਮੇਹਰਦੀਨ ਤੇ ਸੁਖਵੰਤ ਭਰ ਜਵਾਨੀ ਵਿਚ 125-125 ਕਿਲੋ ਭਾਰੇ ਸਨ)। ਖੂਹ 'ਤੇ ਅਖਾੜਾ ਸੀ। ਪੱਟਾਂ 'ਚ ਜਾਨ ਪਾਉਣ ਲਈ ਪਿਤਾ ਜੀ ਬਲਦਾਂ ਦੀ ਬਜਾਏ ਹਲਟ ਆਪ ਗੇੜਦੇ। ਉਹ ਪੁੱਤ ਸੁਖਵੰਤ ਨੂੰ ਵੀ ਵੱਡਾ ਮੱਲ ਵੇਖਣਾ ਚਾਹੁੰਦਾ ਸੀ। ਇੱਛਾ ਸੀ ਜਿਸ ਮੁਕਾਮ 'ਤੇ ਉਹ ਆਪ ਨਹੀਂ ਪਹੁੰਚ ਸਕਿਆ, ਬੇਟਾ ਜਰੂਰ ਪਹੁੰਚੇ। ਸੁਖਵੰਤ ਨੂੰ ਭਲਵਾਨੀ ਦਾ ਜਾਗ ਲੱਗਿਆ। ਐਨ ਆਈ ਐਸ ਪਟਿਆਲਾ ਤੋਂ ਕੁਸ਼ਤੀ ਕੋਚਿੰਗ ਲਈ ਤੇ ਪਟਿਆਲੇ ਤੋਂ ਹੀ ਇਰਾਨੀ ਕੋਚ ਅਮੀਰ ਹਮੀਦੀ ਕੋਲੋਂ ਸਿੱਖਿਆ ਪ੍ਰਾਪਤ ਕੀਤੀ। ਫਿਰ ਜਲੰਧਰ ਦੇ ਦੇਵੀ ਤਲਾਬ ਮੰਦਰ ਕੋਲ ਕੁਸ਼ਤੀ ਅਖਾੜੇ ਵਿਚ ਘੁੱਲਣ ਭਲਵਾਨ ਨੂੰ ਉਸਤਾਦ ਧਾਰਿਆ।

ਸੁਖਵੰਤ ਦੀ ਜ਼ਿੰਦਗੀ 'ਚ ਪਿਤਾ ਦਾ ਵੱਡਾ ਹੱਥ ਹੈ, ਸਵੇਰੇ ਉਠਾ ਲੈਣਾ ਤੇ ਡੰਡ-ਬੈਠਕਾਂ ਸ਼ੁਰੂ ਕਰਾ ਦੇਣੀਆਂ। ਮਾਤਾ ਜੀ ਨੇ ਸਵੇਰੇ ਸਵੇਰੇ ਮੱਝਾਂ ਚੋਣ ਜਾਣਾ ਤਾਂ ਪਸੀਨੋ-ਪਸੀਨੀ ਹੋਏ ਪੁੱਤ ਨੂੰ ਵੇਖ ਕੇ ਪਿਤਾ ਨੂੰ ਕਹਿਣਾ, "ਸਰਦਾਰ ਜੀ! ਆਪ ਤਾਂ ਤੁਸੀਂ ਰਜਾਈ 'ਚ ਵੜ੍ਹ ਕੇ ਬੈਠੇ ਓ, ਮੁੰਡੇ ਨੂੰ ਨੰਗਾ ਕੱਢਿਆ ਹੋਇਐ।"

"ਭਾਗਵਾਨੇ, ਕੋਈ ਗੱਲ ਨੀ, ਇਹ ਕੰਮ ਐਵੇਂ ਨੀਂ ਹੁੰਦੇ, ਜੇ ਰਜਾਈਆਂ 'ਚ ਬੈਠੇ ਭਲਵਾਨ ਬਣਨ ਲੱਗਣ ਤਾਂ ਅਮੀਰਾਂ ਦੇ ਸਾਰੇ ਨਿਆਣੇ ਭਲਵਾਨ ਨਾ ਬਣ ਜਾਣ?" ਪਿਤਾ ਨੇ ਕਹਿਣਾ।

ਪਿਤਾ ਜੀ ਦਾ ਜ਼ਮੀਨ ਦਾ ਮੁਕੱਦਮਾ ਚੰਡੀਗੜ੍ਹ ਚਲਦਾ ਸੀ। ਤਰੀਕੇ ਜਾਣ ਲੱਗੇ ਉਨ੍ਹਾਂ ਮਾਤਾ ਨੂੰ ਸੌਂਹ ਖੁਆ ਕੇ ਜਾਣਾ ਕਿ ਐਨੀਆਂ ਬੈਠਕਾਂ ਕਢਾਉਣੀਆਂ। ਨਰਮ ਦਿਲ ਮਾਤਾ ਨੇ ਕਹਿਣਾ, "ਸੁੱਖੇ ਪੁੱਤ! ਮਾਲਸ਼ ਕਰਕੇ ਦਸ-ਪੰਦਰਾਂ ਕੁ ਬੈਠਕਾਂ ਕੱਢ ਲੈ, ਮੈਂ ਸੌਂਹ ਖਾਣ ਜੋਗੀ ਤਾਂ ਹੋ ਜਾਊਂਗੀ! ਜੇ ਪੁਛਣਗੇ ਤਾਂ ਕਹਿ ਦਿਆਂਗੀ, ਕੱਢਦਾ ਤਾਂ ਸੀ ਪਰ ਮੈਂ ਗਿਣੀਆਂ ਨ੍ਹੀਂ।" ਇਹ ਗੱਲਾਂ ਸੁਖਵੰਤ ਦੇ ਦਸਵੀਂ-ਗਿਆਰਵੀਂ 'ਚ ਪੜ੍ਹਦੇ ਦੀਆਂ ਹਨ।

ਸੁਖਵੰਤ ਨੇ ਸਵੇਰੇ ਚਾਰ ਵਜੇ ਰੋਜ਼ਾਨਾ 4-5 ਕਿਲੋਮੀਟਰ ਦੌੜ ਲਾਉਣੀ, ਫਿਰ 'ਖਾੜੇ ਜਾ ਕੇ ਜੋਰ ਕਰਨਾ। ਸ਼ਾਮ ਨੂੰ ਡੰਡ ਬੈਠਕਾਂ ਮਾਰ ਕੇ ਫਿਰ 'ਖਾੜੇ ਜੋਰ ਕਰਨਾ। ਪੁਲਿਸ ਮਹਿਕਮੇ ਵਲੋਂ ਪੂਰੀ ਛੁੱਟੀ ਸੀ। ਜਦੋਂ ਕਿਤੇ ਪਿੰਡ ਛੁੱਟੀ ਜਾਣਾ ਤਾਂ ਪਿੰਡ ਬੋਪਾਰਾਏ (ਨੇੜੇ ਗੁਰਾਇਆ) ਦੇ ਪ੍ਰਸਿੱਧ ਭਲਵਾਨ ਸੋਹਣ ਸਿੰਘ ਬੀ ਏ (ਮੇਹਰਦੀਨ ਦਾ ਸ਼ਾਗਿਰਦ) ਦੇ 'ਖਾੜੇ ਜਾ ਕੇ ਜੋਰ ਕਰਨਾ। ਸੁਖਵੰਤ ਸਿੰਘ ਅਨੁਸਾਰ ਸੋਹਣ ਸਿੰਘ ਬੀ.ਏ. ਵੀ ਉਸ ਦਾ ਉਸਤਾਦ ਹੈ। ਉਥੇ 'ਖਾੜੇ 'ਚ ਉਸ ਵੇਲੇ ਅੱਪਰੇ ਵਾਲਾ ਭੱਜੀ, ਨਿੰਮਾ ਚੱਕ ਥੋਥੜਾਂ, ਜੱਜਿਆਂ ਵਾਲਾ ਸਰਦਾਰਾ ਅਤੇ ਭਜਨਾ ਰੁੜਕੀ ਵਾਲਾ ਭਲਵਾਨ ਵੀ ਹੁੰਦੇ ਸਨ।

ਜਦੋਂ ਸੁਖਵੰਤ ਹਿੰਦ ਕੇਸਰੀ ਬਣਿਆ, ਸਿਰ 'ਤੇ ਜੂੜਾ ਹੁੰਦਾ ਸੀ। ਅਖ਼ਬਾਰਾਂ ਦੀਆਂ ਸੁਰਖੀਆਂ ਸਨ 'ਭਾਰਤ ਦਾ ਪਹਿਲਾ ਸਰਦਾਰ ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ।' ਫਿਰ ਚਾਰ ਕੁ ਮਹੀਨੇ ਬਾਅਦ ਕੇਸ ਕਟਾਉਣੇ ਪਏ। ਕਾਰਨ ਦਿੱਲੀ ਦਾ ਸਖਤ ਮੌਸਮ ਸੀ। ਗਰਮੀਆਂ ਵਿਚ ਬੇਹਦ ਗਰਮੀ ਅਤੇ ਸਰਦੀਆਂ ਵਿਚ ਬੇਹਦ ਸਰਦੀ। ਬਰਫ਼ ਵਾਂਗ ਠੰਡਾ ਪਾਣੀ। ਸਰਕਾਰ ਵਲੋਂ ਨੌਕਰੀ ਤਾਂ ਵਧੀਆ ਮਿਲੀ ਸੀ ਪਰ ਗਰਮ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਅਖਾੜੇ 'ਚੋਂ ਜਦੋਂ ਜੋਰ ਕਰਕੇ ਹਟਣਾ ਤਾਂ ਕੇਸ ਮਿੱਟੀ ਨਾਲ ਲਿੱਬੜੇ ਹੁੰਦੇ। ਕੇਸ ਬਹੁਤ ਭਾਰੇ ਸਨ। ਬਰਫ਼ੀਲੇ ਪਾਣੀ ਨਾਲ ਕੇਸੀਂ ਨਹਾਉਣਾ ਤਾਂ ਕਈ ਵਾਰ ਸਾਬਣ ਵਿਚੇ ਜੰਮ ਜਾਣਾ। ਨਾਲ ਦੇ ਮੁੰਡਿਆਂ ਕਹਿਣਾ ਕੇਸ ਕਟਾ ਲੈ। ਉਹ ਵਾਲ ਕਟਾਉਣੇ ਨਹੀਂ ਸੀ ਚਾਹੁੰਦਾ ਪਰ ਮਜਬੂਰੀ ਵੱਸ ਕਟਾਉਣੇ ਪਏ। ਮਾਤਾ ਵੀ ਬਹੁਤ ਦੁਖੀ ਹੋਈ।

ਨੌਕਰੀ ਭਾਰਤ ਦੇ ਭਾਵੇਂ ਕਿਸੇ ਸੂਬੇ ਵਿਚ ਹੁੰਦੀ ਪਰ ਰਿਹਾਇਸ਼ ਪੱਕੀ ਦਿੱਲੀ ਸੀ। ਦਿੱਲੀ ਰਹਿਣ ਦੇ ਕਈ ਫਾਇਦੇ ਸਨ। ਇਕ ਤਾਂ ਦਿੱਲੀ ਅਖਾੜੇ ਬਹੁਤ ਸਨ। ਮਿੱਟੀ ਦੇ ਅਖਾੜਿਆਂ ਵਿਚ ਜੋਰ-ਅਜ਼ਮਾਈ ਚੰਗੀ ਹੋ ਜਾਂਦੀ ਸੀ।

'ਰੁਸਤਮੇ ਹਿੰਦ' ਖਿਤਾਬ ਦੀ ਗੱਲ ਕਰਦਿਆਂ ਸੁਖਵੰਤ ਨੇ ਕਿਹਾ ਕਿ ਪਹਿਲਾਂ ਤਾਂ 'ਰੁਸਤਮੇ ਹਿੰਦ' ਕੁਸ਼ਤੀਆਂ ਭਾਰਤ ਸਰਕਾਰ ਵਲੋਂ ਕਰਵਾਈਆਂ ਜਾਂਦੀਆਂ ਸਨ। ਹੁਣ ਥਾਂ ਥਾਂ 'ਰੁਸਤਮੇ-ਹਿੰਦ' ਕੁਸ਼ਤੀਆਂ ਹੋਣ ਲੱਗ ਪਈਆਂ ਹਨ।



ਸੁਖਵੰਤ ਸਿੱਧੂ ਦਾ ਸਨਮਾਨ

ਮੇਹਰਦੀਨ ਦੀ ਉਨ੍ਹਾਂ ਦਿਨਾਂ 'ਚ ਪੂਰੀ ਚੜ੍ਹਾਈ ਸੀ। ਪਾਸਲੇ ਵਾਲਾ ਗੇਜਾ, ਰਾਮਾ ਖੋਲਾ ਵਾਲਾ ਸਰਬਣ, ਭੱਜੀ ਚੱਕ ਅੱਪਰਾ ਅਤੇ ਚੱਕ ਥੋਥੜਾਂ ਵਾਲੇ ਨਿੰਮੇ ਵਰਗੇ ਭਲਵਾਨਾਂ ਦੀ ਵੀ ਉਸ ਵੇਲੇ ਪੂਰੀ ਚੜ੍ਹਤ ਸੀ। ਪਰ ਪੂਰੇ ਕੱਦ-ਕਾਠ ਕਰਕੇ ਲੋਕਾਂ ਦੀਆਂ ਆਸਾਂ ਸੁਖਵੰਤ ਸਿੰਘ 'ਤੇ ਬੱਝਦੀਆਂ ਸਨ। ਉਸ ਦੀਆਂ ਮੇਹਰਦੀਨ ਨਾਲ ਪੰਜ ਕੁਸ਼ਤੀਆਂ ਹੋਈਆਂ। ਦੋ ਬਰਾਬਰ ਤੇ ਤਿੰਨਾਂ 'ਚ ਮੇਹਰਦੀਨ ਤੋਂ ਪਛੜਿਆ। ਆਮ ਜ਼ਿੰਦਗੀ 'ਚ ਦੋਨਾਂ ਦਾ ਬੜਾ ਪਿਆਰ, ਅਖਾੜੇ 'ਚ ਇਕ ਦੂਜੇ ਦੇ ਪੂਰੇ ਵਿਰੋਧੀ। ਮੇਹਰਦੀਨ ਕਹਿੰਦਾ, ਅਖਾੜੇ ਵਿਚ ਕੋਈ ਯਾਰੀ ਨਹੀਂ। ਯਾਰੀ-ਦੋਸਤੀ ਬਾਹਰੋਂ ਬਾਹਰ। ਉਹ ਦੋਵੇਂ 'ਕੱਠੇ ਦੁਬੱਈ ਵੀ ਘੁਲਣ ਜਾਂਦੇ ਰਹੇ। ਦੋਨਾਂ ਨੇ ਇਕੋ ਕਮਰੇ 'ਚ ਰਹਿਣਾ।



***ਸੁਖਵੰਤ ਸਿੱਧੂ ਕਮਾਂਡੈਂਟ (ਰਿਟਾਇਰਡ) ਸੀ ਆਰ ਪੀ ਐਫ 1969-2001***

ਅਜ਼ਮੇਰ ਨੈਸ਼ਨਲ ਗੇਮਾਂ 'ਚ ਉਹ ਡੀ ਏ ਵੀ ਕਾਲਜ ਜਲੰਧਰ ਵਲੋਂ ਘੁਲਣ ਗਿਆ। ਭਾਰਤ ਦੇ ਹੋਰਨਾਂ ਸੂਬਿਆਂ ਦੇ ਭਲਵਾਨ ਪਹੁੰਚੇ ਹੋਏ ਸਨ। ਉਥੇ ਤਿੰਨ ਕੁਸ਼ਤੀਆਂ ਲੜੀਆਂ। ਫਰੀ ਸਟਾਈਲ ਦੀ ਪਹਿਲੀ ਕੁਸ਼ਤੀ ਮਿਲਟਰੀ ਦੇ ਹਰਬੰਸ ਭਲਵਾਨ ਨਾਲ ਹੋਈ ਜਿਸ ਵਿਚ ਦੂਜੇ ਥਾਂ ਰਹਿ ਕੇ ਸਿਲਵਰ ਮੈਡਲ ਜਿੱਤਿਆ। ਦੂਜੀ ਓਰੀਐਂਟਲ (ਮਿੱਟੀ ਵਾਲੀ) ਕੁਸ਼ਤੀ 'ਚ ਰਾਜਸਥਾਨ ਦੇ ਗਿਰਜਾ ਨੂੰ ਹਰਾ ਕੇ ਗੋਲਡ ਮੈਡਲ ਅਤੇ ਤੀਜੀ ਗਰੀਕੋ-ਰੋਮਨ ਵਿਚ ਵੀ ਗਿਰਜਾ ਸ਼ੰਕਰ ਨੂੰ ਹਰਾ ਕੇ ਗੋਲਡ ਮੈਡਲ ਜਿੱਤਿਆ। ਸੁਖਵੰਤ ਨੂੰ 'ਬੈਸਟ ਰੈਸਲਰ' ਐਲਾਨਿਆ ਗਿਆ।

ਇਨ੍ਹਾਂ ਖੇਡਾਂ 'ਚ ਭਾਗ ਲੈਣ ਲਈ ਮੇਹਰਦੀਨ ਵੀ ਪਹੁੰਚਿਆ ਹੋਇਆ ਸੀ। ਉਹਨੇ ਰੇਲਵੇ ਦੇ ਗਿਰਜਾ ਸ਼ੰਕਰ ਅਤੇ ਪੰਜਾਬ ਦੇ ਗੁਰਦਿਆਲ ਸਿੰਘ ਰੰਧਾਵਾ ਨੂੰ ਹਰਾ ਕੇ ਗੁਰਜ ਜਿੱਤੀ। ਸੁਖਵੰਤ ਅਤੇ ਮੇਹਰਦੀਨ ਨੂੰ ਇਹ ਮਾਣ-ਸਨਮਾਨ 1968 ਵਿਚ ਉਸ ਵੇਲੇ ਦੇ ਮੁੱਖ ਮੰਤਰੀ ਮੋਹਨ ਲਾਲ ਸੁਖਾੜੀਆ, ਭਾਰਤੀ ਰੈਸਲਿੰਗ ਫੈਡਰੇਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਮਜੀਠੀਆ ਅਤੇ ਜਨਰਲ ਸਕੱਤਰ ਦੀਵਾਨ ਪ੍ਰਤਾਪ ਚੰਦ ਨੇ ਬਖਸ਼ਿਆ ਸੀ।

1963 ਤੋਂ 1976 ਤੱਕ ਸੁਖਵੰਤ ਸਿੰਘ ਅਖਾੜਿਆਂ ਵਿਚ ਪੂਰਾ ਚਮਕਿਆ। 1962 ਤੋਂ 1965 ਤੱਕ ਸਪੋਰਟਸ ਕਾਲਜ ਜਲੰਧਰ ਪੜ੍ਹਦਿਆਂ ਕੁਸ਼ਤੀਆਂ ਰਾਹੀਂ ਅਨੇਕਾਂ ਮੈਡਲ ਜਿੱਤੇ। ਪੰਜਾਬ ਯੂਨੀਵਰਸਿਟੀ ਅਤੇ ਇੰਟਰਯੂਨੀਵਰਸਿਟੀ ਕੁਸ਼ਤੀ ਮੁਕਾਬਲਿਆਂ 'ਚ ਚੈਂਪੀਅਨਸ਼ਿਪ ਬਣਦਾ ਰਿਹਾ। ਬੀ.ਏ. ਫਾਈਨਲ ਵਿਚ ਪੜ੍ਹਦਿਆਂ 1966 ਵਿਚ ਯਾਦਵਿੰਦਰਾ ਸਟੇਡੀਅਮ, ਪਟਿਆਲਾ ਵਿਚ ਹੈਵੀ ਵੇਟ ਦੇ ਪ੍ਰਸਿੱਧ ਭਲਵਾਨ ਸੂਬੇਦਾਰ ਵਿਸ਼ਵਨਾਥ ਸਿੰਘ ਨੂੰ ਹਰਾ ਕੇ ਗੋਲਡ ਮੈਡਲ ਜਿੱਤਿਆ ਜਿਸ ਨਾਲ ਸਾਰੇ ਭਾਰਤ ਵਿਚ ਧੰਨ ਧੰਨ ਹੋ ਗਈ।

ਭਲਵਾਨੀ ਕਰਕੇ ਸੰਨ 1969 ਵਿਚ ਉਸ ਨੂੰ ਸਿੱਧਾ ਇੰਸਪੈਕਟਰ ਭਰਤੀ ਕਰ ਲਿਆ ਗਿਆ। ਸੰਨ 1970-71 ਵਿਚ 'ਰੁਸਤਮੇ ਹਿੰਦ' ਦਾ ਖਿਤਾਬ ਜਿੱਤਦੇ ਸਾਰ ਹੀ ਡੀ ਐਸ ਪੀ ਬਣਾ ਦਿਤਾ ਗਿਆ। 1981 ਵਿਚ ਡਿਪਟੀ ਕਮਾਂਡੈਂਟ ਅਤੇ 1991 'ਚ ਆਫੀਸ਼ੀਏਟਿੰਗ ਕਮਾਂਡੈਂਟ ਬਣਿਆ।

ਰੁਸਤਮੇ-ਹਿੰਦ ਬਣਨ ਪਿਛੋਂ ਜਦੋਂ ਸੁਖਵੰਤ ਸਿੰਘ ਪਿੰਡ ਗਿਆ ਤਾਂ ਪਿੰਡ ਵਾਲੇ ਯਕੀਨ ਨਾ ਕਰਨ, ਹੈਂ! ਸੁੱਖਾ ਰੁਸਤਮੇ-ਹਿੰਦ ਬਣ ਗਿਆ? ਪਿੰਡ ਕੁਸ਼ਤੀਆਂ ਹੋਣੀਆਂ ਸਨ। ਰੁਸਤਮੇ-ਹਿੰਦ ਦਾ ਖਿਤਾਬ ਜਿੱਤਣ ਦਾ ਯਕੀਨ ਕਰਨ ਲਈ ਪੰਚਾਇਤ ਸੁਖਵੰਤ ਦੇ ਬਰਾਬਰ ਦੇ ਭਲਵਾਨ ਬਹਾਦਰ ਨਗਰ ਵਾਲੇ ਸੰਤੋਖੇ ਨੂੰ ਮਿਲੀ ਤੇ ਪਿੰਡ (ਪੱਧੀ ਜਗੀਰ) ਕੁਸ਼ਤੀ ਲੜਨ ਦਾ ਸੱਦਾ ਦਿਤਾ। ਸੰਤੋਖਾ ਸੁਖਵੰਤ ਨਾਲ ਘੁਲਣ ਨੂੰ ਮੰਨੇ ਨਾ ਕਿਉਂਕਿ ਉਹ ਸੁਖਵੰਤ ਦੀ ਪੈਂਠ ਮੰਨਦਾ ਸੀ। ਉਹਦੀਆਂ ਸੁਖਵੰਤ ਨਾਲ ਕਈ ਕੁਸ਼ਤੀਆਂ ਬਰਾਬਰ ਰਹਿ ਚੁਕੀਆਂ ਸਨ। ਪੰਚਾਇਤ ਦੇ ਜੋਰ ਪਾਉਣ 'ਤੇ ਉਹਨੇ ਸੱਦਾ ਕਬੂਲ ਕਰ ਲਿਆ। ਬੜੀ ਫਸਵੀਂ ਕੁਸ਼ਤੀ ਹੋਈ ਜਿਸ ਵਿਚ ਪਿੰਡ ਦਾ ਸੁੱਖਾ ਭਾਰੂ ਰਿਹਾ।

ਸ਼ਿੰਦੇ ਪੱਟੀ ਵਾਲੇ ਦੇ ਉਸਤਾਦ ਤੇ ਬੰਤੇ ਵਲਟੋਹੇ ਦੇ ਸ਼ਾਗਿਰਦ ਸੰਤੋਖੇ ਨਾਲ ਸੁਖਵੰਤ ਦੀਆਂ ਕੋਈ ਪੰਜ ਕੁਸ਼ਤੀਆਂ ਹੋਈਆਂ। ਪਹਿਲੀ ਮਕੜੌਨਾ (ਚਮਕੌਰ ਸਾਹਿਬ), ਦੂਜੀ ਪੱਧੀ ਜਾਗੀਰ ਤੇ ਤੀਜੀ ਭਾਰਤ ਕੇਸਰੀ ਦੀ ਦਿੱਲੀ ਹੋਈ ਅਤੇ ਦੋ ਕੁਸ਼ਤੀਆਂ ਯੂ ਪੀ 'ਚ ਹੋਈਆਂ।

ਸੁਖਵੰਤ ਸਿੰਘ ਨੇ ਭਲਵਾਨੀ ਦੇ ਨਾਲ ਨਾਲ ਪੜ੍ਹਾਈ ਵੀ ਪਿਛੇ ਨਾ ਪੈਣ ਦਿੱਤੀ। ਸੰਨ 1970 'ਚ ਕਾਨਪੁਰ ਵਿਚ ਭਾਰਤ ਸਰਕਾਰ ਵਲੋਂ ਕਰਵਾਏ 'ਹਿੰਦ ਕੇਸਰੀ' ਦੰਗਲਾਂ ਵਿਚ ਉਸ ਨੇ ਕੁਸ਼ਤੀ ਇਤਿਹਾਸ ਦੇ ਸੁਨਹਿਰੀ ਪੰਨੇ ਰਚੇ। ਦੇਸ਼ ਭਰ ਤੋਂ ਆਏ 72 ਭਲਵਾਨਾਂ ਨੂੰ ਹਰਾ ਕੇ ਫਾਈਨਲ ਵਿਚ ਪਹੁੰਚਿਆ। ਫਾਈਨਲ ਵਿਚ ਮਹਾਂਰਾਸ਼ਟਰ ਦੇ ਸ਼ਾਮ ਰਾਓ ਮੋਰੇ ਨੂੰ ਪੌਣੇ ਘੰਟੇ ਵਿਚ ਹਰਾ ਕੇ ਭਾਰਤ ਦੀ ਦਸਵੀਂ ਹਿੰਦ ਕੇਸਰੀ ਗੁਰਜ਼ ਆਪਣੇ ਨਾਂ ਕੀਤੀ। ਉਨ੍ਹਾਂ ਕੁਸ਼ਤੀਆਂ ਦੇ ਪ੍ਰਧਾਨ ਕੰਵਰ ਮਹਿੰਦਰ ਸਿੰਘ ਬੇਦੀ ਸਨ। ਇਕ ਕੁਸ਼ਤੀ ਵਿਚ ਦਾਰਾ ਸਿੰਘ ਵੀ ਰੈਫਰੀ ਬਣਿਆ। ਫ਼ਿਲਮਾਂ ਬਣਾਉਣ ਕਰਕੇ ਕੰਵਰ ਮਹਿੰਦਰ ਸਿੰਘ ਬੇਦੀ ਕੋਈ ਨਾ ਕੋਈ ਪ੍ਰਸਿੱਧ ਹਸਤੀ ਲਿਆਈ ਰੱਖਦੇ ਸਨ। ਭਾਰਤੀ ਓਰੀਐਂਟਲ ਕੁਸ਼ਤੀ ਦੇ ਪ੍ਰਧਾਨ ਹੋਣ ਕਰਕੇ ਭਲਵਾਨਾਂ ਨੂੰ ਬੜਾ ਮਾਣ ਬਖਸ਼ਦੇ। ਉਨ੍ਹਾਂ ਨੂੰ ਨੌਕਰੀਆਂ ਵੀ ਦਵਾਈਆਂ।

1947 ਦੀ ਵੰਡ ਪਿਛੋਂ ਭਾਰਤ ਦਾ ਪਹਿਲਾ ਹਿੰਦ ਕੇਸਰੀ ਮੱਧ ਪ੍ਰਦੇਸ਼ ਦਾ ਰਾਮ ਚੰਦ, ਦੂਜਾ ਕਰਮ ਸਿੰਘ (ਪੰਜਾਬ), ਤੀਜਾ ਸ਼੍ਰੀਪਤ ਖਚਨਾਲੇ (ਮਹਾਂਰਾਸ਼ਟਰ), ਚੌਥਾ ਗਨਪਤਰਾਵ ਆਂਦਲਕਰ (ਮਹਾਂਰਾਸ਼ਟਰ), ਪੰਜਵਾਂ ਮਾਸਟਰ ਚੰਦਗੀ ਰਾਮ (ਦਿੱਲੀ), ਛੇਵਾਂ ਮਾਰੂਤੀ ਮਾਨੇ (ਮਹਾਂਰਾਸ਼ਟਰ), ਸੱਤਵਾਂ ਮੇਹਰਦੀਨ (ਰਾਜਸਥਾਨ), ਅੱਠਵਾਂ ਹਜ਼ਰਤ ਪਟੇਲ (ਮਹਾਂਰਾਸ਼ਟਰ), ਨੌਵਾਂ ਮਾਸਟਰ ਚੰਦਗੀ ਰਾਮ (ਦਿੱਲੀ) ਤੇ ਦਸਵਾਂ ਪੰਜਾਬ ਦਾ ਬੱਬਰ ਸ਼ੇਰ ਸੁਖਵੰਤ ਸਿੰਘ ਸਿੱਧੂ ਤੇ ਗਿਆਰਵਾਂ ਹਿੰਦ-ਕੇਸਰੀ ਬੱਬੇ ਦਾ ਦੀਨਾ ਨਾਥ ਬਣਿਆ।

ਸੁਖਵੰਤ ਨੇ ਭਲਵਾਨੀ ਦੀਆਂ ਬਾਰੀਕੀਆਂ ਲਈ ਐਨ ਆਈ ਐਸ ਪਟਿਆਲਾ ਵਿਖੇ ਇਰਾਨੀ ਕੁਸ਼ਤੀ ਕੋਚ ਅਮੀਰ ਹਮੀਦੀ ਪਾਸੋਂ ਦਾਅ-ਪੇਚ ਸਿਖੇ। ਉਪਰੰਤ ਕੌਮਾਂਤਰੀ ਕੁਸ਼ਤੀ ਕੋਚ ਰੈਫਰੀ ਦਾ ਕੋਰਸ ਪਾਸ ਕੀਤਾ। 1966 ਦੀਆਂ ਪਟਿਆਲਾ ਕੁਸ਼ਤੀਆਂ ਦਾ ਨੈਸ਼ਨਲ ਚੈਂਪੀਅਨ ਬਣਿਆ ਅਤੇ 1968 ਵਿਚ ਲਾਈਟ ਹੈਵੀ ਵੇਟ ਵਿਚੋਂ ਸੋਨੇ ਦਾ ਮੈਡਲ ਜਿੱਤਿਆ। ਉਸ ਸਮੇਂ ਉਹ ਐਮ.ਏ. ਭਾਗ ਪਹਿਲਾ ਦਾ ਵਿਦਿਆਰਥੀ ਸੀ। 1971 ਵਿਚ ਆਲ ਇੰਡੀਆ ਪੁਲਿਸ ਗੇਮਾਂ ਵਿਚ ਸੋਨ ਤਮਗਾ ਜਿੱਤਿਆ। 1970 ਤੋਂ 1978 ਤੱਕ ਲਗਾਤਾਰ ਅੱਠ ਸਾਲ ਗੋਲਡ ਮੈਡਲ ਜਿੱਤੇ। ਭਾਰਤ ਦੇ ਕੌਮੀ ਪੱਧਰ ਦੇ ਅਣਗਿਣਤ ਮੈਡਲ ਜਿੱਤੇ। 1970 'ਚ ਕਾਨਪੁਰ ਵਿਚ 'ਹਿੰਦ ਕੇਸਰੀ' ਅਤੇ 1971 ਵਿਚ ਰੋਹਤਕ 'ਚ 'ਰੁਸਤਮੇ ਹਿੰਦ' ਬਣਿਆ। 1966 ਤੋਂ 1975 ਤੱਕ ਕੌਮੀ ਕੁਸ਼ਤੀ ਚੈਂਪੀਅਨ ਰਿਹੈ।

1966 ਵਿਚ ਭਾਰਤ ਦੇ ਤਕੜੇ ਮੱਲਾਂ ਪੈਪਸੂ ਦੇ ਬਖਸ਼ੀਸ਼ ਸਿੰਘ, ਰੇਲਵੇ ਦੇ ਸੁਰਿੰਦਰ ਸਿੰਘ, ਮਹਾਂਰਾਸ਼ਟਰ ਦੇ ਮਾਰੂਤੀ ਵਡਾਰ ਅਤੇ ਸੈਨਾ ਦੇ ਸੂਬੇਦਾਰ ਵਿਸ਼ਵਾਨਾਥ ਸਿੰਘ ਵਰਗਿਆਂ ਨੂੰ ਹਰਾਇਆ। 1966 ਵਿਚ ਹੀ ਇਰਾਨ ਦੇ ਤਕੜੇ ਭਲਵਾਨ ਖੈਰਉਲਾ ਅਮੀਰੀ ਨਾਲ ਬਰਾਬਰ ਰਿਹਾ। ਭਾਰਤ ਦੀ ਉਸ ਵੇਲੇ ਦੀ ਰਾਸ਼ਟਰੀ ਪ੍ਰੈਸ ਨੇ 'ਕੁਸ਼ਤੀ ਦੀ ਦੁਨੀਆਂ ਵਿਚ ਸ਼ਾਈਨਿੰਗ ਸਟਾਰ' ਦਾ ਖਿਤਾਬ ਦਿਤਾ।

1975 ਵਿਚ ਜਲੰਧਰ ਦੀਆਂ ਪੰਜਾਬ ਪੁਲਿਸ ਗੇਮਾਂ ਵਿਚ ਮੇਹਰਦੀਨ ਦੇ ਸ਼ਾਗਿਰਦ ਭਲਵਾਨ ਜੋਗਿੰਦਰ ਸਿੰਘ ਲੱਧੜ ਨੂੰ ਹਰਾਇਆ। ਖੁਸ਼ੀ 'ਚ ਖੀਵੇ ਹੋਏ ਪਿਤਾ ਨੇ ਭੱਜ ਕੇ ਅਖਾੜੇ 'ਚ ਜਾ ਕੇ ਪੁੱਤ (ਸੁਖਵੰਤ) ਨੂੰ ਕਲਾਵੇ 'ਚ ਲੈ ਲਿਆ, 100 ਰੁਪਏ ਦਾ ਇਨਾਮ ਦਿਤਾ। ਉਹ ਪੁੱਤ ਨੂੰ ਵੱਡਾ ਮੱਲ ਵੇਖਣਾ ਚਾਹੁੰਦਾ ਸੀ। ਮਨ ਦੀ ਮੁਰਾਦ ਪੂਰੀ ਹੋ ਗਈ।

ਸੰਨਵਾਂ ਵਾਲੇ ਭੱਜੀ (ਹਰਭਜਨ ਸਿੰਘ) ਦੀ ਵੀ ਸੁਖਵੰਤ ਬੜੀ ਕਦਰ ਕਰਦਾ ਹੈ। ਖਿਡਾਰੀ ਅਤੇ ਭਾਰਤ ਦਾ ਆਈ. ਪੀ. ਐਸ. ਹੋਣ ਕਰਕੇ ਸੁਖਵੰਤ ਦੇ ਮਨ ਵਿਚ ਉਸ ਦੀ ਬੜੀ ਇੱਜ਼ਤ ਸੀ। 1976-77 ਵਿਚ ਲਖਨਊ ਖੇਡਾਂ ਸਨ। ਸੁਖਵੰਤ ਸਿੰਘ ਵੀ ਉਨ੍ਹਾਂ ਖੇਡਾਂ 'ਚ ਹਿੱਸਾ ਲੈਣ ਗਿਆ। ਭੱਜੀ ਵੀ ਯੂ. ਪੀ. ਵਲੋਂ ਟੀਮਾਂ ਲੈ ਕੇ ਗਿਆ ਹੋਇਆ ਸੀ। ਸੁਵਖੜੇ ਸੁਖਵੰਤ ਸਟੇਡੀਅਮ ਦੌੜ ਲਾਉਣ ਗਿਆ ਤਾਂ ਉਥੇ ਯੂ. ਪੀ. ਦੇ ਭਲਵਾਨ ਭਾਰ ਚੁੱਕ ਰਹੇ ਸਨ। ਸੁਖਵੰਤ ਨੇ ਪੁਛਿਆ, "ਤੁਹਾਡਾ ਸਾਬ੍ਹ (ਭੱਜੀ) ਨ੍ਹੀਂ ਆਇਆ?" ਤਾਂ ਉਹ ਕਹਿੰਦੇ, "ਤੁਹਾਨੂੰ ਕੀ ਦੱਸੀਏ ਜੀ, ਜਿੰਨਾ ਅਸੀਂ ਆਹ ਭਾਰ ਚੁੱਕਦੇ ਆਂ, ਉਨਾ ਤਾਂ ਉਹ ਵਰਦੀ ਸਮੇਤ ਚੁੱਕ ਦਿੰਦੇ ਆ।"

ਭੱਜੀ ਆਪਣੇ ਬੇਟੇ ਅਮਨਦੀਪ ਸਿੰਘ ਨੂੰ ਵੈਨਕੂਵਰ ਮਿਲਣ ਗਿਆ ਤਾਂ ਛੋਟੇ ਰੁੜਕੇ ਵਾਲੇ ਦੋਸਤ ਗੁਰਦੇਵ ਸਿੰਘ ਸਹੋਤਾ ਨੂੰ ਨਾਲ ਲੈ ਕੇ ਸੁਖਵੰਤ ਸਿੰਘ ਨੂੰ ਘਰ ਜਾ ਕੇ ਮਿਲਿਆ। ਬੜੇ ਸਾਲਾਂ ਬਾਅਦ ਦੋਸਤ 'ਕੱਠੇ ਹੋਏ ਤੇ ਪੁਰਾਣੀਆਂ ਗੱਲਾਂ ਦੀ ਪਟਾਰੀ ਖੋਲ੍ਹ ਬੈਠੇ। ਭੱਜੀ ਨੇ ਕਿਹਾ, "ਇਕ ਤਕੜਾ ਭਲਵਾਨ, ਘਰੋਂ ਵੀ ਰੱਜਿਆ, ਨਿਮਰਤਾ ਦਾ ਪੁੰਜ, ਠੰਡਾ ਤੇ ਮਿਲਾਪੜਾ ਇਨਸਾਨ ਹੈ ਸੁਖਵੰਤ ਸਿੰਘ।"

ਸੁਖਵੰਤ ਸਿੰਘ ਨੂੰ ਖੁਰਾਕ ਵਲੋਂ ਕੋਈ ਘਾਟ ਨਹੀਂ ਸੀ। ਦੁੱਧ, ਘਿਓ ਘਰਦਿਆਂ ਨੇ ਕਦੇ ਮੁੱਕਣ ਨਾ ਦਿਤਾ। ਮੀਟ ਵੀ ਹਫ਼ਤੇ 'ਚ ਤਿੰਨ ਕੁ ਵਾਰ ਚਲਦਾ। ਸੁਖਵੰਤ ਦੇ ਕਾਲਜ ਸਮੇਂ ਦੇ ਭੰਗੜਾ ਟੀਮ ਦੇ ਮੈਂਬਰ ਅਮਰੀਕਾ ਰਹਿੰਦੇ ਨਰਿੰਦਰ ਪੰਡਿਤ ਨੇ ਦੱਸਿਆ ਕਿ ਸੁਖਵੰਤ ਦੇ ਕਮਰੇ 'ਚ ਘਿਓ ਕਦੇ ਮੁੱਕਿਆ ਹੀ ਨਹੀਂ ਸੀ। ਜਦੋਂ ਉਨ੍ਹੀਂ ਕਦੇ ਉਹਦੇ ਕਮਰੇ 'ਚ ਜਾਣਾ ਤਾਂ ਉਸ ਮੱਲੋਮੱਲੀ ਦੋ ਚਮਚੇ ਘਿਓ ਦੇ ਪਾ ਦੇਣੇ। ਹੱਸਦਾ ਕਹਿਣ ਲੱਗਾ, ਇਕ ਵਾਰ ਸੁਖਵੰਤ ਨੇ ਚਮਚਾ ਵੱਧ ਪਾ ਦਿਤਾ ਤੇ ਕਈ ਦਿਨ ਉਹ ਮੰਜੇ ਤੋਂ ਉਠ ਨਾ ਸਕਿਆ।



ਰੁਸਤਮੇ ਹਿੰਦ ਭਲਵਾਨ ਸੁਖਵੰਤ ਸਿੱਧੂ

1971 ਵਿਚ ਰੁਸਤਮੇ ਹਿੰਦ ਮੁਕਾਬਲੇ ਰੋਹਤਕ ਹੋਏ। ਵੱਖ ਵੱਖ ਰਾਜਾਂ ਤੋਂ 52 ਭਲਵਾਨ ਭਿੜੇ। ਦੰਗਲ ਦੀ ਆਖਰੀ ਕੁਸ਼ਤੀ ਹਰਿਆਣੇ ਦੇ ਈਸ਼ਵਰ ਸਿੰਘ ਨਾਲ ਹੋਈ। 6 ਮਿੰਟ 20 ਸੈਕਿੰਡ 'ਚ ਸੁਖਵੰਤ ਨੇ ਈਸ਼ਵਰ ਨੂੰ ਹਰਾ ਕੇ 'ਰੁਸਤਮੇ ਹਿੰਦ' ਦਾ ਖਿਤਾਬ ਆਪਣੇ ਨਾਂ ਕਰ ਲਿਆ, ਚਾਂਦੀ ਦੀ ਗੁਰਜ਼ ਤੇ 51,000 ਰੁਪਏ ਝੋਲੀ ਪੁਆਏ।

1976 'ਚ ਸੰਜੇ ਗਾਂਧੀ ਨੇ ਕਾਰਪੋਰੇਸ਼ਨ ਸਟੇਡੀਅਮ ਦਿੱਲੀ 'ਚ ਕੁਸ਼ਤੀਆਂ ਕਰਾਈਆਂ। ਸੁਖਵੰਤ ਨੇ ਨੈਸ਼ਨਲ ਰੈਸਲਿੰਗ ਚੈਂਪੀਅਨਸ਼ਿਪ ਦਾ ਸੁਪਰ ਹੈਵੀ ਵੇਟ ਦਾ ਮੁਕਾਬਲਾ ਜਿੱਤ ਕੇ ਸੋਨ ਤਮਗਾ ਤੇ 20 ਹਜ਼ਾਰ ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ।

1966, 68, 70, 72 ਤੇ 74 ਵਿਚ ਪਟਿਆਲਾ, ਅਜਮੇਰ, ਦਿੱਲੀ ਅਤੇ ਰੋਹਤਕ ਵਿਚ ਹੋਏ ਨੈਸ਼ਨਲ ਰੈਸਲਿੰਗ ਮੁਕਾਬਲਿਆਂ ਵਿਚ ਲਗਾਤਾਰ ਸੋਨੇ ਦੇ ਮੈਡਲ ਜਿੱਤੇ। ਅੱਠ ਸਾਲ ਲਗਾਤਾਰ ਕੁਲ ਹਿੰਦ ਪੁਲਿਸ ਖੇਡਾਂ ਵਿਚ ਸੁਪਰ ਹੈਵੀ ਵੇਟ ਕੁਸ਼ਤੀਆਂ ਵਿਚ ਸੋਨ ਤਮਗੇ ਜਿੱਤੇ।

ਜੂਨ 1969 ਵਿਚ ਉਸ ਨੂੰ ਸਿੱਧਾ

***(ਬਾਕੀ ਅਗਲੇ ਸਫੇ 'ਤੇ)***

ਇੰਸਪੈਕਟਰ ਭਰਤੀ ਕਰ ਲਿਆ ਗਿਆ ਜੋ ਕਿ ਮਹਿਕਮੇ ਵਿਚ ਪਹਿਲੀ ਮਿਸਾਲ ਸੀ। ਸਾਲ 1971 ਵਿਚ ਰੁਸਤਮੇ ਹਿੰਦ ਦਾ ਖਿਤਾਬ ਜਿੱਤਣ ਪਿਛੋਂ ਇੰਸਪੈਕਟਰ ਤੋਂ ਤਰੱਕੀ ਦੇ ਕੇ 1972 ਵਿਚ ਡਿਪਟੀ ਸੁਪਰਡੈਂਟ ਆਫ ਪੁਲਿਸ (ਡੀ ਐਸ ਪੀ) ਬਣਾ ਦਿਤਾ ਗਿਆ। 1981 ਵਿਚ ਡਿਪਟੀ ਕਮਾਂਡੈਂਟ ਬਣਿਆ। 1970 ਤੋਂ 1986 ਤੱਕ ਸੀ ਆਰ ਪੀ ਐਫ਼ ਰੈਸਲਿੰਗ ਟੀਮ ਦਾ ਚੀਫ਼ ਕੋਚ ਅਤੇ ਮੈਨੇਜਰ ਬਣਿਆ ਰਿਹਾ। ਇਸੇ ਤਰ੍ਹਾਂ 1985 ਵਿਚ ਕੌਮਾਂਤਰੀ ਕੁਸ਼ਤੀਆਂ ਦੇ ਜੱਜ ਅਤੇ ਰੈਫ਼ਰੀ ਬਣਨ ਦਾ ਇਮਤਿਹਾਨ ਪਾਸ ਕੀਤਾ।

1975 ਵਿਚ ਪੰਜਾਬ ਦੇ ਗਵਰਨਰ ਐਮ ਐਮ ਚੌਧਰੀ ਨੇ ਪੀ ਏ ਪੀ ਸਟੇਡੀਅਮ ਜਲੰਧਰ ਵਿਖੇ ਮਾਣ ਸਨਮਾਨ ਦਿਤਾ। 1992 'ਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੇ ਗੋਇੰਦਵਾਲ ਸਾਹਿਬ ਵਿਖੇ ਸਨਮਾਨਿਤ ਕੀਤਾ। ਉਸੇ ਸਾਲ ਆਫੀਸ਼ੀਏਟਿੰਗ ਕਮਾਂਡੈਂਟ ਬਣਿਆ। 27 ਜੁਲਾਈ 1993 ਨੂੰ ਵਧੀਆ ਸੇਵਾਵਾਂ ਲਈ ਭਾਰਤ ਸਰਕਾਰ ਤੋਂ ਰਾਸ਼ਟਰਪਤੀ ਮੈਡਲ ਮਿਲਿਆ।

ਅਨੇਕਾਂ ਪ੍ਰਾਪਤੀਆਂ ਸਦਕਾ ਹੀ ਉਸ ਨੂੰ ਅੰਮ੍ਰਿਤਸਰ, ਦਿੱਲੀ, ਜਲੰਧਰ, ਨਕੋਦਰ, ਭੋਪਾਲ, ਜੰਮੂ, ਕਸ਼ਮੀਰ ਅਤੇ ਨਾਗਾਲੈਂਡ ਤੇ ਮਨੀਪੁਰ ਆਦਿ ਵਿਚ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ।

ਸੀ ਆਰ ਪੀ ਐਫ਼ ਕਮਾਂਡੈਂਟ 89 ਬਟਾਲੀਅਨ ਵਜੋਂ ਨਕੋਦਰ ਜਾ ਤਾਇਨਾਤ ਹੋਇਆ ਤੇ ਉਹਦੇ ਅਧੀਨ ਸ਼ਾਹਕੋਟ, ਨੂਰਮਹਿਲ, ਲੋਹੀਆਂ, ਲਾਂਬੜਾਂ, ਫ਼ਿਲੌਰ ਤੇ ਗੁਰਾਇਆਂ ਆਉਂਦੇ ਸਨ। ਸ਼ਾਹਕੋਟ ਮੋਟਰਸਾਇਕਲ 'ਤੇ ਘੁੰਮਦਾ ਮੇਹਰਦੀਨ ਕਈ ਵਾਰ ਮਿਲ ਪੈਂਦਾ। ਸੁਖਵੰਤ ਆਪਣੀ ਜੀਪ ਰੋਕਦਾ ਤੇ ਉਹਨੂੰ ਬੜੇ ਤਪਾਕ ਨਾਲ ਮਿਲਦਾ, ਉਹਦੇ ਗੋਡੀਂ ਹੱਥ ਲਾਉਂਦਾ। ਵੱਡਾ ਅਫ਼ਸਰ ਹੋ ਕੇ ਆਪ ਤੋਂ ਵੱਡੇ ਭਲਵਾਨ ਨੂੰ ਇਸ ਤਰ੍ਹਾਂ ਮਿਲਣਾ ਸੁਖਵੰਤ ਦਾ ਵਡੱਪਣ ਸੀ।

ਇਕ ਵਾਰ ਮੇਹਰਦੀਨ ਸੁਖਵੰਤ ਨੂੰ ਮਿਲਿਆ ਤੇ ਕਹਿਣ ਲੱਗਾ, "ਸੁਖਵੰਤ ਸਿਹਾਂ ਅੱਜ ਕੱਲ੍ਹ ਮਾੜੇ ਦਾ ਜ਼ਮਾਨਾ ਨਹੀਂ ਰਿਹਾ, ਦੁਨੀਆਂ ਮਾੜੇ ਨੂੰ ਟਿਕਣ ਨਹੀਂ ਦਿੰਦੀ।"

"ਭਲਵਾਨ ਜੀ ਕੀ ਹੋਇਆ?"

"ਹੋਣਾ ਕੀ ਸੀ ਯਾਰ, ਕੋਈ ਮੇਰੇ ਸ਼ਫ਼ੈਦੇ ਵੱਢ ਕੇ ਲੈ ਗਿਆ।"

"ਕੋਈ ਨ੍ਹੀਂ ਭਲਵਾਨ ਜੀ, ਕੋਈ ਲੋੜਵੰਦ ਲੈ ਗਿਆ ਹੋਊ?" ਮੇਹਰਦੀਨ ਅੱਗੋਂ ਹੱਸ ਪਿਆ।

ਜਦੋਂ ਸੁਖਵੰਤ ਦੀ ਭਲਵਾਨੀ ਦਾ ਸਿਤਾਰਾ ਚਮਕਣ ਲੱਗਾ ਤਾਂ ਸਾਰੇ ਮਹਿਕਮੇ ਸੱਦੇ ਦੇਣ ਲੱਗੇ। ਪੰਜਾਬ ਪੁਲਿਸ ਦੇ ਉਸ ਵੇਲੇ ਦੇ ਆਈ ਪੀ ਐਸ ਅਸ਼ਵਨੀ ਕੁਮਾਰ ਵੀ ਸਾਰੀਆਂ ਸਹੂਲਤਾਂ ਦੇ ਰਿਹਾ ਸੀ। ਪਰ ਕਿਸਮਤ 'ਚ ਦਿੱਲੀ ਪੁਲਿਸ ਵਿਚ ਉਚੇ ਅਹੁਦੇ 'ਤੇ ਲੱਗਣਾ ਲਿਖਿਆ ਸੀ। ਹਮੇਸ਼ਾਂ ਬੇਦਾਗ ਰਹਿ ਕੇ ਬੜੇ ਠਾਠ ਨਾਲ ਨੌਕਰੀ ਕੀਤੀ।

ਪੱਦੀ ਜਗੀਰ ਵਾਲਿਆਂ ਨੂੰ ਸੁਖਵੰਤ ਸਿੰਘ 'ਤੇ ਬੜਾ ਮਾਣ ਹੈ। ਪਿੰਡ ਦਾ ਨਾਂ ਖੇਡ ਨਕਸ਼ੇ 'ਤੇ ਧਰੂ-ਤਾਰੇ ਵਾਂਗ ਚਮਕ ਰਿਹੈ। ਬੇਟੀ ਦੇ ਵਿਆਹ 'ਤੇ ਪੰਜਾਬ ਦੇ ਨਾਮਵਰ ਭਲਵਾਨ ਪਹੁੰਚੇ ਹੋਏ ਸਨ। ਪਿੰਡ ਵਿਚ ਖੁਸ਼ੀਆਂ ਦੇ ਢੋਲ ਵੱਜੇ। ਮੇਹਰਦੀਨ ਨੇ ਸਿੱਖਿਆ ਪੜ੍ਹੀ।

ਸੁਖਵੰਤ ਸਿੰਘ ਨੂੰ ਭਾਰਤੀ ਕੁਸ਼ਤੀ ਦਾ ਮਹਾਂਬਲੀ ਮੰਨਿਆ ਗਿਆ ਹੈ। ਉਸ ਤੋਂ ਬਿਨਾਂ ਭਾਰਤੀ ਭਲਵਾਨੀ ਦਾ ਇਤਿਹਾਸ ਅਧੂਰਾ ਹੈ। ਬਹੁਤ ਸਾਲ ਉਹ ਭਾਵੇਂ ਦਿੱਲੀ ਰਿਹਾ ਪਰ ਪੰਜਾਬ ਦਾ ਹਮੇਸ਼ਾ ਸੱਚਾ ਸਪੂਤ ਬਣ ਕੇ ਵਿਚਰਿਆ। ਪੰਜਾਬ ਦਾ ਨਾਂ ਉਚਾ ਕਰਦਾ ਰਿਹਾ।

ਭਲਵਾਨ ਬੁੱਧ ਸਿੰਘ ਦੀ ਗੱਲ ਕਰਦਿਆਂ ਸੁਖਵੰਤ ਨੇ ਦੱਸਿਆ ਕਿ ਬੁੱਧ ਸਿੰਘ ਮਾਸਟਰ ਚੰਦਗੀ ਰਾਮ ਦੇ ਅਖਾੜੇ ਵਿਚ ਹੁੰਦਾ ਸੀ ਤੇ ਉਹ ਦਿੱਲੀ 'ਚ ਸੀ ਆਰ ਪੀ ਐਫ਼ ਵਿਚ ਸੀ। ਉਹ ਅਕਸਰ ਚੰਦਗੀ ਰਾਮ ਦੇ ਅਖਾੜੇ ਗੇੜਾ ਮਾਰਦਾ। ਉਹ ਬੁੱਧ ਸਿੰਘ ਦੀ ਭਲਵਾਨੀ ਦਾ ਬੜਾ ਕਾਇਲ ਸੀ। ਉਹ ਉਸ ਦੇ ਲਾਗਲੇ ਪਿੰਡ ਭੱਟੀਆਂ ਵਿਆਹਿਆ ਹੋਇਆ ਸੀ। ਬੁੱਧ ਸਿੰਘ ਦੀਆਂ ਸਾਰੀਆਂ ਕੁਸ਼ਤੀਆਂ, ਭਾਵੇਂ ਮੇਹਰਦੀਨ ਨਾਲ, ਕਰਤਾਰ ਨਾਲ, ਈਸ਼ਵਰ ਨਾਲ, ਬਿੱਲੇ ਨਾਲ ਜਾਂ ਹੋਰ ਭਲਵਾਨਾਂ ਨਾਲ ਹੋਈਆਂ, ਸਭ ਵੇਖੀਆਂ।

ਬੰਗਲੌਰ ਪੁਲਿਸ ਗੇਮਾਂ ਸਨ। ਵੱਖ ਵੱਖ ਸੂਬਿਆਂ ਤੋਂ ਤਕੜੇ ਮੱਲ ਵੀ ਪਹੁੰਚੇ ਹੋਏ ਸਨ। ਸੌਨਵਾਂ ਵਾਲਾ ਭੱਜੀ ਵੀ ਉਥੇ ਯੂ ਪੀ ਦੀ ਟੀਮ ਲੈ ਕੇ ਪਹੁੰਚਿਆ ਹੋਇਆ ਸੀ। ਮਹਿਕਮੇ ਵਲੋਂ ਸੁਖਵੰਤ ਸਿੰਘ ਪਹਿਲਾਂ ਹੀ ਪਹੁੰਚਿਆ ਹੋਇਆ ਸੀ। ਬੁੱਧ ਸਿੰਘ ਨੇ ਪੰਜਾਬ ਪੁਲਿਸ ਵਲੋਂ ਕੁਸ਼ਤੀ ਲੜਨੀ ਸੀ। ਟਰੇਨ ਲੇਟ ਹੋਣ ਨਾਲ ਉਹ ਲੇਟ ਹੋ ਗਿਆ। ਉਸ ਦਾ ਵਿਰੋਧੀ ਭਲਵਾਨ ਅਖਾੜੇ ਵਿਚ ਗੇੜੀਆਂ ਦਿੰਦਾ ਫਿਰੇ। ਬੁੱਧ ਸਿੰਘ ਦੇ ਲੇਟ ਹੋਣ ਨਾਲ ਪ੍ਰਬੰਧਕ ਉਸ ਭਲਵਾਨ ਨੂੰ ਜੇਤੂ ਕਰਾਰ ਦੇਣਾ ਚਾਹੁੰਦੇ ਸਨ। ਸੁਖਵੰਤ ਸਿੰਘ ਅਤੇ 8-10 ਹੋਰ ਭਲਵਾਨ ਜਾ ਕੇ ਅਖਾੜੇ 'ਚ ਬਹਿ ਗਏ ਕਿ ਇਸ ਤਰ੍ਹਾਂ ਉਹਨੂੰ ਜੇਤੂ ਕਰਾਰ ਦੇਣ ਨਹੀਂ ਦਿੱਤਾ ਜਾਵੇਗਾ ਜਿੰਨਾ ਚਿਰ ਬੁੱਧ ਸਿੰਘ ਨਾਲ ਕੁਸ਼ਤੀ ਨਹੀਂ ਹੁੰਦੀ। ਕੁਦਰਤੀ ਬੁੱਧ ਸਿੰਘ ਵੀ ਪਹੁੰਚ ਗਿਆ। ਬੁੱਧ ਸਿੰਘ ਨੂੰ ਵੇਖਦੇ ਹੀ ਉਹ ਭਲਵਾਨ ਪਤਾ ਨਹੀਂ ਕਿਥੇ ਚਲਾ ਗਿਆ।

ਭਲਵਾਨੀ 'ਚ ਅਨੇਕਾਂ ਮੱਲਾਂ ਮਾਰ ਕੇ ਅਨੇਕਾਂ ਮੈਡਲ ਜਿੱਤਣ ਵਾਲਾ, ਭਾਰਤ ਕੇਸਰੀ, ਰੁਸਤਮੇ ਹਿੰਦ, ਹਿੰਦ ਕੇਸਰੀ ਦੀਆਂ ਗੁਰਜ਼ਾਂ ਜਿੱਤਣ ਵਾਲਾ ਛੈਲ ਛਬੀਲਾ ਗੱਭਰੂ ਸੁਖਵੰਤ ਸਿੰਘ ਸਿੱਧੂ 1968 'ਚ ਪਿੰਡ ਭੱਟੀਆਂ (ਨੇੜੇ ਖੰਨਾ) ਦੇ ਸ. ਧਰਮ ਸਿੰਘ ਸ਼ੇਰਗਿੱਲ ਦੀ ਬੇਟੀ ਸੁਰਿੰਦਰਜੀਤ ਕੌਰ ਨਾਲ ਵਿਆਹਿਆ ਗਿਆ। ਬੀ



*ਸੁਖਵੰਤ ਸਿੱਧੂ ਦੇ ਪਿਤਾ ਭਗਤ ਗੋਬਿੰਦ ਸਿੰਘ (ਇੰਸਪੈਕਟਰ ਪੰਜਾਬ ਪੁਲਿਸ, 1935-1955)*

ਏ, ਬੀ ਐਡ ਪਤਨੀ ਉਨ੍ਹਾਂ ਸਮਿਆਂ 'ਚ ਜਿਹੜੀ ਮਰਜ਼ੀ ਨੌਕਰੀ ਕਰ ਸਕਦੀ ਸੀ। ਸੁਖਵੰਤ ਸਿੰਘ ਤਾਂ ਕਈ ਕਈ ਮਹੀਨੇ ਬਾਹਰ ਨੌਕਰੀ 'ਤੇ ਰਹਿੰਦਾ ਸੀ ਪਰ ਉਸ ਨੇ ਨੌਕਰੀ ਕਰਨ ਦੀ ਥਾਂ ਆਪਣੇ ਸੱਸ-ਸਹੁਰੇ ਦੀ ਸੇਵਾ ਕੀਤੀ। ਉਨ੍ਹਾਂ ਦੇ ਤਿੰਨ ਬੇਟੀਆਂ ਤੇ ਇਕ ਬੇਟਾ ਹਨ। ਬਾਸਕਟਬਾਲ ਖਿਡਾਰੀ ਬੇਟਾ ਸਨਜੀਵਨ ਸਿੱਧੂ ਇਸ ਵਕਤ ਕੈਨੇਡਾ ਪੁਲਿਸ ਵਿਚ ਆਰ ਸੀ ਐਮ ਪੀ ਹੈ। ਬੇਟੀਆਂ ਆਪੋ ਆਪਣੇ ਘਰੀਂ ਖ਼ੁਸ਼ ਹਨ।

ਸੁਖਵੰਤ ਸਿੰਘ ਸਾਂਝੇ ਪੰਜਾਬ ਦੇ ਭਲਵਾਨਾਂ ਦੀ ਬੜੀ ਇਜ਼ਤ ਕਰਦਾ ਹੈ ਤੇ ਉਨ੍ਹਾਂ ਨੂੰ ਆਪਣੇ ਮਾਰਗ ਦਰਸ਼ਕ ਮੰਨਦਾ ਹੈ। ਮਹਾਰਾਜਾ ਪਟਿਆਲਾ ਦਾ ਦਰਬਾਰੀ ਭਲਵਾਨ ਗਾਮਾ ਹੁੰਦਾ ਸੀ। ਵੰਡ ਤੋਂ ਬਾਅਦ ਕੇਸਰ ਭਲਵਾਨ (ਪਲਵਿੰਦਰ ਚੀਮੇ ਦੇ ਬਾਬਾ ਜੀ) ਹੋਇਐ। ਮਹਾਰਾਜਾ ਭਰਤਪੁਰ (ਰਾਜਸਥਾਨ) ਦਾ ਰਿਆਸਤੀ ਭਲਵਾਨ ਕਾਲਾ ਸੀ। ਫਿਰ ਸੇਰੋਂ ਵਾਲਾ ਪੂਰਨ (ਫ਼ੱਤਾ, ਕੇਹਰ, ਸੁਮੇਰ ਭਲਵਾਨ ਭਰਾਵਾਂ ਦਾ ਪਿਤਾ) ਭਲਵਾਨ ਰਿਹੈ। ਉਸ ਵੇਲੇ ਰਾਜਿਆਂ ਨੇ ਖੁੱਲ੍ਹੀਆਂ ਜ਼ਮੀਨਾਂ, ਖੁਲੀਆਂ ਖ਼ੁਰਾਕਾਂ ਅਤੇ ਹਰ ਕਿਸਮ ਦੀਆਂ ਸੁਖ-ਸਹੂਲਤਾਂ ਦਿੱਤੀਆਂ ਹੁੰਦੀਆਂ ਸਨ। ਅੱਜ ਦੇ ਜ਼ਮਾਨੇ 'ਚ ਸਾਰੇ ਕੰਮ ਉਲਟ ਹੋ ਰਹੇ ਹਨ। ਨਵੇਂ ਉਠਦੇ ਭਲਵਾਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸਤ ਦੀ ਭੇਟਾ ਚੜ੍ਹ ਚੁੱਕੀ ਭਲਵਾਨੀ ਦਾ ਭਵਿੱਖ ਬਹੁਤਾ ਵਧੀਆ ਨਹੀਂ ਹੈ।

ਸੁਖਵੰਤ ਨੇ ਕਿਹਾ ਕਿ ਭਲਵਾਨਾਂ ਦੀ ਜ਼ਿੰਦਗੀ ਦੇ ਆਖਰੀ ਦਿਨ ਬੜੇ ਮਾੜੇ ਦੇਖੇ ਗਏ ਹਨ। ਆਖਰੀ ਦਿਨਾਂ 'ਚ ਗਾਮਾ ਬੀਮਾਰੀਆਂ ਨੇ ਘੇਰ ਲਿਆ। ਮੰਜੇ 'ਤੇ ਪੈ ਗਿਆ। ਮੂੰਹ ਤੋਂ ਮੱਖੀਆਂ ਨਹੀਂ ਸੀ ਉਡਾ ਸਕਦਾ। ਇਲਾਜ ਲਈ ਗੁਰਜ਼ਾਂ ਵੇਚੀਆਂ। ਗਾਮੇ ਨੂੰ ਪਛਤਾਵਾ ਸੀ ਕਿ ਉਸ ਨੂੰ ਪਟਿਆਲਾ ਛੱਡ ਕੇ ਨਹੀਂ ਸੀ ਜਾਣਾ ਚਾਹੀਦਾ। ਘੱਟੋ ਘੱਟ ਇਲਾਜ ਤਾਂ ਹੋ ਜਾਂਦਾ। ਪੰਜਾਬ ਦੀ ਵੰਡ ਦਾ ਸੰਤਾਪ ਉਸ ਨੂੰ ਵੀ ਭੋਗਣਾ ਪੈ ਰਿਹਾ ਸੀ।

ਸ਼ੰਕਰੀਆ ਗੁਰਦਾਵਰ ਵੀ ਆਖਰੀ ਦਿਨਾਂ 'ਚ ਬੜਾ ਔਖਾ ਰਿਹੈ। ਆਮਦਨ ਹੈ ਨਹੀਂ ਸੀ। ਬੀਮਾਰੀਆਂ ਘੇਰ ਕੇ ਬਹਿ ਗਈਆਂ। ਗੋਡੇ ਖਰਾਬ ਹੋ ਗਏ। ਸ਼ੰਕਰ ਦੀ ਛਿੰਝ 'ਚ ਉਹਨੇ ਅੱਖੀਂ ਵੇਖਿਆ ਕਿ ਗੁਰਦਾਵਰ ਨੂੰ ਘਨੇੜੀ ਚੁੱਕ ਕੇ ਗੇੜੀ ਲੁਆਈ ਗਈ। ਲੋਕਾਂ ਨੇ ਪੰਜ-ਪੰਜ, ਸੱਤ-ਸੱਤ, ਦਸ-ਦਸ ਰੁਪਏ ਦਿਤੇ। ਇਹ ਗੱਲ 1991-92 ਦੀ ਹੈ। ਸੁਖਵੰਤ ਉਦੋਂ ਨਕੋਦਰ ਤਾਇਨਾਤ ਸੀ। ਉਸ ਦੇ ਪਿਤਾ ਵੀ ਕਦੇ ਨਕੋਦਰ ਥਾਣੇਦਾਰ ਹੁੰਦੇ ਸਨ ਜਿਨ੍ਹਾਂ ਦਾ ਗੁਰਦਾਵਰ ਨਾਲ ਬੜਾ ਪਿਆਰ ਹੁੰਦਾ ਸੀ। ਗੁਰਦਾਵਰ ਦੇ ਮਾਣ-ਸਤਿਕਾਰ ਵਜੋਂ ਪਿੰਡ ਵਾਸੀਆਂ ਨੇ ਬੁੱਤ ਲੁਆਇਆ ਹੋਇਆ ਹੈ।

ਧੋਬੀ ਭਲਵਾਨ ਰਾਮਾ ਖੇਲਾ ਵਾਲੇ ਸਰਬਣ ਦਾ ਅੰਤ ਵੀ ਚੰਗਾ ਨਾ ਹੋਇਆ। ਤਕੜੇ ਤਕੜੇ ਭਲਵਾਨਾਂ ਨੂੰ ਧੋਬੀ ਪਟਕਾ ਮਾਰ ਕੇ ਮਿੰਟਾਂ-ਸਕਿੰਟਾਂ 'ਚ ਢਾਹ ਲੈਂਦਾ ਸੀ ਉਹ। ਸਰਕਾਰ ਨੇ ਕੋਈ ਮਦਦ ਨਾ ਕੀਤੀ। ਬੇਟਾ ਸ਼ਿੰਦਾਂ ਲੋਕਾਂ ਦੀਆਂ ਲੱਤਾਂ-ਬਾਹਾਂ ਚੜ੍ਹਾ ਕੇ, ਮਾਲਸ਼ਾਂ ਕਰ ਕੇ ਘਰ ਦਾ ਖਰਚ ਤੋਰ ਰਿਹਾ ਹੈ।

ਮੇਹਰਦੀਨ ਵੀ ਬਹੁਤ ਤੰਗ ਰਿਹਾ। ਸਰਕਾਰ-ਦਰਬਾਰ, ਮੰਤਰੀ-ਸੰਤਰੀ, ਕਿਸੇ ਨੇ ਕੋਈ ਮਦਦ ਨਾ ਕੀਤੀ। ਉਹਦੀ ਭਲਵਾਨੀ ਦੇ ਦੀਵਾਨੇ ਜਾਂ ਯਾਰ-ਦੋਸਤ ਜਰੂਰ ਮਦਦ ਕਰਦੇ ਰਹੇ। ਸੁਖਵੰਤ ਸਿੰਘ ਆਪਣੇ ਆਪ ਨੂੰ ਖ਼ੁਸ਼ ਨਸੀਬ ਸਮਝ ਰਿਹੈ। ਕੈਨੇਡਾ ਰਹਿ ਕੇ ਉਹ ਸਾਰੀਆਂ ਸੁਖ-ਸਹੂਲਤਾਂ ਮਾਣ ਰਿਹੈ। ਉਹ ਪੰਜਾਬ ਨੂੰ ਕਦੇ ਨਹੀਂ ਭੁੱਲਦਾ। ਪੱਦੀ ਜਗੀਰ ਨੂੰ ਕਦੇ ਨਹੀਂ ਭੁੱਲਦਾ। ਛੋਟਾ ਭਰਾ ਮੱਘਰ ਸਿੰਘ ਪਿੰਡ ਰਹਿੰਦਾ ਹੈ ਤੇ ਖੇਤੀ ਸਾਂਭਦਾ ਹੈ।

ਸੁਖਵੰਤ ਕੈਨੇਡਾ ਨਹੀਂ ਸੀ ਆਉਣਾ ਚਾਹੁੰਦਾ। ਵਧੀਆ ਨੌਕਰੀ ਕਰਕੇ ਸਾਰੇ ਸੁਖ ਮਾਣ ਰਿਹਾ ਸੀ। ਦਾਣਾ-ਪਾਣੀ ਲਿਖਿਆ ਸੀ, ਕੈਨੇਡਾ ਪਹੁੰਚ ਗਿਆ। ਹੁਣ ਜਦੋਂ ਪੰਜਾਬ ਦੇ ਮਾੜੇ ਹਾਲਾਤ ਬਾਰੇ ਵੇਖਦਾ-ਸੁਣਦਾ ਹੈ, ਬੜਾ ਦੁਖੀ ਹੁੰਦਾ ਹੈ। ਨਸ਼ਾ, ਭ੍ਰਿਸ਼ਟਾਚਾਰ, ਲੁਟਾਂ-ਖੋਹਾਂ, ਮਾਰ-ਮਰੱਈਆਂ ਦੇਖ ਕੇ ਪੰਜਾਬ ਜਾਣ ਨੂੰ ਦਿਲ ਨਹੀਂ ਕਰਦਾ।

ਯੂਬਾ ਸਿਟੀ (ਕੈਲੀਫੋਰਨੀਆ) ਰਹਿੰਦੇ ਭਲਵਾਨ ਸੋਹਣ ਸਿੰਘ ਬੀ.ਏ. ਦੇ ਬੇਟਿਆਂ ਅਮਰਜੀਤ ਸਿੰਘ ਰਾਏ, ਗੁਰਮੀਤ ਸਿੰਘ ਰਾਏ, ਜਸਵੀਰ ਸਿੰਘ ਰਾਏ ਅਤੇ ਨਰਿੰਦਰ ਸਿੰਘ ਰਾਏ ਨੇ ਉਚੇਚੇ ਤੌਰ 'ਤੇ ਸੱਦ ਕੇ ਬੜਾ ਮਾਣ ਬਖਸ਼ਿਆ। ਸ. ਦੀਦਾਰ ਸਿੰਘ ਬੈਂਸ, ਸ. ਗੁਰਜੀਤ ਸਿੰਘ ਗਿੱਲ ਢੁੱਡੀਕੇ, ਬੜੇ ਪਿੰਡ ਵਾਲੇ ਮਾਸਟਰ ਜਸਮੇਰ ਸਿੰਘ ਸਹੋਤਾ ਵਰਗੇ ਵੱਡੇ ਫਾਰਮਾਂ ਵਾਲਿਆਂ ਤੋਂ ਇਲਾਵਾ ਸਮੂਹ ਗੁਰੂ ਘਰਾਂ ਦੇ ਸੇਵਾਦਾਰਾਂ ਅਤੇ ਪ੍ਰਸ਼ੰਸਕਾਂ ਨੇ ਰੱਜ ਕੇ ਮਾਣ ਦਿਤਾ।

ਪਤਨੀ ਸੁਰਿੰਦਰ ਨਾਲ ਉਹ ਬਹੁਤ ਖ਼ੁਸ਼ ਹੈ। ਉਹਦਾ ਕਹਿਣਾ ਹੈ ਕਿ ਗੁਰਜ਼ਾਂ ਤਾਂ ਬਹੁਤ ਪ੍ਰਾਪਤ ਕੀਤੀਆਂ ਪਰ ਜ਼ਿੰਦਗੀ ਦੀ ਵਡਮੁੱਲੀ ਗੁਰਜ਼ ਸੁਰਿੰਦਰਜੀਤ ਹੈ। ਪਿਆਰ, ਵਿਸ਼ਵਾਸ਼ ਤੇ ਯਕੀਨ ਨਾਲ ਉਨ੍ਹਾਂ ਦਾ ਗ੍ਰਹਿਸਥੀ-ਜੀਵਨ ਖੁਸ਼ੀਆਂ ਭਰਿਆ ਹੈ। ਜ਼ਿੰਦਗੀ ਦੀ ਹਰ ਕਾਮਯਾਬੀ ਦਾ ਸਿਹਰਾ ਉਹ ਪਤਨੀ ਸਿਰ ਬੰਨ੍ਹਦਾ ਹੈ। ਜੇ ਸੁਖਵੰਤ ਨੂੰ ਕਵਿਤਾ ਲਿਖਣ ਦਾ ਸ਼ੌਕ ਹੈ ਤਾਂ ਪਤਨੀ ਵੀ ਲਿਖਦੀ ਹੈ ਜਿਸ ਨੇ ਪਤੀ ਦੀ ਜ਼ਿੰਦਗੀ ਬਾਰੇ "ਭਾਰਤ ਦਾ ਪਹਿਲਾ ਸਰਦਾਰ ਹਿੰਦ ਕੇਸਰੀ ਭਲਵਾਨ ਸੁਖਵੰਤ ਸਿੰਘ ਸਿੱਧੂ" ਕਿਤਾਬ ਲਿਖੀ ਹੈ। ਸੁਖਵੰਤ ਨੇ ਸ਼ਰਾਬ ਜ਼ਿੰਦਗੀ 'ਚ ਕਦੇ ਪੀਤੀ ਨਹੀਂ। ਮੱਛੀ ਜ਼ਰੂਰ ਖਾ ਲੈਂਦਾ ਹੈ।

ਦੁੱਖ ਦੀ ਗੱਲ ਹੈ ਕਿ ਅੱਜ ਪੰਜਾਬ ਦੀ ਭਲਵਾਨੀ ਨੂੰ ਗ੍ਰਹਿਣ ਲੱਗ ਗਿਆ ਹੈ। ਭਲਵਾਨੀ ਨੂੰ ਜੱਫ਼ਾ ਮਾਰੀ ਬੈਠੇ ਭਾਈ-ਭਤੀਜਾਵਾਦ ਨੇ ਨਵੇਂ ਭਲਵਾਨਾਂ ਦੇ ਮੌਕੇ ਖੋਹ ਲਏ ਹਨ। ਵੱਡੇ ਮੱਲ ਪੈਦਾ ਨਾ ਹੋਣੇ, ਪੰਜਾਬ ਦੀ ਬਦਕਿਸਮਤੀ ਹੈ।

"ਸੀਨ ਸਿਫ਼ਤ ਕਰਾਂ ਕੀ ਭਾਰਤੀ ਸ਼ੇਰਾਂ ਦੀ,
'ਖਾੜਿਆਂ ਵਿਚ ਦਹਾੜਦੇ ਰਹੇ।
ਗੁੰਗਾ, ਕਿੱਕਰ, ਗਾਮਾ ਸਾਂਝੇ ਪੰਜਾਬ ਦੀ,
ਧਰਤੀ ਨੂੰ ਸਤਿਕਾਰਦੇ ਰਹੇ।
ਮੇਹਰਦੀਨ, ਸੁਖਵੰਤ, ਬੁੱਧੂ,
ਦੂਜੇ ਦੇਸ਼ਾਂ ਦੇ ਭਲਵਾਨਾਂ ਨੂੰ
ਲਲਕਾਰਦੇ ਰਹੇ।
ਨਿੱਡਰ, ਨਿਧੱੜਕ, ਬੇਖੌਫ਼,
'ਜੱਬੋਵਾਲੀਏ' ਇਕਬਾਲ ਜਹੇ,
ਧੱਕੜ ਭਲਵਾਨਾਂ ਨੂੰ
ਕਲਮਾਂ ਨਾਲ ਸ਼ੰਗਾਰਦੇ ਰਹੇ।"

# ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ

ਪੰਜਾਬ ਦੇ ਪਿੰਡਾਂ ਵਿਚ ਪੰਚਾਇਤਾਂ ਹਨ ਤੇ ਕਸਬਿਆਂ-ਸ਼ਹਿਰਾਂ ਵਿਚ ਮਿਉਂਸਪਲ ਕਮੇਟੀਆਂ। ਪੰਚਾਇਤ ਦੇ ਮੈਂਬਰਾਂ ਦਾ ਲੀਡਰ ਸਰਪੰਚ ਅਤੇ ਕਮੇਟੀ ਦਾ ਲੀਡਰ ਪ੍ਰਧਾਨ ਅਖਵਾਉਂਦਾ ਹੈ। ਸਰਪੰਚ ਅਤੇ ਪ੍ਰਧਾਨ, ਦੋਵੇਂ ਬਰਾਬਰ ਹਨ। ਪਿੰਡਾਂ ਤੇ ਕਸਬਿਆਂ-ਸ਼ਹਿਰਾਂ ਵਿਚ ਇਨ੍ਹਾਂ ਦੀ ਸ਼ਾਨ ਮੰਤਰੀਆਂ ਨਾਲੋਂ ਘੱਟ ਨਹੀਂ ਹੈ। ਪੰਚਾਇਤ ਮੈਂਬਰ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਅਤੇ ਐਮ.ਸੀ. (ਮਿਉਂਸਪਲ ਕੌਂਸਲਰ) ਮੰਤਰੀ ਦੇ ਬਰਾਬਰ ਦਾ ਰੁਤਬਾ ਰੱਖਦੇ ਹਨ, ਤਾਂ ਸਰਪੰਚ ਤੇ ਕਮੇਟੀਆਂ ਦੇ ਪ੍ਰਧਾਨ ਮੁੱਖ ਮੰਤਰੀ ਦੇ ਬਰਾਬਰ ਹੁੰਦੇ ਹਨ। ਪਿਛਲੇ ਦਿਨਾਂ ਦੌਰਾਨ ਇਨ੍ਹਾਂ ਨਾਲ ਇਕ ਵਾਰ ਫਿਰ ਸਿੱਧਾ ਵਾਹ ਪਿਆ। ਐਤਕੀਂ ਇਸੇ ਦੀ ਕਹਾਣੀ ਪਾਠਕਾਂ ਨਾਲ ਸਾਂਝੀ ਕਰ ਰਹੀ ਹਾਂ।

ਇਹ ਪੰਚਾਇਤਾਂ ਅਤੇ ਕਮੇਟੀਆਂ ਜੋ ਜਨਤਾ ਦੇ ਵੋਟਾਂ ਨਾਲ ਚੁਣੀਆਂ ਜਾਂਦੀਆਂ ਹਨ, ਦੀ ਚੋਣ ਵਿਚ ਜਿੱਤ ਤੋਂ ਤੁਰੰਤ ਬਾਅਦ ਆਗੂਆਂ ਦਾ ਵਿਹਾਰ ਹੀ ਬਦਲ ਜਾਂਦਾ ਹੈ ਅਤੇ ਨਾਲ ਹੀ ਬਦਲ ਜਾਂਦਾ ਹੈ ਇਨ੍ਹਾਂ ਪੰਚਾਇਤਾ ਤੇ ਕਮੇਟੀਆਂ ਦਾ ਰੰਗ-ਰੂਪ। ਇਹ ਲੋਕ ਪਿੰਡਾਂ ਸ਼ਹਿਰਾਂ ਦੇ ਮਾਲਕ ਬਣ ਬੈਠਦੇ ਹਨ ਤੇ ਗਰੀਬ ਲੋਕਾਂ ਨੂੰ ਰਿਸ਼ਵਤਖੋਰੀ ਦੀਆਂ ਜੋਕਾਂ ਬਣ ਕੇ ਚੁੰਬੜ ਜਾਂਦੇ ਹਨ। ਜੇ ਪੰਚਾਇਤਾਂ ਦੇ ਮੈਂਬਰ ਤੇ ਐਮ.ਸੀ. ਜੋਕਾਂ ਹਨ ਤਾਂ ਸਰਪੰਚ ਅਤੇ ਪ੍ਰਧਾਨ ਭੁੱਖੇ ਮਗਰਮੱਛ ਹੋ ਨਿਬੜਦੇ ਹਨ। ਜੋਕਾਂ ਬੰਦੇ ਦਾ ਖ਼ੂਨ ਪੀਂਦੀਆਂ ਹਨ ਅਤੇ ਮਗਰਮੱਛ ਤਾਂ ਗਰੀਬ ਲੋਕਾਂ ਨੂੰ ਸਾਬਤੇ ਹੀ ਨਿਗਲ ਜਾਂਦੇ ਹਨ। ਇਹ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਦੇ ਹਨ। ਪਰਦੇਸੀਂ ਵੱਸਦੇ ਪੰਜਾਬੀ ਜਦ ਕਦੀ ਆਪਣਿਆਂ ਨੂੰ ਮਿਲਣ ਪੰਜਾਬ ਜਾਂਦੇ ਹਨ, ਤਾਂ ਜੋ ਹਾਲ ਉਨ੍ਹਾਂ ਦਾ ਉਥੇ ਹੁੰਦਾ ਹੈ, ਬੱਸ ਰੱਬ ਹੀ ਜਾਣਦਾ ਹੈ! ਪਰਦੇਸੀਆਂ ਨਾਲ ਇਹ ਲੋਕ ਕੀ ਵਿਹਾਰ ਕਰਦੇ ਹਨ ਤੇ ਕਿਵੇਂ ਪੇਸ਼ ਆਉਂਦੇ ਹਨ, ਹੁਣ ਕੁਝ ਵੀ ਕਿਸੇ ਤੋਂ ਲੁਕਿਆ ਨਹੀਂ ਹੈ। ਇਨ੍ਹਾਂ ਦੀਆਂ ਬੱਝਵੀਆਂ ਫੀਸਾਂ ਵੀ ਜੱਗ-ਜ਼ਹਿਰ ਹਨ ਅਤੇ ਇਹ ਰਿਸ਼ਵਤ ਕਿਸ ਤਰੀਕੇ ਨਾਲ ਖਾਂਦੇ ਹਨ, ਇਥੇ ਵੱਸਦੇ ਹਰ ਆਦਮੀ ਨੂੰ ਪਤਾ ਹੈ। ਦਰਅਸਲ, ਪੰਚਾਇਤਾਂ ਅਤੇ ਮਿਉਂਸਪਲ ਕਮੇਟੀਆਂ ਦੇ ਇਹ 'ਸੇਵਕ' ਆਪੋ-ਆਪਣੇ ਇਲਾਕੇ ਦੇ ਐਮ.ਐਲ.ਏ. ਦੇ ਏਜੰਟ ਹਨ ਅਤੇ ਏਜੰਟ ਹੋਣ ਕਰ ਕੇ ਪੁਲਿਸ ਜਾਂ ਅਫ਼ਸਰਸ਼ਾਹੀ ਦੀ ਵੀ ਇਨ੍ਹਾਂ ਏਜੰਟਾਂ ਨਾਲ ਪੂਰੀ ਪੂਰੀ ਭਾਈਵਾਲੀ ਹੈ। ਹਰ ਗਰੀਬ ਆਦਮੀ ਜਾਂ ਸੱਚ ਬੋਲਣ ਵਾਲਾ ਬੰਦਾ ਇਨ੍ਹਾਂ ਲੋਕਾਂ ਤੋਂ ਡਰਦਾ ਹੈ ਅਤੇ ਇਨ੍ਹਾਂ ਤੋਂ ਦੂਰ ਰਹਿਣ ਦੀ ਹੀ ਕੋਸ਼ਿਸ਼ ਕਰਦਾ ਹੈ, ਕਿਉਂਕਿ ਗਰੀਬ ਦੀ ਅਤੇ ਸੱਚ ਬੋਲਣ ਵਾਲੇ ਦੀ ਕਿਤੇ ਕੋਈ ਸੁਣਵਾਈ ਨਹੀਂ ਹੈ।

ਮੇਰਾ ਪਿੰਡ ਬੇਗੋਵਾਲ (ਕਪੂਰਥਲਾ) ਹੈ। ਉਥੇ ਮੇਰੇ ਪਿਤਾ ਜੀ ਦਾ ਘਰ ਹੈ। ਘਰ ਪਿੰਡ ਦੇ ਅੰਦਰ ਹੋਣ ਕਰ ਕੇ ਗਲੀ ਭੀੜੀ ਹੈ। ਸਾਹਮਣੇ ਘਰ ਦੀਆਂ ਸੱਸਾਂ-ਨੂੰਹਾਂ ਆਪਣਾ ਵਿਹੜਾ ਹੂੰਝ ਕੇ ਕੂੜਾ ਸਾਡੀ ਨਾਲੀ ਵਿਚ ਪਾ ਦਿੰਦੀਆਂ ਹਨ। ਸਿੱਟੇ ਵਜੋਂ ਨਾਲੀ ਦਾ ਨਿਕਾਸ ਰੁਕ ਜਾਂਦਾ ਹੈ। ਪੂਰੇ ਚਾਲੀ ਸਾਲ ਤੋਂ ਇਹ ਪ੍ਰਥਾ ਚੱਲ ਰਹੀ ਹੈ। ਇਨ੍ਹਾਂ ਨੂੰ ਆਖਦੀ ਤੇ ਸਮਝਾਉਂਦੀ ਮੇਰੀ ਮਾਂ ਇਸ ਦੁਨੀਆਂ ਤੋਂ ਤੁਰ ਗਈ, ਪਰ ਇਨ੍ਹਾਂ ਦਾ ਨਿੱਤ ਦਾ ਇਹ ਕਰਮ ਅੱਜ ਵੀ ਜਾਰੀ ਹੈ। ਗਲੀ ਦੀ ਸਫ਼ਾਈ ਕਰਨ ਵਾਲੇ ਪੈਸੇ ਸਾਡੇ ਕੋਲੋਂ ਵੀ ਉਨੇ ਹੀ ਲੈਂਦੇ ਹਨ ਜਿੰਨੇ ਦੂਜਿਆਂ ਕੋਲੋਂ, ਪਰ ਕੂੜੇ ਦਾ ਢੇਰ ਸਾਡੀ ਨੁਕਰ 'ਤੇ ਹੀ ਲਾਉਂਦੇ ਹਨ, ਕਿਉਂਕਿ ਅਗਲਾ ਘਰ ਐਮ.ਸੀ. ਦਾ ਹੈ।

ਇਕ ਪਰਿਵਾਰ ਨੇ ਮੇਰੀ ਮਾਂ ਦੇ ਬੈਂਕ ਅਕਾਊਂਟ ਵਿਚੋਂ ਧੋਖੇ ਨਾਲ ਪੈਸੇ ਕਢਵਾ ਲਏ। ਜਦ ਅਸੀਂ ਗਏ, ਬੰਦੇ ਇਕੱਠੇ ਕੀਤੇ ਜਿਨ੍ਹਾਂ ਵਿਚ ਚਾਰ ਐਮ.ਸੀ. ਤੇ ਨੰਬਰਦਾਰ ਵੀ ਬੈਠੇ ਸਨ। ਇਕ ਐਮ.ਸੀ. ਨੇ ਜ਼ਿੰਮਾ ਚੁੱਕ ਲਿਆ ਕਿ ਪੈਸੇ ਉਹ ਦਿਵਾਏਗਾ। ਚਾਰ ਸਾਲ ਹੋ ਗਏ ਹਨ, ਸਾਨੂੰ ਇਕ ਵੀ ਪੈਸਾ ਨਹੀਂ ਮਿਲਿਆ। ਜਦ ਕਦੀ ਗਲੀ ਵਿਚ ਮਿਲ ਪੈਣ ਤਾਂ ਸ਼ਰਮਿੰਦੇ ਨਹੀਂ ਹੁੰਦੇ, ਉਲਟਾ ਦੰਦੀਆਂ ਵਿਖਾ ਕੇ ਹੀਂ ਹੀਂ ਕਰਦੇ ਅੱਗੇ ਲੰਘ ਜਾਂਦੇ ਹਨ। ਜਿਸ ਬੰਦੇ ਨੇ ਬੈਂਕ ਵਿਚੋਂ ਪੈਸੇ ਕਢਵਾਏ ਸਨ, ਉਹ ਵੀ ਸਾਡੇ ਕੋਲੋਂ ਆਕੜ ਕੇ ਲੰਘਦਾ ਹੈ।

ਹੋਰ ਸੁਣੋ...ਮੇਰੇ ਜੀਵਨ ਸਾਥੀ ਦੇ ਪਿੰਡ ਉਨ੍ਹਾਂ ਦੀ ਚਾਰ ਭਰਾਵਾਂ ਦੀ ਪਿੰਡ ਦੀ ਫਿਰਨੀ ਵਾਲੀ ਸੜਕ 'ਤੇ 2 ਕਨਾਲ ਸਾਂਝੀ ਜ਼ਮੀਨ ਹੈ ਜਿਸ ਉਤੇ ਵਾਹੀ ਦਾ ਕਬਜ਼ਾ ਵੀ ਸਾਡਾ ਹੀ ਹੈ। ਇਕ ਵਾਰੀ ਸਾਰਿਆਂ ਨੇ ਸੋਚਿਆ ਕਿ ਚਾਰ-ਦੀਵਾਰੀ ਕਰ ਕੇ ਉਥੇ ਕੁਝ ਬਣਾਇਆ ਜਾਵੇ, ਪਰ ਪਿੰਡ ਦਾ ਸਰਪੰਚ ਹਿਮਾਲਾ ਪਰਬਤ ਬਣ ਕੇ ਸਾਹਮਣੇ ਆ ਖੜ੍ਹਾ ਹੋਇਆ। ਪੂਰੇ ਦੋ ਮਹੀਨੇ ਤੋਂ ਸਾਰੇ ਪਰਿਵਾਰ ਨੂੰ ਵਖਤ ਪਾਇਆ ਹੋਇਆ ਹੈ। ਰਿਸ਼ਵਤ ਸ਼ਰ੍ਹੇਆਮ ਖਾਂਦਾ ਹੈ ਡੰਕੇ ਦੀ ਚੋਟ 'ਤੇ। ਜੇ ਇਕ ਦਿਨ ਕੰਧ ਬਣਦੀ ਹੈ, ਤਾਂ ਦੂਜੇ ਦਿਨ ਉਹ ਕੰਧ ਢਹਾ ਛੱਡਦਾ ਹੈ। ਪਟਵਾਰੀ ਤੇ ਕਾਨੂੰਗੋ ਵੀ ਜਾ ਕੇ ਦੱਸ ਆਏ ਹਨ ਕਿ ਜ਼ਮੀਨ ਇਸੇ ਪਰਿਵਾਰ ਦੀ ਹੈ। ਐਨ.ਆਰ.ਆਈ. ਡਿਪਾਰਟਮੈਂਟ ਵਿਚ ਵੀ ਜਾ ਆਏ ਹਾਂ, ਉਥੋਂ ਵੀ ਕੋਈ ਨਹੀਂ ਬਹੁੜਿਆ। ਸਰਪੰਚ ਲੱਖਾਂ ਦੇ ਹਿਸਾਬ ਨਾਲ ਪੈਸੇ ਮੰਗ ਰਿਹਾ ਹੈ ਕਿ ਇੰਨੇ ਲੱਖ ਦੇ ਦਿਓ, ਕੰਮ ਹੋ ਜਾਵੇਗਾ। ਦੇਖ ਲਓ ਹੁਣ...ਸਾਰਾ ਪਰਿਵਾਰ ਪੈਸੇ ਵੀ ਲਾ ਰਿਹਾ ਹੈ ਅਤੇ ਧੱਕੇ ਵੀ ਖਾ ਰਿਹਾ ਹੈ।

ਜਲੰਧਰ ਸ਼ਹਿਰ ਦੀ ਗੱਲ ਸੁਣ ਲਓ...ਮੇਰੇ ਆਪਣੇ ਇਕ ਪੇਪਰ ਦੀ ਪੁਲਿਸ ਕੋਲ ਇਨਕੁਆਰੀ ਸੀ। ਤਸਦੀਕ ਹੋਣੀ ਸੀ ਕਿ ਮੈਂ ਹੀ ਸੁਰਜੀਤ ਕੌਰ ਹਾਂ। ਇਕ ਪੁਲਿਸ ਇੰਸਪੈਕਟਰ ਤੇ ਸਿਪਾਹੀ ਸਾਡੇ ਘਰ ਆਏ ਤੇ ਆਖਣ ਲੱਗੇ, "ਇਕ ਹਜ਼ਾਰ ਰੁਪਏ ਦੇ ਦਿਓ, ਕੰਮ ਹੁਣੇ ਕਰ ਦਿੰਦੇ ਹਾਂ।" ਅਸੀਂ ਆਖਿਆ, "ਇਸ ਮੁਹੱਲੇ ਦੇ ਅਸੀਂ ਚਾਲੀ ਸਾਲ ਤੋਂ ਵਾਸੀ ਹਾਂ, ਤੁਸੀਂ ਕਿਸੇ ਨੂੰ ਵੀ ਪੁੱਛ ਲਵੋ, ਰਿਸ਼ਵਤ ਕਿਸ ਲਈ ਮੰਗ ਰਹੇ ਹੋ?" ਸਿਪਾਹੀ ਬੋਲਿਆ, "ਜੇ ਹੁਣੇ ਦੇ ਦਿਓਗੇ ਤਾਂ ਕੰਮ ਨਿਬੜ ਜਾਵੇਗਾ, ਨਹੀਂ ਤੇ ਧੱਕੇ ਵੀ ਖਾਉਗੇ ਤੇ ਪੈਸੇ ਵੀ ਦਿਉਗੇ।"

ਗੱਲ ਇਥੇ ਤੱਕ ਪਹੁੰਚੀ ਕਿ ਜੇ ਐਮ.ਸੀ. ਆਖ ਦੇਣ ਤਾਂ ਕੰਮ ਹੋ ਜਾਵੇਗਾ। ਚਾਰ ਦਿਨ ਮਗਰੋਂ ਐਮ.ਸੀ. ਸਾਹਿਬ ਮਿਲੇ। ਕੁਦਰਤੀ ਉਨ੍ਹਾਂ ਦਾ ਪਰਿਵਾਰ ਸਾਨੂੰ ਜਾਣਦਾ ਸੀ, ਜਦ ਅਸੀਂ ਆਪਣੀ ਵਿਥਿਆ ਸੁਣਾਈ, ਤਾਂ ਆਖਣ ਲੱਗਾ, "ਇੰਸਪੈਕਟਰ ਦਾ ਨਾਂ ਦੱਸੋ, ਹੁਣੇ ਖਬਰ ਲੈਂਦਾ ਹਾਂ।" ਅਸੀਂ ਬੇਹੱਦ ਖੁਸ਼ ਹੋਏ ਕਿ ਸੱਚ ਅਜੇ ਜਿਉਂਦਾ ਹੈ। ਐਮ.ਸੀ. ਨੇ ਇੰਸਪੈਕਟਰ ਨੂੰ ਫੋਨ ਲਾਇਆ ਤੇ ਆਖਣ ਲੱਗਾ, "ਬੰਦਾ ਕੁ-ਬੰਦਾ ਤਾਂ ਵੇਖ ਲਿਆ ਕਰੋ, ਫਿਰ ਭੈਣ ਜੀ ਤਾਂ ਗੁਰੂ ਘਰ ਦੇ ਕੀਰਤਨੀਏ ਹਨ। ਇਨ੍ਹਾਂ ਦੇ ਪੇਪਰ ਸਾਈਨ ਕਰ ਕੇ ਭੇਜ ਦਿਓ। ਸ਼ਾਮ ਨੂੰ ਆ ਕੇ ਤੂੰ ਭੈਣ ਜੀ ਕੋਲੋਂ ਹਜ਼ਾਰ ਰੁਪਏ ਲੈ ਆਈਂ, ਭੈਣ ਜੀ ਮੋੜਨਗੇ ਨਹੀਂ।"

ਜਦ ਉਹ ਐਮ.ਸੀ. ਇੰਸਪੈਕਟਰ ਨੂੰ ਇਹ ਗੱਲ ਆਖ ਰਿਹਾ ਸੀ, ਦਸ ਬੰਦੇ ਉਥੇ ਹੋਰ ਵੀ ਖੜ੍ਹੇ ਸਨ, ਤੇ ਮੈਂ ਧਰਤੀ ਵਿਚ ਧਸਦੀ ਜਾ ਰਹੀ ਸਾਂ ਕਿ ਮੇਰੇ ਪੰਜਾਬ ਦਾ ਹੁਣ ਬਣ ਕੀ ਗਿਆ ਹੈ? ਅੱਜ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਦੇ ਹਰ ਗਲੀ-ਮੁਹੱਲੇ ਵਿਚ ਰਿਸ਼ਵਤਖੋਰੀ ਦੇ ਦੈਂਤ ਜਬਾੜੇ ਅੱਡੀ ਖੜ੍ਹੇ ਹਨ। ਰਿਸ਼ਵਤ ਦੇ ਮੁਰਦਾਰ ਦੀ ਰੱਤ ਇਨ੍ਹਾਂ ਦੇ ਮੂੰਹਾਂ ਨੂੰ ਲੱਗ ਚੁੱਕੀ ਹੈ। ਇਨ੍ਹਾਂ ਨੇ ਹੁਣ ਪੰਜਾਬ ਨੂੰ ਮਾਰ-ਮੁਕਾਉਣ ਦੀ ਕਸਮ ਖਾ ਲਈ ਹੈ। ਪੰਚ, ਸਰਪੰਚ ਤੇ ਕੌਂਸਲਰ ਅਤੇ ਥਾਣਿਆਂ ਵਿਚ ਬੈਠੇ ਸਰਕਾਰੀ ਵਰਦੀ ਵਾਲੇ ਸਾਰੇ ਮੰਤਰੀਆਂ ਦੇ ਏਜੰਟ ਬਣੇ ਹੋਏ ਹਨ। ਥੱਲਿਓਂ ਲੈ ਕੇ ਉਪਰ ਤੱਕ ਸਾਰਿਆਂ ਨੇ ਮਿਲ ਕੇ ਸ਼ਰ੍ਹੇਆਮ ਲੁੱਟ ਮਚਾਈ ਹੋਈ ਹੈ। ਸਰਕਾਰੇ-ਦਰਬਾਰੇ ਸਭ ਨੂੰ ਪਤਾ ਹੈ ਕਿ ਬਾਹਰੋਂ ਆਉਣ ਵਾਲੇ ਵੱਧ ਤੋਂ ਵੱਧ ਦੋ ਢਾਈ ਮਹੀਨੇ ਪੰਜਾਬ ਵਿਚ ਰਹਿੰਦੇ ਹਨ, ਇਸ ਲਈ ਇਨ੍ਹਾਂ ਦਾ ਕੰਮ ਸਿਰੇ ਹੀ ਨਾ ਚੜ੍ਹਨ ਦਿੱਤਾ ਜਾਵੇ।

ਇਹ ਕੁਝ ਕੁ ਗੱਲਾਂ ਮੈਂ ਵੰਨਗੀ ਦੇ ਤੌਰ 'ਤੇ ਹੀ ਸਾਂਝੀਆਂ ਕੀਤੀਆਂ ਹਨ। ਹੱਡ-ਬੀਤੀ ਦੀ ਪੂਰੀ ਤਸਵੀਰ ਕਦੀ ਫਿਰ ਵਿਖਾਵਾਂਗੀ। ਇਥੇ ਬੈਠੇ ਅਸੀਂ ਆਪਣੇ ਪਰਿਵਾਰਾਂ ਤੇ ਪਿੰਡਾਂ ਨੂੰ ਯਾਦ ਕਰ ਕਰ ਕੇ ਹਉਕੇ ਭਰਦੇ ਹਾਂ ਅਤੇ ਹੰਝੂ ਵੀ ਕੇਰਦੇ ਹਾਂ, ਪਰ ਜਦੋਂ ਆਪਣੇ ਸੋਹਣੇ ਪੰਜਾਬ ਵਿਚ ਜਾ ਕੇ ਮਾਰਾਂ ਖਾਂਦੇ ਹਾਂ, ਤਾਂ ਭੁੱਬਾਂ ਮਾਰ ਮਾਰ ਕੇ ਰੋਣ ਨੂੰ ਜੀ ਕਰਦਾ ਹੈ। ਇਹ ਕਹਾਣੀ ਮੇਰੀ ਇਕੱਲੀ ਦੀ ਨਹੀਂ, ਹਰ ਪੰਜਾਬੀ ਦੀ ਹੈ। ਸਾਨੂੰ ਪਰਦੇਸਾਂ ਵਿਚ ਆਇਆਂ ਨੂੰ ਨਾ ਪਰਿਵਾਰ ਵਾਲੇ, ਨਾ ਰਿਸ਼ਤੇਦਾਰ ਤੇ ਨਾ ਹੀ ਸਰਕਾਰ ਮੂੰਹ ਲਾਉਣ ਨੂੰ ਤਿਆਰ ਨਹੀਂ। ਸਭ ਤੋਂ ਵੱਡੀ, ਦੁੱਖ ਵਾਲੀ ਗੱਲ ਇਹ ਹੈ ਕਿ ਅੱਜ ਪੰਜਾਬ ਨਸ਼ਿਆਂ ਅਤੇ ਰਿਸ਼ਤਵਖੋਰੀ ਦੇ ਸੈਲਾਬ ਵਿਚ ਦਮ ਤੋੜ ਰਿਹਾ ਹੈ। ਇਸ ਨੂੰ ਬਚਾਉਣ ਵਾਲਾ ਕੋਈ ਨਹੀਂ ਦਿਸਦਾ। ਇਹ ਯਤੀਮ ਹੋ ਚੁੱਕਾ ਹੈ ਅਤੇ ਧਾਹੀਂ ਰੋ ਰਿਹਾ ਹੈ। ਜਾਪਦਾ ਹੈ, ਇਸ ਦਾ ਕੋਈ ਵਾਲੀ-ਵਾਰਸ ਹੀ ਨਹੀਂ ਹੈ, ਸਾਰੀ ਜਨਤਾ ਲਾਵਾਰਸ ਧੱਕੇ ਖਾਂਦੀ ਫਿਰਦੀ ਹੈ। ਕੋਈ ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਵੰਡਣ ਵਾਲਾ ਨਹੀਂ, ਕੋਈ ਢਾਰਸ ਦੇਣ ਵਾਲਾ ਨਹੀਂ। ਨਸ਼ਿਆਂ ਤੇ ਰਿਸ਼ਤਵਖੋਰੀ ਦਾ ਸੈਲਾਬ ਤਾਂ ਹੈ ਹੀ, ਹੋਰ ਕਈ ਮਸਲਿਆਂ ਕਰ ਕੇ ਵੀ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ। ਗਰੀਬ ਕਿਸਾਨ ਦੀ ਮਿਹਨਤ ਮੰਡੀਆਂ ਵਿਚ ਰੁਲ ਰਹੀ ਹੈ ਤੇ ਕਿਸਾਨ ਗਲਾਂ ਵਿਚ ਫਾਹੇ ਪਾ ਕੇ ਮੌਤ ਨੂੰ ਗਲ ਨਾਲ ਲਾ ਰਿਹਾ ਹੈ। ਸਰਕਾਰ ਅਤੇ ਵਿਰੋਧੀ ਧਿਰ ਦੇ ਲੀਡਰ ਬਿਆਨਬਾਜ਼ੀ ਕਰ ਕੇ ਜਨਤਾ ਨੂੰ ਹੋਰ ਕੁਰਾਹੇ ਪਾ ਰਹੇ ਹਨ। ਸਾਡਾ ਪੰਜਾਬ ਜਾ ਕਿੱਧਰ ਰਿਹਾ ਹੈ?

# ਘਾਟੀ ਕੇ ਮਾਫ਼ਕ

*ਮੁੰਬਈ ਗੇੜੀ 'ਤੇ ਗਈ ਕਾਨਾ ਸਿੰਘ ਨੇ ਐਤਕੀਂ ਬਿਜਲ-ਗੱਡੀ ਦਾ ਵਿਸਥਾਰ ਖਿੱਚਦਿਆਂ ਜਮਾਤੀ ਧਿਰਾਂ ਦਾ ਨਿਖੇੜਾ ਬਹੁਤ ਬਾਰੀਕੀ ਨਾਲ ਕੀਤਾ ਹੈ। ਕਿਤੇ ਕੋਈ ਨਾਅਰਾ ਨਹੀਂ, ਕਿਤੇ ਕੋਈ ਉਚੇਚਾ ਜ਼ੋਰ ਨਹੀਂ ਲਾਇਆ, ਤੇ ਠੋਕ-ਵਜਾ ਕੇ ਗੱਲ ਕਹਿ ਸੁਣਾਈ ਹੈ। ਜਿਵੇਂ ਇਕ ਲੇਖਕ ਨੇ ਕਿਹਾ ਹੈ ਕਿ ਲੇਖਕ ਤਾਂ ਬੱਸ ਵੇਰਵੇ ਦੇਵੇ ਤੇ ਖੁਦ ਪਾਸੇ ਹੋ ਜਾਵੇ। ਐਨ ਇਸੇ ਤਰ੍ਹਾਂ ਕਾਨਾ ਸਿੰਘ ਆਪਣੀ ਸੰਖੇਪ ਜਿਹੀ ਕਹਾਣੀ ਸੁਣਾ ਕੇ ਪਾਸੇ ਹੋ ਜਾਂਦੀ ਹੈ ਅਤੇ ਪੜ੍ਹਨ-ਸੁਣਨ ਵਾਲੇ ਅੱਗੇ ਸਵਾਲਾਂ ਦਾ ਟੋਕਰਾ ਉਲੱਦ ਜਾਂਦੀ ਹੈ। -ਸੰਪਾਦਕ*



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਮੇਰੇ ਵਾਲ ਬੜੇ ਬੇਮੁਹਾਰੇ ਹਨ ਅਤੇ ਮੂਹਰਲੀਆਂ ਲਿਟਾਂ ਹੋਰ ਵੀ ਬੇਹੁਦਰੀਆਂ ਤੇ ਗੁਸਤਾਖ਼। ਇਹ ਝੱਖੜ-ਝਾਂਜੇ ਵਿਚ ਜਾਂ ਬੱਸ ਅਰ ਸਕੂਟਰ ਉਤੇ ਬੈਠੀ ਦੀਆਂ ਅੱਖਾਂ ਅੱਗੇ ਪੈਂਦੀਆਂ ਮੈਨੂੰ ਬਹੁਤ ਤੰਗ ਕਰਦੀਆਂ। ਇਨ੍ਹਾਂ ਵਾਲਾਂ ਨੂੰ ਕਾਬੂ ਕਰਨ ਲਈ ਮੈਨੂੰ ਕਾਫ਼ੀ ਸੂਈਆਂ ਦੀ ਲੋੜ ਪੈਂਦੀ ਹੈ। ਵਾਲ ਸੰਘਣੇ ਹੋਣ ਕਾਰਨ ਮੇਰਾ ਜੂੜਾ ਵੀ ਢਿਲਕ-ਢਿਲਕ ਪੈਂਦਾ ਹੈ। ਢਿਲਕੇ ਹੋਏ ਜੂੜੇ ਤੋਂ ਮੈਨੂੰ ਬੜੀ ਕੋਫ਼ਤ ਹੁੰਦੀ ਹੈ। ਇਹੀ ਕਾਰਨ ਹੈ ਕਿ ਕਿਸੇ ਵੀ ਪੱਜ ਬਜ਼ਾਰ ਗਈ ਮੈਂ ਸੂਈਆਂ ਦੀ ਭਾਲ ਵਿਚ ਮਨਿਆਰੀ ਦੀਆਂ ਦੁਕਾਨਾਂ 'ਤੇ ਵੀ ਨਜ਼ਰ ਮਾਰਦੀ ਰਹਿੰਦੀ ਹਾਂ।

ਪੱਕੀਆਂ-ਪੀਢੀਆਂ ਸੂਈਆਂ ਦੀ ਮੈਨੂੰ ਹਮੇਸ਼ਾਂ ਤਲਾਸ਼ ਰਹਿੰਦੀ ਹੈ। ਸੂਈਆਂ ਜੋ ਨਾ ਆਪ ਹਿੱਲਣ ਅਤੇ ਨਾ ਹੀ ਵਾਲਾਂ ਨੂੰ ਆਪਣੀ ਥਾਂ ਤੋਂ ਹਿਲਣ ਦੇਣ।

ਵੱਡੇ ਅਤੇ ਭਰੇ ਪਰਿਵਾਰ ਦੇ ਮੇਰੇ ਉਪਰੋ-ਥਲੀ ਦੇ ਭੈਣਾਂ-ਭਰਾਵਾਂ ਦਾ ਮੈਨੂੰ ਛੇੜ ਕੇ ਕਰੋਧ ਵਿਚ ਲਿਆਉਣ ਦਾ ਇਕ-ਮਾਤਰ ਹਥਿਆਰ ਹੁੰਦਾ ਸੀ, ਮੇਰੇ ਕੰਘੀ ਕੀਤੇ, ਸੰਵਰੇ ਵਾਲਾਂ ਨੂੰ ਹੱਥ ਮਾਰ ਕੇ ਖਿੰਡਾ ਦੇਣਾ।

ਆਪਣੇ ਧਿਆਨ ਵਿਚ ਮਗਨ ਪੜ੍ਹਦੀ-ਲਿਖਦੀ ਜਾਂ ਗੀਟੇ ਖੇਡਦੀ ਦੇ ਸਿਰ ਉਤੇ ਕੋਈ ਵੀਰ ਧੱਫ਼ਾ ਮਾਰ ਜਾਂਦਾ ਤੇ ਫਿਰ ਮੇਰੇ ਚੀਕ-ਚਿਹਾੜੇ ਉਤੇ ਸਾਰੇ ਹੱਸ-ਹਸਾ ਕੇ ਅਨੰਦ ਮਾਣਦੇ।

ਬਜ਼ਾਰਾਂ ਵਿਚ ਆਮ ਵਿਕਦੀਆਂ ਸੂਈਆਂ ਵਿਰਲੇ ਵਾਲਾਂ ਨੂੰ ਤਾਂ ਕਾਬੂ ਕਰ ਲੈਂਦੀਆਂ ਹਨ, ਪਰ ਘਣੇ ਅਤੇ ਲਹਿਰੀਏ ਵਾਲਾਂ ਨੂੰ ਚਿਮਟਿਆਣ ਨਾਲ ਉਹ ਇਕ-ਅੱਧ ਵਾਰੀ ਵਿਚ ਹੀ ਮੂੰਹ ਅੱਡ ਲੈਂਦੀਆਂ ਹਨ।

ਪਿਛਲੀ ਤੋਂ ਪਿਛਲੇਰੀ ਫੇਰੀ ਦੀ ਗੱਲ ਹੈ। ਮੁੰਬਈ ਦੇ ਚੌਪਾਟੀ ਤੱਟ ਉਤੇ ਐਵੇਂ ਹੀ ਟਹਿਲ ਰਹੀ ਸਾਂ। ਉਥੇ ਬਾਲ-ਪਰਿਵਾਰ ਨਾਲ ਗੁਜ਼ਾਰੇ ਸੁਖਦ-ਪਲਾਂ ਦੀ ਯਾਦ ਵਿਚ ਕਦੇ ਪੁਰਾਣੀਆਂ ਕਿਤਾਬਾਂ 'ਤੇ ਨਜ਼ਰ ਮਾਰਦੀ ਤੇ ਕਦੇ ਚੂੜੀਆਂ-ਕਾਂਟੇ-ਰੁਮਾਲਾਂ ਆਦਿ ਨਿੱਕ-ਸੁੱਕ ਦੀਆਂ ਪਟੜੀਆਂ ਨੂੰ ਵੇਖਦੀ-ਟਟੋਲਦੀ।



ਅਚਾਨਕ ਮੇਰੀ ਨਜ਼ਰ ਗਦਰਾਈ ਹੋਈ ਮਰਹੱਟਣ ਦੇ ਸਟਾਲ ਉਤੇ ਪਈਆਂ ਹੋਈਆਂ ਵਾਲ-ਚਿਮਟੀਆਂ 'ਤੇ ਪਈ। ਇਹ ਅੱਧੇ-ਚੰਨ ਦੀ ਸ਼ਕਲ ਵਿਚ ਅੱਧੇ ਕੁ ਇੰਚ ਦੇ ਮੋਟੇ ਪਤਰੇ ਦੀਆਂ ਪੱਕੀਆਂ ਤੇ ਸ਼ਾਹ ਕਾਲੀਆਂ ਸੂਈਆਂ ਸਨ। ਮੈਂ ਇਕ ਸੂਈ ਚੁੱਕ ਕੇ ਖੱਬੀ ਉਂਗਲ ਨੂੰ ਚਿਮਟਿਆ ਕੇ ਵੇਖਿਆ। ਡਾਢੀ ਪੱਕੀ ਸੀ ਉਹ। ਬੜਾ ਜ਼ੋਰ ਲਗਾਣ 'ਤੇ ਹੀ ਖੁੱਲ੍ਹ ਸਕੀ।

ਸੂਈਆਂ ਸਸਤੀਆਂ ਵੀ ਬਹੁਤ ਸਨ। ਬਸ ਇਕ ਜੋੜੀ ਦਾ ਇਕ ਰੁਪਿਆ। ਮੈਂ ਦੋ ਪੱਤੇ ਖਰੀਦ ਲਏ।

ਆਉਂਦੇ ਦੋ ਸਾਲ ਇਹੀ ਦੋ ਪੱਤੇ ਚੱਲਦੇ ਰਹੇ, ਉਂਜ ਦੇ ਉਂਜ। ਨਾ ਇਨ੍ਹਾਂ ਦਾ ਰੰਗ ਲੱਥਾ ਤੇ ਨਾ ਹੀ ਪਕੜ ਢਿੱਲੀ ਪਈ। ਮੈਂ ਇਹ ਚਿਮਟੀਆਂ ਬਹੁਤ ਸੰਭਾਲ ਕੇ ਰੱਖਦੀ ਸਾਂ। ਰਤਾ ਅੱਗੇ-ਪਿੱਛੇ ਹੋਈਆਂ ਨਹੀਂ ਕਿ ਮੈਂ ਔਖੀ ਹੋਈ ਨਹੀਂ।

ਚੰਡੀਗੜ੍ਹ, ਮੁਹਾਲੀ ਦੀਆਂ ਮੁਨਿਆਰ-ਦੁਕਾਨਾਂ ਅੱਗਿਉਂ ਲੰਘਦੀ ਅਕਸਰ ਹੀ ਨਜ਼ਰ ਮਾਰਦੀ ਰਹੀ, ਪਰ ਕਿਧਰੇ ਵੀ ਨਾ ਮਿਲੀਆਂ ਮੈਨੂੰ ਇਨ੍ਹਾਂ ਦੇ ਨਾਲ ਦੀਆਂ ਚਿਮਟੀਨੁਮਾ ਸੂਈਆਂ। ਹੁਣ ਜਦੋਂ ਵੀ ਮੈਂ ਮੁੰਬਈ ਗਈ, ਕਾਫ਼ੀ ਜੋੜੇ ਲੈ ਆਵਾਂਗੀ, ਪੱਤਿਆਂ ਦੇ ਪੱਤੇ; ਤਾਂ ਜੁ ਰਹਿੰਦੀ ਉਮਰ ਵਿਚ ਕਦੇ ਵੀ ਉਨ੍ਹਾਂ ਦੀ ਥੁੜ੍ਹ ਮਹਿਸੂਸ ਨਾ ਹੋਵੇ। ਮੈਂ ਪੱਕੀ ਧਾਰਨਾ ਬਣਾ ਲਈ।

ਇਕ ਵਾਰ ਫਿਰ ਮੁੰਬਈ ਦਾ ਚੱਕਰ ਲੱਗ ਗਿਆ। ਹਮੇਸ਼ਾਂ ਵਾਂਗ ਫਿਰ ਟਿਕਟ ਲੈ ਕੇ ਬਹਿ ਗਈ ਅੰਧੇਰੀ ਤੋਂ ਚਰਚ ਗੇਟ ਲਈ ਲੋਕਲ ਬਿਜਲ-ਗੱਡੀ ਦੇ ਜ਼ਨਾਨੇ ਡੱਬੇ ਵਿਚ।

ਮੁੰਬਈ ਦੀਆਂ ਲੋਕਲ ਬਿਜਲ-ਗੱਡੀਆਂ ਵਿਚ ਸਬਜ਼ੀਆਂ, ਫ਼ਲ, ਮੱਛੀ, ਭਾਂਡੇ, ਸਾੜ੍ਹੀਆਂ, ਨਾਈਟੀਆਂ, ਅੰਗੀਆਂ, ਪੇਟੀਕੋਟ, ਚਾਦਰਾਂ, ਮਨਿਆਰ ਦਾ ਸਾਰਾ ਸਮਾਨ ਅਤੇ ਹੋਰ ਵੀ ਰੋਜ਼ਾਨਾ ਜ਼ਿੰਦਗੀ ਲਈ ਲੋੜੀਂਦਾ ਸਾਰਾ ਨਿੱਕ-ਸੁੱਕ; ਕੋਈ ਐਸੀ ਚੀਜ਼ ਨਹੀਂ ਜੋ ਨਾ ਵਿਕਦੀ ਹੋਵੇ।

ਸਿਰਾਂ 'ਤੇ ਛਾਬੇ ਧਰੀ ਦਗੜ-ਦਗੜ ਕਰਦੀਆਂ ਤਗੜੀਆਂ ਗਠੀਲੀਆਂ ਤੇ ਫੁਰਤੀਲੀਆਂ ਨੌਂਗਜ਼ੀ ਸਾੜ੍ਹੀਆਂ ਵਿਚ ਕੱਸੀਆਂ ਹੋਈਆਂ ਪੱਛਮੀ ਘਾਟ ਦੀਆਂ ਮੂਲ-ਨਿਵਾਸੀ ਮਰਹੱਟਣਾਂ, ਕੰਮ-ਕਾਜੀ ਔਰਤਾਂ ਨੂੰ ਹੱਥੋ-ਹੱਥ ਵਸਤਾਂ ਵੇਚਦੀਆਂ ਅਤੇ ਤਾਬੜ-ਤੋੜ ਪੈਸੇ ਬਟੋਰਦੀਆਂ ਅੱਖ-ਪਲਕਾਰੇ ਵਿਚ ਹੀ ਸਟੇਸ਼ਨੋਂ-ਸਟੇਸ਼ਨ ਲਹਿੰਦੀਆਂ ਚੜ੍ਹਦੀਆਂ ਦਾ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ।

ਇਨ੍ਹਾਂ ਛਾਬੇਦਾਰ ਤੀਵੀਆਂ ਨੂੰ ਘਾਟਣਾ, ਯਾਨੀ ਪੇਂਡੂ ਕਰ ਕੇ ਜਾਣਿਆ ਜਾਂਦਾ ਹੈ।

ਮੁੰਬਈ ਵਿਚ ਜਿਵੇਂ ਪਾਕਿਸਤਾਨ ਦੇ ਮਹਾਂਨਗਰ ਕਰਾਚੀ ਅਤੇ ਹੈਦਰਾਬਾਦ ਦੇ ਪਿਛੋਕੜ ਵਾਲੀ ਕਿਸੇ ਸਿੰਧਣ ਨੂੰ ਜੇ 'ਕਲਿਆਣੀ ਸਿੰਧਣ' ਅਰਥਾਤ ਪੂਰਬੀ ਮੁੰਬਈ ਦੀ ਬਸਤੀ, ਕਲਿਆਣ ਵਿਚ ਆ ਵਸੇ ਹੇਠਲੀ ਮੱਧ-ਸ਼੍ਰੇਣੀ ਦੀ ਸਿੰਧੀ ਆਖ ਦੇਈਏ ਤਾਂ ਸਮਝੋ ਲੜਾਈ ਮੁੱਲ ਲੈ ਲਈ। ਉਸੇ ਤਰ੍ਹਾਂ ਸ਼ਹਿਰੀ ਮਰਹੱਟਣ ਵੀ 'ਘਾਟਣ' ਆਖਣ 'ਤੇ ਤੁਹਾਨੂੰ ਨਾਨੀ ਯਾਦ ਕਰਵਾ ਸਕਦੀ ਹੈ।

ਗੱਡੀ ਦਾਦਰ ਦਾ ਸਟੇਸ਼ਨ ਪਿੱਛੇ ਛੱਡ ਚੁੱਕੀ ਸੀ ਜਦੋਂ ਸੂਈਆਂ ਕਲਿੱਪਾਂ ਦੇ ਛਾਬੇ ਵਾਲੀ ਦੇ ਸਮਾਨ ਵਿਚੋਂ ਮੈਂ ਆਪਣੇ ਮਤਲਬ ਦੀਆਂ ਵਾਲ-ਚਿਮਟੀਆਂ ਢੂੰਡਣ ਲੱਗੀ।

ਫੈਂਸੀ, ਮੋਤੀਦਾਰ, ਨਕਾਸ਼ੀ ਵਾਲੀਆਂ ਰੰਗ-ਬਰੰਗੀਆਂ ਜੋੜੀਆਂ ਉਹ ਵਿਖਾਈ ਜਾਵੇ ਤੇ ਮੈਂ ਰੱਦ ਕਰੀ ਜਾਵਾਂ।

ਆਖਰ ਮੈਂ ਆਪਣੇ ਸਿਰੋਂ ਉਹ ਪੁਰਾਣੀ ਚਿਮਟੀ ਲਾਹ ਕੇ ਆਖਿਆ ਕਿ ਮੈਨੂੰ ਇਹੋ ਜਿਹੀ ਚਿਮਟੀ ਚਾਹੀਦੀ ਹੈ। ਹੂ-ਬ-ਹੂ।

"ਛੀ! ਛੀ! ਯੇ ਭੀ ਕੋਈ ਕਾਂਟਾ ਹੈ? ਘਾਟੀ ਕੇ ਮਾਫ਼ਕ!" ਆਖਦੀ, ਨੱਕ-ਮੂੰਹ ਸਿਕੋੜਦੀ ਉਹ ਅਗਲੀਆਂ ਸਵਾਰੀਆਂ ਵਲ ਤੁਰ ਗਈ।

## ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ

ਤੂੰ, ਮੀਰ-ਏ ਕਾਰਵਾਂ,
ਤੂੰ ਸ਼ਹੀਦਾਂ ਦਾ ਸਿਰਤਾਜ
ਤੂੰ ਤ੍ਰਿਲੋਕੀ ਦਾ ਮਾਲਕ,
ਤੂੰ ਏਂ ਗਰੀਬ-ਨਿਵਾਜ
ਤੂੰ ਅੰਮ੍ਰਿਤ ਬਾਣੀ ਦਾ ਬੋਹਿਥਾ,
ਨਾਮ ਦਾ ਜਹਾਜ
ਤੂੰ ਕੀਰਤਨ ਦਾ ਰਸੀਆ,
ਤੂੰ ਮਿਠ ਬੋਲੜਾ ਸਾਜ਼।

ਤੂੰ ਸਿਰਮੋਰ ਕਵੀ,
ਤੂੰ ਸੁਖਨਵਰ, ਤੂੰ ਦਾਨਸ਼ਮੰਦ
ਤੂੰ ਪਤਾਲਾਂ ਤੋਂ ਅਸਗਾਹ,
ਆਸਮਾਨਾਂ ਤੋਂ ਬੁਲੰਦ
ਤੂੰ ਨਿੰਮ੍ਰਤਾ ਦੀ ਤਸਵੀਰ,
ਬਖਸ਼ਨਹਾਰ, ਬਖਸ਼ੰਦ
ਤੂੰ ਭਰੀਆਂ ਝੋਲੀਆਂ,
ਜੋ ਵੀ ਆਇਆ ਲੋੜਵੰਦ।

ਤੂੰ ਸ਼ਾਂਤੀ ਦਾ ਪੁੰਜ,
ਤੂੰ ਕੁਰਬਾਨੀ ਦਾ ਮੁਜੱਸਮਾ
ਤੂੰ ਸੰਤੋਖ ਦੀ ਮੂਰਤ,
ਤੂੰ ਏਂ ਮੁਹਬੱਤ ਦਾ ਚਸ਼ਮਾ
ਤੂੰ ਮਹਾਨ ਸਿੱਖੀ ਦੇ,
ਨਿਆਰੇ ਬੂਟੇ ਦਾ ਬਾਗ਼ਬਾਂ
ਤੂੰ ਏਂ ਅਨੰਤਾਂ ਤਪਦੇ
ਹਿਰਦਿਆਂ ਲਈ ਠੰਡੀ ਛਾਂ।

ਤੂੰ ਰੱਬੀ ਬਾਣੀ ਦਾ ਸਾਗਰ,
ਮਹਾਨ ਸੰਗੀਤਕਾਰ
ਤੂੰ 'ਟਲ ਸ਼ਬਦ ਗੁਰੂ ਆਦਿ ਗ੍ਰੰਥ'
ਦਾ ਰਚਨਹਾਰ
ਤੂੰ ੧ਓ ਦਾ ਪੁਜਾਰੀ,
ਨਾਨਕ ਦਾ ਰੂਪ, ਨਿਰੰਕਾਰ
ਤੂੰ 'ਸੁਖਮਨੀ' ਦਾ ਕਰਤਾ,
ਸਭ ਸੁਖਾਂ ਦਾ ਆਧਾਰ।

ਤੂੰ ਸਰਬ ਸਾਂਝੇ,
'ਹਰਿ-ਮੰਦਰ' ਦਾ ਉਸਰਈਆ
ਤੂੰ ਨਾਨਕ ਦੀ ਜੋਤ,
ਗੁਸਾਈਂ, ਰਾਮ-ਰਮਈਆ
ਤੂੰ ਦੁੱਖਾਂ, ਕਲੇਸ਼ਾਂ,
ਆਵਾਗਾਉਣ ਦਾ ਖੱਵਈਆ
ਤੂੰ ਸੇਵਾ-ਸਿਮਰਨ, ਦਯਾ,
ਪਿਆਰ ਦੀ ਨਈਆ।

ਤੂੰ ਰਾਹੇ-ਰਾਸਤ ਜਿੰਦਗੀ,
ਏ ਨਾਮ ਤੇਰਾ ਵਜਦ
ਤੂੰ ਅਨੰਤ ਸੂਰਜਾਂ ਦੀ,
ਅਨੰਤ ਰੌਸ਼ਨੀ ਦਾ ਹਸਦ
ਤੂੰ ਅਥਾਹ ਬ੍ਰਹਿਮੰਡਾਂ ਦੀ,
ਵਿਸ਼ਾਲਤਾ ਦਾ ਰਸ਼ਕ
ਤੂੰ ਅਥਾਂਹ, ਅਗੰਮ-ਅਗੋਚਰ,
ਬੇਸ਼ੁਮਾਰ, ਨਿਝੱਕ।

ਤੂੰ ਦੀਨਾਂ, ਦੁਖੀਆਂ,
ਤੂੰ ਨਿਮਾਣਿਆਂ ਦੀ ਆਵਾਜ਼
ਤੂੰ ਸਭ ਜਾਨਣਹਾਰ,
ਤੂੰ ਹਰ ਦਿਲ ਦਾ ਹਮਰਾਜ਼
ਤੂੰ ਹੱਕ-ਸੱਚ ਦਾ ਮੁੱਦਈ,
ਆਰਜ਼ੂ-ਏ ਇਨਸਾਫ
ਤੂੰ ਗੁਲਾਮੀਂ ਦੇ ਸੰਗਲ ਤੋੜੇ
ਭਰੀ ਉਚੀ ਪਰਵਾਜ਼।

ਤੂੰ ਮੀਰੀ-ਪੀਰੀ ਦਾ ਮਾਲਕ,
ਖਾਲਕ, ਸਰਦਾਰ
ਤੂੰ ਬੀਰ, ਬਹਾਦਰ, ਯੋਧਾ,
ਸੂਰਮਾ-ਏਂ ਬਲਕਾਰ
ਤੂੰ ਸਮੇਂ ਦੀ ਵਾਗ ਮੋੜੀ,
ਤੂੰ ਜੁਗਾਂ ਦਾ ਸ਼ਾਹਸਵਾਰ
ਤੂੰ ਵਹਿਸ਼ਤ-ਏ ਸਿਤਮ ਲਈ
ਬਣਿਆ ਲਲਕਾਰ।

ਤੂੰ ਤੱਪਦੀ ਤਵੀ ਤੇ ਅਡੋਲ,
ਮੁਸਕਰਾਉਂਦਾ ਰਿਹੋਂ
ਤੂੰ, 'ਤੇਰਾ ਭਾਣਾ ਮੀਠਾ ਲਾਗੇ'
ਧਿਆਉਂਦਾ ਰਿਹੋਂ
ਤੂੰ 'ਤੋਜ਼ਕ-ਏ ਜਹਾਂਗ਼ੀਰੀ' ਨੂੰ
ਸ਼ਰਮਾਉਂਦਾ ਰਿਹੋਂ
ਤੂੰ ਜ਼ੁਲਮ, ਜ਼ਬਰ ਨੂੰ
ਸਬਰ ਨਾਲ ਹਰਾਉਂਦਾ ਰਿਹੋਂ।

ਤੂੰ ਵਾਰ ਕੇ ਆਪਾ,
ਸਾਨੂੰ ਐਸਾ ਪਾਠ ਪੜ੍ਹਾ ਗਿਉਂ
ਤੂੰ ਪਾਏ ਪੂਰਨੇ ਐਸੇ,
ਬਸ਼ਰ, ਕਾਰਵਾਂ ਬਣਾ ਗਿਉਂ
ਤੂੰ ਪਾ ਖ਼ੂਨ ਅਪਣਾ,
ਸ਼ਹੀਦੀ ਦੀ ਜੋਤ ਜਗਾ ਗਿਉਂ
ਤੂੰ ਸੰਤ-ਸਿਪਾਹੀ ਨੂੰ,
ਮਰ ਕੇ ਜਿਉਣਾ ਸਿਖਾ ਗਿਉਂ।

**-ਚੰਨ,**
***ਫੋਨ: 908-788-8427***

### ਕਾਵਿ-ਕਿਆਰੀ

### ਗੁਲਾਮੀ

ਜੇਲ੍ਹ ਬਦਲ ਕੇ ਆਏ ਹੋਏ ਉਸ ਵੀਰ ਦੀ।
ਕਰੀਏ ਗੱਲ ਜਦ 'ਭੁੱਲਰ' ਦੀ ਤਸਵੀਰ ਦੀ।
ਉਸ ਦੀ ਗੁੰਮ-ਸੁੰਮ ਫੋਟੋ ਨੂੰ ਤੱਕ ਲਗਦਾ ਹੈ,
ਗੂੜ ਸਮਾਧੀ ਕੁਦਰਤ ਨਾਲ ਫਕੀਰ ਦੀ।
ਉਸ ਦੀ ਫੋਟੋ ਦੇ ਵਿਚ ਫੋਟੋ ਦਿਸਦੀ ਹੈ,
ਨਿੱਤ ਮੁਹਿੰਮਾਂ ਝੇਲ ਰਹੀ ਤਕਦੀਰ ਦੀ।
ਬੇ-ਦੋਸ਼ੇ ਨੇ ਲੱਖ ਤਸੀਹੇ ਝੱਲੇ ਨੇ,
ਗੁੜਤੀ ਏ ਗੁਰੂ ਅਰਜਨ ਦੀ ਤਾਸੀਰ ਦੀ।
ਇਸ਼ਕ ਅਣਖ ਦੇ ਰਸਤੇ ਨੂੰ ਪਰਵਾਹ ਨਾਹੀਂ,
ਸ਼ੁਕਨੀ-ਕੈਦੋਂ-ਬਿੱਟੇ ਜਿਹੇ ਲੰਗੜੀਰ ਦੀ।
ਬੇ-ਦੋਸ਼ੇ ਨੇ ਲੱਖਾਂ ਜਿੱਥੇ ਜੇਲ੍ਹਾਂ ਵਿਚ,
ਕਰੀਏ ਗੱਲ ਕੀ ਹਾਕਮ ਦੀ ਜਮੀਰ ਦੀ।
ਹੱਕ-ਸੱਚ-ਇੰਨਸਾਫ ਸਦਾ ਲਈ ਦਬਦੇ ਨਾ,
ਟੁਟਣੀ ਆਖਿਰ ਝੂਠ ਕੜੀ ਜੰਜੀਰ ਦੀ।

***-ਡਾ. ਗੁਰਮੀਤ ਸਿੰਘ ਬਰਸਾਲ***
***ਕੈਲੀਫੋਰਨੀਆ***

## ਸਫਰੀ, ਚੰਨ, ਦੇਵ ਥਰੀਕੇ ਤੇ ਹਸਨਪੁਰੀ ਦੀਆਂ ਗੱਲਾਂ

***(ਸਫਾ 21 ਦੀ ਬਾਕੀ)***

ਉਹ ਥਰੀਕਿਆਂ ਤੋਂ ਝਾਂਡਿਆਂ ਦੇ ਸਕੂਲ ਨੂੰ ਜਾਂਦਾ ਹੁੰਦਾ ਸੀ, ਲੋਕ ਉਂਗਲੀ ਕਰ ਕੇ ਆਖਦੇ, "ਅਹੁ ਜਾਂਦਾ ਬਈ ਥਰੀਕਿਆਂ ਵਾਲਾ ਦੇਵ।" ਹੁਣ ਉਹ ਰਿਟਾਇਰ ਹੋ ਗਿਐ, ਪੀਣੀ ਛੱਡ ਗਿਐ, ਕਿਉਂਕਿ ਹਾਲੇ ਸਰੀਰ ਨਹੀਂ ਛੱਡਣਾ ਚਾਹੁੰਦਾ।

ਉਹਨੂੰ ਸੰਘਰਸ਼ ਕਰਦੇ ਨੂੰ ਵੇਖਿਆ ਹੈ, ਤੇ ਹੁਣ ਪੁੱਤਰ ਦੇ ਵਿਯੋਗ ਧਾਹੀਂ ਰੋਂਦੇ ਨੂੰ ਵੀ, ਮਾਣਕ ਦੀ ਮੌਤ 'ਤੇ ਵਿਲਕਦੇ ਨੂੰ ਵੀ, "ਓ ਵਾਰੀ ਤਾਂ ਮੇਰੀ ਸੀ, ਚਲੇ ਤੂੰ ਗਿਐਂ।"

ਜਦੋਂ ਮੇਰੇ ਅੰਦਰ ਗੀਤਕਾਰ ਬਣਨ ਦਾ ਢਿੱਡ-ਜਲਾਟ ਹੁੰਦਾ ਸੀ, ਮੈਂ ਦੇਵ ਥਰੀਕਿਆਂ ਵਾਲੇ ਨੂੰ ਉਸਤਾਦ ਧਾਰਨ ਲਈ ਪਾਪੜ ਵੇਲਦਾ ਰਿਹਾ। ਹੁਣ ਉਹ ਇਹ ਗੱਲ ਮੰਨਣ ਲਈ ਤਿਆਰ ਨਹੀਂ, ਕਹੇਗਾ, "ਤੂੰ ਤਾਂ ਪਤੰਦਰਾ ਮੇਰਾ ਭਰਾ ਐਂ...।" ਤੇ ਸੱਚ ਇਹ ਹੈ ਕਿ ਉਹਨੂੰ ਬਾਪੂ ਬਾਪੂ ਕਹਿੰਦਿਆਂ ਦੀ ਸਾਡੀ ਨਿਭ ਗਈ ਹੈ। ਸੋਚ ਨਹੀਂ ਸੀ ਸਕਦਾ ਕਿ ਅਸੀਂ ਗੀਤਕਾਰ ਵਜੋਂ ਕਦੇ ਇਕ ਐਲਬਮ ਵਿਚ ਇਕੱਠੇ ਹੋਵਾਂਗੇ। 'ਸੋਨੋਟੋਨ' ਕੰਪਨੀ ਵਿਚ ਮਾਣਕ ਨੇ ਤਿੰਨ ਕੈਸਿਟਾਂ ਰਿਕਾਰਡ ਕਰਨ ਦੇ ਸਾਰੇ ਪੈਸੇ ਪਹਿਲਾਂ ਲੈ ਲਏ। ਮਾਲਕ ਰਿਕਾਰਡਿੰਗ ਵੇਲੇ 'ਜਿਉਣਾ ਮੋੜ' ਵਰਗਾ ਮੈਟਰ ਲੱਭਣ। ਉਨ੍ਹਾਂ ਲਾਲਿਆਂ ਨੂੰ ਕੀ ਪਤਾ ਸੀ! ਮਾਣਕ ਕਹਿਣ ਲੱਗਾ, "ਗੋਲੀ ਮਾਰੋ ਜਿਉਣੇ ਮੌੜ ਨੂੰ, ਉਹ ਤਾਂ ਗਾ-ਗਾ ਕੇ ਘਸਾ'ਤਾ ਪੂਰਾ, ਡਾਕੂ ਹਰਫੂਲ ਸਿੰਘ ਹੈਗਾ ਮੇਰੇ ਕੋਲ।' ਉਨ੍ਹਾਂ 'ਹਾਂ' ਕਰ ਦਿੱਤੀ, ਮੈਟਰ ਵਿਚੋਂ ਨਿਕਲੇ ਤਿੰਨ ਗੀਤ, ਪ੍ਰੀਤਮ ਬਰਾੜ ਕਹੇ, 'ਭੌਰੇ ਤੋਂ ਲਿਖਾ ਲਓ'। ਮੈਨੂੰ ਕਹਾਣੀ ਨਹੀਂ ਸੀ ਪਤਾ। ਮਾਣਕ ਕਹੀ ਜਾਵੇ, 'ਦੇਵ ਤੋਂ ਪੁੱਛ ਲੈ'। ਪੁੱਛਾਂ ਇਸ ਕਰਕੇ ਨਾ, ਕਿ ਉਹਨੇ ਕਹਿਣਾ, ਬਾਕੀ ਵੀ ਮੈਂ ਹੀ ਲਿਖ ਦਿੰਨਾਂ, ਤੇ ਮੇਰਾ ਚਾਅ ਰਹਿ ਜਾਣਾ ਸੀ। ਪਹਿਲੇ ਤਿੰਨ ਗੀਤ ਸੁਣ ਕੇ ਬਾਕੀ ਚਾਰ ਮੈਂ ਲਿਖ ਦਿੱਤੇ, ਤੇ ਮਾਣਕ ਦੀ 'ਕਿੱਸਾ ਡਾਕੂ ਹਰਫੂਲ ਸਿੰਘ' ਫਿਰ ਮੇਰੀ ਤੇ ਦੇਵ ਦੀ ਸਾਂਝੀ ਟੇਪ ਬਣ ਗਈ।

ਦੇਵ ਬਾਰੇ ਆਮ ਲੋਕ ਸੁਣੀ-ਸੁਣਾਈ ਗੱਲ ਤੇ ਅਫ਼ਵਾਹ ਅੱਗੇ ਤੋਰ ਰਹੇ ਹਨ ਕਿ ਉਹ ਨਹੀਂ ਗੀਤ ਲਿਖਦਾ, ਉਹਦੀ ਘਰਵਾਲੀ ਪੀਤੋ ਲਿਖਦੀ ਹੈ। ਜਿਹੜੇ ਥਰੀਕੇ ਉਹਦੇ ਘਰ ਗਏ ਹਨ, ਉਹ ਜਾਣਦੇ ਹਨ ਕਿ ਉਹਨੂੰ ਹਾਲੇ ਤੱਕ ਨਹੀਂ ਪਤਾ ਕਿ ਮਿਰਜ਼ਾ ਕਿਥੋਂ ਦਾ ਸੀ, ਹੀਰ ਰਾਂਝੇ ਦਾ ਕੀ ਸਬੰਧ ਸੀ, 'ਜਿਉਣਾ ਮੌੜ' ਸ਼ਿੰਦੇ ਦਾ ਕਿਉਂ ਚੱਲਿਆ, ਮਾਣਕ ਤੇ ਦੇਵ ਰੁੱਸ ਕਿਉਂ ਗਏ ਸਨ ਤੇ ਫਿਰ ਇਹ ਕੀ ਪਤਾ ਲੱਗ ਜੂ ਕਿ ਕਲੀ, ਲੋਕ ਗਾਥਾ ਤੇ ਗਾਣਾ ਕੀ ਹੁੰਦੇ ਨੇ। ਅਸਲ ਵਿਚ ਦੇਵ ਨਾਲ ਉਹਦੀ ਨਿਭੀ ਬਹੁਤ ਹੈ। ਕਈਆਂ ਨੂੰ ਤਾਂ ਅੱਖਾਂ ਦਿਖਾਉਂਦੀ ਹੀ ਰਹੀ ਹੈ, ਇੱਦਾਂ ਦੀਆਂ ਝੂਠੀਆਂ ਖਬਰਾਂ ਪੜ੍ਹਦੇ ਵੀ ਉਹੀ ਰਹੇ ਨੇ।

ਸਾਲ 2010 ਵਿਚ ਉਹ ਚੇਤਨਾ ਪ੍ਰਕਾਸ਼ਨ ਵਾਲੇ ਗੁਲਾਟੀ ਨਾਲ ਮੇਰੇ ਘਰੇ ਵੱਡੇ ਸਮਾਗਮ 'ਤੇ ਆਇਆ, ਜੱਸੋਵਾਲ ਪਹਿਲਾਂ ਹੀ ਆਇਆ ਹੋਇਆ ਸੀ। ਦੇਵ ਬੋਲਿਆ, "ਮਾਣਕ ਤਾਂ ਆਵੇਗਾ ਹੀ ਆਵੇਗਾ ਅਸ਼ੋਕ ਦੇ ਫੰਕਸ਼ਨ 'ਤੇ।" ਜਦ ਨੂੰ ਉਹ ਆਇਆ, ਉਹਦੀ ਸੁਣੋ, "ਇਹ ਵੀ ਬੈਠਾ ਮੂਹਰੇ, ਵਿਹਲਾ ਜਥੇਦਾਰ ਜੱਸੋਵਾਲ ਵੀ।" ਕਹੀ ਤਾਂ ਉਹਨੇ ਚੁਭਵੀਂ ਸੀ, ਪਰ ਸਾਰੇ ਹੱਸ ਪਏ।

ਮਾਣ ਨਾਲ ਕਹਾਂਗਾ ਕਿ ਇਨ੍ਹਾਂ ਯੁੱਗ ਗੀਤਕਾਰਾਂ ਨਾਲ ਮੈਂ ਘੜੀਆਂ ਨਹੀਂ, ਦਿਨ ਗੁਜ਼ਾਰੇ ਹਨ।

ਦੇਵ ਥਰੀਕੇ ਵਾਲਿਆ
ਤੇਰੇ ਲੱਗਦੇ ਬੋਲ ਪਿਆਰੇ।
ਦੀਵੇ ਵਾਂਗੂੰ ਬਾਲ ਕੇ
ਮੈਨੂੰ ਰੱਖ ਲੈ ਵਿਚ ਚੁਬਾਰੇ।

ਦੁੱਖ ਹੈ ਕਿ ਹੁਣ ਦੇਵ ਵਾਲਾ ਦੀਵਾ ਬੁਝਣ ਦੇ ਹਾਲਾਤ ਬਣ ਰਹੇ ਹਨ; ਫਿਰ ਦੱਸੋ ਤਾਂ ਸਹੀ ਕਿਹੜੇ ਚੁਬਾਰੇ ਵਿਚ ਰੱਖੀਏ।

ਕਹਾਣੀ

# ਨੰਗੀਆਂ ਲੱਤਾਂ ਵਾਲਾ ਮੁੰਡਾ

*ਕਹਾਣੀ 'ਨੰਗੀਆਂ ਲੱਤਾਂ ਵਾਲਾ ਮੁੰਡਾ' 21ਵੀਂ ਸਦੀ ਵਿਚ ਵਿਚਰ ਰਹੇ ਭਾਰਤ ਦੀ ਮਾਮਰਿਕ ਕਥਾ ਹੈ। ਕਹਾਣੀਕਾਰ ਐਸ. ਸਾਕੀ ਨੇ ਮਨੁੱਖਾ ਜਾਤ ਦੇ ਜਮਾਤੀ ਖਾਨਿਆਂ ਨੂੰ ਖੂਬ ਫੜਿਆ ਹੈ। ਅੱਜ ਜਦੋਂ ਮੁਲਕ ਦੇ ਹਰ ਘਰ ਤਕ ਬਾਜ਼ਾਰ ਪੁੱਜ ਗਿਆ ਹੈ, ਠੰਢ ਵਿਚ ਠਿਠਕਦੇ ਨੰਗੀਆਂ ਲੱਤਾਂ ਵਾਲੇ ਬੱਚੇ ਅਤੇ ਉਨ੍ਹਾਂ ਦੇ ਟੱਬਰ ਦੋ ਡੰਗ ਦੀ ਰੋਟੀ ਲਈ ਜੂਝ ਰਹੇ ਗਨ। ਇਹ ਉਹੀ ਬੱਚੇ ਹਨ ਜਿਨ੍ਹਾਂ ਨੂੰ ਕੁੱਲ ਦੁਨੀਆਂ, ਕੱਲ੍ਹ ਦਾ ਭਵਿੱਖ ਆਖਦੀ ਹੈ। ਇਸ ਭਵਿੱਖ ਦੇ ਪੈਰੀਂ ਜੂਠ ਦੇ ਪਹਾੜ ਬੱਝੇ ਹੋਏ ਹਨ। -ਸੰਪਾਦਕ*

ਐਸ. ਸਾਕੀ

ਦਿੱਲੀ-ਯੂ.ਪੀ. ਬਾਰਡਰ 'ਤੇ ਇਕ ਕਲੋਨੀ ਵਿਚ ਮੇਰਾ ਘਰ ਹੈ। ਅਸਲ ਵਿਚ ਵੇਖਣ ਨੂੰ ਤਾਂ ਇਹ ਇਲਾਕਾ ਦਿੱਲੀ ਦਾ ਹੀ ਹਿੱਸਾ ਲੱਗਦਾ ਹੈ। ਦਿੱਲੀ ਅਤੇ ਯੂ.ਪੀ. ਵਿਚਕਾਰ ਇਕ ਸੜਕ ਪੈਂਦੀ ਹੈ ਜਿਹੜੀ ਬਹੁਤ ਚੱਲਦੀ ਹੈ। ਇਹੋ ਸੜਕ ਯੂ.ਪੀ. ਅਤੇ ਦਿੱਲੀ ਨੂੰ ਵੱਖਰਾ ਕਰਦੀ ਹੈ। ਜੇ ਉਸ ਸੜਕ ਨੂੰ ਵਿਚਕਾਰੋਂ ਹਟਾ ਲਿਆ ਜਾਵੇ ਤਾਂ ਸਾਰਾ ਇਲਾਕਾ ਦਿੱਲੀ ਬਣ ਜਾਵੇਗਾ।

ਯੂ.ਪੀ. ਇਲਾਕੇ ਦੀ ਜਿਸ ਕਲੋਨੀ ਬਾਰੇ ਮੈਂ ਗੱਲ ਕਰ ਰਿਹਾ ਹਾਂ, ਉਹ ਤਿੰਨ ਬਲਾਕਾਂ ਵਿਚ ਵੰਡਿਆ ਹੋਇਆ ਹੈ। ਉਨ੍ਹਾਂ ਦੇ ਏ., ਬੀ. ਤੇ ਸੀ. ਨਾਂ ਰੱਖੇ ਹੋਏ ਹਨ। ਹਰ ਬਲਾਕ ਵਿਚ ਸਰਕਾਰ ਵਲੋਂ ਇਕ ਇਕ ਮਾਰਕੀਟ ਬਣਾਈ ਹੋਈ ਹੈ। ਦੁਕਾਨਾਂ ਦੀ ਇਕ ਲੰਮੀ ਸਾਰੀ ਕਤਾਰ ਵਿਚੋਂ ਵਸੋਂ ਲਈ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਮਿਲਦੀਆਂ ਹਨ। ਉਥੇ ਹਲਵਾਈ, ਪਰਚੂਨ ਤੇ ਮੁਨਿਆਰੀ ਦੀ ਦੁਕਾਨ ਹੈ, ਡਾਕਟਰ ਤੇ ਨਾਈ ਵੀ ਹੈ। ਮੇਰਾ ਘਰ ਏ. ਬਲਾਕ ਵਿਚ ਪੈਂਦਾ ਹੈ। ਉਸ ਬਲਾਕ ਦੀ ਮਾਰਕੀਟ ਵਿਚ ਵੀ ਜ਼ਰੂਰਤ ਦੀਆਂ ਸਾਰੀਆਂ ਦੁਕਾਨਾਂ ਹਨ। ਉਸ ਵਿਚ ਵਿੱਕੀ ਨਾਂ ਦਾ ਰੈਸਤੋਰਾਂ ਵੀ ਖੁੱਲ੍ਹਾ ਹੋਇਆ ਹੈ।

ਵਿੱਕੀ ਰੈਸਤੋਰਾਂ ਦੋ ਸਕੇ ਭਰਾ ਚਲਾਉਂਦੇ ਹਨ। ਇਕ ਅਠੱਤੀ ਕੁ ਸਾਲ ਦਾ ਲੱਗਦਾ ਹੈ, ਦੂਜਾ ਕੋਈ ਚਾਲੀ ਦਾ ਹੋਵੇਗਾ। ਉਹ ਦੋਵੇਂ ਰੈਸਤੋਰਾਂ ਤੋਂ ਤਿੰਨ-ਚਾਰ ਮੀਲ ਦੂਰ ਇਕ ਪੌਸ਼ ਕਲੋਨੀ ਵਿਚ ਰਹਿੰਦੇ ਹਨ।

ਛੋਟਾ ਭਰਾ ਮੈਨੂੰ ਜਿਸ ਦਾ ਨਾਂ ਤਾਂ ਪਤਾ ਨਹੀਂ; ਗੋਰਾ, ਲੰਮ-ਸਲੰਮਾ, ਸਮਾਰਟ ਦਿਸਦਾ ਹੈ। ਸਿਰ ਦੇ ਖਾਸੇ ਵਾਲ ਉਡੇ ਹੋਏ ਹਨ। ਉਹ ਆਪਣੀ ਸਿਹਤ ਬਾਰੇ ਬਹੁਤ ਸੁਚੇਤ ਰਹਿੰਦਾ ਹੈ। ਅਸਲ ਵਿਚ ਉਹ ਇੰਗਲੈਂਡ ਤਿੰਨ-ਚਾਲ ਸਾਲ ਲਾ ਆਇਆ ਹੈ। ਮੈਨੂੰ ਇਹ ਪਤਾ ਨਹੀਂ ਕਿ ਉਹ ਇੰਗਲੈਂਡ ਕੀ ਕਰਨ ਗਿਆ ਸੀ। ਬੱਸ ਉਹਦੇ ਪਹਿਰਾਵੇ ਤੋਂ ਹੀ ਅੰਦਾਜ਼ਾ ਲੱਗਦਾ ਹੈ ਕਿ ਉਹ ਬਾਹਰਲਾ ਮੁਲਕ ਵੇਖ ਚੁਕਾ ਹੈ।

ਉਹ ਘਰੋਂ ਚਾਰ ਮੀਲ ਦੂਰ ਪੈਦਲ ਹੀ ਪਹੁੰਚਦਾ ਹੈ। ਕਈ ਵਾਰੀ ਉਹ ਵਿਚਕਾਰ ਨੱਸਣ ਵੀ ਲੱਗਦਾ ਹੈ, ਪਰ ਵੱਡਾ ਭਰਾ ਸਾਧਾਰਨ ਜਿਹਾ ਜਾਪਦਾ ਹੈ। ਉਸ ਦਾ ਪਹਿਰਾਵਾ ਵੀ ਬੱਸ ਆਮ ਜਿਹਾ। ਨਾਂ ਉਹਦੇ ਦਾ ਵੀ ਮੈਨੂੰ ਪਤਾ ਨਹੀਂ।

ਕਤਾਰ ਵਿਚ ਸਭ ਦੁਕਾਨਾਂ ਮੂਹਰੇ ਵਰਾਂਡਾ ਛੱਡਿਆ ਹੋਇਆ ਹੈ। ਦੁਕਾਨਾਂ ਦਾ ਆਕਾਰ ਬਹੁਤਾ ਵੱਡਾ ਨਹੀਂ। ਉਨ੍ਹਾਂ ਨੇ ਆਪਣੇ ਬੈਠਣ ਲਈ ਵਰਾਂਡੇ 'ਚ ਕਾਊਂਟਰ ਲਾ ਕੇ ਥਾਂ ਬਣਾਈ ਹੋਈ ਹੈ ਜਿਸ ਪਿਛੇ ਪਈ ਕੁਰਸੀ 'ਤੇ ਦੋਵੇਂ ਭਰਾ ਵਾਰੋ-ਵਾਰੀ ਬੈਠਦੇ ਜਾਂ ਆਪਣੀ ਡਿਊਟੀ ਦਿੰਦੇ ਹਨ। ਗਾਹਕ ਆਉਂਦਾ ਅਤੇ ਪੈਸੇ ਦਿੰਦਾ ਹੈ। ਉਨ੍ਹਾਂ ਨੇ ਸੱਜੇ ਹੱਥ ਸੰਦੂਕੜੀ ਰੱਖੀ ਹੋਈ ਹੈ ਜਿਹੜੀ ਖੁੱਲ੍ਹੀ ਹੀ ਰਹਿੰਦੀ ਹੈ। ਸੰਦੂਕੜੀ ਦੇ ਦੋ ਭਾਗ ਹਨ। ਉਪਰਲੇ ਭਾਗ ਵਿਚ ਉਹ ਸਿੱਕੇ ਰੱਖਦੇ ਹਨ ਜਾਂ ਪੰਜ-ਦਸ ਦੇ ਨੋਟ। ਹੇਠਲੇ ਭਾਗ ਵਿਚ ਉਹ ਪੰਜਾਹਾਂ ਤੋਂ ਲੈ ਕੇ ਪੰਜ ਸੌ ਜਾਂ ਕਈ ਵਾਰੀ ਹਜ਼ਾਰ ਦਾ ਨੋਟ ਪਾਉਂਦੇ ਰਹਿੰਦੇ ਨੇ।

ਕਾਊਂਟਰ ਪਿਛੇ ਦੋ ਦੁਕਾਨਾਂ ਜੋੜ ਕੇ ਹਾਲਨੁਮਾ ਥਾਂ ਬਣਾਈ ਹੋਈ ਹੈ। ਉਸ ਵਿਚ ਰੋਟੀ ਖਾਣ ਵਾਲਿਆਂ ਲਈ ਵਧੀਆ ਫਰਨੀਚਰ ਲੱਗਾ ਹੋਇਆ ਹੈ। ਹਾਲ ਏ.ਸੀ. ਹੈ। ਬਹੁਤੇ ਗਾਹਕ ਰਾਤੀਂ ਆ ਕੇ ਉਸ 'ਚ ਬੈਠ ਖਾਣੇ ਦਾ ਅਨੰਦ ਮਾਣਦੇ ਹਨ।

ਵਰਾਂਡੇ ਅੱਗੇ ਖਾਸੀ ਖੁੱਲ੍ਹੀ ਥਾਂ ਹੈ। ਗਰਮੀ ਦੇ ਮੌਸਮ 'ਚ ਸ਼ਾਮ ਹੁੰਦਿਆਂ ਇਕ ਨੌਕਰ ਉਸ ਖੁੱਲ੍ਹੀ ਥਾਂ ਨੂੰ ਸਾਫ਼ ਕਰ ਕੇ ਉਸ 'ਤੇ ਪਾਣੀ ਦਾ ਛਿੜਕਾਓ ਕਰ ਮੇਜ਼ ਕੁਰਸੀਆਂ ਲਾ ਦਿੰਦਾ ਹੈ। ਸਟੈਂਡ ਵਾਲੇ ਦੋ ਕੂਲਰ ਰੱਖ ਦਿੰਦਾ ਹੈ। ਜਦੋਂ ਹਨੇਰਾ ਹੋਏ ਖਾਣ ਵਾਲੇ ਗਾਹਕ ਬਹੁਤੇ ਹੋ ਜਾਣ ਅਤੇ ਏ.ਸੀ. ਹਾਲ ਵਿਚ ਥਾਂ ਨਹੀਂ ਮਿਲਦੀ ਤਾਂ ਉਹ ਬਾਹਰ ਬੈਠ ਜਾਂਦੇ ਹਨ। ਕਈ ਸ਼ੌਕੀਨ ਤਾਂ ਇੰਜ ਵੀ ਖੁੱਲ੍ਹੇ 'ਚ ਬੈਠ ਕੇ ਖਾਣਾ ਪਸੰਦ ਕਰਦੇ ਹਨ।

ਉਸ ਖਾਲੀ ਥਾਂ ਇਕ ਵੱਡਾ ਸਾਰਾ ਰੁੱਖ ਵੀ ਹੈ ਜਿਸ ਦੀ ਜੜ੍ਹ ਵਿਚ ਲਾਲ ਰੰਗ ਦੇ ਫੁੱਲਾਂ ਵਾਲੀ ਬੋਗਨਵਿਲੀਆ ਦੀ ਵੇਲ ਉਗੀ ਹੋਈ ਹੈ। ਉਹ ਰੁੱਖ ਤਾਂ ਭਾਵੇਂ ਨਿੰਮ ਦਾ ਹੈ, ਪਰ ਫੁੱਲਾਂ ਦਾ ਮੌਸਮ ਆਉਣ 'ਤੇ ਬੋਗਨਵਿਲੀਆ ਦੇ ਫੁੱਲਾਂ ਨਾਲ ਭਰ ਜਾਂਦਾ ਹੈ। ਇਉਂ ਜਾਪਦਾ ਜਿਵੇਂ ਉਹ ਨਿੰਮ ਦਾ ਨਹੀਂ, ਸਗੋਂ ਬੋਗਨਵਿਲੀਆ ਦਾ ਹੀ ਰੁੱਖ ਹੋਵੇ।

ਰੈਸਤੋਰਾਂ ਦੀ ਅਗਲੀ, ਯਾਨਿ ਤੀਜੀ ਦੁਕਾਨ ਨੂੰ ਉਨ੍ਹਾਂ ਨੇ ਸਟੋਰ ਬਣਾਇਆ ਹੋਇਆ ਹੈ। ਉਸ ਵਿਚ ਬੈਠ ਕੇ ਨੌਕਰ ਸਬਜ਼ੀ ਕੱਟਦੇ, ਆਟਾ ਗੁੰਨ੍ਹਦੇ ਅਤੇ ਮਸਾਲਾ ਕੁੱਟਦੇ ਹਨ। ਉਨ੍ਹਾਂ ਉਸ ਵਿਚ ਪੁਰਾਣਾ ਟੇਪ ਰਿਕਾਰਡਰ ਵੀ ਰੱਖਿਆ ਹੋਇਆ ਹੈ ਜਿਸ 'ਤੇ ਹਰ ਵੇਲੇ ਫਿਲਮੀ ਗਾਣੇ ਵੱਜਦੇ ਰਹਿੰਦੇ ਹਨ। ਦੋਵੇਂ ਭਰਾਵਾਂ ਨੇ ਬਹੁਤ ਹੁਨਰਮੰਦ ਕੁੱਕ ਰੱਖੇ ਹੋਏ ਹਨ ਜਿਹੜੇ ਬਹੁਤ ਸੁਆਦ ਖਾਣਾ ਪਕਾਉਂਦੇ ਹਨ।

ਸਾਰਾ ਖਾਣਾ ਦੇਸੀ ਘਿਓ ਵਿਚ ਤਿਆਰ ਹੁੰਦਾ ਹੈ ਜਿਸ ਲਈ ਕਦੇ ਵੀ ਕੰਜੂਸੀ ਨਹੀਂ ਵਰਤੀ ਜਾਂਦੀ। ਕੁੱਕ ਕਾਲੀ ਦਾਲ, ਸ਼ਾਹੀ ਪਨੀਰ ਅਤੇ ਮਲਾਈ ਕੋਫਤਾ ਬਣਾਉਂਦੇ ਹਨ। ਦੋ ਸੁੱਕੀਆਂ ਸਬਜ਼ੀਆਂ ਵੀ ਬਣਾਉਂਦੇ ਹਨ। ਗਾਹਕ ਕਦੇ ਕਦਾਈਂ ਬਦਲਾਅ ਲਈ ਰੈਸਤੋਰਾਂ 'ਚ ਰੋਟੀ ਖਾਣਾ ਪਸੰਦ ਕਰਦੇ ਹਨ। ਕਿਸੇ ਦਿਨ ਜਨਮ ਦਿਨ ਦੀ ਪਾਰਟੀ ਜਾਂ ਕਿਸੇ ਦੇ ਵਿਆਹ ਦੀ ਵਰ੍ਹੇਗੰਢ 'ਤੇ ਵੀ ਗਾਹਕਾਂ ਦੀ ਭੀੜ ਜੁੜ ਜਾਂਦੀ ਹੈ।

ਕਈ ਗਾਹਕ ਉਥੋਂ ਰਾਤੀਂ ਖਾਣਾ ਪੈਕ ਕਰਵਾ ਕੇ ਵੀ ਲੈ ਜਾਂਦੇ ਹਨ। ਗਾਹਕ ਆਪ ਕਾਊਂਟਰ 'ਤੇ ਆਰਡਰ ਦਿੰਦਾ ਹੈ। ਉਹ ਆਪਣੀ ਪਸੰਦ ਦੀਆਂ ਚੀਜ਼ਾਂ ਲਿਖਵਾ ਦਿੰਦਾ ਹੈ। ਕਾਊਂਟਰ 'ਤੇ ਮਾਈਕ ਲੱਗਾ ਹੋਇਆ ਹੈ ਜਿਸ ਦਾ ਸੰਪਰਕ ਤਿੰਨ ਨੰਬਰ ਦੁਕਾਨ ਨਾਲ ਹੈ।

ਮਾਲਕ ਆਪਣੀ ਸੀਟ 'ਤੇ ਬੈਠਾ ਤੀਜੀ ਦੁਕਾਨ ਤੀਕ ਮਾਈਕ ਰਾਹੀਂ ਬੋਲ ਕੇ ਆਰਡਰ ਕਰਦਾ ਹੈ ਤੇ ਜੋ ਚੀਜ਼ ਗਾਹਕ ਨੇ ਲਿਜਾਣੀ ਹੁੰਦੀ ਹੈ, ਉਹ ਪੈਕ ਹੋ ਕੇ ਆ ਜਾਂਦੀ ਹੈ।

ਦੋਵੇਂ ਭਾਈਆਂ ਦਾ ਇਹ ਰੈਸਤੋਰਾਂ ਸਿਰਫ਼ ਖਾਣ-ਪੀਣ ਤੀਕ ਹੀ ਸੀਮਤ ਨਹੀਂ, ਉਨ੍ਹਾਂ ਨੇ ਦੁੱਧ ਦਾ ਕੰਮ ਵੀ ਤੋਰਿਆ ਹੋਇਆ ਹੈ। ਦੁੱਧ ਵਾਲੀਆਂ ਵੱਡੀਆਂ ਕੰਪਨੀਆਂ ਸਵੇਰੇ ਚਾਰ ਵਜੇ ਟਰੱਕਾਂ 'ਚੋਂ ਦੁੱਧ ਦੀਆਂ ਥੈਲੀਆਂ ਲਾਹ ਰੈਸਤੋਰਾਂ 'ਤੇ ਛੱਡ ਜਾਂਦੀਆਂ ਹਨ। ਪਿੰਡਾਂ ਦੇ ਦੋਧੀ ਵੀ ਸਾਈਕਲਾਂ 'ਤੇ ਡਰੰਮਾਂ ਰਾਹੀਂ ਸਵੇਰੇ ਪੰਜ ਵਜੇ ਤੀਕ ਦੁੱਧ ਦੁਕਾਨ 'ਤੇ ਖੁੱਲ੍ਹੇ ਮੂੰਹ ਵਾਲੇ ਡਰੰਮ ਵਿਚ ਪਾ ਜਾਂਦੇ ਹਨ। ਛੇ ਵਜੇ ਤੀਕ ਬਲਾਕ ਏ. ਵਾਲੇ ਲੋਕ ਹੱਥਾਂ 'ਚ ਡੋਲੂ ਜਾਂ ਡੱਬੇ ਲੈ ਕੇ ਦੁੱਧ ਲੈਣ ਦੁਕਾਨ 'ਤੇ ਆਉਣ ਲੱਗਦੇ ਹਨ। ਇਸ ਤੋਂ ਇਲਾਵਾ ਉਹ ਇਸ ਨਾਲ ਕਈ ਵਾਰੀ ਬਰੈਡ, ਬਿਸਕੁਟ, ਰਸ ਜਾਂ ਨਮਕੀਨ ਵੀ ਖ਼ਰੀਦ ਕੇ ਲੈ ਜਾਂਦੇ ਹਨ। ਇਹ ਸਭ ਚੀਜ਼ਾਂ ਵੀ ਦੁਕਾਨ 'ਤੇ ਮਿਲਦੀਆਂ ਹਨ।

ਰੈਸਤੋਰਾਂ 'ਚ ਦੋਵੇਂ ਭਰਾ ਡਿਊਟੀ ਨਿਭਾਉਂਦੇ ਹਨ। ਦੁੱਧ ਅਤੇ ਹੋਰ ਸਾਮਾਨ ਦੀ ਵਿਕਰੀ ਸਵੇਰੇ ਛੇ ਵਜੇ ਤੋਂ ਵੀ ਪਹਿਲਾਂ ਸ਼ੁਰੂ ਹੋ ਜਾਂਦੀ ਹੈ ਜਿਸ ਵਿਚ ਬਹੁਤੇ ਬੰਨ੍ਹੇ ਗਾਹਕ ਹੀ ਆਉਂਦੇ ਹਨ।

ਸਵੇਰ ਦੇ ਸੱਤ ਵਜੇ ਤੀਕ ਇਹ ਸਾਰਾ ਕੰਮ ਇਕ ਖ਼ਾਸ ਨੌਕਰ ਦੇ ਸਿਰ ਛੱਡਿਆ ਹੁੰਦਾ ਹੈ ਜਿਹੜਾ ਉਨ੍ਹਾਂ ਦੀਆਂ ਨਜ਼ਰਾਂ ਵਿਚ ਬਹੁਤ ਇਮਾਨਦਾਰ ਹੈ। ਫਿਰ ਸੱਤ ਵਜੇ ਤੀਕ ਛੋਟਾ ਭਰਾ ਆਪਣੀ ਸਿਹਤ ਦਾ ਖ਼ਿਆਲ ਰੱਖਦਾ ਹੋਇਆ ਘਰੋਂ ਪੈਦਲ ਚੱਲਦਾ ਤੇ ਕਦੇ ਨੱਸਦਾ ਠੀਕ ਵਕਤ 'ਤੇ ਰੈਸਤੋਰਾਂ ਆ ਕੰਮ ਸਾਂਭ ਲੈਂਦਾ ਹੈ।

ਮੈਂ ਵੀ ਸਵੇਰੇ ਛੇ ਜਾਂ ਸਵਾ ਛੇ ਵਜੇ ਤੀਕ ਦੁੱਧ ਵਾਲਾ ਡੋਲੂ ਲੈ ਉਥੇ ਪਹੁੰਚ ਜਾਂਦਾ ਹਾਂ। ਕਈ ਦਿਨਾਂ ਤੋਂ ਮੈਂ ਰੈਸਤੋਰਾਂ 'ਤੇ ਅਜੀਬ ਜਿਹੀ ਗੱਲ ਹੁੰਦੀ ਵੇਖਦਾ ਆ ਰਿਹਾ ਹਾਂ। ਸਰਦੀਆਂ ਦੇ ਦਿਨ ਹੋਣ ਕਰ ਕੇ ਅਜੇ ਸਵੇਰੇ ਹਨੇਰਾ ਹੁੰਦਾ ਹੈ। ਸਵਾ ਛੇ ਵਜੇ ਕੋਈ ਅਠਾਈ ਤੀਹ ਸਾਲ ਦੀ ਉਮਰ ਵਾਲਾ ਬੰਦਾ ਰੋਜ਼ ਸਾਈਕਲ 'ਤੇ ਉਥੇ ਆਉਂਦਾ ਹੈ। ਉਹ ਸਾਈਕਲ ਬੈਂਚ ਨਾਲ ਲਾ ਕੇ ਖੜ੍ਹਾ ਕਰ ਤਿੰਨ ਨੰਬਰ ਕਮਰੇ ਅੱਗੇ ਬਣੇ ਵਰਾਂਡੇ ਵਿਚ ਜਾਂਦਾ ਹੈ ਜਿੱਥੇ ਅਕਸਰ ਹਨੇਰਾ ਹੁੰਦਾ, ਕਿਉਂਕਿ ਉਸ ਵੇਲੇ ਰੈਸਤੋਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀ ਉਥੇ ਸੁੱਤੇ ਪਏ ਹੁੰਦੇ ਹਨ। ਰੈਸਤੋਰਾਂ ਦੀ ਸਿਰਫ਼ ਉਹੀ ਬੱਤੀ ਜਗਦੀ ਹੁੰਦੀ ਜਿਹੜੀ ਕਾਊਂਟਰ 'ਤੇ ਲੱਗੀ ਹੋਈ ਹੈ।

ਉਥੇ ਘੁਸਮੁਸੇ ਵਿਚ ਉਹ ਸ਼ਖ਼ਸ, ਕਨੱਸਤਰ ਚੁੱਕੀ ਆਉਂਦਾ ਦਿਸਦਾ ਹੈ। ਵਰਾਂਡੇ 'ਚੋਂ ਚੁੱਕ ਕੇ ਲਿਆਂਦੇ ਕਨੱਸਤਰ ਵਿਚੋਂ ਉਹ ਕੁਝ ਆਪਣੇ ਸਾਈਕਲ ਉਤੇ ਟੰਗੇ ਪੀਪੇ ਵਿਚ ਪਾਉਂਦਾ ਹੈ। ਖਾਲੀ ਕੀਤਾ ਕਨੱਸਤਰ ਉਥੇ ਜ਼ਮੀਨ 'ਤੇ ਧਰਦਾ ਅਤੇ ਆਪਣੇ ਸਾਈਕਲ 'ਤੇ ਚੜ੍ਹ ਅੱਗੇ ਲੰਘ ਜਾਂਦਾ ਹੈ। ਇਹ ਸਭ ਮੈਂ ਕਈ ਦਿਨਾਂ ਤੋਂ ਵੇਖਦਾ ਆ ਰਿਹਾ ਹਾਂ, ਕਿਉਂਕਿ ਮੇਰਾ ਦੁੱਧ ਲੈਣ ਆਉਣ ਦਾ ਤੇ ਉਸ ਦਾ ਰੈਸਤੋਰਾਂ ਆਉਣ ਦਾ ਲਗਪਗ ਇਕੋ ਵਕਤ ਹੁੰਦਾ ਹੈ।

ਇਕ ਦਿਨ ਮੇਰੇ ਮਨ 'ਚ ਆਈ, ਦੁੱਧ ਵੇਚ ਰਹੇ ਨੌਕਰ ਕੋਲੋਂ ਇਸ ਬੰਦੇ ਬਾਰੇ ਪੁੱਛਾਂ ਜਿਹੜਾ ਸਵੇਰੇ ਉਥੇ ਦਿਸਦਾ, ਪਰ ਮੈਂ ਇਸ ਨੂੰ ਐਵੇਂ ਫਜ਼ੂਲ ਗੱਲ ਸਮਝ ਕੁਝ ਨਹੀਂ ਕਿਹਾ।

ਫਿਰ ਇਕ ਦਿਨ ਰੋਜ਼ ਵਾਂਗ ਮੈਂ ਸਵੇਰੇ ਦੁੱਧ ਲੈਣ ਲਈ ਹੱਥ 'ਚ ਡੋਲੂ ਫੜੀ ਰੈਸਤੋਰਾਂ ਵੱਲ ਆ ਰਿਹਾ ਸੀ। ਉਸ ਦਿਨ ਮੌਸਮ ਬਹੁਤ ਠੰਢਾ ਸੀ। ਤੇਜ਼ ਸੀਤ ਹਵਾ ਚੱਲ ਰਹੀ ਸੀ। ਪਾਲਾ ਰੋਜ਼ ਨਾਲੋਂ ਵੱਧ ਮਹਿਸੂਸ ਹੋ ਰਿਹਾ ਸੀ। ਲੋਈ 'ਚ ਲਿਪਟੇ ਹੋਣ 'ਤੇ ਵੀ ਠੰਢ ਲੱਗ ਰਹੀ ਸੀ।

ਅਜੇ ਮੈਂ ਰੈਸਤੋਰਾਂ 'ਤੇ ਪਹੁੰਚਣ ਵਾਲਾ ਹੀ ਸੀ ਕਿ ਮੇਰੀ ਨਜ਼ਰ ਦੂਰੋਂ ਉਸ ਸਾਈਕਲ ਵਾਲੇ 'ਤੇ ਪਈ ਜਿਸ ਨੇੜੇ ਦਸ-ਗਿਆਰਾਂ ਸਾਲਾਂ ਦਾ ਇਕ ਮੁੰਡਾ ਖੜ੍ਹਾ ਸੀ। ਮੁੰਡੇ ਦੇ ਹੱਥ ਵਿਚ ਵੱਡਾ ਸਾਰਾ ਭਾਂਡਾ ਫੜਿਆ ਹੋਇਆ ਸੀ। ਸਾਈਕਲ ਵਾਲਾ ਉਚੀ ਆਵਾਜ਼ ਵਿਚ ਪਤਾ ਨਹੀਂ ਉਸ ਨੂੰ ਕੀ



ਕਹਿ ਰਿਹਾ ਸੀ।

ਅਜੇ ਮੈਂ ਉਨ੍ਹਾਂ ਵੱਲ ਵੇਖ ਹੀ ਰਿਹਾ ਸੀ ਕਿ ਸਾਈਕਲ ਵਾਲੇ ਨੇ ਉਸ ਮੁੰਡੇ ਦੇ ਮੂੰਹ 'ਤੇ ਦੋ-ਤਿੰਨ ਚਪੇੜਾਂ ਮਾਰੀਆਂ ਅਤੇ ਉਹਦੇ ਹੱਥ ਫੜਿਆ ਭਾਂਡਾ ਖੋਹ ਕੇ ਦੂਰ ਵਗ੍ਹਾ ਮਾਰਿਆ। ਇਸ ਤਰ੍ਹਾਂ ਕਰ ਕੇ ਉਹ ਫਿਰ ਉਚੀ ਆਵਾਜ਼ ਵਿਚ ਮੁੰਡੇ ਨੂੰ ਗਾਲ੍ਹਾਂ ਕੱਢਣ ਲੱਗਿਆ।

ਮੈਂ ਦੁੱਧ ਲੈਣ ਜਾਣ ਦੀ ਥਾਂ ਸਿੱਧਾ ਉਸ ਕੋਲ ਆ ਜਾਂਦਾ ਹਾਂ। "ਕੀ ਹੋਇਆ ਬਈ, ਕਿਉਂ ਸਵੇਰੇ ਸਵੇਰੇ ਠੰਢ 'ਚ ਇਸ ਜੁਆਕ ਨੂੰ ਮਾਰ ਰਿਹਾ ਹੈਂ?" ਮੈਂ ਪੁੱਛਿਆ।

"ਬਾਬੂ ਜੀ ਚੋਰ ਹੈ ਇਹ।"

ਉਸ ਦੀ ਇਸ ਗੱਲ 'ਤੇ ਮੈਂ ਉਸ ਮੁੰਡੇ ਵੱਲ ਵੇਖਣ ਲੱਗਦਾ ਹਾਂ ਜਿਸ ਨੇ ਸਰੀਰ 'ਤੇ ਸਿਰਫ਼ ਇਕ ਪਤਲੀ ਜਿਹੀ ਕਮੀਜ਼ ਪਹਿਨੀ ਹੋਈ ਹੈ। ਇੰਨੀ ਠੰਢ ਵਿਚ ਵੀ ਜਿਸ ਦੀਆਂ ਲੱਤਾਂ ਨੰਗੀਆਂ ਹਨ, ਪੈਰ ਨੰਗੇ ਹਨ। ਉਹ ਅੱਖਾਂ 'ਤੇ ਆਪਣਾ ਸੱਜਾ ਹੱਥ ਧਰ ਕੇ ਰੋ ਰਿਹਾ ਸੀ।

"ਬਈ ਇੰਨੀ ਸਵੇਰੇ ਇਸ ਨੇ ਤੇਰੀ ਕੀ ਚੋਰੀ ਕਰ ਲਈ ਜਿਹੜਾ ਤੂੰ ਇਸ ਨੂੰ ਮਾਰਿਆ?" ਮੈਂ ਸਾਈਕਲ ਵਾਲੇ ਨੂੰ ਪੁੱਛਿਆ।

"ਨਾ ਹੀ ਪੁੱਛੋ ਬਾਬੂ ਜੀ, ਮੇਰਾ ਤਾਂ ਮਨ ਕਰਦਾ ਮਾਰ ਮਾਰ ਕੇ ਇਹਦੀ ਚਮੜੀ ਉਧੇੜ ਦੇਵਾਂ, ਇਹਦੀ ਸ਼ਕਲ ਵਿਗਾੜ ਦੇਵਾਂ।" ਸਾਈਕਲ ਵਾਲਾ ਗੁੱਸੇ ਨਾਲ ਮੁੰਡੇ ਵੱਲ ਵੇਖ ਕੇ ਬੋਲਿਆ।

ਨੰਗੀਆਂ ਲੱਤਾਂ ਵਾਲਾ ਮੁੰਡਾ ਅਜੇ ਵੀ ਰੋ ਰਿਹਾ ਸੀ।

"ਬਈ ਤੂੰ ਗੱਲ ਤਾਂ ਦੱਸ, ਫਿਰ ਤੂੰ ਭਾਵੇਂ ਇਸ ਦੀ ਚਮੜੀ ਉਧੇੜ ਦੇਈਂ ਜਾਂ ਸ਼ਕਲ ਵਿਗਾੜ ਦੇਈਂ।"

ਮੇਰੀ ਗੱਲ ਸੁਣ ਸਾਈਕਲ ਵਾਲਾ ਸਾਰੀ ਕਹਾਣੀ ਦੱਸਣ ਲੱਗਾ:

"ਬਾਬੂ ਜੀ, ਇਸ ਰੈਸਤੋਰਾਂ ਵਿਚ ਜਿਹੜੇ ਬੰਦੇ ਰੋਟੀ ਖਾਣ ਆਉਂਦੇ ਨੇ, ਉਹ ਪੈਸੇ ਵਾਲੇ ਹੀ ਹੁੰਦੇ ਨੇ। ਇਥੇ ਤਾਂ ਦਾਲ ਦੀ ਪਲੇਟ ਚਾਲੀ ਰੁਪਏ ਦੀ ਮਿਲਦੀ ਹੈ ਜਦੋਂਕਿ ਇਨ੍ਹਾਂ ਚਾਲੀ ਰੁਪਿਆਂ ਨਾਲ ਇਕ ਗ਼ਰੀਬ ਪਰਿਵਾਰ ਹਫ਼ਤਾ ਭਰ ਦਾਲ ਪਕਾ ਕੇ ਰੋਟੀ ਖਾ ਸਕਦਾ ਹੈ। ...ਪਨੀਰ ਤੇ ਮਲਾਈ ਕੋਫਤੇ ਦੀ ਤਾਂ ਗੱਲ ਹੀ ਨਾ ਕਰੋ।" ਸਾਈਕਲ ਵਾਲਾ ਬਿਨਾਂ ਰੁਕੇ ਬੋਲ ਰਿਹਾ ਸੀ, "ਉਨ੍ਹਾਂ ਅਮੀਰ ਲੋਕਾਂ ਦਾ ਖਾਣਾ ਖਾਣ ਦਾ ਵੀ ਅੰਦਾਜ਼ ਹੁੰਦਾ ਹੈ। ਪਲੇਟਾਂ ਵਿਚ ਜੂਠ ਛੱਡਣਾ ਉਹ ਆਪਣੀ ਸ਼ਾਨ ਸਮਝਦੇ ਹਨ। ਉਹ ਅਜਿਹਾ ਇਹ ਦਰਸਾਉਣ ਲਈ ਵੀ ਕਰਦੇ ਹਨ ਕਿ ਉਹ ਰੱਜੇ ਹੋਏ ਹਨ, ਭੁੱਖੇ ਨਹੀਂ। ਰੈਸਤੋਰਾਂ 'ਤੇ ਤਾਂ ਉਹ ਐਵੇਂ ਆ ਜਾਂਦੇ ਹਨ। ਫਿਰ ਉਹ ਕੰਜੂਸ ਵੀ ਨਹੀਂ ਸਗੋਂ ਖੁੱਲ੍ਹੇ ਦਿਲ ਵਾਲੇ ਹਨ। ਮੇਰੇ ਕਿਹਾਂ, ਰੈਸਤੋਰਾਂ 'ਚ ਜੂਠੀਆਂ ਪਲੇਟਾਂ ਧੋਣ ਵਾਲਾ ਮੁੰਡਾ ਪਲੇਟਾਂ ਦੀ ਜੂਠ ਕਨੱਸਤਰ ਵਿਚ ਇਕੱਠੀ ਕਰਦਾ ਰਹਿੰਦਾ ਹੈ। ਰਾਤ ਹੋਣ ਤਕ ਕਨੱਸਤਰ ਮੂੰਹ ਤਕ ਭਰ ਜਾਂਦਾ ਹੈ। ਮੈਂ ਸਵੇਰੇ ਹਨੇਰੇ ਜਿਹੇ ਆਉਂਦਾ ਹਾਂ, ਤੇ ਜੂਠ ਨਾਲ ਭਰਿਆ ਕਨੱਸਤਰ ਸਾਈਕਲ 'ਤੇ ਟੰਗੇ ਪੀਪੇ ਵਿਚ ਉਲਟਾ ਕੇ ਲੈ ਜਾਂਦਾ ਹਾਂ। ਇਸ ਦੇ ਬਦਲੇ ਮੁੰਡੇ ਨੂੰ ਰੋਜ਼ ਦੇ ਪੰਜ ਰੁਪਏ ਦੇ ਦਿੰਦਾ ਹਾਂ।"

"ਪਰ ਇਸ ਕਨੱਸਤਰ ਦਾ ਮਾਲ ਤੇਰੇ ਕੀ ਕੰਮ ਆਉਂਦਾ ਹੈ?" ਮੈਂ ਸਾਈਕਲ ਵਾਲੇ ਦੀ ਗੱਲ ਕੱਟਦਿਆਂ ਪੁੱਛਦਾ ਹਾਂ।

"ਬਾਊ ਜੀ! ਮੈਂ ਸੂਰ ਪਾਲ ਰੱਖੇ ਹਨ। ਇਹ ਸਾਰਾ ਕੁਝ ਮੈਂ ਵਿਚ ਬੱਠਲ 'ਚ ਪਾ ਕੇ ਉਨ੍ਹਾਂ ਮੂਹਰੇ ਧਰ ਦਿੰਦਾ ਹਾਂ। ਆਪ ਬਾਬੂ ਜੀ ਯਕੀਨ ਕਰੋ, ਜਿੱਦਣ ਦੇ ਸੂਰ ਇਹ ਜੂਠ ਖਾਣ ਲੱਗੇ ਨੇ, ਬਹੁਤ ਛੇਤੀ ਵਧਦੇ ਹੋਏ ਮੋਟੇ ਵੀ ਹੁੰਦੇ ਜਾਂਦੇ ਨੇ। ਰੋਜ਼ ਦੇ ਕੁੱਲ ਪੰਜ ਰੁਪਏ ਨਾਲ ਉਨ੍ਹਾਂ ਦਾ ਪੇਟ ਵੀ ਭਰ ਜਾਂਦਾ ਹੈ। ਕਿੰਨਾ ਸਸਤਾ ਹੈ ਇਹ ਕੰਮ!" ਉਸ ਨੇ ਆਪਣੀ ਗੱਲ ਮੁਕਾਉਂਦਿਆਂ ਕਿਹਾ।

"ਪਰ ਤੂੰ ਇਸ ਮੁੰਡੇ ਨੂੰ ਕਿਉਂ ਮਾਰਿਆ?" ਮੈਂ ਫਿਰ ਪਹਿਲਾਂ ਵਾਲਾ ਸੁਆਲ ਦੁਹਰਾਇਆ।

"ਇਹ ਚੋਰ ਹੈ ਬਾਊ ਜੀ। ਮੈਂ ਕਈ ਦਿਨਾਂ ਦਾ ਵੇਖ ਰਿਹਾ ਸੀ ਕਿ ਸੂਰਾਂ ਲਈ ਜੂਠ ਨਾਲ ਕਨੱਸਤਰ ਭਰਿਆ ਨਹੀਂ ਸੀ ਹੁੰਦਾ, ਸਗੋਂ ਰੋਜ਼ ਖਾਸਾ ਨੀਵਾਂ ਹੁੰਦਾ ਸੀ। ਜਦੋਂ ਮੈਂ ਪਲੇਟਾਂ ਸਾਫ਼ ਕਰਨ ਵਾਲੇ ਮੁੰਡੇ ਨੂੰ ਇਸ ਦਾ ਉਲਾਂਭਾ ਦਿੱਤਾ ਤਾਂ ਉਸ ਨੇ ਦੱਸਿਆ ਕਿ ਉਹ ਤਾਂ ਰੋਜ਼ ਰਾਤੀਂ ਗਿਆਰਾਂ ਵਜੇ ਕਨੱਸਤਰ ਭਰ ਕੇ ਰੱਖਣ ਦੇ ਹੀ ਪੰਜ ਰੁਪਏ ਲੈਂਦਾ ਹੈ। ਫਿਰ ਮੈਨੂੰ ਸ਼ੱਕ ਹੋਇਆ ਕਿ ਜ਼ਰੂਰ ਕੋਈ ਗੜਬੜ ਹੈ।"

ਸਾਈਕਲ ਵਾਲਾ ਆਪਣੀ ਕਹਾਣੀ ਸੁਣਾ ਰਿਹਾ ਸੀ ਅਤੇ ਉਸ ਕੋਲ ਖੜ੍ਹਾ ਉਹ ਦਸ-ਗਿਆਰਾਂ ਸਾਲ ਦਾ ਨੰਗੀਆਂ ਲੱਤਾਂ ਵਾਲਾ ਮੁੰਡਾ ਅਜੇ ਵੀ ਰੋ ਰਿਹਾ ਸੀ। ਸਾਈਕਲ ਵਾਲੇ ਨੇ ਗੱਲ ਮੁੜ ਸ਼ੁਰੂ ਕੀਤੀ, "ਮੈਂ ਸਮਝ ਗਿਆ ਬਾਊ ਜੀ ਕਿ ਕਨੱਸਤਰ 'ਚੋਂ ਮਾਲ ਚੋਰੀ ਹੁੰਦਾ ਹੈ। ਬਸ ਫਿਰ ਕੀ, ਮੈਂ ਅੱਜ ਸਵੇਰੇ ਚੋਰ ਨੂੰ ਫੜਨ ਲਈ ਜਲਦੀ ਆ ਗਿਆ ਤੇ ਹਨੇਰੇ ਵਿਚ ਲੁਕ ਕੇ ਖੜ੍ਹ ਗਿਆ, ਕੋਈ ਛੇ ਵਜੇ ਤੋਂ ਵੀ ਪਹਿਲਾਂ। ਮੈਂ ਵੇਖਿਆ, ਇਹ ਉਧਰ ਝੁੱਗੀਆਂ ਵਲੋਂ ਟੁਰਿਆ ਆ ਰਿਹਾ ਸੀ। ਮੈਂ ਚੁੱਪ ਖੜ੍ਹਾ ਇਸ ਨੂੰ ਵੇਖਦਾ ਰਿਹਾ। ਫਿਰ ਵਰਾਂਡੇ ਵਿਚ ਜਾ ਕੇ ਇਸ ਨੇ ਕਨੱਸਤਰ ਵਿਚੋਂ ਵੱਡਾ ਡੱਬਾ ਮਾਲ ਦਾ ਭਰ ਲਿਆ। ਇਹ ਅਜੇ ਮੁੜ ਝੁੱਗੀਆਂ ਵੱਲ ਜਾਣ ਨੂੰ ਹੋਇਆ ਹੀ ਸੀ ਕਿ ਮੈਂ ਇਸ ਨੂੰ ਫੜ ਲਿਆ। ਫਿਰ ਇਹ ਚੋਰ ਹੀ ਤਾਂ ਹੋਇਆ।"

ਆਪਣੀ ਗੱਲ ਮੁਕਾਉਂਦਿਆਂ ਸਾਰ ਸਾਈਕਲ ਵਾਲੇ ਨੇ ਨੰਗੀਆਂ ਲੱਤਾਂ ਵਾਲੇ ਮੁੰਡੇ ਦੇ ਮੂੰਹ 'ਤੇ ਜ਼ੋਰ ਨਾਲ ਵਿਚ ਚਪੇੜ ਮਾਰੀ। ਉਸ ਨੂੰ ਚੋਰ ਆਖ ਗਾਲ੍ਹ ਕੱਢੀ।

"ਬਈ ਤੂੰ ਇਸ ਨੂੰ ਨਾ ਮਾਰ। ਮੈਂ ਇਸ ਕੋਲੋਂ ਪੁੱਛਦਾ ਹਾਂ ਗੱਲ ਕੀ ਹੈ।"

"ਕਿਉਂ ਬਈ, ਤੂੰ ਇਸ ਤਰ੍ਹਾਂ ਕਿਉਂ ਕਰਦਾ ਸੀ?" ਮੈਂ ਉਸ ਮੁੰਡੇ ਕੋਲੋਂ ਪੁੱਛਿਆ। ਪਹਿਲਾਂ ਤਾਂ ਉਸ ਨੇ ਕੋਈ ਜੁਆਬ ਨਹੀਂ ਦਿੱਤਾ, ਪਰ ਦੂਜੀ ਵਾਰੀ ਪੁੱਛਣ 'ਤੇ ਉਹ ਰੋਂਦਾ ਹੋਇਆ ਬੋਲਣ ਲੱਗਾ, "ਮਾਂ ਮੈਨੂੰ ਸਵੇਰੇ ਹਨੇਰੇ ਉਠਾ ਦਿੰਦੀ ਹੈ। ਉਸ ਵੇਲੇ ਮੈਨੂੰ ਬਹੁਤ ਨੀਂਦ ਆਈ ਹੁੰਦੀ ਹੈ। ਫਿਰ ਮੈਨੂੰ ਠੰਢ ਵੀ ਬਹੁਤ ਲੱਗਦੀ ਹੈ। ਸਾਰਿਆਂ ਤੋਂ ਪਹਿਲਾਂ ਡੱਬਾ ਲੈ ਕੇ ਮੈਂ ਇੱਥੇ ਆ ਜਾਂਦਾ ਹਾਂ। ਮੈਨੂੰ ਪਤਾ ਹੁੰਦਾ ਹੈ ਕਿ ਭਾਂਡੇ ਸਾਫ਼ ਕਰਨ ਵਾਲਾ ਮੁੰਡਾ ਹਨੇਰੇ ਵਿਚ ਪੀਪਾ ਕਿਥੇ ਰੱਖਦਾ ਹੈ? ਫਿਰ ਮੈਂ ਚੁੱਪ-ਚਾਪ ਪੀਪੇ 'ਚੋਂ ਮਾਲ ਦਾ ਡੱਬਾ ਭਰ ਕੇ ਘਰ ਲੈ ਜਾਂਦਾ ਹਾਂ।"

"ਪਰ ਤੁਸੀਂ ਇਸ ਦਾ ਕੀ ਕਰਦੇ ਹੋ?" ਮੈਂ ਉਸ ਦੀ ਗੱਲ ਕੱਟ ਕੇ ਅਗਲਾ ਸੁਆਲ ਪੁੱਛਦਾ ਹਾਂ, ਪਰ ਇਸ ਵਾਰੀ ਉਹ ਮੁੰਡਾ ਰੁਕਦਾ ਨਹੀਂ, ਸਗੋਂ ਤੁਰੰਤ ਮੇਰੇ ਸੁਆਲ ਦਾ ਜੁਆਬ ਦੇਣ ਲੱਗਦਾ ਹੈ, "ਸਾਡਾ ਬਾਪੂ ਨਹੀਂ ਹੈ। ਉਹ ਤਾਂ ਪਿਛਲੇ ਸਾਲ ਬਿਮਾਰ ਹੋ ਕੇ ਮਰ ਗਿਆ ਸੀ। ਹੁਣ ਮੇਰੀ ਮਾਂ ਹੈ ਜਿਸ ਨਾਲ ਅਸੀਂ ਚਾਰ ਭੈਣ ਭਰਾ ਰਹਿੰਦੇ ਹਾਂ। ਮੈਂ ਉਨ੍ਹਾਂ ਵਿਚੋਂ ਸਭ ਤੋਂ ਵੱਡਾ ਹਾਂ। ਅਸੀਂ ਸਾਰੇ ਬਾਪੂ ਨਾਲ ਪਿੰਡੋਂ ਸ਼ਹਿਰ ਕੰਮ ਕਰਨ ਲਈ ਆਏ ਸੀ। ਇਥੇ ਸਰਕਾਰੀ ਕੁਆਟਰ ਬਣ ਰਹੇ ਹਨ। ਠੇਕੇਦਾਰ ਨੇ ਸਾਡੇ ਰਹਿਣ ਲਈ ਕੁਆਟਰਾਂ ਨੇੜੇ ਹੀ ਝੁੱਗੀਆਂ ਬਣਾ ਰੱਖੀਆਂ ਹਨ। ਪਹਿਲਾਂ ਤਾਂ ਮੇਰੀ ਮਾਂ, ਬਾਪੂ ਨਾਲ ਮਿਲ ਕੇ ਦਿਹਾੜੀ ਕਰਿਆ ਕਰਦੀ ਸੀ ਤੇ ਸਭ ਕੁਝ ਠੀਕ-ਠਾਕ ਟੁਰਦਾ ਸੀ, ਪਰ ਹੁਣ ਇਕੱਲੀ ਮਾਂ ਦਿਹਾੜੀ ਕਰਦੀ ਹੈ। ਮੈਂ ਤਾਂ ਅਜੇ ਛੋਟਾ ਹਾਂ ਕੁਝ ਕਰਨ ਜੋਗਾ ਨਹੀਂ। ਬਸ ਮਾਂ ਦਿਹਾੜੀ ਕਰਦੀ ਹੈ ਤੇ ਮੈਂ ਛੋਟੇ ਭੈਣ-ਭਰਾਵਾਂ ਨੂੰ ਸਾਂਭਦਾ ਹਾਂ। ਇਕੱਲੀ ਮਾਂ ਦੀ ਦਿਹਾੜੀ ਦੇ ਪੈਸਿਆਂ ਨਾਲ ਤਾਂ ਦਾਲ-ਸਬਜ਼ੀ ਨਹੀਂ ਖ਼ਰੀਦੀ ਜਾ ਸਕਦੀ। ਉਸ ਨਾਲ ਤਾਂ ਮਸਾਂ ਆਟਾ ਤੇ ਦੁੱਧ-ਚਾਹ ਚੱਲਦੀ ਹੈ। ਮੈਂ ਸਵੇਰੇ ਕਿਸੇ ਦੇ ਆਉਣ ਤੋਂ ਪਹਿਲਾਂ ਪੀਪੇ 'ਚੋਂ ਮਾਲ ਦਾ ਡੱਬਾ ਭਰ ਕੇ ਲੈ ਜਾਂਦਾ ਹਾਂ ਜਿਸ ਨਾਲ ਅਸੀਂ ਸਾਰੇ ਸਵੇਰੇ-ਸ਼ਾਮ ਰੋਟੀ ਖਾ ਲੈਂਦੇ ਹਾਂ। ਸਾਨੂੰ ਇਹ ਸੁਆਦ ਵੀ ਬਹੁਤ ਲੱਗਦਾ ਹੈ। ਸਵੇਰੇ ਭਾਵੇਂ ਮੈਨੂੰ ਬਹੁਤ ਨੀਂਦ ਆਈ ਹੁੰਦੀ ਹੈ... ਭਾਵੇਂ ਸਵੇਰੇ ਮੇਰੀਆਂ ਲੱਤਾਂ ਨੰਗੀਆਂ ਹੁੰਦੀਆਂ ਹਨ...ਮੈਨੂੰ ਠੰਢ ਵੀ ਬਹੁਤ ਲੱਗਦੀ ਹੈ, ਪਰ ਤਾਂ ਵੀ ਮੈਂ ਮਾਂ ਦੇ ਕਿਹਾਂ ਇੱਧਰ ਆ ਜਾਂਦਾ ਹਾਂ ਤੇ...!"

ਮੁੰਡਾ ਬੋਲਣਾ ਬੰਦ ਕਰ ਦਿੰਦਾ ਹੈ। ਕਹਾਣੀ ਇਥੇ ਹੀ ਮੁੱਕ ਜਾਂਦੀ ਹੈ।

ਠੰਢ ਨਾਲ ਕੰਬਦਾ ਮਾਹੌਲ ਜਿਵੇਂ ਭੈਅਭੀਤ ਹੋ ਜਾਂਦਾ ਹੈ, ਸ਼ਾਂਤ ਤੇ ਡਰਾਉਣਾ ਹੋ ਜਾਂਦਾ ਹੈ, ਪਰ ਉਦੋਂ ਹੀ ਮੈਨੂੰ ਨੰਗ-ਧੜੰਗੇ ਉਹ ਚਾਰ ਬੱਚੇ ਇਕ-ਦੂਜੇ ਨੂੰ ਧੱਕੇ ਮਾਰਦੇ ਹੋਏ, ਭੁੱਖੇ, ਹਾਬੜੇ ਬੱਠਲ ਵਿਚ ਮੂੰਹ ਮਾਰਦੇ ਦਿਸਣ ਲੱਗਦੇ ਹਨ। ਇਕੱਲੇ ਨਹੀਂ ਸਗੋਂ ਸੂਰਾਂ ਨਾਲ ਮਿਲ ਕੇ ਬੱਠਲ ਵਿਚ ਪਈ ਜੂਠ ਖਾਂਦੇ ਦਿਸਣ ਲੱਗਦੇ ਹਨ...।

# ਵਿਦਿਆ ਬਾਲਨ ਦੀ ਅਧੂਰੀ ਕਹਾਣੀ



ਵਿਦਿਆ ਬਾਲਨ ਨੇ ਪਿਛਲੇ ਕੁਝ ਸਾਲਾਂ ਦੌਰਾਨ ਬੜੀ ਸੰਜੀਦਾ ਅਤੇ ਧੜੱਲੇਦਾਰ ਅਦਾਕਾਰਾ ਵਜੋਂ ਹਿੰਦੀ ਫਿਲਮ ਜਗਤ ਵਿਚ ਆਪਣੀ ਪਛਾਣ ਬਣਾਈ ਹੈ। ਕਹਾਨੀ, ਦਿ ਡਰਟੀ ਪਿਕਚਰ, ਨੋ ਵਨ ਕਿੱਲਡ ਜੈਸਿਕਾ, ਪਾ, ਇਸ਼ਕੀਆ, ਪਰਿਣਿਤਾ ਵਰਗੀਆਂ ਫਿਲਮਾਂ ਨਾਲ ਉਹਨੇ ਆਪਣੀ ਅਦਾਕਾਰੀ ਦੀ ਧਾਂਕ ਜਮਾਈ। ਕਹਾਨੀ ਅਤੇ ਦਿ ਡਰਟੀ ਪਿਕਚਰ ਨਾਲ ਤਾਂ ਉਸ ਨੇ ਇਹ ਵੀ ਸਾਬਤ ਕਰ ਦਿੱਤਾ ਸੀ ਕਿ ਹਿੰਦੀ ਫਿਲਮ ਜਗਤ ਵਿਚ ਨਾਇਕਾ ਪ੍ਰਧਾਨ ਫਿਲਮਾਂ ਵੀ ਬਣ ਅਤੇ ਚੱਲ ਸਕਦੀਆਂ ਹਨ, ਪਰ ਉਸ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਹਮਾਰੀ ਅਧੂਰੀ ਕਹਾਨੀ' ਨੇ ਦਰਸ਼ਕਾਂ ਦੇ ਨਾਲ ਨਾਲ ਫਿਲਮ ਆਲੋਚਕਾਂ ਨੂੰ ਵੀ ਨਿਰਾਸ਼ ਕੀਤਾ ਹੈ। ਫਿਲਮ ਵਿਚ ਵਿਆਹ ਤੋਂ ਬਾਹਰੇ ਰਿਸ਼ਤਿਆਂ ਦੀ ਬਾਤ ਪਾਈ ਗਈ ਹੈ ਅਤੇ ਇਸ ਬਾਤ ਵਿਚ ਉਹ ਸੰਜੀਦਗੀ ਤੇ ਸ਼ਿੱਦਤ ਦਾ ਅਹਿਸਾਸ ਨਹੀਂ ਜਾਪਦਾ ਜਿਸ ਦੀ ਵਿਦਿਆ ਬਾਲਨ ਕੋਲੋਂ ਦਰਸ਼ਕ ਅਤੇ ਅਲੋਚਕ ਆਸ ਕਰ ਰਹੇ ਹਨ। ਇਹ ਫਿਲਮ ਬਾਕਸ ਆਫਿਸ ਉਤੇ ਵੀ ਕੋਈ ਖਾਸ ਕ੍ਰਿਸ਼ਮਾ ਨਹੀਂ ਕਰ ਸਕੀ ਹੈ।

# ਧਰਮਿੰਦਰ-ਹੇਮਾ ਬਣੇ ਨਾਨਾ ਨਾਨੀ



ਧਰਮਿੰਦਰ ਅਤੇ ਹੇਮਾ ਮਾਲਨੀ ਨਾਨਾ-ਨਾਨੀ ਬਣ ਗਏ ਹਨ। ਇਨ੍ਹਾਂ ਦੀ ਛੋਟੀ ਧੀ ਅਹਾਨਾ ਦੇ ਘਰ ਲੜਕੇ ਨੇ ਜਨਮ ਲਿਆ ਹੈ। ਅਹਾਨਾ ਦਾ ਵਿਆਹ ਦਿੱਲੀ ਵਸਦੇ ਕਾਰੋਬਾਰੀ ਵੈਭਵ ਵੋਹਰਾ ਨਾਲ ਪਿਛਲੇ ਸਾਲ 2 ਫ਼ਰਵਰੀ ਨੂੰ ਹੋਇਆ ਸੀ। ਘਰ ਵਿਚ ਦੋਹਤੇ ਦੀਆਂ ਕਿਲਕਾਰੀਆਂ ਤੋਂ ਬਾਅਦ ਉਨ੍ਹਾਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਹੇਮਾ ਮਾਲਨੀ ਜੋ ਮਥੁਰਾ ਤੋਂ ਸੰਸਦ ਮੈਂਬਰ ਵੀ ਹੈ, ਨੇ ਟਵੀਟ ਕਰਦਿਆਂ ਵਧਾਈਆਂ ਦੇਣ ਵਾਲੀਆਂ ਦਾ ਧੰਨਵਾਦ ਕੀਤਾ ਹੈ। ਅਹਾਨਾ ਉਡੀਸੀ ਡਾਂਸਰ ਹੈ ਅਤੇ ਉਸ ਨੇ ਕੁਝ ਪ੍ਰੋਗਰਾਮ ਵੀ ਪੇਸ਼ ਕੀਤੇ ਸਨ, ਪਰ ਬਾਅਦ ਵਿਚ ਉਸ ਨੇ ਡਾਂਸਿੰਗ ਨੂੰ ਕਰੀਅਰ ਵਜੋਂ ਨਹੀਂ ਅਪਨਾਇਆ। ਉਸ ਦੀ ਵੱਡੀ ਭੈਣ ਈਸ਼ਾ ਦਿਓਲ ਫਿਲਮਾਂ ਵਿਚ ਆਈ ਸੀ ਪਰ ਬਹੁਤੀ ਸਫ਼ਲਤਾ ਨਾ ਮਿਲਣ ਕਰ ਕੇ ਉਸ ਨੇ ਫਿਲਮਾਂ ਛੱਡ ਦਿੱਤੀਆਂ।





# ਜ਼ੋਇਆ ਨੇ ਧੜਕਾਏ ਦਿਲ

ਫਿਲਮਸਾਜ਼ ਜ਼ੋਇਆ ਅਖਤਰ ਦੀ ਫਿਲਮ 'ਦਿਲ ਧੜਕਨੇ ਦੋ' ਨੇ ਸੱਚਮੁੱਚ ਸਭ ਦੇ ਦਿਲ ਧੜਕਾ ਦਿੱਤੇ ਹਨ। ਫਿਲਮ ਵਿਚ ਜ਼ੋਇਆ ਨੇ ਧਨਾਢ ਪਰਿਵਾਰ ਦੀ ਕਹਾਣੀ ਪੇਸ਼ ਕੀਤੀ ਹੈ ਅਤੇ ਉਚ ਵਰਗ ਦੇ ਲੋਕਾਂ ਦੇ ਜੀਵਨ ਦੀਆਂ ਬਾਤਾਂ ਦਿਲਚਸਪ ਢੰਗ ਨਾਲ ਬਿਆਨ ਕੀਤੀਆਂ ਹਨ। ਫਿਲਮ ਵਿਚ ਅਨਿਲ ਕਪੂਰ, ਸ਼ੈਫਾਲੀ ਸ਼ਾਹ, ਪ੍ਰਿਯੰਕਾ ਚੋਪੜਾ, ਰਣਵੀਰ ਸਿੰਘ, ਅਨੁਸ਼ਕਾ ਸ਼ਰਮਾ ਅਤੇ ਫਰਹਾਨ ਅਖ਼ਤਰ ਵਰਗੇ ਚੋਟੀ ਦੇ ਕਲਾਕਾਰਾਂ ਨੇ ਕਿਰਦਾਰ ਨਿਭਾਏ ਹਨ। ਫਿਲਮ ਵਿਚ ਉਦਯੋਗਪਤੀ ਜੋ ਪਰਿਵਾਰ ਦਾ ਮੁਖੀ ਹੈ ਤੇ ਜਿਸ ਦੀ ਕੰਪਨੀ ਡੁੱਬਣ ਕੰਢੇ ਹੈ, ਆਪਣੇ ਪ੍ਰੇਮਹੀਣ ਵਿਆਹ ਦੀ 30ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇਸ ਜਹਾਜ ਉਤੇ ਹੀ ਪਰਿਵਾਰ ਨਾਲ ਜੁੜੇ ਹੋਰ ਲੋਕ ਵੀ ਸਫ਼ਰ ਕਰ ਰਹੇ ਹਨ। 15 ਦਿਨਾਂ ਦੇ ਇਸ ਸਫਰ ਦੌਰਾਨ ਜ਼ੋਇਆ ਅਖ਼ਤਰ ਇਕ ਇਕ ਕਰ ਕੇ ਸਾਰੇ ਕਿਰਦਾਰਾਂ ਦੇ ਚਿਹਰਿਆਂ ਤੋਂ ਨਕਾਬ ਲਾਹ ਦਿੰਦੀ ਹੈ। ਫਿਲਮ ਦੀ ਪਟਕਥਾ ਬੜੀ ਦਿਸਚਸਪ ਹੈ ਅਤੇ ਇਸ ਦੇ ਸੰਵਾਦ ਵੀ ਧਿਆਨ ਖਿੱਚਦੇ ਹਨ।

ਪ੍ਰੇਮਹੀਣ ਵਿਆਹ ਦੀ 30ਵੀਂ ਵਰ੍ਹੇਗੰਢ ਮੌਕੇ ਪਰਿਵਾਰ ਦੀ ਹੀ ਇਕ ਧੀ ਆਪਣੇ ਪਤੀ ਤੋਂ ਤਲਾਕ ਲੈ ਰਹੀ ਹੈ। ਇਹ ਤਿੱਖੀ ਟਿੱਪਣੀ ਕਰ ਕੇ ਜ਼ੋਇਆ ਅਖਤਰ ਨੇ ਪੀੜ੍ਹੀ ਪਾੜੇ ਨੂੰ ਨੁਮਾਇਆ ਰੂਪ ਵਿਚ ਪੇਸ਼ ਕੀਤਾ ਹੈ। ਲੱਗਣ ਲਗਦਾ ਹੈ ਕਿ ਸਫ਼ਲ ਵਿਆਹ ਨਿਰ੍ਹੇ ਢੌਂਗ ਤੋਂ ਵੱਧ ਕੁਝ ਵੀ ਨਹੀਂ। ਜ਼ੋਇਆ ਨੇ ਆਪਣੀਆਂ ਪਹਿਲੀਆਂ ਫਿਲਮਾਂ ਵਾਂਗ ਇਸ ਫਿਲਮ ਵਿਚ ਵੀ ਰੱਜ ਕੇ ਤਜਰਬੇ ਕੀਤੇ ਹਨ। ਪਹਿਲੀ ਹੀ ਫਿਲਮ 'ਲੱਕ ਬਾਈ ਚਾਂਸ' (2009) ਲਈ ਉਸ ਨੂੰ ਸਰਵੋਤਮ ਡਾਇਰੈਕਟਰ ਦਾ ਫਿਲਮਫੇਅਰ ਐਵਾਰਡ ਮਿਲਿਆ ਸੀ। 2011 ਵਿਚ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਲਈ ਤਾਂ ਪੁਰਸਕਾਰਾਂ ਦੀ ਝੜੀ ਲੱਗ ਗਈ ਤੇ ਫਿਲਮਫੇਅਰ, ਆਈ.ਆਈ.ਐਫ.ਏ., ਜ਼ੀ ਸਿਨੇ ਤੇ ਅਪਸਰਾ ਪੁਰਸਕਾਰ ਮਿਲੇ। 2 ਸਾਲ ਪਹਿਲਾਂ ਰਿਲੀਜ਼ ਹੋਈ 'ਬੰਬੇ ਟਾਕੀਜ਼' ਤਾਂ ਤਜਰਬੇ ਦਾ ਸਿਖਰ ਸੀ। ਇਹ ਫਿਲਮ ਚਾਰ ਹਿੱਸਿਆਂ ਵਿਚ ਚਾਰ ਫਿਲਮਸਾਜ਼ਾਂ ਨੇ ਬਣਾਈ ਸੀ, ਇਹਦਾ ਇੱਕ ਹਿੱਸਾ ਜ਼ੋਇਆ ਅਖਤਰ ਨੇ ਤਿਆਰ ਕੀਤਾ ਸੀ।






ਜ਼ੋਇਆ ਅਖਤਰ


## ਸੰਵੇਦਨਾ ਦਾ ਦਰਿਆ

# ਗੁਰੂ ਦੱਤ

ਆਵਾਜ਼ ਦੇ ਕਹਾਂ ਹੈ... -5-



ਕੁਲਦੀਪ ਕੌਰ
ਫੋਨ: +91-98554-04330



ਹਰ ਏਕ ਜਿਸਮ ਘਾਇਲ,
ਹਰ ਏਕ ਰੂਹ ਪਿਆਸੀ,
ਨਿਗਾਹੋਂ ਮੇਂ ਉਲਝਣ, ਦਿਲੋ ਮੇਂ ਉਦਾਸੀ,
ਯੇ ਦੁਨੀਆ ਹੈ ਯਾਂ ਆਲਿਮੇ ਬਦਹਵਾਸੀ,
ਯੇ ਦੁਨੀਆ ਅਗਰ
ਮਿਲ ਭੀ ਜਾਏ ਤੋ ਕਿਆ ਹੈ...।

ਮੁਹੰਮਦ ਰਫ਼ੀ ਦੀ ਸੋਜ਼ ਭਰੀ ਆਵਾਜ਼, ਸਾਹਿਰ ਲੁਧਿਆਣਵੀ ਦੇ ਦਰਦਮੰਦ ਬੋਲ ਅਤੇ ਸੰਵੇਦਨਸ਼ੀਲ ਨਿਰਦੇਸ਼ਕ ਗੁਰੂ ਦੱਤ ਦੀ ਫਿਲਮ 'ਪਿਆਸਾ' ਭਾਰਤ ਦੀ ਨਵੀਂ ਮਿਲੀ ਆਜ਼ਾਦੀ 'ਤੇ ਤਿੱਖਾ ਵਿਅੰਗ ਕਰਦੀ ਹੈ। ਫਿਲਮ ਦੇ ਕੁਝ ਡਾਇਲਾਗ ਮਸਲਨ 'ਮੈਂ ਅਬ ਵੋ ਵਿਜੇ ਨਹੀਂ', ਨੇ ਭਾਰਤੀ ਸਿਨੇਮਾ ਵਿਚ ਕਲਾ, ਭਾਵੁਕਤਾ ਅਤੇ ਰੁਮਾਂਸ ਦੀ ਪੇਸ਼ਕਾਰੀ ਨੂੰ ਨਵਾਂ ਮੋੜ ਦਿੱਤਾ। ਇਹ ਸਿਰਫ਼ ਪ੍ਰੇਮ ਨਹੀਂ ਸੀ, ਸਗੋਂ ਇੱਜ਼ਤ ਮਾਣ ਦੀ ਜ਼ਿੰਦਗੀ ਆਜ਼ਾਦੀ ਨਾਲ ਜਿਉਣ ਲਈ ਫਿਲਮਸਾਜ਼ ਦਾ ਹੋਕਾ ਸੀ। ਗੁਰੂ ਦੱਤ ਦੀਆਂ ਫਿਲਮਾਂ ਬੰਦੇ ਅੰਦਰ ਚੱਲਦੀ ਕਸ਼ਮਕਸ਼, ਸਮਾਜਿਕ ਹਾਲਾਤ ਨਾਲ ਟਕਰਾਅ ਵਿਚੋਂ ਉਪਜੀ ਟੁੱਟ-ਭੱਜ, ਉਸ ਦੀ ਰੂਹ ਵਿਚ ਚੁਭ ਰਹੀਆਂ ਛਿੱਲਤਰਾਂ ਅਤੇ ਹਰ ਕੀਮਤ ਆਪਣੀ ਅੰਦਰਲੀ ਅੱਗ ਨੂੰ ਜਿਉਂਦਾ ਰੱਖਣ ਦੇ ਤਰੱਦਦ ਨੂੰ ਬਿਆਨ ਕਰਦੀਆਂ ਹਨ।

ਗੁਰੂ ਦੱਤ ਨੇ ਫਿਲਮੀ ਸਫਰ 1951 ਵਿਚ 'ਬਾਜ਼ੀ' ਤੋਂ ਸ਼ੁਰੂ ਕੀਤਾ ਜਿਸ ਵਿਚ ਮੁੱਖ ਭੂਮਿਕਾਵਾਂ ਦੇਵ ਅਨੰਦ, ਗੀਤਾ ਬਾਲੀ ਤੇ ਕਲਪਨਾ ਕਾਰਤਿਕ ਦੀਆਂ ਸਨ। 1952 ਵਿਚ 'ਜਾਲ' (ਦੇਵ ਅਨੰਦ ਅਤੇ ਗੀਤਾ ਬਾਲੀ) ਵਿਚ ਉਸ ਨੇ ਪ੍ਰੇਮ ਪਿਛੇ ਲੁਕੇ ਦਵੰਦਾਂ ਨੂੰ ਪਰਦੇ 'ਤੇ ਸਾਕਾਰ ਕੀਤਾ। 1954 ਵਿਚ 'ਆਰ-ਪਾਰ' ਨਾਲ ਗੁਰੂ ਦੱਤ ਨੇ ਸੰਗੀਤ ਰਾਹੀਂ ਕਹਾਣੀ ਸੁਣਾਉਣ ਦੀ ਖ਼ੂਬਸੂਰਤ ਅਤੇ ਸ਼ਾਇਰਾਨਾ ਪ੍ਰਥਾ ਸ਼ੁਰੂ ਕੀਤੀ ਅਤੇ 'ਬਾਬੂ ਜੀ ਧੀਰੇ ਚਲਨਾ', 'ਕਭੀ ਆਰ ਕਭੀ ਪਾਰ', 'ਯੇ ਲੋ ਮੈਂ ਹਾਰੀ ਪ੍ਰਿਆ' ਗੀਤਾਂ ਰਾਹੀਂ ਔਰਤ-ਮਰਦ ਦੇ ਸਬੰਧਾਂ ਦੇ ਨਵੇਂ ਸਮੀਕਰਨ ਤਲਾਸ਼ ਕੀਤੇ। ਫਿਲਮ ਵਿਚ ਇਕ ਦਵੰਦ ਲਗਾਤਾਰ ਦਰਸ਼ਕਾਂ ਨੂੰ ਪ੍ਰੇਸ਼ਾਨ ਕਰਦਾ ਹੈ, ਮੁੱਖ ਕਿਰਦਾਰ ਇਸ ਸਵਾਲ 'ਤੇ ਅਟਕ ਜਾਂਦਾ ਹੈ ਕਿ ਜ਼ਿੰਦਗੀ ਵਿਚ ਅੰਧਾਧੁੰਦ ਪੈਸਾ ਕਮਾਉਣਾ ਜ਼ਿਆਦਾ ਜ਼ਰੂਰੀ ਹੈ ਜਾਂ ਫਿਰ ਬੰਦੇ ਨੂੰ ਨੀਂਦ ਵਧੀਆ ਆਉਣੀ ਚਾਹੀਦੀ ਹੈ। ਇਉਂ ਗੁਰੂ ਦੱਤ ਦਾ ਫਿਲਮ ਬਣਾਉਣ ਦਾ ਹੁਨਰ ਬਹੁਤ ਹੱਦ ਤੱਕ ਅਜਿਹੇ ਫਿਲਾਸਫਰ ਦੀ ਨਿਆਈਂ ਹੈ ਜਿਹੜਾ ਜ਼ਿੰਦਗੀ ਦੀਆਂ ਵੱਡੀਆਂ ਸੱਚਾਈਆਂ ਦੇ ਰੂ-ਬ-ਰੂ ਆਪਣੀ ਮਾਸੂਮੀਅਤ ਅਤੇ ਸਾਦਗੀ ਬਚਾ ਕੇ ਨਿਕਲ ਜਾਣਾ ਚਾਹੁੰਦਾ ਹੈ।

ਗੁਰੂ ਦੱਤ ਬੰਗਾਲੀ ਸਾਹਿਤਕ ਰਵਾਇਤਾਂ ਅਤੇ ਬੰਗਾਲੀਆਂ ਦੇ ਸੁਹਜ ਦਾ ਕਾਇਲ ਸੀ। ਉਸ ਦੀਆਂ ਫਿਲਮਾਂ ਅਜਿਹੇ ਨੌਜਵਾਨਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀਆਂ ਹਨ ਜਿਨ੍ਹਾਂ ਨੂੰ ਸੰਤਾਲੀ ਵਿਚ ਨਵੇਂ ਬਣੇ ਮੁਲਕ ਦਾ ਤਾਪ ਚੜ੍ਹਿਆ ਹੋਇਆ ਹੈ, ਪਰ ਖਪਤਕਾਰੀ ਵਰਤਾਰਾ ਜਿਨ੍ਹਾਂ ਦੇ ਦਿਮਾਗਾਂ ਨੂੰ ਕੰਬਣੀ ਛੇੜ ਰਿਹਾ ਹੈ। ਜਿਥੇ 'ਪਿਆਸਾ' ਰਾਹੀਂ ਗੁਰੂ ਦੱਤ ਕਵੀ ਦੇ ਸੰਵੇਦਨਸ਼ੀਲ ਦਿਲ ਦੇ ਬਦਲ ਰਹੀਆਂ ਕਦਰਾਂ-ਕੀਮਤਾਂ ਨਾਲ ਟਕਰਾਅ ਨੂੰ ਪੇਸ਼ ਕਰਦਾ ਹੈ, ਉਥੇ 'ਕਾਗਜ਼ ਕੇ ਫੂਲ' ਵਿਚ ਗੁਰੂ ਦੱਤ ਆਪਣੀ ਖ਼ੁਦ ਦੀ ਤਲਾਸ਼ ਵਿਚ ਨਿਕਲਦਾ ਹੈ। 'ਕਾਗਜ਼ ਕੇ ਫੂਲ' ਦੇ ਕਲਾਈਮੈਕਸ ਵਿਚ ਇਕ ਸੁੰਨਸਾਨ ਫਿਲਮ ਸਟੂਡੀਓ ਦੀ ਵੀਰਾਨ ਕੁਰਸੀ 'ਤੇ ਨਿਰਦੇਸ਼ਕ ਜਿਸ ਨੂੰ ਵਕਤ ਕਦੋਂ ਦਾ ਚੇਤਿਆਂ ਵਿਚੋਂ ਮੇਟ ਚੁੱਕਾ ਹੈ, ਦੀ ਲਾਸ਼ ਪਈ ਹੈ। 'ਵਕਤ ਨੇ ਕੀਆ, ਕਿਆ ਹਸੀਂ ਸਿਤਮ' ਗਾਣਾ ਜਿਸ ਨੇ ਕੈਫ਼ੀ ਆਜ਼ਮੀ ਨੂੰ ਸ਼ੋਹਰਤ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ, ਅਸਲ ਵਿਚ ਗੁਰੂ ਦੱਤ ਦੇ ਭਵਿੱਖ ਵੱਲ ਇਸ਼ਾਰਾ ਕਰ ਰਿਹਾ ਸੀ। ਇਹ ਫਿਲਮ ਬਾਕਸ ਆਫਿਸ 'ਤੇ ਬੁਰੀ ਤਰ੍ਹਾਂ ਫੇਲ੍ਹ ਹੋ ਗਈ; ਜਿਵੇਂ ਦਰਸ਼ਕਾਂ ਨੇ ਹਕੀਕਤ ਵਿਚਲੇ ਦਰਦ ਤੋਂ ਡਰਦਿਆਂ ਫਿਲਮ ਵੱਲ ਪਿੱਠ ਕਰ ਲਈ ਹੋਵੇ! ਇਸ ਫਿਲਮ ਨੇ ਗੁਰੂ ਦੱਤ ਨੂੰ ਧੁਰ ਅੰਦਰ ਤੱਕ ਹਿਲਾ ਦਿਤਾ।




ਫਿਲਮ 'ਪਿਆਸਾ' ਦਾ ਪੋਸਟਰ।

ਇਸ ਤੋਂ ਬਾਅਦ ਉਸ ਨੇ ਜ਼ਿਆਦਾਤਰ ਫਿਲਮਾਂ ਆਪਣੇ ਸਹਿ ਨਿਰਦੇਸ਼ਕਾਂ ਦੇ ਨਾਮ 'ਤੇ ਰਿਲੀਜ਼ ਕੀਤੀਆਂ। 'ਸਾਹਿਬ ਬੀਬੀ ਔਰ ਗੁਲਾਮ' 1962 ਵਿਚ ਉਸ ਨੇ ਆਪਣੇ ਸਕਰੀਨ ਪਲੇਅ ਲੇਖਕ ਅਬਰਾਰ ਅਲਵੀ ਦੇ ਨਿਰਦੇਸ਼ਨ ਥੱਲੇ ਬਣਾਈ। ਇਹ ਫਿਲਮ ਬੰਗਲਾ ਨਾਵਲਕਾਰ ਬਿਮਲ ਮਿੱਤਰਾ ਦੇ ਇਸੇ ਨਾਮ ਦੇ ਨਾਵਲ 'ਤੇ ਆਧਾਰਿਤ ਸੀ। ਫਿਲਮ ਵਿਚ ਮੀਨਾ ਕੁਮਾਰੀ ਦੇ ਨਿਭਾਏ ਛੋਟੀ ਬਹੂ ਦੇ ਕਿਰਦਾਰ ਨੇ ਉਸ ਨੂੰ ਫਿਲਮ ਜਗਤ ਵਿਚ ਅਮਰ ਕਰ ਦਿਤਾ।

'ਸਾਹਿਬ ਬੀਬੀ ਔਰ ਗੁਲਾਮ' ਦੀ ਕਾਮਯਾਬੀ ਤੋਂ ਉਤਸ਼ਾਹਿਤ ਹੋ ਕੇ ਗੁਰੂ ਦੱਤ ਨੇ 'ਚੌਧਵੀਂ ਕਾ ਚਾਂਦ' ਬਣਾਈ। ਇਹ ਫਿਲਮ ਅਜ ਤੱਕ ਆਪਣੇ ਗੀਤ 'ਚੌਧਵੀਂ ਕਾ ਚਾਂਦ ਹੋ, ਯਾ ਆਫਤਾਬ ਹੋ' ਦੇ ਖ਼ੂਬਸੂਰਤ ਫਿਲਮਾਂਕਣ ਲਈ ਜਾਣੀ ਜਾਂਦੀ ਹੈ। ਇਸ ਨੂੰ ਫਿਲਮ ਜਗਤ ਤੇ ਕਲਾ ਲਈ ਤ੍ਰਾਸਦੀ ਹੀ ਮੰਨਿਆ ਜਾਵੇਗਾ ਕਿ ਇਸ ਖ਼ੂਬਸੂਰਤ, ਦਰਦਮੰਦ ਤੇ ਸੰਵੇਦਨਸ਼ੀਲ ਨਿਰਦੇਸ਼ਕ ਦਾ ਅੰਤ ਖੁਦਕੁਸ਼ੀ ਵਿਚ ਹੋਇਆ।

(ਚਲਦਾ)


BIGGEST
SALE EVER
ON PUNJABI TV
40% OFF
PER MONTH
FOR 12 MONTHS ON
PUNJABI MEGA PACK
GET DISH FOR THE BEST
PUNJABI TV PROGRAMMING
PUNJABI MEGA PACK
$14.99/MO
FOR 12 MONTHS
$24.99/MO
REGULAR PRICE
jus punjabi
PTC PUNJABI
WILLOW HD
GLOBAL PUNJAB
9X TASHAN
jus 24x7
PTC NEWS
PTC chak de
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY

# Gakhal Brothers Entertainment Pvt. Ltd & Amolak Singh Gakhal Present




Cast: Gippy Grewal, Tina Ahuja, Dharamendra, Geeta Basra, Sanjay Mishra, Ravi Kishan, Mukesh Tiwari

Director Smeep Kang DOP Manoj Shaw Story Smeep Kang
Screenplay & Dialogue Vaibhav Suman & Shreya Srivastava

Editor Ritesh Soni Music Badshah Jatinder Shah & Dr. Zeus
Produced by Iqbal Singh Gakhal, Palwinder Singh Gakhal,
Manwinder Singh & Gurvinder Singh

Background Music Sanjoy Chaudhory
Sound Design Parikshit Lalwani Publicity Stills by Harjit Singh

## ਫਿਲਮ ਜਲਦ ਹੀ ਅਮਰੀਕਾ ਦੇ ਸਿਨੇਮਾ ਘਰਾਂ ਵਿਚ ਵੀ ਦਿਖਾਈ ਜਾਵੇਗੀ

Ad sponsored by Punjab Times